**Ad Space Available**
**Please Call**
**Ph: 847-359-0746**

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

**Ad Space Available**
**Please Call**
**Ph: 847-359-0746**



Twentieth Year of Publication ਕੈਲੀਫੋਰਨੀਆ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 20, Issue 8, February 23, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਪੁਲਵਾਮਾ ਹਮਲਾ ਕਸ਼ਮੀਰੀ ਵਿਦਿਆਰਥੀਆਂ ‘ਤੇ ਦਹਿਸ਼ਤ ਬਣ ਕੇ ਵਰ੍ਹਿਆ

*ਘਟਨਾਵਾਂ ਨੇ ਕਤਲੇਆਮ ਚੁਰਾਸੀ ਯਾਦ ਕਰਾਇਆ
*ਪੰਜਾਬੀਆਂ ਨੇ ਵਿਦਿਆਰਥੀਆਂ ਲਈ ਆਪਣੇ ਦਰ ਖੋਲ੍ਹੇ

**ਚੰਡੀਗੜ੍ਹ:** ਜੰਮੂ ਕਸ਼ਮੀਰ ਵਿਚ ਸੀ. ਆਰ. ਪੀ.ਐਫ ਦੇ ਕਾਫਲੇ ‘ਤੇ ਆਤਮਘਾਤੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਅਤੇ ਕੁਝ ਕੱਟੜ ਹਿੰਦੂ ਜਥੇਬੰਦੀਆਂ ਨੇ ਦੇਸ਼ ਭਗਤੀ ਦੇ ਨਾਮ ਉਤੇ ਜਿਸ ਤਰ੍ਹਾਂ ਦਾ ਹੌਲਾਪਣ ਦਿਖਾਇਆ, ਉਸ ਉਤੇ ਵੱਡੇ



ਪੱਧਰ ਉਤੇ ਸਵਾਲ ਉਠ ਰਹੇ ਹਨ। ਹਮਲੇ ਤੋਂ ਬਾਅਦ ਇਕ ਖਤਰਨਾਕ ਰੁਝਾਨ ਤਹਿਤ ਵੱਖ-ਵੱਖ ਥਾਂਵਾਂ ‘ਤੇ ਕਸ਼ਮੀਰੀਆਂ, ਖਾਸ ਕਰਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਂਜ, ਇਸ ਮਸਲੇ ‘ਤੇ ਪੰਜਾਬੀ ਏਕਤਾ ਪਾਰਟੀ ਸੁਖਪਾਲ ਸਿੰਘ ਖਹਿਰਾ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵਲੋਂ ਵੱਖਰਾ ਪੈਂਤੜਾ ਮੱਲਣ ਕਾਰਨ ਹਿੰਦੂਵਾਦੀਆਂ ਜਥੇਬੰਦੀਆਂ ਅਤੇ ਕੁਝ ਅਕਾਲੀ ਆਗੂ ਇਨ੍ਹਾਂ ਦੀ ਨੁਕਤਾਚੀਨੀ ਕਰ ਰਹੇ ਹਨ।

ਦੇਹਰਾਦੂਨ ਅਤੇ ਹੋਰ ਸ਼ਹਿਰਾਂ ਵਿਚ ਹਿੰਦੂਵਾਦੀਆਂ ਦੀਆਂ ਸ਼ਿਸ਼ਕੇਰੀਆਂ ਹੋਈਆਂ ਭੀੜਾਂ ਨੇ ਕਸ਼ਮੀਰੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ, ਵਿਦਿਆਰਥੀ ਸਹਿਮ ਤੇ ਡਰ ਦੇ ਮਾਹੌਲ ਕਾਰਨ ਆਪਣੇ ਕਮਰਿਆਂ ਵਿਚ ਡੱਕੇ ਰਹੇ। ਕੁਝ ਥਾਂਵਾਂ ‘ਤੇ ਜਥੇਬੰਦੀਆਂ ਨੇ ਮਕਾਨ ਮਾਲਕਾਂ ਨੂੰ ਇਹ ਧਮਕੀਆਂ ਦਿੱਤੀਆਂ ਕਿ ਉਹ ਕਿਰਾਏ ‘ਤੇ ਰਹਿ ਰਹੇ ਕਸ਼ਮੀਰੀ ਵਿਦਿਆਰਥੀਆਂ ਨੂੰ ਘਰਾਂ ਵਿਚੋਂ ਕੱਢ ਦੇਣ, ਨਹੀਂ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਕੁਝ ਮਕਾਨ ਮਾਲਕਾਂ ਨੇ ਖੁਦ ਹੀ ਕਸ਼ਮੀਰੀ ਕਿਰਾਏਦਾਰਾਂ ਨੂੰ ਘਰ ਛੱਡ ਦੇਣ ਲਈ ਕਹਿ ਦਿੱਤਾ। ਇਸ ਮੌਕੇ ਖੌਫ਼ਜ਼ਦਾ ਕਸ਼ਮੀਰੀ ਵਿਦਿਆਰਥੀਆਂ ਨੂੰ ਪੰਜਾਬ ਹੀ ਇਹ ਸੁਰੱਖਿਅਤ ਟਿਕਾਣਾ ਲੱਗਾ ਤੇ ਦੇਸ਼ ਭਰ ਵਿਚੋਂ ਵੱਡੀ ਗਿਣਤੀ ਵਿਦਿਆਰਥੀ ਮੋਹਾਲੀ ਤੇ ਨੇੜਲੇ ਸ਼ਹਿਰਾਂ ਵਿਚ ਇਕੱਠੇ ਹੋਏ। ਪੰਜਾਬੀ ਲੋਕਾਂ ਨੇ ਬਿਪਤਾ ਮਾਰੇ ਵਿਦਿਆਰਥੀਆਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ ਤੇ ਆਪਣੇ ਘਰਾਂ ਵਿਚ ਆਸਰਾ ਦਿੱਤਾ। ਵੱਡੀ ਗਿਣਤੀ ਵਿਦਿਆਰਥੀਆਂ ਨੇ ਗੁਰੂ ਘਰਾਂ ਵਿਚ ਸ਼ਰਨ ਲਈ ਹੈ। ਪੰਜਾਬ ਦੀਆਂ ਵੱਡੀ ਗਿਣਤੀ ਸਮਾਜ ਸੇਵੀ ਸੰਸਥਾਵਾਂ ਵੀ ਕਸ਼ਮੀਰੀਆਂ ਦੀ ਮਦਦ ਲਈ ਅੱਗੇ ਆਈਆਂ ਹਨ ਤੇ ਇਕ ਬੰਦੇ ਦੀ ਕਾਰਵਾਈ ਦੀ ਸਜ਼ਾ ਸਾਰੇ ਕਸ਼ਮੀਰੀਆਂ ਨੂੰ ਦੇਣ ਦੀ ਨਿੰਦਾ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ 1984 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਨਾਲ ਵੀ ਇਹੀ ਕੁਝ ਹੋਇਆ ਸੀ। ਪੂਰੀ ਕੌਮ ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਲਈ ਦੋਸ਼ੀ ਠਹਿਰਾ ਕੇ ਪੂਰੇ ਦੇਸ਼ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਉਸ ਵਕਤ ਪੁਲਿਸ ਅਤੇ ਸਿਆਸੀ ਆਗੂ ਵੀ ਉਸ ਸਮੇਂ ਭੀੜ ਨੂੰ ਸ਼ਹਿ ਦਿੰਦੇ ਰਹੇ। ਇਸ ਵਾਰ ਵੀ ਹਾਲਾਤ ਜਿਆਦਾ ਵੱਖਰੇ ਨਹੀਂ ਹਨ ਪਰ ਪੰਜਾਬੀ ਲੋਕਾਂ ਦੀ ਦਰਿਆਦਿਲੀ ਕਾਰਨ ਬੇਕਸੂਰ ਕਸ਼ਮੀਰੀਆਂ ਦਾ ਬਚਾਅ ਹੋ ਗਿਆ। ਹੁਣ ਪੰਜਾਬ ਸਰਕਾਰ ਸ਼ਰਨ ਲਈ ਬੈਠੇ ਕਸ਼ਮੀਰੀਆਂ ਨੂੰ ਘਰਾਂ ਤੱਕ ਪਹੁੰਚਾਉਣ ਲਈ ਅੱਗੇ ਆਈ ਹੈ ਅਤੇ ਇਸ ਸਬੰਧੀ ਕੈਪਟਨ

(ਬਾਕੀ ਸਫਾ 6 ਉਤੇ)

### ਬਰਗਾੜੀ ਕਾਂਡ

## ਆਈ. ਜੀ. ਉਮਰਾਨੰਗਲ ਪਿਛੋਂ ਹੁਣ ਸੁਖਬੀਰ ਦੀ ਵਾਰੀ?

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਤੇ ਇਸ ਨਾਲ ਜੁੜੇ ਗੋਲੀ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਪੰਜਾਬ ਪੁਲਿਸ ਦੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਗ੍ਰਿਫਤਾਰ ਕਰ ਕੇ ਸੰਕੇਤ ਦਿੱਤਾ ਹੈ ਕਿ ਅਸਲ ਦੋਸ਼ੀਆਂ ਤੱਕ ਪੁੱਜਣ ਵਿਚ ਕੋਈ ਕਸਰ ਨਹੀਂ ਛੱਡੇਗੀ। ਪੁੱਛਗਿੱਛ ਵਿਚ ਉਮਰਾਨੰਗਲ ਨੇ ਡੀ.ਜੀ.ਪੀ. ਵੱਲ ਉਂਗਲ ਕਰ ਦਿੱਤੀ ਹੈ। ਇਸ ਤੋਂ ਬਾਅਦ ਤੈਅ ਹੈ ਕਿ ਹੁਣ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਵਾਰੀ ਵੀ ਛੇਤੀ ਆਵੇਗੀ।

ਐਸ.ਆਈ.ਟੀ. ਨੇ ਇਸ ਤੋਂ ਪਹਿਲਾਂ ਮੋਗਾ ਦੇ ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕੀਤਾ ਸੀ। ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਨੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ‘ਤੇ ਆਧਾਰਿਤ ਕਮਿਸ਼ਨ ਦੀਆਂ ਸਿਫਾਰਸ਼ਾਂ ‘ਤੇ ਅਕਤੂਬਰ 2014 ਦੌਰਾਨ ਵਾਪਰੇ ਕੋਟਕਪੂਰਾ ਗੋਲੀ ਕਾਂਡ ਸਬੰਧੀ 7 ਅਗਸਤ 2018 ਨੂੰ ਕੋਟਕਪੂਰਾ ਥਾਣੇ ਵਿਚ ਕੇਸ ਦਰਜ ਕੀਤਾ ਸੀ। ਐਸ.ਆਈ.ਟੀ. ਵਲੋਂ ਉਮਰਾਨੰਗਲ ਨੂੰ ਗ੍ਰਿਫਤਾਰ ਕਰਨਾ ਗੋਲੀਕਾਂਡ ਮਾਮਲੇ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਮੰਨੀ ਜਾ ਰਹੀ ਹੈ। ਐਸ.ਆਈ.ਟੀ. ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਨੇ ਹਰੀ ਝੰਡੀ ਦੇ ਦਿੱਤੀ ਤਾਂ ਉਮਰਾਨੰਗਲ ਤੋਂ ਕੀਤੀ ਜਾਣ ਵਾਲੀ ਤਫਤੀਸ਼ ਦੇ ਆਧਾਰ ‘ਤੇ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਡੀ.ਜੀ.ਪੀ. ਨੂੰ ਵੀ ਪੁੱਛਗਿੱਛ ਲਈ ਤਲਬ ਕੀਤਾ ਜਾ ਸਕਦਾ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਕੁਝ ਦਿਨ ਪਹਿਲਾਂ ਹੀ ਗੋਲੀ ਕਾਂਡ ਨਾਲ ਸਬੰਧਤ ਮਾਮਲਿਆਂ ਵਿਚ ਐਸ.ਪੀ. ਬਿਕਰਮਜੀਤ ਸਿੰਘ



ਅਤੇ ਇੰਸਪੈਕਟਰ ਪ੍ਰਦੀਪ ਸਿੰਘ ਦੀ ਗ੍ਰਿਫਤਾਰੀ ‘ਤੇ ਰੋਕ ਲਗਾ ਦਿੱਤੀ ਗਈ ਸੀ। ਸੂਤਰਾਂ ਦਾ ਦੱਸਣਾ ਹੈ ਕਿ ਉਮਰਾਨੰਗਲ ਵਲੋਂ ਵੀ ਗ੍ਰਿਫਤਾਰੀ ਤੋਂ ਬਚਣ ਲਈ ਹਾਈ ਕੋਰਟ ਤੱਕ ਪਹੁੰਚ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ।

ਯਾਦ ਰਹੇ ਕਿ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦਾ ਫਰੀਦਕੋਟ ਵਿਚ ਵਾਪਰੇ ਹਰ ਕਾਂਡ ਵਿਚ ਖਲਨਾਇਕ ਵਜੋਂ ਨਾਮ ਬੋਲਦਾ

(ਬਾਕੀ ਸਫਾ 6 ਉਤੇ)


**Tanya`s Beauty Salon**
*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

BEST FARE GUARANTEE
734 838 9998
WorldWide Travel
866 66 INDIA
ਚੌਵੀ ਘੰਟੇ ਐਮਰਜੈਂਸੀ ਸੇਵਾ
Please call our office for more details on latest fares

**Singh Accounting & Tax Services**
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh
(Sabhi)
Accountant
Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ‘ਆਪ’ ਵਿਧਾਇਕਾ ਬਲਜਿੰਦਰ ਕੌਰ ਤੇ ਸੁਖਰਾਜ ਸਿੰਘ ਬੱਲ ਵਿਆਹ ਬੰਧਨ ’ਚ ਬੱਝੇ

**ਤਲਵੰਡੀ ਸਾਬੋ:** ਆਮ ਆਦਮੀ ਪਾਰਟੀ ਦੀ ਹਲਕਾ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਅਤੇ ‘ਆਪ’ ਦੇ ਮਾਝਾ ਜ਼ੋਨ ਦੇ ਯੂਥ ਵਿੰਗ ਇੰਚਾਰਜ ਸੁਖਰਾਜ ਸਿੰਘ ਬੱਲ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਵਿਆਹ ਦੀ ਰਸਮ ਪ੍ਰੋਫੈਸਰ ਬਲਜਿੰਦਰ ਕੌਰ ਦੇ ਪਿੰਡ ਜਗ੍ਹਾ ਰਾਮ ਤੀਰਥ ਵਿਚ ਗੁਰ ਮਰਿਆਦਾ ਅਨੁਸਾਰ ਹੋਈ। ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਦੇ ਘਰ ਨੇੜੇ ਇਕ ਖੁੱਲ੍ਹੇ ਪੰਡਾਲ ਵਿਚ ਸਾਦੇ ਤਰੀਕੇ ਅਤੇ ਗੁਰ ਮਰਿਆਦਾ ਅਨੁਸਾਰ ਦੋਵਾਂ ਦਾ ਵਿਆਹ ਕਾਰਜ ਹੋਇਆ।

ਵਿਆਹ ਮੌਕੇ ਡੀ.ਜੇ ਆਦਿ ਨਹੀਂ ਚਲਾਇਆ ਗਿਆ, ਬਲਕਿ ਕੀਰਤਨ ਹੁੰਦਾ ਰਿਹਾ। ਦੋਵਾਂ ਪਰਿਵਾਰਾਂ ਨੇ ਸਿਰੋਪਾਉ ਪਾ ਕੇ ਮਿਲਣੀ ਕੀਤੀ। ਆਨੰਦ ਕਾਰਜ ਤੋਂ ਬਾਅਦ ਸਭ ਤੋਂ ਪਹਿਲਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਛਿਆਨਵੇ ਕਰੋੜੀ (ਨਿਹੰਗ ਸਿੰਘਾਂ) ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਅਤੇ ਸੰਤ ਸੇਵਕ ਬੁੰਗਾ ਮਸਤੂਆਣਾ ਦੇ ਮੁਖੀ ਬਾਬਾ ਛੋਟਾ ਸਿੰਘ ਨੇ ਨਵ-ਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ।

ਵਿਆਹ ਸਮਾਗਮ ਮੌਕੇ ਜਿੱਥੇ ‘ਆਪ’ ਦੇ ਵਿਧਾਇਕਾਂ ਦੀ ਗਿਣਤੀ ਵੀ ਘੱਟ ਦਿਖਾਈ ਦਿੱਤੀ, ਉੱਥੇ ‘ਆਪ’ ਦੇ ਬਾਗ਼ੀ ਧੜੇ ਦਾ ਕੋਈ ਵਿਧਾਇਕ ਨਜ਼ਰ ਨਹੀਂ ਆਇਆ। ਸਮਾਗਮ ’ਚ ਅਕਾਲੀ ਦਲ ਦਾ ਕੋਈ ਆਗੂ ਦਿਖਾਈ ਨਾ ਦਿੱਤਾ।

ਵਿਆਹ ਸਮਾਗਮ ਵਿਚ ‘ਆਪ’ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ, ਰਾਜ ਸਭਾ ਮੈਂਬਰ ਸੰਜੈ ਸਿੰਘ, ਕੈਬਨਿਟ ਮੰਤਰੀ (ਦਿੱਲੀ) ਗੋਪਾਲ ਰਾਏ ਤੇ ਵਿਧਾਨ ਸਭਾ ਦਿੱਲੀ ਦੇ ਡਿਪਟੀ ਸਪੀਕਰ ਰਾਖੀ ਬਿਰਲਾ ਪੁੱਜੇ ਹੋਏ ਸਨ। ਇਸ ਤੋਂ ਇਲਾਵਾ ਪੰਜਾਬ ਦੇ ਪਸ਼ੂ ਪਾਲਣ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਵਿਧਾਇਕਾ ਦੇ ਘਰ ਪੁੱਜ ਕੇ ਉਨ੍ਹਾਂ ਨੂੰ ਵਧਾਈ ਦੇਣ ਗਏ ਸਨ।

ਲੋਕ ਸਭਾ ਮੈਂਬਰ ਧਰਮਵੀਰ ਗਾਂਧੀ, ਮੁੱਖ ਮੰਤਰੀ ਦੇ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਤੇ ਡਿਪਟੀ ਕਮਿਸ਼ਨਰ (ਬਠਿੰਡਾ) ਡਾਕਟਰ ਪ੍ਰਨੀਤ ਵਿਧਾਇਕਾ ਦੇ ਘਰ ਮੁਬਾਰਕਬਾਦ ਦੇਣ ਪੁੱਜੇ। ਆਨੰਦ ਕਾਰਜ ਦੀ ਰਸਮ ਮੌਕੇ ਪ੍ਰਿੰਸੀਪਲ ਬੁੱਧ ਰਾਮ ਅਤੇ ਮੀਤ ਹੇਅਰ (ਦੋਵੇਂ ਵਿਧਾਇਕ ‘ਆਪ’), ਹਰਮਿੰਦਰ ਸਿੰਘ ਜੱਸੀ ਤੇ ਚਿਰੰਜੀ ਲਾਲ ਗਰਗ (ਦੋਵੇਂ ਸਾਬਕਾ ਮੰਤਰੀ), ਅਜੀਤਇੰਦਰ ਸਿੰਘ ਮੋਫਰ, ਗੁਰਮੀਤ ਸਿੰਘ ਖੁੱਡੀਆਂ ਆਦਿ ਨੇ ਜੋੜੀ ਨੂੰ ਆਸ਼ੀਰਵਾਦ ਦਿੱਤਾ।



# ਸ਼ਾਨਾਂਮੱਤੀਆਂ ਸੰਸਥਾਵਾਂ ਦੀ ਸੰਭਾਲ ਜ਼ਰੂਰੀ: ਸਚਿਨ ਪਾਇਲਟ

**ਨਿਊ ਯਾਰਕ:** ਰਾਜਸਥਾਨ ਦੇ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਕਿਹਾ ਹੈ ਕਿ ਇਸ ਵਕਤ ਭਾਰਤ ਵੱਡੀਆਂ ਤਬਦੀਲੀਆਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ, ਹੁਣ ਸਭ ਤੋਂ ਅਹਿਮ ਗੱਲ ਇਹ ਹੈ ਕਿ ਮੁਲਕ ਦੀਆਂ ਸ਼ਾਨਾਂਮੱਤੀਆਂ ਸੰਸਥਾਵਾਂ ਨੂੰ ਬਾਕਾਇਦਾ ਕਾਇਮ ਰੱਖਿਆ ਜਾਵੇ। ਯਾਦ ਰਹੇ, ਉਹ ਹਾਰਵਰਡ ਯੂਨੀਵਰਸਿਟੀ ‘ਚ ਇੰਡੀਆ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਅਮਰੀਕਾ ਆਏ ਹੋਏ ਹਨ।

ਸ੍ਰੀ ਪਾਇਲਟ ਨੇ ਕਿਹਾ ਕਿ ਇੰਡੀਆ ਇਤਿਹਾਸ ਦੇ ਬਹੁਤ ਨਾਜ਼ੁਕ ਮੋੜ ‘ਤੇ ਖੜ੍ਹਾ ਹੈ। ਮੋਦੀ ਸਰਕਾਰ ਵਲੋਂ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.), ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.), ਨੌਕਰਸ਼ਾਹੀ, ਨਿਆਂਪਾਲਿਕਾ ਤੇ ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਹੋਰ ਸੰਸਥਾਵਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਦੀਆਂ ਇਹ ਕਾਰਵਾਈਆਂ ਕਿਸੇ ਵੀ ਲਿਹਾਜ਼ ਨਾਲ ਬਰਦਾਸ਼ਤ ਕਰਨਯੋਗ ਨਹੀਂ ਹਨ। ਅੱਜ ਭਾਰਤ ਵਿਚ ਮਾਹੌਲ ਇਹ ਬਣ ਗਿਆ ਹੈ ਕਿ ਬਿਨਾਂ ਵਜ੍ਹਾ ਮੰਦਿਰ, ਮਸਜਿਦ ਅਤੇ ਲਵ ਜਹਾਦ ਵਰਗੇ ਮਸਲੇ ਉਭਾਰੇ ਜਾ ਰਹੇ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿਚ ਧਰੁਵੀਕਰਨ ਪੈਦਾ ਕਰਨ ਲਈ ਵੰਡੀਆਂ ਪਾਈਆਂ ਜਾ ਰਹੀਆਂ ਹਨ। ਕੋਲਕਾਤਾ ਦੀ ਹੀ ਮਿਸਾਲ ਹੈ, ਜਿਥੇ ਸੀ.ਬੀ.ਆਈ. ਅਤੇ ਐਨਫੋਰਸਮੈਂਟ ਡਾਇਰੈਕਟੋਰੇਟ, ਕੇਂਦਰ ਸਰਕਾਰ ਦੀ ਸ਼ਹਿ ਹੇਠ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਫਸਾਉਣ ਲਈ ਯਤਨਸ਼ੀਲ ਹਨ। ਮੁਲਕ ਦੇ ਲੋਕਾਂ ਵਿਚ ਬੇਭਰੋਸਗੀ ਦਾ ਮਾਹੌਲ ਬਣਿਆ ਹੋਇਆ ਹੈ। ਅਜਿਹੀ ਸੂਰਤ ਵਿਚ ਕਾਂਗਰਸ ਮੁੜ ਸੱਤਾ ਵਿਚ ਆ ਕੇ ਆਪਣੇ ਮੁਲਕ ਦੀਆਂ ਸ਼ਾਨਾਂਮੱਤੀਆਂ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹੈ।

ਇਸ ਮੌਕੇ ਉਨ੍ਹਾਂ ਇੰਡੀਅਨ ਓਵਰਸੀਜ਼ ਕਾਂਗਰਸ (ਆਈ.ਓ.ਸੀ.) ਦੇ ਮੈਂਬਰਾਂ ਨੂੰ ਅਪੀਲ



ਕੀਤੀ ਕਿ ਉਹ ਅਜਿਹੇ ਮਸਲਿਆਂ ਵਿਚ ਅੱਗੇ ਆਉਣ ਅਤੇ ਚੋਣਾਂ ਵਿਚ ਪਾਰਟੀ ਦੀ ਵੱਡੀ ਜਿੱਤ ਲਈ ਰਾਹ ਮੋਕਲੇ ਕਰਨ। ਇਸ ਮੌਕੇ ਆਈ. ਓ. ਸੀ. ਦੇ ਸਕੱਤਰ ਜਨਰਲ ਹਰਬਚਨ ਸਿੰਘ ਨੇ ਮੁੱਖ ਮਹਿਮਾਨ ਸਚਿਨ ਪਾਇਲਟ ਦਾ ਸੁਆਗਤ ਕੀਤਾ। ਪ੍ਰਧਾਨ ਮੋਹਿੰਦਰ ਸਿੰਘ ਗਿਲਜ਼ੀਆਂ ਨੇ ਆਈ.ਓ.ਸੀ. ਵਲੋਂ ਪਿਛਲੇ ਸਮੇਂ ਦੌਰਾਨ ਚੋਣਾਂ ’ਚ ਨਿਭਾਏ ਯੋਗਦਾਨ ਬਾਰੇ ਦੱਸਦਿਆਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ’ਚ ਵੀ ਜਥੇਬੰਦੀ ਵਧ-ਚੜ੍ਹ ਕੇ ਹਿੱਸਾ ਪਾਵੇਗੀ। ਸਮਾਗਮ ਨੂੰ ਵਾਈਸ ਚੇਅਰਮੈਨ ਜਾਰਜ ਅਬਰਾਹਮ, ਉਪ ਪ੍ਰਧਾਨ ਜੌਹਨ ਜੋਸਫ, ਜਨਰਲ ਸਕੱਤਰ ਅਮੀਰ ਰਸ਼ੀਦ, ਖਜਾਨਚੀ ਜੋਸ ਜਾਰਜ, ਪੱਲਵ ਸ਼ਾਹ, ਕੁਲਵੀਰ ਸਿੰਘ, ਅਮਿਤ ਦੀਕਸ਼ਿਤ ਨੇ ਵੀ ਸੰਬੋਧਨ ਕੀਤਾ। ਅਖੀਰ ’ਚ ਜਨਰਲ ਸਕੱਤਰ ਰਾਜਿੰਦਰ ਡਿੱਕਪੱਲੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।



US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ









Financing - Loans
- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us Buy or Sell business
AJ Sandhu (MBA)
Managing Broker/Realtor/Consultant
Licensed in IL, IN, WA

Contact us for any Financing Need Nationwide.

916-995-0783 (Cell)
425-529-6283 (Cell)
630-206-2467 (Fax)
www.ubbchicago.com aj@ubbchicago.com

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

# ਗੁਰਿੰਦਰ ਸਿੰਘ ਖਾਲਸਾ 'ਤੇ ਬਣੀ ਫਿਲਮ 'ਸਿੰਘ'

**ਇੰਡੀਅਨਐਪੋਲਿਸ :** ਇਥੋਂ ਦੀ ਇਕ 18 ਸਾਲਾ ਮੁਟਿਆਰ ਨੇ 'ਸਿੰਘ' ਨਾਂ ਦੇ ਸਿਰਲੇਖ ਹੇਠ ਇੱਕ ਲਘੂ ਫਿਲਮ ਬਣਾਈ ਹੈ। ਇਹ ਫਿਲਮ ਭਾਰਤੀ ਮੂਲ ਦੇ ਉਸ ਸਿੱਖ 'ਤੇ ਅਧਾਰਤ ਹੈ ਜਿਸ ਦੀ ਮੁਹਿੰਮ ਦੀ ਬਦੌਲਤ ਅਮਰੀਕਾ ਨੂੰ ਸਿੱਖ ਭਾਈਚਾਰੇ ਲਈ ਆਪਣੀ ਪਗੜੀ ਨੀਤੀ 'ਚ ਤਬਦੀਲੀ ਕਰਨੀ ਪਈ। ਇੰਡੀਆਨਾ ਦੀ ਵਿਦਿਆਰਥਣ ਤੇ ਅਦਾਕਾਰਾ ਜੇਨਾ ਰੁਇਜ਼ ਵੱਲੋਂ ਨਿਰਦੇਸ਼ਤ ਇਹ ਫਿਲਮ 2007 ਦੀ ਸੱਚੀ ਘਟਨਾ 'ਤੇ ਅਧਾਰਤ ਹੈ ਜਦੋਂ ਸਿੱਖ ਕਾਰੋਬਾਰੀ ਗੁਰਿੰਦਰ ਸਿੰਘ ਖਾਲਸਾ ਨੂੰ ਨਿਊ ਯਾਰਕ ਦੇ ਬਫਲੋ ਏਅਰਪੋਰਟ 'ਤੇ ਜਹਾਜ਼ ਅੰਦਰ ਸਵਾਰ ਹੋਣ ਤੋਂ ਰੋਕ ਦਿੱਤਾ ਗਿਆ ਸੀ।

ਹਵਾਈ ਅੱਡੇ 'ਤੇ ਸਾਰੇ ਸੁਰੱਖਿਆ ਪ੍ਰਬੰਧ 'ਚੋਂ ਲੰਘਣ ਤੋਂ ਬਾਅਦ ਉਨ੍ਹਾਂ ਪਗੜੀ ਉਤਾਰਨ ਤੋਂ ਨਾਂਹ ਕਰ ਦਿੱਤੀ ਸੀ। ਇਸ ਲਈ ਉਨ੍ਹਾਂ ਨੂੰ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਇੱਥੇ ਰਹਿੰਦੇ ਗੁਰਿੰਦਰ ਸਿੰਘ ਖਾਲਸਾ ਨੇ ਅਮਰੀਕੀ ਕਾਂਗਰਸ ਦਾ ਧਿਆਨ ਇਸ ਮੁੱਦੇ ਵੱਲ ਦਿਵਾਇਆ। ਇਸ ਤੋਂ ਬਾਅਦ ਦੇਸ਼ ਭਰ 'ਚ ਹਵਾਈ ਅੱਡਿਆਂ 'ਤੇ ਪਗੜੀ ਨੀਤੀ ਵਿਚ ਤਬਦੀਲੀਆਂ ਕੀਤੀਆਂ ਗਈਆਂ।




## ਮਨੋਜ ਯਾਦਵ ਹਰਿਆਣਾ ਦੇ ਨਵੇਂ ਡੀ.ਜੀ.ਪੀ.

**ਚੰਡੀਗੜ੍ਹ:** ਆਈ.ਪੀ.ਐਸ. ਅਧਿਕਾਰੀ ਮਨੋਜ ਯਾਦਵ ਨੂੰ ਹਰਿਆਣਾ ਦਾ ਡੀ.ਜੀ.ਪੀ. ਨਿਯੁਕਤ ਕੀਤਾ ਗਿਆ ਹੈ। 1988 ਬੈਚ ਦੇ ਅਧਿਕਾਰੀ ਯਾਦਵ 31 ਜਨਵਰੀ ਨੂੰ ਸੇਵਾਮੁਕਤ ਹੋਣ ਵਾਲੇ ਬੀ.ਐਸ. ਸੰਧੂ ਦੀ ਥਾਂ ਲੈਣਗੇ। ਸੰਧੂ ਦੇ ਸੇਵਾਮੁਕਤ ਹੋਣ ਮਗਰੋਂ ਡਾ. ਕੇਪੀ ਸਿੰਘ ਕਾਰਜਕਾਰੀ ਡੀ.ਜੀ.ਪੀ. ਵੱਜੋਂ ਸੇਵਾਵਾਂ ਨਿਭਾ ਰਹੇ ਸਨ। ਸ੍ਰੀ ਯਾਦਵ 2003 ਵਿਚ ਚੌਟਾਲਾ ਸਰਕਾਰ ਨਾਲ ਵਿਵਾਦ ਕਾਰਨ ਕੇਂਦਰ ਵਿਚ ਡੈਪੂਟੇਸ਼ਨ ਉਤੇ ਸਨ।

# ਵਾਡਰਾ ਦੀ ਕੰਪਨੀ ਦੇ 4.62 ਕਰੋੜ ਰੁਪਏ ਦੇ ਅਸਾਸੇ ਜ਼ਬਤ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬੀਕਾਨੇਰ ਜ਼ਮੀਨ ਘੁਟਾਲੇ ਦੇ ਕੇਸ ਵਿਚ ਰੌਬਰਟ ਵਾਡਰਾ ਦੀ ਕੰਪਨੀ ਦੇ 4.62 ਕਰੋੜ ਰੁਪਏ ਦੇ ਅਸਾਸੇ ਜ਼ਬਤ ਕਰ ਲਏ ਹਨ। ਈਡੀ ਨੇ 2015 'ਚ ਹੋਏ ਸੌਦੇ ਦੇ ਸਬੰਧ ਵਿਚ ਅਪਰਾਧਿਕ ਕੇਸ ਦਰਜ ਕੀਤਾ ਸੀ। ਬੀਕਾਨੇਰ ਦੇ ਤਹਿਸੀਲਦਾਰ ਨੇ ਇਲਾਕੇ 'ਚ ਜ਼ਮੀਨ ਅਲਾਟਮੈਂਟ ਵਿਚ ਧੋਖਾਧੜੀ ਦੀ ਸ਼ਿਕਾਇਤ ਦਿੱਤੀ ਸੀ ਕਿਉਂਕਿ ਪਾਕਿਸਤਾਨ ਨਾਲ ਸਰਹੱਦ ਲੱਗਣ ਕਰ ਕੇ ਇਹ ਇਲਾਕਾ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ।

**ਵਾਡਰਾ ਦੀ ਗ੍ਰਿਫਤਾਰੀ 'ਤੇ ਰੋਕ 15 ਮਾਰਚ ਤੱਕ ਵਧਾਈ:** ਹਾਈ ਕੋਰਟ ਨੇ ਕਾਲੇ ਧਨ ਨੂੰ ਚਿੱਟਾ ਬਣਾਉਣ ਦੇ ਦੋਸ਼ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਜਾਂਚ ਦਾ ਸਾਹਮਣਾ ਕਰ ਰਹੇ ਕਾਂਗਰਸ ਆਗੂ ਸੋਨੀਆ ਗਾਂਧੀ ਦੇ ਦਾਮਾਦ ਰੌਬਰਟ ਵਾਡਰਾ ਦੀ ਗ੍ਰਿਫਤਾਰੀ ਉਤੇ ਰੋਕ ਵਿਚ 15 ਮਾਰਚ ਤੱਕ ਵਾਧਾ ਕਰ ਦਿੱਤਾ ਹੈ। ਵਾਡਰਾ ਦੇ ਵਕੀਲ ਨੇ ਅਦਾਲਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਜਾਂਚ ਵਿਚ ਸਹਿਯੋਗ ਕਰੇਗਾ।

# ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਗੂੰਜਣਗੇ ਦਲੇਰ ਮਹਿੰਦੀ ਵੱਲੋਂ ਗਾਏ ਸ਼ਬਦ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਅਤੇ ਨਗਰ ਕੀਰਤਨਾਂ ਮੌਕੇ ਇਸ ਵਾਰ ਬਾਲੀਵੁੱਡ ਗਾਇਕ ਦਲੇਰ ਮਹਿੰਦੀ ਦੀ ਆਵਾਜ਼ ਵਿਚ ਗਾਇਆ ਗਿਆ ਸ਼ਬਦ 'ਕਲਿ ਤਾਰਣ ਗੁਰੂ ਨਾਨਕ ਆਇਆ' ਗੂੰਜੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਥੇ ਸੂਚਨਾ ਕੇਂਦਰ ਵਿਚ ਸ਼ਬਦ ਦੀ ਸੀ. ਡੀ. ਰਿਲੀਜ਼ ਕੀਤੀ।

ਇਸ ਮੌਕੇ ਦਲੇਰ ਮਹਿੰਦੀ ਨੇ ਆਖਿਆ ਕਿ ਗੁਰੂ ਦੀ ਕ੍ਰਿਪਾ ਸਦਕਾ ਹੀ ਉਨ੍ਹਾਂ ਨੂੰ ਇਸ ਸ਼ਬਦ ਦੀ ਸੀਡੀ ਤਿਆਰ ਕਰਨ ਦਾ ਮੌਕਾ ਮਿਲਿਆ ਹੈ। ਇਸ ਕਾਰਜ ਦੀ ਸੇਵਾ ਸੌਂਪਣ ਲਈ ਉਨ੍ਹਾਂ ਐਸ.ਜੀ.ਪੀ.ਸੀ. ਦੇ ਪ੍ਰਧਾਨ ਦਾ ਧੰਨਵਾਦ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਜਗਤ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਕੌਮਾਂਤਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਐਸ.ਜੀ.ਪੀ.ਸੀ. ਵੱਲੋਂ ਕਰਵਾਏ ਜਾ ਰਹੇ ਸਾਰੇ ਸਮਾਗਮਾਂ ਤੇ ਨਗਰ ਕੀਰਤਨਾਂ ਵਿਚ ਦਲੇਰ ਮਹਿੰਦੀ ਵੱਲੋਂ ਗਾਇਆ ਗਿਆ ਭਾਈ ਗੁਰਦਾਸ ਜੀ ਦੀ ਵਾਰ 'ਤੇ ਆਧਾਰਤ ਸ਼ਬਦ ਚਲਾਇਆ ਜਾਵੇਗਾ।

ਉਨ੍ਹਾਂ ਆਸ ਪ੍ਰਗਟ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਦੇ 300 ਸਾਲਾ ਗੁਰਤਾਗੱਦੀ ਦਿਵਸ ਮੌਕੇ ਗਾਈ ਧੁਨ '300 ਸਾਲ ਗੁਰੂ ਦੇ ਨਾਲ' ਵਾਂਗ ਇਹ ਸ਼ਬਦ ਵੀ ਸ਼ਤਾਬਦੀ ਸਮਾਗਮ ਵੇਲੇ ਹਰ ਇਕ ਦੀ ਜ਼ੁਬਾਨ 'ਤੇ ਹੋਵੇਗਾ। ਇਸ ਸ਼ਬਦ ਦੀ ਰਿਕਾਰਡਿੰਗ 'ਤੇ ਹੋਣ ਵਾਲਾ ਸਾਰਾ ਖਰਚਾ ਦਲੇਰ ਮਹਿੰਦੀ ਵੱਲੋਂ ਹੀ ਕੀਤਾ ਗਿਆ ਹੈ। ਉਨ੍ਹਾਂ ਆਪਣੀ ਕੰਪਨੀ 'ਡੀ.ਐਮ. ਰਿਕਾਰਡਜ਼' ਰਾਹੀਂ ਇਸ ਨੂੰ ਤਿਆਰ ਕਰਵਾ ਕੇ ਸੀਡੀ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਹੈ।

# Matrimonials

## ਲੜਕੇ ਦੀ ਲੋੜ ਹੈ

Jatt Sikh parent seeking suitable professional match for their daughter, Canadian & American citizen, 26 years, 5'-4", after master degree doing law finishing in 2021. Please Contact, Ph: 317-670-7665 or E-mail: kjs939798@gmail.com 7-10

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be from Saini family, professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 5-8

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

## ਲੜਕੀ ਦੀ ਲੋੜ ਹੈ

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted suitable girl for Arora, Puran Gursikh boy, Good Looking, muscular, B.Com/MBA, Managing Textiles manufacturing Unit, Rental Units, in Mumbai, 5'-8'/ 28 yrs. Caste no bar. Boy's elder brother, family settled in USA, Canada. Boy is willing to invest for his start-up. Pl email: citibombay@gmail.com 6-

## ਜੀਵਨ ਸਾਥੀ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਗਰੀਨ ਕਾਰਡ ਹੋਲਡਰ, 44 ਸਾਲ, 6', ਤਲਾਕਸ਼ੁਦਾ ਲਈ 35 ਤੋਂ 45 ਸਾਲ ਦੀ ਜੀਵਨ ਸਾਥਣ ਦੀ ਲੋੜ ਹੈ। ਲੜਕਾ ਗੈਸ ਪੰਪ 'ਤੇ ਕੈਸ਼ੀਅਰ, ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ, ਕੋਈ ਮੰਗ ਨਹੀਂ। ਸੰਪਰਕ ਕਰੋ, ਈਮੇਲ: sukh201@gmail.com 6-

*To Advertise with Punjab Times*
***Call: 847-359-0746***

## ਸਕੂਲ ਨੂੰ ਸਿੱਖ ਵਿਰਾਸਤੀ ਅਜਾਇਬਘਰ ਦਾ ਦਰਜਾ

**ਲਾਹੌਰ:** ਪਾਕਿਸਤਾਨ ਮਾਡਲ ਹਾਈ ਸਕੂਲ ਰੇਲ ਬਜ਼ਾਰ ਫੈਸਲਾਬਾਦ (ਲਾਇਲਪੁਰ, ਗੁਰਦੁਆਰਾ ਸਿੰਘ ਸਭਾ) ਨੂੰ ਸਿੱਖ ਵਿਰਾਸਤੀ ਅਜਾਇਬਘਰ ਦਾ ਦਰਜਾ ਦੇ ਦਿੱਤਾ ਗਿਆ ਹੈ। ਵਿਰਸੇ ਦੀ ਸਾਂਭ ਸੰਭਾਲ ਲਈ ਸਰਗਰਮ ਬਾਬਰ ਜਲੰਧਰੀ ਨੇ ਦੱਸਿਆ ਕਿ 1911 ਵਿਚ ਇਥੇ ਆਲੀਸ਼ਾਨ ਗੁਰਦੁਆਰਾ ਸਿੰਘ ਸਭਾ ਦੀ ਉਸਾਰੀ ਕਰਵਾਈ ਗਈ ਸੀ ਪਰ ਸੰਗਤ ਨਾ ਹੋਣ ਕਰ ਕੇ 1947 ਤੋਂ ਬਾਅਦ ਉਸ ਨੂੰ ਸਕੂਲ ਬਣਾ ਦਿੱਤਾ ਗਿਆ। ਹੁਣ ਸਥਾਨਕ ਸਰਕਾਰ ਦੀ ਕੋਸ਼ਿਸ਼ ਨਾਲ ਇਸ ਨੂੰ ਅਜਾਇਬਘਰ ਬਣਾ ਦਿੱਤਾ ਗਿਆ ਹੈ। ਇਥੇ ਸਿੱਖੀ ਵਿਰਾਸਤ ਨਾਲ ਸਬੰਧਤ ਕਾਫੀ ਸਮੱਗਰੀ ਤੇ ਯਾਦਗਾਰਾਂ ਸਾਂਭੀਆਂ ਹੋਈਆਂ ਹਨ।

**ਤੰਦੂਰੀਏ ਤੇ ਹਲਵਾਈ ਦੀ ਲੋੜ ਹੈ**

**ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ**
**ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ**

*ਸੰਪਰਕ ਕਰੋ*
**ਮੁਖਤਿਆਰ ਸਿੰਘ, ਫੋਨ: 713-884-9547**
**ਸੁਖਦੇਵ ਸਿੰਘ, ਫੋਨ: 832-724-1635** 4-

**ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਤੇ ਵੇਟਰ ਦੀ ਲੋੜ ਹੈ**

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।**
**ਮੁਫਤ ਖਾਣਾ ਤੇ ਹੋਰ ਸਹੂਲਤਾਂ**
**ਸੰਪਰਕ ਕਰੋ: ਮਿਸਟਰ ਸਿੰਘ**
**ਫੋਨ: 608-886-2500** 6-9

**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**
**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**
**7021 Village Park Way, Dublin, CA 94568**

Email: Homeomedicine@yahoo.com

**Michigan Truck Driving School**
**6405 Middlebelt Road, Romulus, MI 48174**

**ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !**
**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**





***ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ**
***3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ**

**Raj Jamarai Cell:734-644-1010 Office:734-747-4298**

# ਵਿੱਤੀ ਕੰਗਾਲੀ ਅੱਗੇ ਬੇਵੱਸ ਹੋਇਆ ਕੈਪਟਨ ਸਰਕਾਰ ਦਾ ਬਜਟ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੂਬੇ ਦਾ ਸਾਲ 2019-20 ਦਾ ਟੈਕਸ ਰਹਿਤ ਬਜਟ ਪੇਸ਼ ਕੀਤਾ ਜਿਸ ਵਿਚ ਇਕ-ਦੋ ਵਰਗਾਂ ਨੂੰ ਛੱਡ ਕੇ ਬਾਕੀ ਸਾਰੇ ਵਰਗਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸੂਬੇ ਦੇ ਲੋਕਾਂ ਨੂੰ ਵੈਟ 'ਚ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਪੈਟਰੋਲ ਪੰਜ ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਇਕ ਰੁਪਏ ਪ੍ਰਤੀ ਲਿਟਰ ਸਸਤਾ ਕਰਨ ਦਾ ਐਲਾਨ ਕੀਤਾ।

ਸਾਲ 2019-20 ਦਾ ਬਜਟ 158493 ਕਰੋੜ ਰੁਪਏ ਦਾ ਹੈ ਅਤੇ ਇਸ ਵਿਚੋਂ ਚਾਲੂ ਸਾਲ ਦੇ 32,000 ਕਰੋੜ ਰੁਪਏ ਕੱਢ ਲਏ ਗਏ ਹਨ ਜਿਸ ਨਾਲ ਅਗਲੇ ਸਾਲ ਦਾ ਬਜਟ 126493 ਕਰੋੜ ਰੁਪਏ ਦਾ ਰਹਿ ਗਿਆ ਹੈ। ਵਿੱਤ ਮੰਤਰੀ ਨੇ 11,687 ਕਰੋੜ ਰੁਪਏ ਦੇ ਘਾਟੇ ਦਾ ਬਜਟ ਪੇਸ਼ ਕੀਤਾ ਹੈ ਪਰ 2323 ਕਰੋੜ ਰੁਪਏ ਦੇ ਘਾਟੇ ਨੂੰ ਪੂਰਾ ਕਰਨ ਦਾ ਕੋਈ ਢੰਗ ਤਰੀਕਾ ਨਹੀਂ ਸੁਝਾਇਆ ਗਿਆ ਹੈ। ਉਨ੍ਹਾਂ ਬਜਟ ਘਾਟਾ ਘਟਾਉਣ ਅਤੇ ਕਰਜ਼ੇ ਨੂੰ ਕਾਬੂ ਹੇਠ ਰੱਖਣ ਲਈ ਕਾਫੀ ਯਤਨ ਕੀਤੇ ਹਨ ਪਰ ਫਿਰ ਵੀ ਕਰਜ਼ਾ ਵੱਧ ਕੇ 229612 ਕਰੋੜ ਰੁਪਏ ਹੋ ਜਾਵੇਗਾ ਜੋ 2018-19 ਵਿਚ 212276 ਕਰੋੜ ਰੁਪਏ ਸੀ। ਸ੍ਰੀ ਮਨਪ੍ਰੀਤ ਬਾਦਲ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਸੀ ਅਤੇ ਉਨ੍ਹਾਂ ਸੜਕਾਂ ਤੇ ਹੋਰ 7,000 ਕਰੋੜ ਦੇ ਕਰਵਾਏ ਗਏ



ਕੰਮਕਾਜ ਦੇ ਬਿੱਲ ਵੀ ਕੈਪਟਨ ਸਰਕਾਰ ਨੂੰ ਦੇਣੇ ਪਏ ਹਨ। ਰਹਿੰਦੀ ਕਸਰ ਅਨਾਜ ਦੇ ਕਰਜ਼ੇ ਨੇ ਕੱਢ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਸਰਕਾਰ ਦੇ ਯਤਨਾਂ ਸਦਕਾ ਕਰਜ਼ੇ ਦਾ ਮਸਲਾ ਹੱਲ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ।

ਉਨ੍ਹਾਂ ਮੰਨਿਆ ਕਿ ਜੀ.ਐਸ.ਟੀ. ਤੋਂ ਜਿਨ੍ਹਾਂ ਪੈਸਾ ਮਿਲਣਾ ਸੀ, ਉਹ ਅਨੁਮਾਨਾਂ ਤੋਂ ਕਾਫੀ ਘੱਟ ਮਿਲਿਆ ਹੈ ਜਿਸ ਕਰਕੇ ਸੂਬੇ ਦੀ ਆਰਥਿਕਤਾ ਨੂੰ ਸਹੀ ਰਸਤੇ 'ਤੇ ਪਾਉਣ ਵਿਚ ਦਿੱਕਤਾਂ ਆ ਰਹੀਆਂ ਹਨ। ਉਨ੍ਹਾਂ ਵਾਰ ਵਾਰ 'ਰੱਬ' ਦਾ ਜ਼ਿਕਰ ਕਰਦਿਆਂ ਕਿਹਾ ਕਿ 'ਉਪਰ ਵਾਲੇ' ਦੀ ਮਿਹਰ ਨਾਲ ਸਾਰਾ ਕੁਝ ਠੀਕ ਹੋ ਜਾਵੇਗਾ।

ਰਾਜ ਸਰਕਾਰ ਨੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਲਈ 8969 ਕਰੋੜ ਰੁਪਏ ਦੀ ਸਬਸਿਡੀ ਅਤੇ ਕਿਸਾਨਾਂ ਦੀ ਕਰਜ਼ਾ ਰਾਹਤ ਸਕੀਮ ਲਈ 3,000 ਕਰੋੜ ਰੁਪਏ ਰੱਖੇ ਹਨ ਜਿਸ ਤਹਿਤ ਕਿਸਾਨਾਂ ਦੇ ਦੋ ਲੱਖ ਰੁਪਏ ਤਕ ਦੇ ਕਰਜ਼ੇ ਮੁਆਫ ਕੀਤੇ ਜਾਣੇ ਹਨ। ਗੰਨਾ ਉਤਪਾਦਕਾਂ ਨੂੰ ਬਕਾਇਆ ਦੇਣ ਲਈ 355 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਦੀ ਮਦਦ ਵਾਸਤੇ 375 ਕਰੋੜ ਰੁਪਏ ਰੱਖੇ ਗਏ ਹਨ। ਖੇਤ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਅਤੇ ਖੁਦਕੁਸ਼ੀਆਂ ਤੋਂ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਲਈ 500 ਕਰੋੜ ਰੁਪਏ ਬਜਟ ਵਿਚ ਰੱਖੇ ਗਏ ਹਨ। ਵਿੱਤ ਮੰਤਰੀ ਨੇ ਸਨਅਤਕਾਰਾਂ ਨੂੰ ਸਸਤੀ ਬਿਜਲੀ ਦੇਣ ਲਈ 1513 ਕਰੋੜ ਰੁਪਏ ਦੀ ਸਬਸਿਡੀ ਦੇਣ ਦੀ ਵਿਵਸਥਾ ਕੀਤੀ ਹੈ ਤੇ ਗਰੀਬ ਬਿਜਲੀ ਖਪਤਕਾਰਾਂ ਨੂੰ ਸਸਤੀ ਬਿਜਲੀ ਦੇਣ ਲਈ 1916 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਸਰਕਾਰ ਨੇ ਕਿਸਾਨਾਂ ਅਤੇ ਸਨਅਤ ਦੀ ਮਦਦ ਵਾਸਤੇ ਦੋਆਬੇ ਵਿਚ ਲੱਕੜ ਮੰਡੀ ਵਿਕਸਤ ਕਰਨ ਵਾਸਤੇ 1513 ਕਰੋੜ ਰੁਪਏ ਰੱਖੇ ਹਨ। ਸੇਮ ਅਤੇ ਹੜ੍ਹਾਂ ਨਾਲ ਨਿਪਟਣ ਵਾਸਤੇ 100 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਸੂਬਾ ਸਰਕਾਰ ਨੂੰ ਗੁਰੂ ਨਾਨਕ ਦੇਵ ਦੇ 550ਵੇਂ ਗੁਰਪੁਰਬ ਲਈ ਕੇਂਦਰ ਸਰਕਾਰ ਕੋਲੋਂ ਵੱਖ ਵੱਖ ਪ੍ਰੋਜੈਕਟਾਂ ਲਈ ਪੈਸਾ ਮਿਲਣ ਦੀ ਆਸ ਸੀ ਪਰ ਇਹ ਪੈਸਾ ਅਜੇ ਨਹੀਂ ਮਿਲਿਆ ਹੈ। ਰਾਜ ਸਰਕਾਰ ਨੇ ਗੁਰਪੁਰਬ ਮਨਾਉਣ, ਪਿੰਡ ਬਾਬੇ ਨਾਨਕ ਦਾ ਵਿਰਾਸਤੀ ਅਜਾਇਬ ਘਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਕੌਮੀ ਇੰਸਟੀਚਿਊਟ ਦੀ ਸਥਾਪਨਾ ਲਈ ਬਜਟ ਵਿਚ 300 ਕਰੋੜ ਦਾ ਪ੍ਰਬੰਧ ਕੀਤਾ ਹੈ। ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਦੀ ਸਥਾਪਨਾ ਵਾਸਤੇ 25 ਕਰੋੜ ਰੁਪਏ ਰੱਖੇ ਗਏ ਹਨ। ਜਲ੍ਹਿਆਂਵਾਲਾ ਬਾਗ ਸਾਕੇ ਦੀ 13 ਅਪਰੈਲ ਨੂੰ ਆ ਰਹੀ ਸ਼ਤਾਬਦੀ ਮਨਾਉਣ ਲਈ ਪੰਜ ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

ਬਜਟ 'ਚ 'ਮੇਰਾ ਕਾਮ, ਮੇਰਾ ਨਾਮ' ਯੋਜਨਾ ਤਹਿਤ 18 ਤੋਂ 35 ਸਾਲ ਉਮਰ ਦੇ ਨੌਜਵਾਨਾਂ ਵਾਸਤੇ 90 ਕਰੋੜ ਰੁਪਏ ਰੱਖੇ ਗਏ ਹਨ। ਇਸ ਪੈਸੇ ਨਾਲ ਪਾਈਲਟ ਪ੍ਰੋਜੈਕਟ ਚਲਾਇਆ ਜਾਵੇਗਾ। ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਦੀ ਭਲਾਈ ਸਕੀਮਾਂ ਵਾਸਤੇ 1228 ਕਰੋੜ ਰੁਪਏ ਤੇ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ 938.71 ਕਰੋੜ ਰੁਪਏ ਰੱਖੇ ਹਨ। ਵਿਧਵਾਵਾਂ, ਤਲਾਕਸ਼ੁਦਾ ਔਰਤਾਂ ਦੀਆਂ ਲੜਕੀਆਂ ਦੇ ਵਿਆਹ ਵਾਸਤੇ 100 ਕਰੋੜ ਰੁਪਏ ਦੀ ਗਰਾਂਟ ਦਾ ਪ੍ਰਬੰਧ ਕੀਤਾ ਹੈ। ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬਾਲ ਵਿਕਾਸ ਵਾਸਤੇ 2835.82 ਕਰੋੜ ਰੁਪਏ ਰੱਖੇ ਹਨ। ਬਿਰਧ ਆਸ਼ਰਮ ਬਣਾਉਣ ਲਈ 31.14 ਕਰੋੜ ਦਾ ਪ੍ਰਬੰਧ ਕੀਤਾ ਗਿਆ ਹੈ। ਮਨਰੇਗਾ ਸਕੀਮ ਤਹਿਤ ਰੁਜ਼ਗਾਰ ਦੇਣ ਲਈ ਰਾਸ਼ੀ ਦੁਗਣੀ ਕਰਕੇ 500 ਕਰੋੜ ਰੁਪਏ ਕਰ ਦਿੱਤੀ ਗਈ ਹੈ। ਪੇਂਡੂ ਵਿਕਾਸ ਅਤੇ ਪੰਚਾਇਤਾਂ ਲਈ ਬਜਟ ਵਿੱਚ 4109.17 ਕਰੋੜ ਦੀ ਵਿਵਸਥਾ ਕੀਤੀ ਗਈ ਹੈ ਜਿਹੜੀ 36.08 ਫੀਸਦੀ ਵੱਧ ਬਣਦੀ ਹੈ। ਪਿੰਡ ਸਮਾਰਟ ਸਕੀਮ ਤਹਿਤ 2600 ਕਰੋੜ ਰੁਪਏ ਰੱਖੇ ਗਏ ਹਨ।

ਸਿੱਖਿਆ ਵਾਸਤੇ ਸਮੱਗਰ ਸਿਕਸ਼ਾ ਅਭਿਆਨ ਐਲੀਮੈਂਟਰੀ ਅਤੇ ਸੈਕੰਡਰੀ ਲਈ 750 ਕਰੋੜ ਅਤੇ 323 ਕਰੋੜ ਰੁਪਏ ਰੱਖੇ ਗਏ ਹਨ। ਪਹਿਲੀ ਤੋਂ ਦਸਵੀਂ ਤਕ ਪੜ੍ਹਾਈ ਵਾਸਤੇ ਈ-ਕਨਟੈਂਟ ਤਿਆਰ ਕਰ ਲਿਆ ਗਿਆ ਹੈ। ਉਚੇਰੀ ਸਿੱਖਿਆ ਤਹਿਤ ਨਵੇਂ ਕਾਲਜ ਬਣਾਉਣ ਲਈ 50 ਕਰੋੜ ਰੁਪਏ, ਸੂਬੇ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਗਰਾਂਟ ਵਿਚ ਛੇ ਫੀਸਦੀ ਦਾ ਵਾਧਾ ਕੀਤਾ ਗਿਆ ਹੈ। ਪੰਜਾਬੀ ਯੂਨੀਵਰਸਿਟੀ ਨੂੰ 50 ਕਰੋੜ ਰੁਪਏ ਦੀ ਵਿਸ਼ੇਸ਼ ਗਰਾਂਟ ਦੇਣ ਦਾ ਪ੍ਰਬੰਧ ਕੀਤਾ ਹੈ। ਨਾਲ ਹੀ 15 ਆਈਟੀਆਈ ਖੋਲ੍ਹਣ ਵਾਸਤੇ 15 ਕਰੋੜ ਰੁਪਏ ਰੱਖੇ ਗਏ ਹਨ। ਮੁਹਾਲੀ ਵਿੱਚ ਮੈਡੀਕਲ ਕਾਲਜ ਲਈ 60 ਕਰੋੜ ਅਤੇ ਪਟਿਆਲਾ ਤੇ ਅੰਮ੍ਰਿਤਸਰ ਦੇ ਮੈਡੀਕਲ ਕਾਲਜਾਂ ਦੇ ਅਪਗ੍ਰੇਡੇਸ਼ਨ ਲਈ 189.15 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ। ਤਿੰਨ ਸ਼ਹਿਰਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨ ਖਾਤਰ 296 ਕਰੋੜ ਰੁਪਏ ਰੱਖੇ ਗਏ ਹਨ। ਸ਼ਹਿਰੀ ਵਾਤਾਵਰਨ ਦੇ ਸੁਧਾਰ ਲਈ 300 ਕਰੋੜ ਰੁਪਏ ਦਿੱਤੇ ਜਾਣਗੇ। ਗਰੀਬਾਂ ਨੂੰ ਘਰ ਦੇਣ ਲਈ 234 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

## ਅਕਾਲੀ ਦਲ ਵੱਲੋਂ ਬਜਟ ਲੋਕਾਂ ਨਾਲ ਧੋਖਾ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਕਿਹਾ ਕਿ ਭਾਰੀ ਕਰਜ਼ਿਆਂ ਉਪਰ ਟੇਕ ਰੱਖ ਕੇ ਤਿਆਰ ਕੀਤਾ ਗਿਆ ਬਜਟ ਕਾਂਗਰਸ ਸਰਕਾਰ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਾਂਗ ਪੰਜਾਬ ਦੇ ਲੋਕਾਂ ਨਾਲ ਕੀਤਾ ਧੋਖਾ ਹੈ। ਇਸ ਵਿਚ ਆਮ ਆਦਮੀ ਲਈ ਕੁਝ ਵੀ ਨਹੀਂ ਹੈ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕਾਂਗਰਸ ਸਰਕਾਰ ਅਤੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਤੱਥਾਂ ਦੀ ਗਲਤਬਿਆਨੀ ਕਰਕੇ ਅਤੇ ਕਿਸਾਨਾਂ, ਨੌਜਵਾਨਾਂ ਜਾਂ ਸਰਕਾਰੀ ਕਰਮਚਾਰੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਕੋਈ ਫੰਡ ਰਾਖਵੇਂ ਨਾ ਰੱਖ ਕੇ ਪੰਜਾਬ ਦੇ ਲੋਕਾਂ ਨਾਲ ਕੋਝਾ ਮਜ਼ਾਕ ਕੀਤਾ ਹੈ।

## ਬੱਝਵੇਂ ਖਰਚਿਆਂ ਨੇ ਉਲਝਾਈ ਤਾਣੀ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਸਾਲ 2019-20 ਲਈ ਪੇਸ਼ ਕੀਤੇ ਗਏ ਬਜਟ ਦਾ ਸਾਰ ਤੱਤ ਇਹੀ ਨਜ਼ਰ ਆ ਰਿਹਾ ਹੈ ਕਿ ਸਰਕਾਰ ਪੂਰੀ ਤਰ੍ਹਾਂ ਬੱਝਵੇਂ/ਪ੍ਰਤੀਬੱਧ ਖਰਚਿਆਂ ਵਿਚ ਉਲਝੀ ਹੋਈ ਹੈ। ਵਿਕਾਸ ਦੇ ਵਾਸਤੇ ਨਿਵੇਸ਼ ਕਰਨ ਲਈ ਕੋਈ ਰਾਹ ਦਿਖਾਈ ਨਹੀਂ ਦਿੰਦਾ ਅਤੇ ਨਤੀਜੇ ਵਜੋਂ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੀ ਮੱਧਮ ਜਾਪਦੀਆਂ ਹਨ। ਵਿੱਤ ਮੰਤਰੀ ਦੇ ਆਪਣੇ ਭਾਸ਼ਣ ਅਨੁਸਾਰ ਤਨਖਾਹਾਂ ਦਾ ਖਰਚ 25,378 ਕਰੋੜ ਰੁਪਏ ਤੋਂ 2019-20 ਵਿਚ ਵਧ ਕੇ 25,979 ਕਰੋੜ ਰੁਪਏ ਅਤੇ ਪੈਨਸ਼ਨ ਦਾ ਖਰਚ 10,254 ਕਰੋੜ ਤੋਂ ਵਧ ਕੇ 10,875 ਕਰੋੜ ਰੁਪਏ ਹੋ ਜਾਣ ਦਾ ਅਨੁਮਾਨ ਹੈ। ਇਹ ਲਗਭਗ 6.24 ਫੀਸਦੀ ਬਣਦਾ ਹੈ। ਇਸੇ ਸਮੇਂ ਦੌਰਾਨ ਮਾਲੀਆ 82,318 ਕਰੋੜ ਤੋਂ 9.57 ਫੀਸਦੀ ਵਧ ਕੇ 90,197 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਇਸ ਤਰ੍ਹਾਂ ਇਹ ਪ੍ਰਤੀਬੱਧ ਖਰਚ ਹੀ 50 ਫੀਸਦੀ ਦੇ ਲਗਭਗ ਹੋ ਜਾਂਦਾ ਹੈ।

ਇਸ ਤੋਂ ਇਲਾਵਾ 30 ਹਜ਼ਾਰ ਕਰੋੜ ਲੰਬੇ ਸਮੇਂ ਅਤੇ ਥੋੜੇ ਸਮੇਂ ਦੇ ਕਰਜ਼ੇ ਦੀ ਅਦਾਇਗੀ ਅਤੇ 32 ਹਜ਼ਾਰ ਕਰੋੜ ਰੁਪਏ ਵੇਜ਼ ਅਤੇ ਮੀਨਜ਼ ਰਾਹੀਂ ਬੈਂਕਾਂ ਤੋਂ ਲਏ ਕਰਜ਼ੇ ਦੇ ਹਨ। ਬਿਜਲੀ ਦੀ ਸਬਸਿਡੀ ਕਿਸਾਨਾਂ ਲਈ 8,969 ਕਰੋੜ ਰੁਪਏ, ਉਦਯੋਗਾਂ ਲਈ 5 ਰੁਪਏ ਪ੍ਰਤੀ ਯੂਨਿਟ ਵਸੂਲੀ ਦੇ ਹਿਸਾਬ ਨਾਲ ਸਬਸਿਡੀ ਲਗਭਗ 1500 ਕਰੋੜ, ਅਨੁਸੂਚਿਤ ਜਾਤੀ ਅਤੇ ਹੋਰ ਗਰੀਬਾਂ ਲਈ ਬਿਜਲੀ ਸਬਸਿਡੀ ਕਰੀਬ 1900 ਕਰੋੜ ਰੁਪਏ ਹੈ। ਇਹ ਕੁੱਲ 12 ਹਜ਼ਾਰ ਕਰੋੜ ਰੁਪਏ ਬਣ ਜਾਂਦੀ ਹੈ। ਵਿੱਤ ਮੰਤਰੀ ਦਾ ਕਹਿਣਾ ਹੈ ਕਿ 1,58,493 ਕਰੋੜ ਦੇ ਬਜਟ ਵਿੱਚੋਂ ਪ੍ਰਤੀਬੱਧ ਖਰਚਾ ਹੀ ਵਿੱਤੀ ਸਾਧਨਾਂ 1,12 000 ਕਰੋੜ ਤੋਂ ਵੱਧ ਹੋਣ ਦਾ ਅਨੁਮਾਨ ਹੈ। ਵਿਕਾਸ ਲਈ ਪੈਸਾ ਬਚਣ ਦੀ ਉਮੀਦ ਕਿੱਥੋਂ ਆਵੇਗੀ? ਲੋਕ ਸਭਾ ਚੋਣਾਂ ਦੇ ਚਲਦਿਆਂ ਹੋਰ ਸਾਧਨ ਜੁਟਾਉਣ ਦੀ ਕੋਸ਼ਿਸ਼ ਵੀ ਦਿਖਾਈ ਨਹੀਂ ਦਿੱਤੀ।

## ਬਜਟ ਨੇ ਸਨਅਤਕਾਰਾਂ ਦੀਆਂ ਉਮੀਦਾਂ 'ਤੇ ਪਾਣੀ ਫੇਰਿਆ

**ਲੁਧਿਆਣਾ:** ਸਨਅਤ ਇਸ ਵਾਰ ਫਿਰ ਕਾਂਗਰਸ ਸਰਕਾਰ ਵੱਲੋਂ ਪੇਸ਼ ਬਜਟ ਤੋਂ ਨਿਰਾਸ਼ ਰਹੀ। ਕਾਂਗਰਸ ਨੂੰ ਹਮੇਸ਼ਾ ਹੀ ਸਨਅਤ ਪੱਖੀ ਮੰਨਦੇ ਆਏ ਹਨ, ਪਰ ਸਰਕਾਰ ਬਣਨ ਤੋਂ ਬਾਅਦ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੇਸ਼ ਕੀਤੇ ਇਸ ਬਜਟ ਤੋਂ ਸੂਬੇ ਦੇ ਸਨਅਤਕਾਰ ਖੁਸ਼ ਨਜ਼ਰ ਨਹੀਂ ਆ ਰਹੇ। ਸਨਅਤਕਾਰਾਂ ਦਾ ਕਹਿਣਾ ਹੈ ਕਿ ਇਸ ਵਾਰ ਲੋਕ ਸਭਾ ਚੋਣਾਂ ਹਨ, ਉਨ੍ਹਾਂ ਨੂੰ ਆਸ ਸੀ ਕਿ ਚੋਣਾਂ ਤੋਂ ਪਹਿਲਾਂ ਸਰਕਾਰ ਛੋਟੇ ਸਨਅਤਕਾਰਾਂ ਨੂੰ ਵਿਸ਼ੇਸ਼ ਪੈਕੇਜ ਜਾ ਫਿਰ ਟੈਕਸਾਂ ਵਿਚ ਰਾਹਤ ਦੇਵੇਗੀ, ਪਰ ਸਰਕਾਰ ਨੇ ਸਾਰੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਉਨ੍ਹਾਂ ਕਿਹਾ ਕਿ ਡੀਜ਼ਲ 'ਤੇ ਇਕ ਰੁਪਏ ਕਰਨ ਦੇ ਨਾਲ ਸਨਅਤਕਾਰਾਂ ਨੂੰ ਰਾਹਤ ਤਾਂ ਮਿਲੇਗੀ, ਪਰ ਉਮੀਦ ਤੋਂ ਬਹੁਤ ਘੱਟ।

# ਵਿਧਾਨ ਸਭਾ 'ਚ ਸਿੱਧੂ ਅਤੇ ਮਜੀਠੀਆ ਵਿਚਾਲੇ ਤਿੱਖੀ ਸ਼ਬਦੀ ਜੰਗ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੀ ਸ਼ੁਰੂਆਤ ਸਥਾਨਕ ਸਰਕਾਰ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵਿਚਕਾਰ ਸ਼ਬਦੀ ਜੰਗ ਨਾਲ ਹੋਈ, ਜੋ ਅਖੀਰ ਤੱਕ ਜਾਰੀ ਰਹੀ ਅਤੇ ਸਪੀਕਰ ਰਾਣਾ ਕੇਪੀ ਸਿੰਘ ਨੂੰ ਮਾਰਸ਼ਲਾਂ ਨੂੰ ਅਕਾਲੀ ਦਲ-ਭਾਜਪਾ ਦੇ ਵਿਧਾਇਕਾਂ ਨੂੰ ਸਦਨ ਵਿਚੋਂ ਕੱਢਣ ਦੇ ਹੁਕਮ ਤਕ ਦੇਣੇ ਪਏ।

ਇਸ ਦੌਰਾਨ ਕਾਂਗਰਸੀ ਵਿਧਾਇਕ ਆਪਣੀ ਹੀ ਸਰਕਾਰ ਉਤੇ ਵਰ੍ਹਦੇ ਨਜ਼ਰ ਆਏ। ਜਿਉਂ ਹੀ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਸ੍ਰੀ ਮਜੀਠੀਆ ਸਮੇਤ ਅਕਾਲੀ ਦਲ ਤੇ ਭਾਜਪਾ ਦੇ ਸਮੂਹ ਵਿਧਾਇਕਾਂ ਨੇ ਸ੍ਰੀ ਸਿੱਧੂ ਵੱਲੋਂ ਪੁਲਵਾਮਾ ਵਿਚ ਅਤਿਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਭਾਰਤੀ ਜਵਾਨਾਂ ਦੇ ਮਾਮਲੇ ਵਿਚ ਦਿੱਤੇ ਵਿਵਾਦਤ ਬਿਆਨ ਉਪਰ ਚਰਚਾ ਕਰਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਉਪਰ ਜਵਾਬ ਦੇਣ ਲਈ ਕਿਹਾ। ਇਸ ਦੌਰਾਨ ਸ੍ਰੀ ਸਿੱਧੂ ਵੀ ਭੜਕ ਉਠੇ ਤੇ ਉਨ੍ਹਾਂ ਸ੍ਰੀ ਮਜੀਠੀਆ 'ਤੇ ਬੜੇ ਤਿੱਖੇ ਸ਼ਬਦਾਂ ਨਾਲ ਹਮਲਾ ਕੀਤਾ।



## ਸ਼ਰਾਬ ਦੀ ਖਪਤ ਵਾਲੇ ਮੋਹਰੀ ਰਾਜਾਂ 'ਚ ਪੰਜਾਬ ਵੀ ਸ਼ਾਮਲ

**ਨਵੀਂ ਦਿੱਲੀ:** ਦੇਸ਼ ਵਿਚ ਹਾਲ ਹੀ ਵਿਚ ਕੀਤੇ ਗਏ ਇਕ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਪੰਜਾਬ ਸਣੇ ਛੱਤੀਸਗੜ੍ਹ, ਤ੍ਰਿਪੁਰਾ, ਅਰੁਣਾਚਲ ਪ੍ਰਦੇਸ਼ ਤੇ ਗੋਆ ਦੇ ਲੋਕ ਸਭ ਤੋਂ ਵੱਧ ਸ਼ਰਾਬ ਪੀਂਦੇ ਹਨ। ਕੌਮੀ ਔਸਤ ਦੇਖੀ ਜਾਵੇ ਤਾਂ ਦੇਸ਼ ਦੀ ਕਰੀਬ 14.6 ਫੀਸਦ (16 ਕਰੋੜ) ਆਬਾਦੀ (10-75 ਸਾਲ ਉਮਰ ਵਰਗ) ਦਾਰੂ ਪੀਂਦੀ ਹੈ। ਸ਼ਰਾਬ ਤੋਂ ਬਾਅਦ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਮਾਮਲੇ ਵਿਚ ਭੰਗ ਤੇ ਹੋਰ ਨਸ਼ਿਆਂ ਦਾ ਨੰਬਰ ਆਉਂਦਾ ਹੈ।

ਸਰਵੇਖਣ ਦੇ ਅੰਕੜਿਆਂ ਮੁਤਾਬਕ ਸ਼ਰਾਬ ਪੀਣ ਵਾਲੇ 38 ਵਿਅਕਤੀਆਂ ਪਿੱਛੇ ਇਕ ਦਾ ਕਿਸੇ ਨਾ ਕਿਸੇ ਤਰ੍ਹਾਂ ਦਾ ਇਲਾਜ ਚੱਲ ਰਿਹਾ ਹੈ, ਜਦਕਿ 180 ਜਣਿਆਂ ਪਿੱਛੇ ਇਕ ਹਸਪਤਾਲ ਜਾਂ ਨਸ਼ਾ ਛੁਡਾਊ ਕੇਂਦਰ ਵਿਚ ਭਰਤੀ ਹੈ। ਇਹ ਸਰਵੇਖਣ ਸਮਾਜ ਭਲਾਈ ਤੇ ਸਸ਼ਕਤੀਕਰਨ ਮੰਤਰਾਲੇ ਦੁਆਰਾ ਏਮਜ਼ ਦੇ ਸਹਿਯੋਗ ਨਾਲ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਕੀਤਾ ਗਿਆ ਹੈ। ਇਸ ਦੌਰਾਨ ਕਰੀਬ 2,00,111 ਲੋਕਾਂ ਦੇ ਘਰਾਂ ਦਾ 186 ਜ਼ਿਲ੍ਹਿਆਂ ਵਿਚ ਦੌਰਾ ਕੀਤਾ ਗਿਆ ਤੇ ਕੁੱਲ 4,73,569 ਲੋਕਾਂ ਦਾ ਇੰਟਰਵਿਊ ਕੀਤਾ ਗਿਆ। ਕਰੀਬ 2.8 ਫੀਸਦ ਭਾਰਤੀਆਂ (3.1 ਕਰੋੜ) ਨੇ ਮੰਨਿਆ ਹੈ ਕਿ ਉਨ੍ਹਾਂ ਪਿਛਲੇ 12 ਮਹੀਨਿਆਂ ਵਿਚ ਭੰਗ ਨਾਲ ਜੁੜੇ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਕੀਤੀ ਹੈ।

# ਮਾਲਵਿੰਦਰ ਵੱਲੋਂ ਆਪਣੇ ਭਰਾ ਤੇ ਡੇਰਾ ਰਾਧਾ ਸਵਾਮੀ ਮੁਖੀ ਖਿਲਾਫ ਸ਼ਿਕਾਇਤ

**ਨਵੀਂ ਦਿੱਲੀ:** ਫੋਰਟਿਸ ਹੈਲਥਕੇਅਰ ਦੇ ਸਾਬਕਾ ਪ੍ਰਮੋਟਰ ਮਾਲਵਿੰਦਰ ਸਿੰਘ ਨੇ ਆਪਣੇ ਭਰਾ ਸ਼ਿਵਇੰਦਰ ਸਿੰਘ, ਡੇਰਾ ਰਾਧਾ ਸਵਾਮੀ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਅਤੇ ਹੋਰਨਾਂ ਖਿਲਾਫ ਵਿੱਤੀ ਫਰਾਡ ਅਤੇ ਧਮਕੀਆਂ ਦੇਣ ਦੇ ਦੋਸ਼ ਹੇਠ ਫੌਜਦਾਰੀ ਸ਼ਿਕਾਇਤ ਦਾਇਰ ਕੀਤੀ ਹੈ। ਸ਼ਿਕਾਇਤ ਵਿਚ ਨਾਮਜ਼ਦ ਹੋਰਨਾਂ ਵਿਅਕਤੀਆਂ ਵਿਚ ਗੁਰਕੀਰਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਢਿੱਲੋਂ, ਸ਼ਬਨਮ ਢਿੱਲੋਂ, ਗੋਡਵਾਨੀ ਭਰਾ-ਸੁਨੀਲ ਤੇ ਸੰਜੇ ਸ਼ਾਮਲ ਹਨ।



ਮਾਲਵਿੰਦਰ ਸਿੰਘ ਨੇ ਆਰਥਿਕ ਅਪਰਾਧ ਸ਼ਾਖਾ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਗੁਰਿੰਦਰ ਸਿੰਘ ਢਿੱਲੋਂ ਨੇ ਆਪਣੇ ਵਕੀਲ ਫਰੀਦਾ ਚੋਪੜਾ ਰਾਹੀਂ ਉਸ (ਮਾਲਵਿੰਦਰ ਸਿੰਘ) ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਨੇ ਗੁਰਿੰਦਰ ਸਿੰਘ ਢਿੱਲੋਂ ਦੀਆਂ ਮੰਗਾਂ ਨਾਲ ਸਹਿਮਤੀ ਨਾ ਜਤਾਈ ਤਾਂ ਉਸ ਨੂੰ ਰਾਧਾ ਸਵਾਮੀ ਸਤਸੰਗ ਦੇ ਬੰਦਿਆਂ ਰਾਹੀਂ ਖਤਮ ਕਰਵਾ ਦਿੱਤਾ ਜਾਵੇਗਾ। ਉਸ ਨੇ ਦੋਸ਼ ਲਾਇਆ ਕਿ ਸ਼ਿਵਇੰਦਰ ਮੋਹਨ ਸਿੰਘ ਅਤੇ ਸੁਨੀਲ ਗੋਡਵਾਨੀ ਨੇ ਹੋਰਨਾਂ ਮੁਲਜ਼ਮਾਂ ਨਾਲ ਗੰਢਤੁਪ ਕਰ ਕੇ ਦੋ ਹੋਰਨਾਂ ਕੰਪਨੀਆਂ - ਰੈਲੀਗੇਅਰ ਐਂਟਰਪ੍ਰਾਈਜ਼ਜ਼ ਲਿਮਟਿਡ ਅਤੇ ਰੈਲੀਗੇਅਰ ਫਿਨਵੈਸਟ ਲਿਮਟਿਡ ਵਿਚ ਵੱਡਾ ਵਿੱਤੀ ਫਰਾਡ ਕੀਤਾ ਸੀ। ਉਨ੍ਹਾਂ ਦਾਅਵਾ ਕੀਤਾ ਕਿ ਮੁਲਜ਼ਮਾਂ ਨੇ ਢਿੱਲੋਂ ਪਰਿਵਾਰ ਨਾਲ ਸਾਜ਼ਿਸ਼ ਕਰ ਕੇ ਕੰਪਨੀਆਂ ਦੀ ਵਿੱਤੀ ਸਥਿਤੀ ਬਾਰੇ ਗਲਤ ਜਾਣਕਾਰੀ ਪੇਸ਼ ਕੀਤੀ ਤਾਂ ਕਿ ਉਸ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।

# ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਵਿਧਾਨ ਸਭਾ ਵਿਚ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਤੁਰਤ ਸ਼ੁਰੂ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਪੰਜ ਸਾਲ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ। ਸਹਿਜਧਾਰੀਆਂ ਨੂੰ ਵੋਟ ਦੇ ਹੱਕ ਦਾ ਮਾਮਲਾ ਸੁਪਰੀਮ ਕੋਰਟ ਵਿਚ ਹੋਣ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਚੁਣੇ ਨੁਮਾਇੰਦਿਆਂ ਨੂੰ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ ਸੀ। ਸਿੱਖਾਂ ਦਾ ਇਕ ਹਿੱਸਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੀ ਮੰਗ ਕਰਦਾ ਆ ਰਿਹਾ ਹੈ। ਸ਼੍ਰੋਮਣੀ ਕਮੇਟੀ ਬਹੁਤ ਸਾਰੀਆਂ ਵਿੱਦਿਅਕ ਅਤੇ ਸਿਹਤ ਸਬੰਧੀ ਸੰਸਥਾਵਾਂ ਚਲਾਉਂਦੀ ਹੈ। ਅਕਾਲ ਤਖਤ ਦੇ ਜਥੇਦਾਰ ਸਮੇਤ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਅਧਿਕਾਰ ਵੀ ਸ਼੍ਰੋਮਣੀ ਕਮੇਟੀ ਕੋਲ ਹੋਣ ਕਰਕੇ ਧਾਰਮਿਕ ਖੇਤਰ ਵਿਚ ਇਸ ਦਾ ਦਬਦਬਾ ਬਣਿਆ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਸਮੇਤ ਕਈ ਸੰਵੇਦਨਸ਼ੀਲ ਮੁੱਦਿਆਂ ਉਤੇ ਸ਼੍ਰੋਮਣੀ ਅਕਾਲੀ ਦਲ, ਖਾਸ ਤੌਰ ਉਤੇ ਬਾਦਲ ਪਰਿਵਾਰ ਨਾਲ ਸਿੱਖਾਂ ਦੀ ਨਾਰਾਜ਼ਗੀ ਕਰਕੇ ਹੁਣ ਵਿਰੋਧੀ ਖੇਮਾ ਸ਼੍ਰੋਮਣੀ ਕਮੇਟੀ ਰਾਹੀਂ ਸੱਤਾ ਦੀ ਪੌੜੀ ਚੜ੍ਹਨ ਦੀ ਰਣਨੀਤੀ ਬਣਾ ਰਿਹਾ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਰਾਹੀਂ ਵੱਖ ਵੱਖ ਗਰੁੱਪਾਂ ਨੇ ਪੰਥਕ ਸਿਆਸਤ ਵਿਚ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਅਕਾਲੀ ਦਲ ਦਾ ਦਬਦਬਾ ਤੋੜਨ ਵਿਚ ਕਾਮਯਾਬੀ ਨਹੀਂ ਮਿਲੀ। ਪੰਥਕ ਹਲਕਿਆਂ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਹਮੇਸ਼ਾ



ਇਕ ਹੀ ਅਕਾਲੀ ਦਲ ਮਜ਼ਬੂਤ ਸਥਿਤੀ ਵਿਚ ਰਹਿੰਦਾ ਹੈ ਜਿਸ ਦਾ ਸ਼੍ਰੋਮਣੀ ਕਮੇਟੀ ਉਤੇ ਕੰਟਰੋਲ ਹੁੰਦਾ ਹੈ। ਵਿਧਾਨ ਸਭਾ ਵਿਚ ਲਿਆਂਦੇ ਮਤੇ ਬਾਰੇ ਅਕਾਲੀ ਦਲ ਦੇ ਵਿਧਾਇਕ ਭਾਵੇਂ ਸਿੱਖਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਚੋਣਾਂ ਕਰਵਾਉਣ ਦੇ ਮਤੇ ਦਾ ਵਿਰੋਧ ਨਹੀਂ ਕਰ ਸਕੇ ਪਰ ਅਕਾਲੀ ਦਲ ਅਜੇ ਚੋਣਾਂ ਕਰਵਾਉਣ ਲਈ ਤਿਆਰ ਨਹੀਂ ਹੈ।

ਚੋਣਾਂ ਕਰਵਾਉਣ ਦਾ ਮਾਮਲਾ ਗੁਰਦੁਆਰਾ ਕਾਨੂੰਨ 1925 ਦੇ ਤਹਿਤ ਕੇਂਦਰ ਸਰਕਾਰ ਉਤੇ ਨਿਰਭਰ ਕਰਦਾ ਹੈ। ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੋਣ ਕਰਕੇ ਦਲ ਜ਼ਿਆਦਾ ਫਿਕਰਮੰਦ ਨਹੀਂ ਸੀ। ਇਸੇ ਸਾਲ ਅਪਰੈਲ-ਮਈ ਵਿਚ ਲੋਕ ਸਭਾ ਦੇ ਮੱਦੇਨਜ਼ਰ ਜੇਕਰ ਕੇਂਦਰੀ ਸੱਤਾ ਵਿਚ ਤਬਦੀਲੀ ਹੁੰਦੀ ਹੈ ਤਾਂ ਪੰਜਾਬ ਦੇ ਸਿਆਸੀ ਸਮੀਕਰਨਾਂ ਉਤੇ ਇਸ ਦਾ ਵੱਡਾ ਅਸਰ ਪੈ ਸਕਦਾ ਹੈ। ਇਸ ਲਈ ਹੁਣੇ ਤੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਕੀਤੀ ਜਾਣ ਵਾਲੀ ਮੰਗ ਜ਼ਮੀਨ ਤਿਆਰ ਕਰਨ ਲਈ ਹੈ। ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਕੇ ਅਤੇ 1984 ਦੇ ਕਤਲੇਆਮ ਵਿਚ ਸੱਜਣ ਕੁਮਾਰ ਨੂੰ ਸਜ਼ਾ ਮਿਲਣ ਕਾਰਨ ਉਤਸ਼ਾਹ ਵਿਚ ਆਏ ਹਰਵਿੰਦਰ ਸਿੰਘ ਫੂਲਕਾ ਪੰਥਕ ਸੰਸਥਾਵਾਂ, ਖਾਸ ਤੌਰ ਉਤੇ ਸ਼੍ਰੋਮਣੀ ਕਮੇਟੀ ਉਤੋਂ ਅਕਾਲੀਆਂ ਦਾ ਕਬਜ਼ਾ ਤੋੜਨ ਦਾ ਐਲਾਨ ਵੀ ਕਰ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ (ਟਕਸਾਲੀ), ਬਰਗਾੜੀ ਮੋਰਚਾ ਅਤੇ ਕਈ ਹੋਰ ਪੰਥਕ ਗਰੁੱਪ ਐਸ.ਜੀ.ਪੀ.ਸੀ. ਨੂੰ ਆਪਣੀ ਸਿਆਸੀ ਸਫਲਤਾ ਦੀ ਪੌੜੀ ਵਜੋਂ ਦੇਖ ਰਹੇ ਹਨ। ਬਾਦਲਾਂ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਅਤੇ ਕਾਂਗਰਸ ਸਰਕਾਰ ਕਾਰਨ ਉਨ੍ਹਾਂ ਨੂੰ ਸਿਆਸੀ ਮਾਹੌਲ ਸਾਜ਼ਗਾਰ ਲੱਗ ਰਿਹਾ ਹੈ।

## ਸ਼੍ਰੋਮਣੀ ਕਮੇਟੀ 'ਤੇ ਕਬਜ਼ੇ ਲਈ ਕਾਂਗਰਸ ਖੁੱਲ੍ਹ ਕੇ ਸਾਹਮਣੇ ਆਈ: ਅਕਾਲੀ ਦਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਪਾਸ ਕੀਤੇ ਮਤੇ 'ਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਲੰਬੇ ਸਮੇਂ ਤੋਂ ਕਾਂਗਰਸ ਪਾਰਟੀ ਵੱਲੋਂ ਸਿੱਖ ਗੁਰਧਾਮਾਂ ਦਾ ਪ੍ਰਬੰਧ ਵੇਖਦੀ ਸਰਵ ਉੱਚ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ੇ ਕਰਨ ਦੀ ਰਚੀ ਜਾ ਰਹੀ ਸਾਜ਼ਿਸ਼ ਇਕ ਵਾਰ ਫਿਰ ਬੇਨਕਾਬ ਹੋ ਗਈ ਹੈ। ਪਹਿਲਾਂ ਨਕਲੀ ਸੰਗਠਨ ਬਣਾ ਕੇ ਕਬਜ਼ੇ ਦੇ ਯਤਨ ਕਰਨ 'ਚ ਅਸਫਲ ਰਹੀ ਕਾਂਗਰਸ ਪਾਰਟੀ ਹੁਣ ਖੁੱਲ੍ਹ ਕੇ ਸਾਹਮਣੇ ਆ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਪਣੇ ਪਹਿਲੇ ਯਤਨਾਂ 'ਚ ਅਸਫਲ ਰਹਿਣ ਮਗਰੋਂ ਹੁਣ ਕਾਂਗਰਸ ਪਾਰਟੀ ਚੋਣਾਂ ਲੜਨ ਵਾਸਤੇ ਖੁੱਲ੍ਹ ਕੇ ਸਾਹਮਣੇ ਆ ਗਈ ਹੈ ਤੇ ਇਸ ਦਾ ਏਜੰਡਾ ਸਿੱਖ ਸੰਸਥਾ 'ਤੇ ਕਬਜ਼ਾ ਕਰਨਾ ਹੈ।

## ਚੋਣਾਂ ਕਾਨੂੰਨੀ ਤਰੀਕੇ ਨਾਲ ਹੀ ਕਰਵਾਈਆਂ ਜਾਣ: ਲੌਂਗੋਵਾਲ

**ਚੰਡੀਗੜ੍ਹ:** ਐਸ.ਜੀ.ਪੀ.ਸੀ. ਅੰਮ੍ਰਿਤਸਰ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਯੂ.ਟੀ ਚੰਡੀਗੜ੍ਹ 'ਤੇ ਅਧਾਰਤ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਨ ਲਈ ਸ਼੍ਰੋਮਣੀ ਕਮੇਟੀ ਦੀਆਂ ਲਟਕ ਰਹੀਆਂ ਆਮ ਚੋਣਾਂ ਕਰਾਉਣ ਬਾਰੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਮਤੇ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਬੇਸ਼ੱਕ ਚੋਣਾਂ ਕਰਾ ਲਈਆਂ ਜਾਣ ਸਾਨੂੰ ਕੋਈ ਇਤਰਾਜ਼ ਨਹੀਂ। ਚੋਣਾਂ ਕਾਨੂੰਨੀ ਤਰੀਕੇ ਨਾਲ ਹੀ ਕਰਵਾਈਆਂ ਜਾਣ ਜਿਵੇਂ ਕਿ ਸਭ ਤੋਂ ਪਹਿਲਾਂ ਭਾਰਤ ਸਰਕਾਰ ਮੁੱਖ ਗੁਰਦੁਆਰਾ ਚੋਣ ਕਮਿਸ਼ਨ ਨਿਯੁਕਤ ਕਰੇ, ਉਸ ਦੀ ਨਿਗਰਾਨੀ ਹੇਠ ਉਕਤ ਰਾਜਾਂ 'ਚ 21 ਸਾਲ ਦੀ ਉਮਰ ਵਾਲੇ ਪੂਰਨ ਗੁਰਸਿੱਖਾਂ ਦੀਆਂ ਵੋਟਾਂ ਬਣਾਈਆਂ ਜਾਣ, ਜੇ ਕਾਨੂੰਨੀ ਤੌਰ 'ਤੇ ਨਵੇਂ ਹਲਕੇ ਬਣਾਉਣ ਦੀ ਲੋੜ ਹੈ ਤਾਂ ਉਸ ਬਾਰੇ ਵੀ ਸੋਚ ਲਿਆ ਜਾਏ।

# ਬਠਿੰਡਾ ਲੋਕ ਸਭਾ ਹਲਕਾ ਬਾਦਲ ਪਰਿਵਾਰ ਲਈ ਸਭ ਤੋਂ ਵੱਡੀ ਚੁਣੌਤੀ

**ਬਠਿੰਡਾ:** ਬਠਿੰਡਾ ਲੋਕ ਸਭਾ ਹਲਕਾ ਬਾਦਲ ਪਰਿਵਾਰ ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗਾ। ਸ. ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੀਜੀ ਵਾਰ ਇਸ ਹਲਕੇ ਤੋਂ ਚੋਣ ਲੜੇਗੀ। ਬਠਿੰਡਾ-ਮਾਨਸਾ ਜ਼ਿਲ੍ਹੇ ਦੇ ਅੱਠ ਵਿਧਾਨ ਸਭਾ ਹਲਕੇ ਅਤੇ ਮੁਕਤਸਰ ਜ਼ਿਲ੍ਹੇ ਦਾ ਹਲਕਾ ਲੰਬੀ ਇਸ ਵੇਲੇ ਬਠਿੰਡਾ ਲੋਕ ਸਭਾ ਹਲਕੇ ਦਾ ਹਿੱਸਾ ਹੈ।



ਬਾਦਲਾਂ ਨੇ ਕੇਂਦਰ ਅਤੇ ਰਾਜ ਸਰਕਾਰ ਦੇ ਖਜ਼ਾਨੇ ਦਾ ਪੈਸਾ ਇਨ੍ਹਾਂ 9 ਵਿਧਾਨ ਸਭਾ ਹਲਕਿਆਂ ਵਿਚ ਪਾਣੀ ਵਾਂਗ ਵਹਾਇਆ। ਏਨਾ ਪੈਸਾ ਲੱਗਣ ਦੇ ਬਾਵਜੂਦ ਇਨ੍ਹਾਂ ਹਲਕਿਆਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਹੋਏ। ਨਹਿਰੀ ਪਾਣੀ ਆਧਾਰਿਤ ਜਲ ਘਰਾਂ 'ਚ ਸੁਧਾਰ ਦੀ ਥਾਂ ਪਿੰਡਾਂ-ਸ਼ਹਿਰਾਂ ਵਿਚ ਆਰ.ਓ ਪਲਾਂਟ ਲਾ ਕੇ ਬੁੱਤਾ ਸਾਰਿਆ ਗਿਆ, ਜੋ ਹੁਣ ਬੰਦ ਪਏ ਹਨ। ਨਰਮਾ ਪੱਟੀ ਵਾਲੇ ਇਸ ਖਿੱਤੇ ਵਿਚ ਸਭ ਤੋਂ ਵੱਡਾ ਸੰਕਟ ਕਿਸਾਨਾਂ ਤੇ ਮਜ਼ਦੂਰਾਂ ਦਾ ਹੈ। ਕਿਸਾਨਾਂ-ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਨਰਮੇ ਦੀ ਪੈਦਾਵਾਰ ਇਨ੍ਹਾਂ ਵਰ੍ਹਿਆਂ ਦੌਰਾਨ ਲਗਾਤਾਰ ਘਟੀ ਹੈ ਤੇ ਹਰਸਿਮਰਤ ਬਾਦਲ ਕਿਸਾਨੀ ਦੇ ਦੁੱਖਾਂ ਦੀ ਦਾਰੂ ਨਹੀਂ ਬਣ ਸਕੇ। ਇਸ ਲੋਕ ਸਭਾ ਹਲਕੇ ਵਿਚ 70 ਫੀਸਦੀ ਵੋਟ ਬੈਂਕ ਜੱਟ ਸਿੱਖਾਂ ਦਾ ਹੈ, ਜਿਸ ਤੋਂ ਕਿਸਾਨਾਂ ਦੀ ਵਧੇਰੇ ਗਿਣਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਰਸਿਮਰਤ ਨੇ ਗੱਠਜੋੜ ਸਰਕਾਰ ਸਮੇਂ ਪਿੰਡਾਂ-ਸ਼ਹਿਰਾਂ ਵਿਚ ਸੰਗਤ ਦਰਸ਼ਨ ਕਰ ਕੇ ਰਿਉੜੀਆਂ ਵਾਂਗ ਪੈਸੇ ਵੰਡੇ ਸਨ ਤੇ ਬਹੁਤਾ ਪੈਸਾ ਗਲੀਆਂ-ਨਾਲੀਆਂ ਵਿਚ ਹੀ ਰੁੜ੍ਹ ਗਿਆ ਸੀ। ਉਦੋਂ ਅਕਾਲੀ ਸਰਪੰਚਾਂ ਦੀ ਲਾਟਰੀ ਲੱਗੀ ਰਹੀ।

ਬਠਿੰਡਾ ਵਿਕਾਸ ਅਥਾਰਿਟੀ ਵੱਲੋਂ ਹਲਕੇ ਦੇ ਸ਼ਹਿਰਾਂ ਵਿਚ ਜੋ ਪ੍ਰੋਜੈਕਟ ਉਲੀਕੇ ਗਏ, ਉਨ੍ਹਾਂ ਵਿਚ ਹੋਏ ਘਪਲੇ ਵਿਜੀਲੈਂਸ ਦੇ ਕਾਗਜ਼ਾਂ ਨੂੰ ਸਾਹ ਨਹੀਂ ਲੈਣ ਦੇ ਰਹੇ ਹਨ। ਵੱਡੇ ਸ਼ਹਿਰਾਂ ਵਿਚ ਸੀਵਰੇਜ ਅਤੇ ਪੀਣ ਵਾਲੇ ਪਾਣੀ ਦਾ ਮਸਲਾ ਜਿਉਂ ਦਾ ਤਿਉਂ ਹੈ। ਬਠਿੰਡਾ ਵਿਚ ਕੇਂਦਰੀ ਮਦਦ ਨਾਲ ਸ਼ੁਰੂ ਹੋਈ ਸਿਟੀ ਬੱਸ ਸਰਵਿਸ ਵੀ ਆਖਰੀ ਸਾਹਾਂ 'ਤੇ ਹੈ। ਬਠਿੰਡਾ-ਮਾਨਸਾ ਖਿੱਤੇ ਵਿਚ ਸਭ ਤੋਂ ਵੱਡੀ ਸੱਟ ਕੈਂਸਰ ਮਾਰ ਰਿਹਾ ਹੈ। ਕੈਂਸਰ ਦੇ ਕਾਰਨ ਜਾਣਨ ਲਈ ਕੋਈ ਅਧਿਐਨ ਨਹੀਂ ਕਰਾਇਆ ਜਾ ਰਿਹਾ। ਕਾਲੇ ਪੀਲੀਏ ਤੋਂ ਵੀ ਵੱਡੀ ਗਿਣਤੀ ਲੋਕ ਪੀੜਤ ਹਨ। ਪੇਂਡੂ ਅਤੇ ਸ਼ਹਿਰੀ ਸਿਹਤ ਸਹੂਲਤਾਂ ਵਿਚ ਸੁਧਾਰ ਲਈ ਕੋਈ ਵੱਡਾ ਕਦਮ ਨਹੀਂ ਚੁੱਕਿਆ ਗਿਆ। ਬਠਿੰਡਾ ਦਾ ਕੂੜਾ ਡੰਪ ਸ਼ਹਿਰੀ ਲੋਕਾਂ ਦੀ ਜ਼ਿੰਦਗੀ ਵਿਚ ਵੱਟੇ ਪਾ ਰਿਹਾ ਹੈ। ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਬਾਦਲਾਂ ਨੇ ਵੱਡੇ ਪ੍ਰਾਜੈਕਟ ਜ਼ਰੂਰ ਲਿਆਂਦੇ, ਬਠਿੰਡਾ ਰਿਫਾਈਨਰੀ ਇਨ੍ਹਾਂ 'ਚੋਂ ਇਕ ਹੈ, ਜਿਸ ਦੇ ਵਿਸਥਾਰ ਤਹਿਤ ਹੁਣ ਪੈਟਰੋ ਕੈਮੀਕਲ ਯੂਨਿਟ ਲੱਗ ਰਿਹਾ ਹੈ। ਐਗਰੋ ਆਧਾਰਿਤ ਸਨਅਤੀਕਰਨ ਦਾ ਰਾਹ ਅਜੇ ਤੱਕ ਨਹੀਂ ਖੁੱਲ੍ਹ ਸਕਿਆ ਹੈ। ਬਠਿੰਡਾ ਨੂੰ ਟੈਕਸਟਾਈਲ ਸਿਟੀ ਬਣਾਉਣ ਲਈ ਕੋਈ ਤਰੱਦਦ ਨਹੀਂ ਹੋਇਆ।

ਹਰਸਿਮਰਤ ਬਾਦਲ ਨੂੰ ਬਠਿੰਡਾ ਵਿਚ ਏਮਜ਼, ਕੇਂਦਰੀ ਯੂਨੀਵਰਸਿਟੀ ਤੇ ਹਵਾਈ ਅੱਡਾ ਬਣਾਏ ਜਾਣ ਦਾ ਸਿਹਰਾ ਜ਼ਰੂਰ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਵੀ ਇਕ ਪ੍ਰਾਪਤੀ ਹੈ। ਬਠਿੰਡਾ ਲੋਕ ਸਭਾ ਹਲਕੇ ਦੀ ਮੌਜੂਦਾ ਸਥਿਤੀ ਦੇਖੀਏ ਤਾਂ ਪੰਜ ਵਿਧਾਨ ਸਭਾ ਹਲਕੇ 'ਆਪ' ਵਿਧਾਇਕਾਂ ਕੋਲ ਹਨ ਤੇ ਸ਼੍ਰੋਮਣੀ ਅਕਾਲੀ ਦਲ ਕੋਲ ਸਿਰਫ ਸਰਦੂਲਗੜ੍ਹ ਅਤੇ ਲੰਬੀ ਹਲਕੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਰੋਹ ਇਸ ਚੋਣ ਵਿਚ ਹਰਸਿਮਰਤ ਨੂੰ ਝੱਲਣਾ ਪੈ ਸਕਦਾ ਹੈ। ਕਾਂਗਰਸੀ ਖੁਦ ਡਰ ਰਹੇ ਹਨ ਕਿ ਵੱਡੇ ਘਰਾਣੇ ਐਤਕੀਂ ਫਿਰ ਇਸ ਸੀਟ ਤੋਂ ਦੋਸਤਾਨਾ ਮੈਚ ਨਾ ਖੇਡ ਜਾਣ। ਬਾਦਲ ਪਰਿਵਾਰ ਲਈ ਪੰਜਾਬ ਤੋਂ ਵੱਧ ਬਠਿੰਡਾ ਸੀਟ ਵੱਕਾਰੀ ਹੋਵੇਗੀ।

ਜਦੋਂ ਹਰਸਿਮਰਤ ਨੇ ਪਹਿਲੀ ਵਾਰ ਚੋਣ ਲੜੀ ਤਾਂ ਉਨ੍ਹਾਂ ਵਿਰੋਧੀ ਉਮੀਦਵਾਰ ਰਣਇੰਦਰ ਸਿੰਘ ਨੂੰ 1.20 ਲੱਖ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਦੂਜੀ ਵਾਰ ਮਨਪ੍ਰੀਤ ਬਾਦਲ ਨੂੰ 19,395 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵੋਟਾਂ ਅਤੇ ਸਿਆਸੀ ਮਾਹੌਲ 'ਚ ਫਰਕ ਦਾ ਡਰ ਹੁਣ ਬਾਦਲ ਪਰਿਵਾਰ ਨੂੰ ਸਤਾ ਰਿਹਾ ਹੈ।

ਕਾਂਗਰਸ ਵੱਲੋਂ ਮਨਪ੍ਰੀਤ ਬਾਦਲ ਤੇ ਪੰਜਾਬੀ ਏਕਤਾ ਪਾਰਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਇੱਥੋਂ ਉਮੀਦਵਾਰ ਹੋ ਸਕਦੇ ਹਨ। ਸਿਹਤ ਮੰਤਰੀ ਦੇ ਲੜਕੇ ਮੋਹਿਤ ਨੇ ਵੀ ਇਸ ਹਲਕੇ ਤੋਂ ਟਿਕਟ ਮੰਗੀ ਹੈ। ਬਰਗਾੜੀ ਇਨਸਾਫ਼ ਮੋਰਚੇ ਨੇ ਭਾਈ ਗੁਰਦੀਪ ਸਿੰਘ ਬਠਿੰਡਾ ਨੂੰ ਉਮੀਦਵਾਰ ਐਲਾਨ ਦਿੱਤਾ ਹੈ।

# ਅਕਾਲੀ ਦਲ ਨੇ 'ਨਕਲੀ ਮੋਬਾਈਲ' ਵੰਡ ਕੇ ਕੈਪਟਨ ਨੂੰ ਯਾਦ ਕਰਵਾਇਆ ਚੋਣ ਵਾਅਦਾ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕਾਂ ਨੇ ਅਨੋਖਾ ਪ੍ਰਦਰਸ਼ਨ ਕਰਦਿਆਂ ਵਿਧਾਨ ਸਭਾ ਦੇ ਗੇਟ ਦੇ ਸਾਹਮਣੇ 'ਕੈਪਟਨ ਦੇ ਡੰਮੀ ਸਮਾਰਟ ਫ਼ੋਨਾਂ' ਦੀ ਦੁਕਾਨ ਲਗਾਈ। ਅਕਾਲੀ ਦਲ ਦੇ ਵਿਧਾਇਕਾਂ ਨੇ ਇਹ ਡੰਮੀ ਮੋਬਾਈਲ ਵਿਧਾਨ ਸਭਾ ਦੀ ਕਾਰਵਾਈ ਲਈ ਹਿੱਸਾ ਲੈਣ ਜਾਂਦੇ 'ਆਪ' ਅਤੇ ਕਾਂਗਰਸ ਦੇ ਵਿਧਾਇਕਾਂ ਸਮੇਤ ਪੱਤਰਕਾਰਾਂ ਨੂੰ ਵੀ ਵੰਡੇ। ਅਜਿਹਾ ਅਨੋਖਾ ਪ੍ਰਦਰਸ਼ਨ ਕਰਕੇ ਅਕਾਲੀ ਦਲ ਨੇ ਸਰਕਾਰ ਵਲੋਂ ਨੌਜਵਾਨਾਂ ਨੂੰ ਮੁਫ਼ਤ ਸਮਾਰਟ ਫ਼ੋਨ ਦੇਣ ਦਾ ਵਾਅਦਾ ਯਾਦ ਕਰਵਾਇਆ ਜੋ ਸਰਕਾਰ ਬਣਨ ਦੇ ਦੋ ਸਾਲ ਬੀਤ ਜਾਣ ਮਗਰੋਂ ਵੀ ਪੂਰਾ ਨਾ ਹੋ ਸਕਿਆ।

ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵਲੋਂ ਸੱਤਾ 'ਚ ਆਉਣ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ 'ਚ ਹੋਰਨਾਂ ਵਾਅਦਿਆਂ ਨਾਲ ਇਕ ਵਾਅਦਾ ਇਹ ਵੀ ਕੀਤਾ ਸੀ ਕਿ ਸੂਬੇ 'ਚ ਸਰਕਾਰ ਬਣਨ ਦੇ 100 ਦਿਨਾਂ ਦੇ ਅੰਦਰ ਪੰਜਾਬ ਦੇ 50 ਲੱਖ ਨੌਜਵਾਨਾਂ ਨੂੰ ਮੁਫ਼ਤ ਸਮਾਰਟ ਫ਼ੋਨ ਦਿੱਤੇ ਜਾਣਗੇ, ਪਰ ਇਹ ਵਾਅਦਾ ਸਰਕਾਰ ਦੇ ਦੋ ਸਾਲ ਬੀਤ ਜਾਣ ਮਗਰੋਂ ਵੀ ਪੂਰਾ ਨਾ ਹੋ ਸਕਿਆ।

ਉਨ੍ਹਾਂ ਕਿਹਾ ਕਿ ਸਰਕਾਰ ਨੌਜਵਾਨਾਂ ਨਾਲ ਕੀਤੇ ਵਾਅਦੇ ਤੋਂ ਅਨੇਕਾਂ ਵਾਰ ਵੱਖੋ ਵੱਖਰੇ ਬਿਆਨ ਦੇ ਕੇ ਭੱਜਦੀ ਰਹੀ ਹੈ ਪਰ ਹੁਣ ਜਦੋਂ ਸਰਕਾਰ ਆਪਣੇ ਕਾਰਜਕਾਲ ਦਾ ਦੂਜਾ ਸਾਲ ਪੂਰਾ ਕਰਨ ਜਾ ਰਹੀ ਹੈ ਤਾਂ ਵੀ ਸੂਬੇ ਦੇ ਨੌਜਵਾਨ ਕੈਪਟਨ ਵਲੋਂ ਕੀਤੇ ਇਸ ਵਾਅਦੇ ਨੂੰ ਪੂਰਾ ਹੋਣ ਦਾ ਰਾਹ ਦੇਖਦੇ ਹੀ ਨਜ਼ਰ ਆ ਰਹੇ ਹਨ। ਹੁਣ ਕੁਝ ਸਮਾਂ ਪਹਿਲਾਂ ਸਰਕਾਰ ਵਲੋਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਗਿਆ ਕਿ ਮੋਬਾਈਲ ਫ਼ੋਨ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਕੋਲ ਮੋਬਾਈਲ ਫ਼ੋਨ ਨਹੀਂ ਹਨ, ਜੋ ਮੋਬਾਈਲ ਦੀ ਉਡੀਕ ਕਰਦੇ ਨੌਜਵਾਨਾਂ ਦੇ ਮਨ 'ਚ ਕਈ ਸਵਾਲ ਅਤੇ ਮਾਯੂਸੀ ਪੈਦਾ ਕਰ ਰਿਹਾ ਹੈ।

# ਨਿਰਮਲ ਸਿੰਘ ਬਣੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਛੇ ਅਹੁਦੇਦਾਰਾਂ ਦੀ ਚੋਣ ਲਈ ਪਈਆਂ ਵੋਟਾਂ ਵਿਚ ਨਿਰਮਲ ਸਿੰਘ ਧੜੇ ਦੇ ਪੰਜ ਮੈਂਬਰ ਜਿੱਤ ਗਏ ਹਨ, ਜਦੋਂਕਿ ਸਰਬਜੀਤ ਸਿੰਘ ਧੜੇ ਦਾ ਇਕ ਮੈਂਬਰ ਹੀ ਜਿੱਤ ਸਕਿਆ। ਇਸ ਦੌਰਾਨ ਲੋਕ ਇਨਸਾਫ ਪਾਰਟੀ ਵੱਲੋਂ ਚੀਫ ਖਾਲਸਾ ਦੀਵਾਨ ਦੇ ਦਫ਼ਤਰ ਦੇ ਬਾਹਰ ਚੋਣ ਪ੍ਰਕਿਰਿਆ ਬੰਦ ਕਰਾਉਣ ਲਈ ਰੋਸ ਵਿਖਾਵਾ ਵੀ ਕੀਤਾ ਗਿਆ। ਇਕ ਚੋਣ ਅਧਿਕਾਰੀ ਪ੍ਰੋ. ਬਲਜਿੰਦਰ ਸਿੰਘ ਨੇ ਪਤਿਤ ਔਰਤ ਵੋਟਰਾਂ ਨੂੰ ਵੋਟ ਪਾਉਣ ਤੋਂ ਨਾ ਰੋਕੇ ਜਾਣ ਦੇ ਵਿਰੋਧ ਵਿਚ ਚੋਣ ਪ੍ਰਕਿਰਿਆ ਦਾ ਬਾਈਕਾਟ ਕੀਤਾ।

ਚੋਣ ਜਿੱਤਣ ਵਾਲਿਆਂ ਵਿਚ ਪ੍ਰਧਾਨ ਵਜੋਂ ਨਿਰਮਲ ਸਿੰਘ, ਮੀਤ ਪ੍ਰਧਾਨ ਵਜੋਂ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਅਮਰਜੀਤ ਸਿੰਘ ਬਾਂਗਾ, ਆਨਰੇਰੀ ਸਕੱਤਰ ਵਜੋਂ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਅਤੇ ਸਵਿੰਦਰ ਸਿੰਘ ਕੱਥੂਨੰਗਲ ਸ਼ਾਮਲ ਹਨ, ਜਦੋਂਕਿ ਸਥਾਨਕ ਪ੍ਰਧਾਨ ਦੇ ਅਹੁਦੇ ਲਈ ਸਰਬਜੀਤ ਸਿੰਘ ਧੜੇ ਵੱਲੋਂ ਹਰਮਿੰਦਰ ਸਿੰਘ ਫਰੀਡਮ ਨੇ ਜਿੱਤ ਪ੍ਰਾਪਤ ਕੀਤੀ ਹੈ। ਉਨ੍ਹਾਂ 165 ਵੋਟਾਂ ਪ੍ਰਾਪਤ ਕੀਤੀਆਂ ਹਨ, ਜਦੋਂਕਿ ਉਨ੍ਹਾਂ ਦੇ ਵਿਰੋਧੀ ਸੁਖਦੇਵ ਸਿੰਘ ਮੱਤੇਵਾਲ ਨੂੰ 151 ਵੋਟਾਂ ਮਿਲੀਆਂ। ਪ੍ਰਧਾਨ ਦੀ ਚੋਣ ਜਿੱਤੇ ਨਿਰਮਲ ਸਿੰਘ ਨੇ 176 ਵੋਟਾਂ ਪ੍ਰਾਪਤ ਕਰ ਕੇ ਦੂਜੇ ਧੜੇ ਦੇ ਸਰਬਜੀਤ ਸਿੰਘ ਨੂੰ 33 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਸਰਬਜੀਤ ਸਿੰਘ ਨੂੰ 143 ਵੋਟਾਂ ਪ੍ਰਾਪਤ ਹੋਈਆਂ।

ਮੀਤ ਪ੍ਰਧਾਨ ਵਜੋਂ ਜਿੱਤੇ ਡਾ. ਇੰਦਰਬੀਰ ਸਿੰਘ ਨੂੰ 205 ਅਤੇ ਅਮਰਜੀਤ ਸਿੰਘ ਬਾਂਗਾ ਨੂੰ 148 ਵੋਟਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਦੂਜੇ ਧੜੇ ਦੇ ਸੁਖਵਿੰਦਰ ਸਿੰਘ ਵਾਲੀਆ (141 ਵੋਟਾਂ) ਅਤੇ ਕੁਲਜੀਤ ਸਿੰਘ ਸਾਹਨੀ (128 ਵੋਟਾਂ) ਨੂੰ ਹਰਾਇਆ ਹੈ। ਆਨਰੇਰੀ ਸਕੱਤਰ ਲਈ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ 179 ਵੋਟਾਂ ਅਤੇ ਸਵਿੰਦਰ ਸਿੰਘ ਕੱਥੂਨੰਗਲ ਨੂੰ 171 ਵੋਟਾਂ ਪਈਆਂ। ਉਨ੍ਹਾਂ ਦੂਜੇ ਧੜੇ ਦੇ ਸੰਤੋਖ ਸਿੰਘ ਸੇਠੀ (158 ਵੋਟਾਂ) ਅਤੇ ਅਮਰਜੀਤ ਸਿੰਘ ਭਾਟੀਆ (119 ਵੋਟਾਂ) ਨੂੰ ਹਰਾਇਆ। ਇਸ ਮੌਕੇ ਕੁੱਲ 323 ਵੋਟਾਂ ਪਈਆਂ, ਜਦੋਂਕਿ 6 ਪਤਿਤ ਸਿੱਖ ਵੋਟਰਾਂ ਦੀਆਂ ਵੋਟਾਂ ਰੱਦ ਕਰ ਦਿੱਤੀਆਂ ਗਈਆਂ। ਚੋਣ ਜਿੱਤਣ ਮਗਰੋਂ ਨਿਰਮਲ ਸਿੰਘ ਧੜੇ ਦੇ ਮੈਂਬਰਾਂ ਵੱਲੋਂ ਗੁਰਦੁਆਰੇ ਵਿਚ ਸ਼ੁਕਰਾਨੇ ਵਜੋਂ ਅਰਦਾਸ ਕੀਤੀ ਗਈ।



ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਨਿਰਮਲ ਸਿੰਘ ਨੇ ਆਖਿਆ ਕਿ ਉਹ ਚੀਫ ਖਾਲਸਾ ਦੀਵਾਨ ਦੇ ਸਿਸਟਮ ਨੂੰ ਪਾਰਦਰਸ਼ੀ ਬਣਾਉਣਗੇ। ਮੀਟਿੰਗ ਦੌਰਾਨ ਸਾਰੇ ਮੈਂਬਰਾਂ ਨੇ ਪ੍ਰਣ ਪੱਤਰ ਵੀ ਭਰਿਆ, ਜਿਸ ਵਿਚ ਮੈਂਬਰਾਂ ਵੱਲੋਂ ਛੇ ਮਹੀਨੇ 'ਚ ਅੰਮ੍ਰਿਤਧਾਰੀ ਹੋਣ ਦਾ ਵਾਅਦਾ ਕੀਤਾ ਗਿਆ। ਵੋਟਾਂ ਪਾਉਣ ਦੀ ਪ੍ਰਕਿਰਿਆ ਆਰੰਭ ਹੋਈ ਤਾਂ ਚੋਣ ਅਧਿਕਾਰੀ ਪ੍ਰੋ. ਬਲਜਿੰਦਰ ਸਿੰਘ ਨੇ ਬਾਈਕਾਟ ਕਰ ਦਿੱਤਾ। ਉਨ੍ਹਾਂ ਮੀਡੀਆ ਨੂੰ ਦੱਸਿਆ ਕਿ ਵੋਟ ਪ੍ਰਕਿਰਿਆ ਦੌਰਾਨ ਪਤਿਤ ਔਰਤ ਮੈਂਬਰਾਂ ਨੂੰ ਵੋਟ ਪਾਉਣ ਤੋਂ ਨਹੀਂ ਰੋਕਿਆ ਗਿਆ, ਜਿਸ ਦਾ ਉਨ੍ਹਾਂ ਵਿਰੋਧ ਕੀਤਾ। ਇਸ ਚੋਣ ਵਿਚ ਪ੍ਰੋ. ਬਲਜਿੰਦਰ ਸਿੰਘ, ਸਾਬਕਾ ਪੁਲੀਸ ਅਧਿਕਾਰੀ ਇਕਬਾਲ ਸਿੰਘ ਲਾਲਪੁਰਾ ਤੇ ਡਾ. ਜਸਵਿੰਦਰ ਸਿੰਘ ਢਿੱਲੋਂ ਤਿੰਨ ਚੋਣ ਅਧਿਕਾਰੀ ਸ਼ਾਮਲ ਸਨ। ਚੋਣ ਪ੍ਰਕਿਰਿਆ ਦੌਰਾਨ ਦੁਪਹਿਰ ਵੇਲੇ ਲੋਕ ਇਨਸਾਫ਼ ਪਾਰਟੀ ਦੇ ਕਾਰਕੁਨਾਂ ਨੇ ਦੀਵਾਨ ਦੇ ਦਫ਼ਤਰ ਬਾਹਰ ਰੋਸ ਵਿਖਾਵਾ ਕੀਤਾ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਆਲਮੀ ਪੰਜਾਬੀ ਕਾਨਫਰੰਸ: ਲੋਕਾਂ ਨੂੰ ਜਗਾਉਣ ਤੇ ਕਲਮਕਾਰਾਂ ਦਾ ਮੋਰਚਾ ਉਸਾਰਨ ਦਾ ਸੱਦਾ

**ਚੰਡੀਗੜ੍ਹ:** ਕਾਰਪੋਰੇਟੀ ਲੁੱਟ ਅਤੇ ਸੱਤਾ ਦੇ ਦਮਨ ਖਿਲਾਫ ਗੀਤ, ਕਵਿਤਾਵਾਂ ਲੈ ਕੇ ਲੋਕਾਂ ਕੋਲ ਜਾਣ, ਲੋਕਾਂ ਨੂੰ ਜਗਾਉਣ ਅਤੇ ਕਲਮਕਾਰਾਂ ਦਾ ਵਿਸ਼ਾਲ ਮੋਰਚਾ ਉਸਾਰਨ ਦੇ ਸੱਦੇ ਨਾਲ ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫਰੰਸ ਸਮਾਪਤ ਹੋ ਗਈ।

ਕਲਾ ਭਵਨ ਵਿਚ ਕਾਨਫਰੰਸ ਦੇ ਆਖਰੀ ਅਜਲਾਸ ਵਿਚ 'ਬਦਲਵੀਂ ਸਿਆਸਤ ਦੀ ਤਲਾਸ਼' ਵਿਸ਼ੇ 'ਤੇ ਸੰਬੋਧਨ ਕਰਦਿਆਂ ਜੇ.ਐਨ.ਯੂ. ਦੀ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕਨ੍ਹਈਆ ਕੁਮਾਰ ਨੇ ਲੋਕਾਂ ਨੂੰ ਸੱਤਾ ਤਬਦੀਲੀ ਦਾ ਹੋਕਾ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ 'ਰਾਜਨੀਤਿਕ ਬਦਲ' ਦੀ ਨਹੀਂ ਸਗੋਂ 'ਬਦਲਵੀਂ ਰਾਜਨੀਤੀ' ਦੀ ਗੱਲ ਕਰਦੇ ਹਾਂ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਗਿਆਨ ਦੇ ਕੇਂਦਰਾਂ ਉੱਤੇ ਹਮਲੇ ਕਰ ਰਹੀ ਹੈ, ਜਿਸ ਵਿਰੁੱਧ ਦੇਸ਼ ਦੀਆਂ ਵਿਦਿਆਰਥੀ ਯੂਨੀਅਨਾਂ ਨੇ ਦੇਸ਼ ਭਰ 'ਚ ਸਾਂਝੀ ਜਮਹੂਰੀ ਮੁਹਿੰਮ ਵਿੱਢਣ ਦਾ ਫੈਸਲਾ ਲਿਆ ਹੈ।

ਅਜਲਾਸ ਦੇ ਆਰੰਭ ਵਿਚ 'ਸਿੱਖਿਆ ਰੁਜ਼ਗਾਰ ਅਤੇ ਉਜਰਤ' ਵਿਸ਼ੇ ਉਤੇ ਅਮਰਜੀਤ ਗਰੇਵਾਲ ਨੇ ਭਾਸ਼ਣ ਦਿੱਤਾ। ਉਨ੍ਹਾਂ ਪਿੱਛੋਂ ਕਠੂਆ ਕਾਂਡ ਦੀ ਪੀੜਤ ਬੱਚੀ ਦੀ ਵਕੀਲ ਦੀਪਿਕਾ ਰਾਜਾਵਤ ਨੇ ਉਸ ਦਾ ਕੇਸ ਲੜਨ ਕਾਰਨ 'ਦੇਸ਼ ਧ੍ਰੋਹ' ਦੇ ਇਲਜ਼ਾਮ ਅਤੇ ਸਰਕਾਰ ਵੱਲੋਂ ਉਸ ਦੀ ਕੋਈ ਰਾਖੀ ਨਾ ਕਰਨ ਦੀ ਵਿੱਥਿਆ ਬਿਆਨ ਕੀਤੀ। ਕਾਨਫਰੰਸ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਦੀਪਿਕਾ ਦਾ ਸਮਰਥਨ ਕੀਤਾ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਟੂਡੈਂਟ ਯੂਨੀਅਨ ਦੇ ਮੌਜੂਦਾ ਪ੍ਰਧਾਨ ਸਾਈਂਬਾਲਾ ਨੇ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਹਮਲਿਆਂ ਵਿਰੁੱਧ ਲੜਨ ਦਾ ਹੋਕਾ ਦਿੱਤਾ। ਗੁਰਨਾਮ ਕੰਵਰ ਨੇ ਕਾਨਫਰੰਸ ਦੇ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਕੇਂਦਰੀ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਕਾਨਫਰੰਸ ਦਾ ਚੰਡੀਗੜ੍ਹ ਐਲਾਨਨਾਮਾ ਪੇਸ਼ ਕੀਤਾ, ਜਿਸ ਵਿਚ ਸੰਵਾਦ ਨਾਲ ਸੰਗਰਾਮ ਰਾਹੀਂ ਲੇਖਕਾਂ ਨੂੰ ਆਪਣਾ ਸਮਾਜਿਕ ਫਰਜ਼ ਨਿਭਾਉਣ ਦਾ ਸੱਦਾ ਦਿੱਤਾ ਗਿਆ।

# ਸ਼ਿਕਾਗੋ ਵਿਚ ਗੋਲੀ ਚੱਲਣ ਨਾਲ 5 ਹਲਾਕ, 6 ਪੁਲਿਸ ਮੁਲਾਜ਼ਮ ਜ਼ਖਮੀ

**ਸ਼ਿਕਾਗੋ (ਬਿਊਰੋ):** ਇਥੋਂ ਦੀ ਸਬਰਬ ਅਰੋਰਾ ਦੀ ਇਕ ਫੈਕਟਰੀ ਵਿਚ ਪਿਛਲੇ ਦਿਨੀਂ ਇੱਕ ਵਿਅਕਤੀ ਵੱਲੋਂ ਚਲਾਈ ਗਈ ਗੋਲੀ ਨਾਲ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਅਤੇ 6 ਪੁਲਿਸ ਮੁਲਾਜ਼ਮ ਵੀ ਜ਼ਖਮੀ ਹੋ ਗਏ। ਪੁਲਿਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ 'ਚ ਹਮਲਾਵਰ ਵੀ ਮਾਰਿਆ ਗਿਆ।

ਪੁਲਿਸ ਕਾਰਵਾਈ 'ਚ ਮਾਰੇ ਗਏ ਹਮਲਾਵਰ ਦੀ ਪਛਾਣ 45 ਸਾਲਾ ਗੈਰੀ ਮਾਰਟਿਨ ਵਜੋਂ ਹੋਈ ਹੈ। ਅਰੋਰਾ ਦੇ ਪੁਲਿਸ ਮੁਖੀ ਕ੍ਰਿਸਟੇਨ ਜ਼ੀਮਾਨ ਨੇ ਕਿਹਾ ਕਿ ਇਸ ਘਟਨਾ 'ਚ ਪੰਜ ਪੁਲਿਸ ਅਫਸਰਾਂ ਦੇ ਗੋਲੀ ਵੱਜੀ ਹੈ। ਦੋ ਨੂੰ ਹਵਾਈ ਜਹਾਜ ਰਾਹੀਂ ਸ਼ਿਕਾਗੋ ਦੇ ਟਰੌਮਾ ਸੈਂਟਰਾਂ 'ਚ ਭੇਜਿਆ ਗਿਆ। ਜ਼ੀਮਾਨ ਅਨੁਸਾਰ ਅਧਿਕਾਰੀਆਂ ਨੂੰ ਗੋਲੀ ਲੱਗਣ ਕਾਰਨ ਜ਼ਖਮੀ ਹੋਏ ਕਈ ਹੋਰ ਲੋਕ ਇਮਾਰਤ ਦੇ ਅੰਦਰ ਮਿਲੇ। ਪੁਲਿਸ ਅਨੁਸਾਰ ਹਮਲਾਵਰ ਵੱਲੋਂ ਗੋਲੀ ਚਲਾਏ ਜਾਣ ਦੇ ਕਾਰਨ ਅਜੇ ਸਪੱਸ਼ਟ ਨਹੀਂ ਹੋਏ ਹਨ ਪਰ ਚਸ਼ਮਦੀਦਾਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਹੈ ਕਿ ਹਮਲਾਵਰ ਇੱਥੋਂ ਦਾ ਇੱਕ ਨਾਰਾਜ਼ ਮੁਲਾਜ਼ਮ ਸੀ।

ਸੂਤਰਾਂ ਅਨੁਸਾਰ ਉਸ ਦਿਨ ਉਸ ਨੂੰ ਨੌਕਰੀ ਤੋਂ ਬਰਖਾਸਤ ਕੀਤੇ ਜਾਣ ਦੇ ਹੁਕਮ ਸੁਣਾਏ ਜਾਣੇ ਸਨ। ਚਸ਼ਮਦੀਦਾਂ ਨੇ ਦੱਸਿਆ ਕਿ ਉਨ੍ਹਾਂ ਨੇੜਲੀਆਂ ਇਮਾਰਤਾਂ 'ਚ ਲੁਕ ਕੇ ਆਪਣੀ ਜਾਨ ਬਚਾਈ।

ਇਸੇ ਦੌਰਾਨ ਵ੍ਹਾਈਟ ਹਾਊਸ ਦੇ ਇਕ ਬੁਲਾਰੇ ਨੇ ਦੱਸਿਆ ਕਿ ਰਾਸ਼ਟਰਪਤੀ ਡੋਨਲਡ ਟਰੰਪ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਟਰੰਪ ਨੇ ਟਵੀਟ ਕੀਤਾ ਕਿ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਮੇਰੀ ਹਮਦਰਦੀ ਹੈ।

# ਤਖਤ ਪਟਨਾ ਸਾਹਿਬ ਦੇ ਜਥੇਦਾਰ ਵੱਲੋਂ ਪੁੱਤਰ ਨੂੰ ਬੇਦਖਲ ਕਰਨ ਦਾ ਐਲਾਨ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਪੁੱਤਰ ਗੁਰਪ੍ਰਸਾਦ ਸਿੰਘ ਨੂੰ ਜਾਇਦਾਦ ਤੋਂ ਬੇਦਖਲ ਕਰਨ ਦਾ ਦਾਅਵਾ ਕੀਤਾ ਹੈ। ਪੁੱਤਰ ਦੀ ਨਸ਼ਾ ਕਰਦੇ ਦੀ ਵੀਡੀਓ ਵਾਇਰਲ ਹੋਣ ਮਗਰੋਂ ਉਨ੍ਹਾਂ ਇਹ ਕਦਮ ਉਠਾਇਆ ਹੈ। ਇਹ ਬੇਦਖਲੀ ਉਸ ਵੇਲੇ ਤੱਕ ਹੈ ਜਦੋਂ ਤੱਕ ਉਹ ਆਪਣੇ ਆਪ ਨੂੰ ਬੇਗੁਨਾਹ ਅਤੇ ਨਿਰਦੋਸ਼ ਸਾਬਤ ਨਹੀਂ ਕਰ ਦਿੰਦਾ।

ਉਨ੍ਹਾਂ ਪੱਤਰ ਵਿਚ ਲਿਖਿਆ ਕਿ ਪੁੱਤਰ ਦੀ ਕਾਰਵਾਈ ਨਾਲ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਹੋਈ ਹੈ। ਉਨ੍ਹਾਂ ਆਖਿਆ ਕਿ 2015 ਤੋਂ ਉਸ ਦਾ ਬੇਟਾ ਉਨ੍ਹਾਂ ਨਾਲ ਰਹਿ ਰਿਹਾ ਹੈ ਅਤੇ ਉਸ ਦੀ ਕਾਰਵਾਈ ਨਾਲ ਉਨ੍ਹਾਂ ਦੇ ਮਾਣ ਸਨਮਾਨ ਨੂੰ ਠੇਸ ਪੁੱਜੀ ਹੈ। ਵੇਰਵਿਆਂ ਮੁਤਾਬਕ ਤਖਤ ਸ੍ਰੀ ਹਰਿਮੰਦਰ ਸਾਹਿਬ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਵੱਲੋਂ ਜਾਰੀ ਕੀਤੇ ਪੱਤਰ ਵਿਚ ਵਾਇਰਲ ਹੋਈ ਵੀਡੀਓ ਦਾ ਹਵਾਲਾ ਦਿੰਦੇ ਹੋਏ ਇਸ ਨੂੰ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਕਰਾਰ ਦਿੱਤਾ ਹੈ ਅਤੇ ਗੁਰਪ੍ਰਸਾਦ ਸਿੰਘ ਨੂੰ ਨੌਕਰੀ ਤੋਂ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ।

# ਟਕਸਾਲੀਆਂ ਨੇ ਬੀਰਦਵਿੰਦਰ ਸਿੰਘ ਨੂੰ ਅਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਨੇ ਦਲ ਦੇ ਸੀਨੀਅਰ ਮੀਤ ਪ੍ਰਧਾਨ ਬੀਰਦਵਿੰਦਰ ਸਿੰਘ ਨੂੰ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਗੱਠਜੋੜ ਦਾ ਉਮੀਦਵਾਰ ਐਲਾਨਿਆ ਹੈ।

ਸਰਕਟ ਹਾਊਸ ਵਿਚ ਟਕਸਾਲੀ ਅਕਾਲੀ ਦਲ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੇ ਕਿਹਾ ਕਿ ਪੰਜਾਬ ਡੈਮੋਕ੍ਰੈਟਿਕ ਅਲਾਇੰਸ ਦੀਆਂ ਭਾਈਵਾਲ ਪਾਰਟੀਆਂ ਵਿਚਾਲੇ ਲੋਕ ਸਭਾ ਚੋਣਾਂ ਲਈ ਗੱਠਜੋੜ ਦੀ ਗੱਲਬਾਤ ਜਾਰੀ ਹੈ ਜੋ ਕਿ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਬੇਸ਼ੱਕ ਗੱਠਜੋੜ ਵਿਚਲੀਆਂ ਪਾਰਟੀਆਂ ਵਿਚਾਲੇ ਹਾਲੇ ਤੱਕ ਕੋਈ ਸਹਿਮਤੀ ਨਹੀਂ ਹੋਈ ਪਰ ਟਕਸਾਲੀ ਦਲ ਨੇ ਆਪਣੇ ਹਿੱਸੇ ਦੀ ਸ੍ਰੀ ਆਨੰਦਪੁਰ ਸਾਹਿਬ ਦੀ ਸੀਟ ਤੋਂ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਇਕੋ ਇਕ ਨਿਸ਼ਾਨਾ ਪੰਥ ਅਤੇ ਪੰਜਾਬ ਨੂੰ ਬਾਦਲਾਂ ਦੇ ਪਰਿਵਾਰਕ ਚੁੰਗਲ ਤੋਂ ਆਜ਼ਾਦ ਕਰਾਉਣਾ ਹੈ।

ਇਸ ਮੌਕੇ ਬੀਰ ਦਵਿੰਦਰ ਸਿੰਘ ਨੇ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਹ ਸੀਟ ਬਾਦਲਾਂ ਅਤੇ ਕਾਂਗਰਸ ਨੂੰ ਹਰਾ ਕੇ ਗੱਠਜੋੜ ਦੀ ਝੋਲੀ ਪਾਉਣਗੇ।

# ਪੁਲਵਾਮਾ ਹਮਲਾ ਕਸ਼ਮੀਰੀ ਵਿਦਿਆਰਥੀਆਂ 'ਤੇ ਦਹਿਸ਼ਤ ਬਣ ਕੇ ਵਰ੍ਹਿਆ

*(ਸਫਾ ਇਕ ਦੀ ਬਾਕੀ)*

ਅਮਰਿੰਦਰ ਸਿੰਘ ਨੇ ਹੁਕਮ ਦਿੱਤੇ ਹਨ।

ਦੱਸ ਦਈਏ ਕਿ ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਸੀ.ਆਰ.ਪੀ.ਐਫ. ਦੀਆਂ ਗੱਡੀਆਂ 'ਤੇ ਹੋਏ ਆਤਮਘਾਤੀ ਹਮਲੇ ਵਿਚ ਚਾਲੀ ਤੋਂ ਜ਼ਿਆਦਾ ਜਵਾਨ ਮਾਰੇ ਗਏ ਸਨ ਅਤੇ ਹੋਰ ਬਹੁਤ ਸਾਰੇ ਜ਼ਖਮੀ ਹੋਏ ਹਨ। ਸੀ.ਆਰ.ਪੀ.ਐਫ. ਦੇ ਇਸ ਕਾਫਲੇ ਵਿਚ 2500 ਤੋਂ ਜ਼ਿਆਦਾ ਜਵਾਨ ਜੰਮੂ ਤੋਂ ਸ੍ਰੀਨਗਰ ਤੱਕ ਦਾ ਸਫਰ ਕਰ ਰਹੇ ਸਨ। ਸਕਾਰਪੀਓ ਵਾਹਨ ਚਲਾ ਰਹੇ ਆਤਮਘਾਤੀ ਹਮਲਾਵਰ ਜਿਸ ਨੇ ਗੱਡੀ ਵਿਚ ਧਮਾਕਾਖੇਜ਼ ਸਮੱਗਰੀ ਰੱਖੀ ਹੋਈ ਸੀ, ਨੇ ਬੱਸ ਵਿਚ ਟੱਕਰ ਮਾਰੀ। ਜੈਸ਼-ਏ-ਮੁਹੰਮਦ ਨਾਂ ਦੀ ਅਤਿਵਾਦੀ ਜਥੇਬੰਦੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਮੌਜੂਦਾ ਕੇਂਦਰ ਸਰਕਾਰ ਭਾਵੇਂ ਇਹ ਦਾਅਵੇ ਕਰਦੀ ਰਹੀ ਹੈ ਕਿ ਉਹ ਅਤਿਵਾਦੀਆਂ ਵਿਰੁਧ ਲੜਾਈ ਵਿਚ ਕਾਮਯਾਬ ਹੋ ਰਹੀ ਹੈ ਅਤੇ ਪਾਕਿਸਤਾਨ ਅੰਦਰ ਜਾ ਕੇ ਕੀਤੀ ਸਰਜੀਕਲ ਸਟਰਾਈਕ ਨੇ ਪਾਕਿਸਤਾਨ ਤੇ ਅਤਿਵਾਦੀਆਂ ਨੂੰ ਚੰਗਾ ਸਬਕ ਸਿਖਾਇਆ ਹੈ ਪਰ ਪਿਛਲੇ ਵਰ੍ਹਿਆਂ ਵਿਚ ਅਤਿਵਾਦੀ ਹਿੰਸਾ ਹੀ ਨਹੀਂ ਵਧੀ ਸਗੋਂ ਜਦੋਂ ਵੀ ਸੁਰੱਖਿਆ ਦਲਾਂ ਤੇ ਅਤਿਵਾਦੀਆਂ ਵਿਚ ਮੁਕਾਬਲਾ ਹੁੰਦਾ ਹੈ, ਆਮ ਨਾਗਰਿਕ ਵੀ ਉਸ ਵਿਚ ਦਖਲ ਦੇਣ ਦੀ ਕੋਸ਼ਿਸ਼ ਕਰਦੇ ਹਨ। ਪਹਿਲਾਂ ਜ਼ਿਆਦਾ ਕਾਰਵਾਈਆਂ ਭਾੜੇ 'ਤੇ ਲੜਨ ਵਾਲੇ ਗੈਰ-ਕਸ਼ਮੀਰੀ ਕਰਦੇ ਸਨ ਪਰ ਹੁਣ ਪੜ੍ਹੇ-ਲਿਖੇ ਕਸ਼ਮੀਰੀ ਨੌਜਵਾਨ ਵੀ ਅਤਿਵਾਦੀ ਸੰਗਠਨਾਂ ਵਿਚ ਸ਼ਾਮਲ ਹੋ ਰਹੇ ਹਨ।

ਮਾਰਚ 2015 ਵਿਚ ਜੰਮੂ ਕਸ਼ਮੀਰ ਵਿਚ ਬੀ.ਜੇ.ਪੀ. ਤੇ ਪੀ.ਡੀ.ਪੀ. ਦੀ ਸਾਂਝੀ ਸਰਕਾਰ ਹੋਂਦ ਵਿਚ ਆਈ। ਇਹ ਗੱਠਜੋੜ ਭਾਵੇਂ ਅਨਜੋੜ ਤੇ ਬੇਢੱਬਾ ਸੀ, ਫਿਰ ਵੀ ਲੋਕਾਂ ਨੂੰ ਆਸ ਸੀ ਕਿ ਸ਼ਾਇਦ ਦਹਾਕਿਆਂ ਤੋਂ ਸੁਲਗ ਰਹੀ ਸਮੱਸਿਆ ਦਾ ਕੋਈ ਹੱਲ ਨਿਕਲ ਆਏਗਾ, ਪਰ ਹੋਇਆ ਇਸ ਦੇ ਉਲਟ। ਸਿੱਟੇ ਵਜੋਂ ਲੋਕਾਂ ਤੇ ਸੁਰੱਖਿਆ ਦਲਾਂ ਵਿਚ ਦੂਰੀਆਂ ਵਧੀਆਂ ਅਤੇ ਲਗਾਤਾਰ ਹੁੰਦੇ ਪਥਰਾਓ ਰੋਕਣ ਲਈ ਸੁਰੱਖਿਆ ਬਲਾਂ ਨੇ ਛਰ੍ਹਿਆਂ ਦੀ ਵਰਤੋਂ ਕੀਤੀ ਜਿਸ ਨਾਲ ਬਹੁਤ ਸਾਰੇ ਨੌਜਵਾਨਾਂ ਦੀ ਨਜ਼ਰ ਜਾਂਦੀ ਰਹੀ ਤੇ ਨਫਰਤ ਦੀ ਭਾਵਨਾ ਵਧਦੀ ਰਹੀ। ਇਸ ਵੇਲੇ ਕਸ਼ਮੀਰੀਆਂ ਅੰਦਰ ਬੇਗਾਨਗੀ ਦੀ ਭਾਵਨਾ ਹੱਦੋਂ ਵੱਧ ਹੈ।

# ਕੈਨੇਡਾ 'ਚ ਧੀ ਦੇ ਕਤਲ ਦੇ ਦੋਸ਼ ਹੇਠ ਪਿਤਾ ਗ੍ਰਿਫਤਾਰ

**ਓਟਾਵਾ:** ਕੈਨੇਡਾ ਦੇ ਸੂਬੇ ਓਂਟਾਰੀਓ 'ਚ 11 ਸਾਲਾ ਬੱਚੀ ਦੀ ਲਾਸ਼ ਮਿਲਣ ਮਗਰੋਂ ਪੁਲਿਸ ਨੇ ਉਸ ਦੇ ਪਿਤਾ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਦਾ ਮੰਨਣਾ ਹੈ ਕਿ ਬੱਚੀ ਨੂੰ ਉਸ ਦੇ ਪਿਤਾ ਨੇ ਅਗਵਾ ਕੀਤਾ ਸੀ। ਪੀਲ ਪੁਲਿਸ ਅਧਿਕਾਰੀਆਂ ਨੇ ਮ੍ਰਿਤਕਾ ਰੀਆ ਰਾਜਕੁਮਾਰ ਦੀ ਭਾਲ ਲਈ ਐਲਰਟ ਵੀ ਜਾਰੀ ਕੀਤਾ ਗਿਆ ਸੀ, ਪਰ ਉਸ ਦੀ ਲਾਸ਼ ਬਰੈਂਪਟਨ ਦੇ ਘਰ ਵਿਚੋਂ ਮਿਲੀ ਸੀ। ਹੁਣ ਪੁਲਿਸ ਨੇ ਉਸ ਦੇ 41 ਸਾਲਾ ਪਿਤਾ ਰੁਪੇਸ਼ ਰਾਜਕੁਮਾਰ ਨੂੰ ਹਿਰਾਸਤ ਵਿਚ ਲਿਆ ਹੈ। ਰੀਆ ਰਾਜਕੁਮਾਰ ਮਿਸੀਸਾਗਾ ਦੇ ਮੈਡੋਵੇਲ ਵਿਲੇਜ ਪਬਲਿਕ ਸਕੂਲ ਦੀ ਵਿਦਿਆਰਥਣ ਸੀ। ਬੱਚੀ ਆਪਣੇ ਪਿਤਾ ਨਾਲ ਸਾਰਾ ਸਮਾਂ ਨਹੀਂ ਰਹਿ ਰਹੀ ਸੀ, ਅਤੇ ਉਸ ਦੀ ਮਾਂ ਨੇ ਬੱਚੀ ਨੂੰ ਉਸ ਦਿਨ ਪਿਤਾ ਕੋਲ ਛੱਡਿਆ ਸੀ।

# ਰਜਨੀਕਾਂਤ ਵੱਲੋਂ ਲੋਕ ਸਭਾ ਚੋਣ ਲੜਨ ਤੋਂ ਨਾਂਹ

**ਚੇਨੱਈ:** ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀਆਂ ਕਿਆਸ ਅਰਾਈਆਂ ਦਾ ਭੋਗ ਪਾਉਂਦਿਆਂ ਤਾਮਿਲ ਸੁਪਰਸਟਾਰ ਰਜਨੀਕਾਂਤ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਰਜਨੀ ਮੱਕਲ ਮੰਦਰਮ ਨਾ ਤਾਂ ਅਗਾਮੀ ਲੋਕ ਸਭਾ ਚੋਣਾਂ ਲੜੇਗੀ ਅਤੇ ਨਾ ਹੀ ਕਿਸੇ ਪਾਰਟੀ ਨੂੰ ਹਮਾਇਤ ਦੇਵੇਗੀ।

ਸੁਪਰਸਟਾਰ ਨੇ ਰਾਜ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀ ਪਾਰਟੀ ਨੂੰ ਵੋਟ ਪਾਉਣ, ਜੋ ਸੂਬੇ ਵਿਚਲੇ ਪਾਣੀ ਦੇ ਸੰਕਟ ਦਾ ਕੋਈ ਸਥਾਈ ਹੱਲ ਕੱਢਣ ਦੇ ਯੋਗ ਹੋਵੇ। ਅਦਾਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਮੈਂ ਨਾ ਤਾਂ ਕਿਸੇ ਪਾਰਟੀ ਦੀ ਹਮਾਇਤ ਕਰ ਰਿਹਾ ਹਾਂ ਅਤੇ ਕੋਈ ਵੀ ਸਿਆਸੀ ਪ੍ਰਚਾਰ ਪਾਸਾਰ ਲਈ ਨਾ ਮੇਰੀ ਤਸਵੀਰ ਅਤੇ ਨਾ ਹੀ ਪਾਰਟੀ ਦੇ ਝੰਡੇ ਦੀ ਵਰਤੋਂ ਕਰੇ।' ਰਜਨੀਕਾਂਤ ਨੇ 31 ਦਸੰਬਰ 2017 ਨੂੰ ਆਪਣੇ ਪ੍ਰਸੰਸਕਾਂ ਦੇ ਰੂਬਰੂ ਹੁੰਦਿਆਂ ਸਿਆਸਤ ਵਿਚ ਆਪਣੇ ਦਾਖਲੇ ਦਾ ਐਲਾਨ ਕੀਤਾ ਸੀ।

# ਇੰਗਲੈਂਡ ਦੀ ਯੂਨੀਵਰਸਿਟੀ 'ਚ ਸਿੱਖ ਕੇਂਦਰ ਸਥਾਪਤ

**ਅੰਮ੍ਰਿਤਸਰ:** ਇੰਗਲੈਂਡ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਸਿੱਖ ਸਭਿਆਚਾਰ ਦੀ ਪੜ੍ਹਾਈ ਕਰਵਾਉਣ ਲਈ ਵੂਲਵਰਹੈਂਪਟਨ ਯੂਨੀਵਰਸਿਟੀ ਵਿਚ ਸਿੱਖ ਕੇਂਦਰ ਖੋਲ੍ਹਿਆ ਗਿਆ ਹੈ। ਯੂਨੀਵਰਸਿਟੀ ਨੇ ਕੇਂਦਰ ਨੂੰ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਹਿਯੋਗ ਮੰਗਿਆ ਹੈ।

ਇਸ ਸਬੰਧੀ ਵੂਲਵਰਹੈਂਪਟਨ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਜਿਓਫ ਲੇਅਰ ਅਤੇ ਸੈਂਟਰ ਫਾਰ ਸਿੱਖ ਐਂਡ ਪੰਜਾਬੀ ਸਟੱਡੀਜ਼ ਦੀ ਡਾਇਰੈਕਟਰ ਡਾ. ਓਪਿੰਦਰਜੀਤ ਕੌਰ ਤੱਖਰ ਦੀ ਅਗਵਾਈ ਵਿਚ ਇਕ ਵਫਦ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਮੁਲਾਕਾਤ ਕੀਤੀ। ਸ੍ਰੀ ਲੌਂਗੋਵਾਲ ਨੇ ਉਨ੍ਹਾਂ ਨੂੰ ਹਰ ਮਦਦ ਦਾ ਭਰੋਸਾ ਦਿੱਤਾ। ਇਸ ਤੋਂ ਪਹਿਲਾਂ ਯੂਨੀਵਰਸਿਟੀ ਅਧਿਕਾਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।

# ਆਈ. ਜੀ. ਪਰਮਰਾਜ ਉਮਰਾਨੰਗਲ ਪਿਛੋਂ ਹੁਣ ਸੁਖਬੀਰ ਦੀ ਵਾਰੀ?

*(ਸਫਾ ਇਕ ਦੀ ਬਾਕੀ)*

ਰਿਹਾ ਹੈ। ਉਮਰਾਨੰਗਲ ਨੇ ਫਰੀਦਕੋਟ ਰੇਂਜ ਦਾ ਡੀ.ਆਈ.ਜੀ. ਹੁੰਦਿਆਂ ਫਰੀਦਕੋਟ ਵਿਖੇ 2012 'ਚ ਵਾਪਰੇ ਬਹੁ-ਚਰਚਿਤ ਨਾਬਾਲਗ ਅਗਵਾ ਕਾਂਡ ਨੂੰ ਪ੍ਰੇਮ ਵਿਆਹ ਦਾ ਨਾਮ ਦੇਣ ਦੀ ਕੋਸ਼ਿਸ਼ ਕੀਤੀ ਸੀ ਅਤੇ ਅਗਵਾ ਕਾਂਡ ਦੇ ਮੁੱਖ ਦੋਸ਼ੀ ਨਿਸ਼ਾਨ ਸਿੰਘ ਨੂੰ ਬਚਾਉਣ ਲਈ ਉਚ ਪੱਧਰੀ ਪ੍ਰੈੱਸ ਕਾਨਫਰੰਸ ਵੀ ਕਰ ਦਿੱਤੀ ਸੀ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਨਿਸ਼ਾਨ ਸਿੰਘ ਨੇ ਨਾਬਾਲਗ ਲੜਕੀ ਅਗਵਾ ਨਹੀਂ ਕੀਤੀ ਬਲਕਿ ਉਸ ਨੇ ਪ੍ਰੇਮ ਵਿਆਹ ਕੀਤਾ ਹੈ। ਹਾਲਾਂਕਿ ਬਾਅਦ ਵਿਚ ਸੈਸ਼ਨ ਕੋਰਟ ਅਤੇ ਹਾਈ ਕੋਰਟ ਨੇ ਪੁਲਿਸ ਅਧਿਕਾਰੀ ਦੇ ਇਸ ਦਾਅਵੇ ਨੂੰ ਮੂਲੋਂ ਰੱਦ ਕਰ ਦਿੱਤਾ ਸੀ। ਉਧਰ, ਹੁਣ ਤੱਕ ਦੋ ਕਮਿਸ਼ਨਾਂ ਵਲੋਂ ਕੀਤੀ ਜਾਂਚ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਜੇ ਕੋਟਕਪੂਰਾ ਵਿਚ ਪੁਲਿਸ ਸ਼ਾਂਤਮਈ ਧਰਨਾ ਦੇਣ ਵਾਲੇ ਲੋਕਾਂ ਉਪਰ ਲਾਠੀਚਾਰਜ ਨਾ ਕਰਦੀ ਤਾਂ ਬਹਿਬਲ ਅਤੇ ਬਰਗਾੜੀ ਕਾਂਡ ਤੋਂ ਬਚਿਆ ਜਾ ਸਕਦਾ ਸੀ।


**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਸੀ.ਆਰ.ਪੀ.ਐਫ. ਦੇ ਕਾਫਲੇ 'ਤੇ ਹਮਲਾ, 40 ਜਵਾਨ ਹਲਾਕ

**ਸ੍ਰੀਨਗਰ:** ਜੰਮੂ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਆਤਮਘਾਤੀ ਦਹਿਸ਼ਤੀ ਹਮਲੇ ਵਿਚ ਸੀ.ਆਰ.ਪੀ.ਐਫ. ਦੇ 40 ਜਵਾਨ ਹਲਾਕ ਹੋ ਗਏ। ਪਿਛਲੇ ਕਈ ਸਾਲਾਂ ਦੌਰਾਨ ਇਹ ਜੰਮੂ ਕਸ਼ਮੀਰ 'ਚ ਸਭ ਤੋਂ ਵੱਡਾ ਅਤਿਵਾਦੀ ਹਮਲਾ ਮੰਨਿਆ ਜਾ ਰਿਹਾ ਹੈ। ਜੈਸ਼-ਏ-ਮੁਹੰਮਦ ਦੇ





ਅਤਿਵਾਦੀ ਨੇ ਵਿਸਫੋਟਕਾਂ ਨਾਲ ਭਰੇ ਵਾਹਨ ਦੀ ਸੁਰੱਖਿਆ ਜਵਾਨਾਂ ਨਾਲ ਭਰੀ ਬੱਸ ਨਾਲ ਟੱਕਰ ਮਾਰ ਦਿੱਤੀ। ਕੇਂਦਰੀ ਸੁਰੱਖਿਆ ਬਲਾਂ ਦੇ 2500 ਤੋਂ ਵੱਧ ਜਵਾਨਾਂ ਦੀਆਂ 78 ਗੱਡੀਆਂ ਦਾ ਕਾਫਲਾ ਸ੍ਰੀਨਗਰ-ਜੰਮੂ ਕੌਮੀ ਮਾਰਗ 'ਤੇ ਆ ਰਿਹਾ ਸੀ। ਅਵੰਤੀਪੁਰਾ ਦੇ ਲਾਟੂਮੋੜ 'ਤੇ ਅਤਿਵਾਦੀ ਨੇ ਘਾਤ ਲਗਾ ਕੇ ਹਮਲਾ ਕੀਤਾ।

ਪੁਲਿਸ ਨੇ ਦੱਸਿਆ ਕਿ ਗੱਡੀ ਚਲਾਉਣ ਵਾਲੇ ਆਤਮਘਾਤੀ ਅਤਿਵਾਦੀ ਦੀ ਪਛਾਣ ਆਦਿਲ ਅਹਿਮਦ ਵਾਸੀ ਕਾਕਾਪੁਰਾ ਵਜੋਂ ਹੋਈ ਹੈ ਜੋ ਪਿਛਲੇ ਸਾਲ ਹੀ ਜੈਸ਼-ਏ-ਮੁਹੰਮਦ ਵਿਚ ਭਰਤੀ ਹੋਇਆ ਸੀ। ਹਮਲੇ ਦਾ ਨਿਸ਼ਾਨਾ ਬਣੀ ਬੱਸ 76ਵੀਂ ਬਟਾਲੀਅਨ ਦੀ ਸੀ ਤੇ ਇਸ ਵਿਚ 39 ਸੁਰੱਖਿਆ ਕਰਮੀ ਸਵਾਰ ਸਨ। ਕਸ਼ਮੀਰ ਵਾਦੀ ਵਿਚ ਸੀ. ਆਰ. ਪੀ.ਐਫ. ਦੇ ਇੰਸਪੈਕਟਰ ਜਨਰਲ (ਅਪਰੇਸ਼ਨਜ਼) ਜ਼ੁਲਫਿਕਾਰ ਹਸਨ ਨੇ ਆਖਿਆ ਕਿ ਸੂਬਾਈ ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ। ਹਮਲਾ ਸ੍ਰੀਨਗਰ ਤੋਂ ਕਰੀਬ 30 ਕਿਲੋਮੀਟਰ ਦੂਰ ਹੋਇਆ। ਧਮਾਕੇ ਕਾਰਨ ਬੱਸ ਮਲਬੇ ਦਾ ਢੇਰ ਬਣ ਕੇ ਰਹਿ ਗਈ। ਹਮਲੇ ਵਿਚ 20 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਹਮਲੇ 'ਚ ਕਈ ਹੋਰ ਬੱਸਾਂ ਦਾ ਵੀ ਨੁਕਸਾਨ ਹੋਇਆ ਹੈ। ਹਮਲੇ ਵਾਲੀ ਜਗ੍ਹਾ ਥਾਂ-ਥਾਂ ਮ੍ਰਿਤਕਾਂ ਦੇ ਅੰਗ ਖਿੱਲਰੇ ਪਏ ਸਨ।

ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਆਰ.ਆਰ. ਭਟਨਾਗਰ ਨੇ ਦੱਸਿਆ ਕਿ ਇਹ ਬਹੁਤ ਵੱਡਾ ਕਾਫਲਾ ਸੀ ਅਤੇ ਵੱਖ-ਵੱਖ ਵਾਹਨਾਂ ਵਿਚ 2500 ਦੇ ਕਰੀਬ ਸੁਰੱਖਿਆ ਕਰਮੀ ਸਫਰ ਕਰ ਰਹੇ ਸਨ। ਕਾਫਲੇ 'ਤੇ ਕੁਝ ਗੋਲੀਆਂ ਵੀ ਚਲਾਈਆਂ ਗਈਆਂ।" ਅਫਸਰਾਂ ਨੇ ਦੱਸਿਆ ਕਿ ਕਾਫਲਾ ਸਵੇਰੇ 3.30 ਵਜੇ ਜੰਮੂ ਤੋਂ ਰਵਾਨਾ ਹੋਇਆ ਸੀ ਅਤੇ ਸੂਰਜ ਛਿਪਣ ਤੋਂ ਪਹਿਲਾਂ ਇਸ ਨੇ ਸ੍ਰੀਨਗਰ ਪਹੁੰਚਣਾ ਸੀ। ਉਨ੍ਹਾਂ ਦੱਸਿਆ ਕਿ ਦੋ-ਤਿੰਨ ਦਿਨ ਮੀਂਹ ਤੇ ਬਰਫਬਾਰੀ ਕਾਰਨ ਕੌਮੀ ਮਾਰਗ 'ਤੇ ਆਵਾਜਾਈ ਬੰਦ ਹੋਣ ਕਾਰਨ ਕਸ਼ਮੀਰ ਵਾਦੀ ਮੁੜਨ ਵਾਲੇ ਸੁਰੱਖਿਆ ਕਰਮੀਆਂ ਦੀ ਗਿਣਤੀ ਕਾਫੀ ਜ਼ਿਆਦਾ ਸੀ। ਆਮ ਤੌਰ 'ਤੇ ਕਿਸੇ ਕਾਫਲੇ ਵਿਚ ਸੁਰੱਖਿਆ ਕਰਮੀਆਂ ਦੀ ਗਿਣਤੀ ਹਜ਼ਾਰ ਦੇ ਕਰੀਬ ਹੁੰਦੀ ਹੈ ਪਰ ਇਸ ਕਾਫਲੇ ਵਿਚ ਕੁੱਲ 2547 ਜਵਾਨ ਸ਼ਾਮਲ ਸਨ। ਉਂਜ, ਕਾਫਲੇ ਦੇ ਨਾਲ ਰੋਡ ਓਪਨਿੰਗ ਪਾਰਟੀ ਅਤੇ ਬਖ਼ਤਰਬੰਦ ਦਹਿਸ਼ਤਗਰਦ ਵਿਰੋਧੀ ਵਾਹਨ ਵੀ ਲਾਏ ਗਏ ਸਨ।

ਸੀ.ਆਰ.ਪੀ.ਐਫ. ਦੇ ਕਾਫਲੇ ਨਾਲ ਕਾਰ ਨਾਲ ਟੱਕਰ ਮਾਰਨ ਵਾਲਾ ਸਥਾਨਕ ਦਹਿਸ਼ਤਗਰਦ ਆਦਿਲ ਡਾਰ (21) ਪਿਛਲੇ ਸਾਲ ਅਪਰੈਲ 'ਚ ਜੈਸ਼-ਏ-ਮੁਹੰਮਦ ਨਾਲ ਜੁੜਿਆ ਸੀ। ਸਾਲ 2000 'ਚ ਜੈਸ਼ ਦਹਿਸ਼ਤਗਰਦ ਆਫਾਕ ਸ਼ਾਹ ਨੇ ਸੈਨਾ ਦੇ 15 ਕੋਰ ਸਦਰਮੁਕਾਮ ਦੇ ਬਾਹਰ ਧਮਾਕਾਖੇਜ਼ ਸਮੱਗਰੀ ਨਾਲ ਭਰੇ ਵਾਹਨ ਨੂੰ ਉਡਾ ਦਿੱਤਾ ਸੀ। ਜੈਸ਼-ਏ-ਮੁਹੰਮਦ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਹਮਲੇ ਤੋਂ ਪਹਿਲਾਂ ਉਸ ਨੇ ਵੀਡੀਓ ਬਿਆਨ ਰਿਕਾਰਡ ਕੀਤਾ ਸੀ ਜਿਸ ਨੂੰ ਬਾਅਦ 'ਚ ਸੋਸ਼ਲ ਮੀਡੀਆ 'ਤੇ ਜਾਰੀ ਕੀਤਾ ਗਿਆ। ਵੀਡੀਓ ਵਿੱਚ ਆਦਿਲ ਆਧੁਨਿਕ ਹਥਿਆਰਾਂ ਨਾਲ ਨਜ਼ਰ ਆ ਰਿਹਾ ਹੈ। ਪੁਲਿਸ ਸੂਤਰਾਂ ਮੁਤਾਬਕ ਆਦਿਲ 10ਵੀਂ ਪਾਸ ਡਾਰ 'ਸੀ ਕੈਟਾਗਰੀ' ਦਾ ਦਹਿਸ਼ਤਗਰਦ ਸੀ। ਪਰਿਵਾਰ ਮੁਤਾਬਕ ਉਹ ਪਿਛਲੇ ਸਾਲ ਘਰੋਂ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਪਰਿਵਾਰ ਨਾਲ ਉਸ ਦਾ ਕੋਈ ਸੰਪਰਕ ਨਹੀਂ ਰਿਹਾ ਸੀ।

## 'ਦਹਿਸ਼ਤੀਆਂ ਨੂੰ ਪਨਾਹ ਦੇਣਾ ਬੰਦ ਕਰੇ ਪਾਕਿਸਤਾਨ'

**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਪਾਕਿਸਤਾਨ ਨੂੰ ਸਖਤੀ ਨਾਲ ਤਾੜਨਾ ਕਰਦਿਆਂ ਕਿਹਾ ਕਿ ਉਹ ਤੁਰਤ ਸਾਰੀਆਂ ਦਹਿਸ਼ਤੀ ਜਥੇਬੰਦੀਆਂ ਨੂੰ ਹਮਾਇਤ ਦੇਣਾ ਤੇ ਉਨ੍ਹਾਂ ਨੂੰ ਪਨਾਹ ਦੇਣਾ ਬੰਦ ਕਰੇ। ਇਸੇ ਦੌਰਾਨ ਅਮਰੀਕਾ ਨੇ ਪੁਲਵਾਮਾ ਦਹਿਸ਼ਤੀ ਹਮਲੇ ਜਿਸ 'ਚ ਸੀ.ਆਰ.ਪੀ.ਐਫ. ਦੇ 40 ਜਵਾਨ ਸ਼ਹੀਦ ਹੋਏ ਹਨ, ਦੀ ਨਿੰਦਾ ਕੀਤੀ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਸਾਰਾਹ ਸੈਂਡਰਜ਼ ਨੇ ਕਿਹਾ, 'ਅਮਰੀਕਾ ਪਾਕਿਸਤਾਨ ਨੂੰ ਸੱਦਾ ਦਿੰਦਾ ਹੈ ਕਿ ਉਹ ਅਜਿਹੀਆਂ ਦਹਿਸ਼ਤੀ ਜਥੇਬੰਦੀਆਂ ਦੀ ਹਮਾਇਤ ਕਰਨੀ ਤੇ ਆਪਣੀ ਧਰਤੀ 'ਤੇ ਉਨ੍ਹਾਂ ਨੂੰ ਪਨਾਹ ਦੇਣੀ ਤੁਰੰਤ ਬੰਦ ਕਰੇ, ਜਿਨ੍ਹਾਂ ਦਾ ਮਕਸਦ ਇਸ ਖੇਤਰ 'ਚ ਹਿੰਸਾ, ਅਤਿਵਾਦ ਤੇ ਗੜਬੜੀ ਫੈਲਾਉਣਾ ਹੈ।'

## ਮੋਦੀ ਵੱਲੋਂ ਸੁਰੱਖਿਆ ਬਲਾਂ ਨੂੰ ਖੁੱਲ੍ਹੀ ਛੁੱਟੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਨੂੰ ਖ਼ਬਰਦਾਰ ਕੀਤਾ ਹੈ ਕਿ ਉਹ ਹਮਲੇ ਕਰਵਾ ਕੇ ਭਾਰਤ ਨੂੰ ਕਮਜ਼ੋਰ ਨਹੀਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਹਮਲੇ ਦੇ ਜ਼ਿੰਮੇਵਾਰਾਂ ਨੂੰ ਬਹੁਤ ਭਾਰੀ ਕੀਮਤ ਚੁਕਾਉਣੀ ਪਏਗੀ। ਪੁਲਵਾਮਾ ਜ਼ਿਲ੍ਹੇ 'ਚ ਸੀ.ਆਰ.ਪੀ.ਐਫ. ਦੇ 40 ਜਵਾਨਾਂ ਦੀ ਸ਼ਹਾਦਤ ਮਗਰੋਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸੁਰੱਖਿਆ ਬਲਾਂ ਨੂੰ ਦਹਿਸ਼ਤਗਰਦਾਂ ਨਾਲ ਸਿੱਝਣ ਲਈ ਖੁੱਲ੍ਹੀ ਛੁੱਟੀ ਦਿੱਤੀ ਜਾਵੇਗੀ। ਆਪਣੇ ਸਖਤ ਭਾਸ਼ਨ 'ਚ ਉਨ੍ਹਾਂ ਕਿਹਾ ਕਿ ਲੋਕਾਂ ਦਾ ਖ਼ੂਨ ਖੌਲ ਰਿਹਾ ਹੈ ਅਤੇ ਗੁਆਂਢੀ ਮੁਲਕ ਸੋਚਦਾ ਹੈ ਕਿ ਅਜਿਹੇ ਦਹਿਸ਼ਤੀ ਹਮਲਿਆਂ ਨਾਲ ਉਹ ਭਾਰਤ ਨੂੰ ਅਸਥਿਰ ਕਰ ਦੇਵੇਗਾ ਪਰ ਉਨ੍ਹਾਂ ਦੇ ਮਨਸੂਬੇ ਪੂਰੇ ਨਹੀਂ ਹੋਣਗੇ।

## ਪਾਕਿਸਤਾਨ ਨੂੰ ਠੋਕਵਾਂ ਜਵਾਬ ਦੇਣ ਦੀ ਸਲਾਹ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੁਲਵਾਮਾ ਹਮਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਦੁਸ਼ਮਣਾਂ ਨੂੰ ਢੁਕਵਾਂ ਜਵਾਬ ਦੇਣ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਨਾਲ ਸ਼ਾਂਤੀ ਵਾਰਤਾ ਦਾ ਵੇਲਾ ਲੰਘ ਚੁੱਕਾ ਹੈ ਤੇ ਪੁਲਵਾਮਾ ਹਮਲੇ ਨੇ ਗੁਆਂਢੀ ਮੁਲਕ ਦੇ ਦੋਹਰੇ ਕਿਰਦਾਰ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਨੂੰ ਪੰਜਾਬ ਵਿਚ ਅਜਿਹੀ ਕਿਸੇ ਵੀ ਗਤੀਵਿਧੀ ਵਿਰੁੱਧ ਚਿਤਾਵਨੀ ਦਿੱਤੀ ਹੈ। ਵਿਧਾਨ ਸਭਾ ਵਿਚ ਸਦਨ ਨੇ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਇਸ ਹਮਲੇ ਦੀ ਨਿਖੇਧੀ ਕੀਤੀ।

# ਪੁਲਵਾਮਾ ਹਮਲੇ ਵਿਚ ਪੰਜਾਬ ਦੇ 4 ਜਵਾਨ ਸ਼ਹੀਦ

**ਚੰਡੀਗੜ੍ਹ:** ਪੁਲਵਾਮਾ ਵਿਚ ਸੀ. ਆਰ. ਪੀ. ਐਫ. ਦੇ ਕਾਫਲੇ 'ਤੇ ਫਿਦਾਈਨ ਹਮਲੇ ਵਿਚ ਸ਼ਹੀਦ ਹੋਣ ਵਾਲੇ 40 ਸੁਰੱਖਿਆ ਕਰਮੀਆਂ ਵਿਚੋਂ ਚਾਰ ਪੰਜਾਬ ਨਾਲ ਸਬੰਧਤ ਹਨ। ਇਨ੍ਹਾਂ ਸੁਰੱਖਿਆ ਜਵਾਨਾਂ ਦੇ ਪਰਿਵਾਰ ਤੇ ਪਿੰਡ ਵਾਸੀ ਸ਼ੋਕ ਵਿਚ ਹਨ ਤੇ ਪੁਲਵਾਮਾ ਹਮਲੇ ਨੂੰ ਲੈ ਕੇ ਉਨ੍ਹਾਂ ਦਾ ਖ਼ੂਨ ਉਬਾਲੇ ਮਾਰ ਰਿਹਾ ਹੈ। ਉਨ੍ਹਾਂ ਦੀ ਇਕੋ ਮੰਗ ਹੈ ਕਿ ਪਾਕਿਸਤਾਨ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ। ਪੁਲਵਾਮਾ ਹਮਲੇ ਵਿਚ ਸ਼ਹੀਦ ਹੋਣ ਵਾਲੇ ਪੰਜਾਬ ਨਾਲ ਸਬੰਧਤ ਚਾਰ ਜਵਾਨਾਂ ਦੀ ਪਛਾਣ ਮੋਗਾ ਦੇ ਕੋਟ ਈਸੇ ਖਾਂ ਪਿੰਡ ਦੇ ਜੈਮਲ ਸਿੰਘ, ਤਰਨ ਤਾਰਨ ਦੇ ਗੰਡੀਵਿੰਡ ਪਿੰਡ ਦੇ ਸੁਖਜਿੰਦਰ ਸਿੰਘ, ਆਨੰਦਪੁਰ ਸਾਹਿਬ ਦੇ ਰਾਓਲੀ ਪਿੰਡ ਦੇ ਕੁਲਵਿੰਦਰ ਸਿੰਘ ਅਤੇ ਗੁਰਦਾਸਪੁਰ ਦੇ ਆਰੀਆ ਨਗਰ ਪਿੰਡ ਦੇ ਮਨਿੰਦਰ ਸਿੰਘ ਅਤਰੀ ਵਜੋਂ ਹੋਈ ਹੈ।



ਇਨ੍ਹਾਂ ਪਿੰਡਾਂ ਦੇ ਦ੍ਰਿਸ਼ ਦਿਲ ਕੰਬਾਊ ਸਨ। ਪਰਿਵਾਰ ਆਪਣੇ ਜੀਆਂ ਦੀ ਮੌਤ ਤੋਂ ਗਮਜ਼ਦਾ ਹਨ। ਵੱਡੀ ਗਿਣਤੀ 'ਚ ਸਥਾਨਕ ਲੋਕ ਪਰਿਵਾਰਾਂ ਦੇ ਦੁੱਖ 'ਚ ਸ਼ਰੀਕ ਹੋਏ। ਜੈਮਲ ਸਿੰਘ ਉਸ ਬੱਸ ਦਾ ਡਰਾਈਵਰ ਸੀ, ਜਿਸ ਨੂੰ ਫਿਦਾਈਨ ਹਮਲਾਵਰ ਨੇ ਅਵੰਤੀਪੋਰਾ ਦੇ ਸ੍ਰੀਨਗਰ-ਜੰਮੂ ਸ਼ਾਹਰਾਹ 'ਤੇ ਧਮਾਕਾਖੇਜ਼ ਸਮੱਗਰੀ ਨਾਲ ਲੱਦੀ ਆਪਣੀ ਐਸਯੂਵੀ ਨਾਲ ਟੱਕਰ ਮਾਰੀ ਸੀ। ਜੈਮਲ ਦੇ ਪਿਤਾ ਜਸਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੇ ਪੁੱਤ ਨੇ ਦੇਸ਼ ਲਈ ਆਪਣੀ ਜਾਨ ਵਾਰ ਦਿੱਤੀ। ਅੰਮ੍ਰਿਤਸਰ ਨਜ਼ਦੀਕ ਤਰਨ ਤਾਰਨ ਦੇ ਗੰਡੀਵਿੰਡ ਪਿੰਡ ਦੇ 35 ਸਾਲਾ ਸੁਖਜਿੰਦਰ ਸਿੰਘ ਦਾ ਪਰਿਵਾਰ ਵੀ ਗ਼ਮਗੀਨ ਹੈ। ਪਿੰਡ ਵਾਲਿਆਂ ਨੇ ਦੱਸਿਆ ਕਿ ਉਹੀ ਲੰਮੀ ਛੁੱਟੀ ਮਗਰੋਂ ਅਜੇ ਲੰਘੇ ਦਿਨੀਂ ਡਿਊਟੀ 'ਤੇ ਗਿਆ ਸੀ। ਪੰਚਾਇਤ ਮੈਂਬਰ ਅੰਗਰੇਜ਼ ਸਿੰਘ ਨੇ ਦੱਸਿਆ ਕਿ ਸੁਖਜਿੰਦਰ ਸਿੰਘ ਦਾ ਪੰਜ ਛੇ ਸਾਲ ਪਹਿਲਾਂ ਵਿਆਹ ਹੋਇਆ ਸੀ ਤੇ ਉਸ ਦਾ ਇਕ ਪੁੱਤ ਹੈ। ਉਧਰ ਆਨੰਦਪੁਰ ਸਾਹਿਬ ਦੇ ਰਾਓਲੀ ਪਿੰਡ ਦੇ ਇਕ ਵਿਅਕਤੀ ਨੇ ਦੱਸਿਆ ਕਿ ਸਿਪਾਹੀ ਕੁਲਵਿੰਦਰ ਸਿੰਘ (26) ਦੀ ਮੰਗਣੀ ਹੋ ਚੁੱਕੀ ਸੀ ਤੇ ਨਵੰਬਰ ਮਹੀਨੇ 'ਚ ਉਸ ਦਾ ਵਿਆਹ ਰੱਖਿਆ ਹੋਇਆ ਸੀ। ਉਸ ਦਾ ਪਿਤਾ ਬੱਸ ਚਾਲਕ ਤੇ ਮਾਂ ਘਰੇਲੂ ਮਹਿਲਾ ਹੈ।

# ਸਾਰੀਆਂ ਸਿਆਸੀ ਧਿਰਾਂ ਵੱਲੋਂ ਮਿਲ ਕੇ ਅਤਿਵਾਦ ਨਾਲ ਨਜਿੱਠਣ ਦਾ ਅਹਿਦ

**ਨਵੀਂ ਦਿੱਲੀ:** ਪੁਲਵਾਮਾ ਹਮਲੇ ਤੋਂ ਬਾਅਦ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਸਰਬ ਪਾਰਟੀ ਮੀਟਿੰਗ 'ਚ ਪੁਲਵਾਮਾ ਅਤਿਵਾਦੀ ਹਮਲੇ ਅਤੇ ਸਰਹੱਦ ਪਾਰੋਂ ਅਤਿਵਾਦ ਨੂੰ ਮਿਲ ਰਹੇ ਸਮਰਥਨ ਦੀ ਨਿਖੇਧੀ ਕਰਦਿਆਂ ਮਤਾ ਪਾਸ ਕੀਤਾ ਗਿਆ। ਮਤੇ 'ਚ ਸਰਕਾਰ ਅਤੇ ਵਿਰੋਧੀ ਧਿਰਾਂ ਨੇ ਇਸ ਜੰਗ 'ਚ ਇਕੱਠੇ ਖੜ੍ਹੇ ਹੋਣ ਦਾ ਅਹਿਦ ਦੁਹਰਾਉਂਦੇ ਹੋਏ ਕਿਹਾ ਕਿ ਭਾਰਤ ਇਨ੍ਹਾਂ ਚੁਣੌਤੀਆਂ ਦਾ ਮਿਲ ਕੇ ਮੁਕਾਬਲਾ ਕਰ ਰਿਹਾ ਹੈ।

ਸੰਸਦ ਭਵਨ ਦੀ ਲਾਇਬ੍ਰੇਰੀ 'ਚ ਹੋਈ ਸਰਬ ਪਾਰਟੀ ਮੀਟਿੰਗ 'ਚ ਕਾਂਗਰਸ ਦੇ ਗੁਲਾਮ ਨਬੀ ਅਤੇ ਆਨੰਦ ਸ਼ਰਮਾ ਨੈਸ਼ਨਲ ਕਾਨਫਰੰਸ ਦੇ ਫਾਰੂਕ ਅਬਦੁੱਲਾ, ਐਨ.ਸੀ.ਪੀ. ਦੇ ਸ਼ਰਦ ਪਵਾਰ, ਖੱਬੇ ਪੱਖੀ ਨੇਤਾ ਡੀ. ਰਾਜਾ ਅਤੇ ਸ਼ਿਵ ਸੈਨਾ ਦੇ ਸੰਜੈ ਰਾਊਤ ਮੌਜੂਦ ਸਨ। ਬੈਠਕ 'ਚ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸਰਕਾਰ ਵੱਲੋਂ ਚੁੱਕੇ ਕਦਮਾਂ ਦੀ ਵਿਰੋਧੀ ਧਿਰ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸੁਰੱਖਿਆ ਬਲਾਂ ਨੂੰ ਖੁੱਲ੍ਹੀ ਛੁੱਟੀ (ਫ੍ਰੀ ਹਾਂਡ) ਹੈ। ਉਹ ਪਾਕਿਸਤਾਨ ਨੂੰ ਜਵਾਬ ਦੇਣ ਲਈ ਸੁਤੰਤਰ ਹਨ। ਗ੍ਰਹਿ ਮੰਤਰੀ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਕੁਝ ਅਜਿਹੇ ਲੋਕ ਹਨ, ਜੋ ਸਰਹੱਦ ਪਾਰ ਦੇ ਇਸ਼ਾਰੇ ਉਤੇ ਚੱਲਦੇ ਹਨ। ਹਲਕਿਆਂ ਮੁਤਾਬਕ ਇਹ ਮੀਟਿੰਗ ਇਸ ਲਈ ਆਯੋਜਿਤ ਕੀਤੀ ਗਈ ਕਿ ਵਿਰੋਧੀ ਧਿਰ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਗੰਭੀਰ ਮਸਲੇ 'ਤੇ ਸਰਕਾਰ ਉਨ੍ਹਾਂ ਨੂੰ ਭਰੋਸੇ 'ਚ ਲੈ ਕੇ ਕਦਮ ਉਠਾ ਰਹੀ ਹੈ।

ਸਰਬ ਪਾਰਟੀ ਮੀਟਿੰਗ ਤੋਂ ਪਹਿਲਾਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਰਿਹਾਇਸ਼ 'ਤੇ ਵੀ ਇਕ ਬੈਠਕ ਹੋਈ, ਜਿਸ ਵਿਚ ਗ੍ਰਹਿ ਸਕੱਤਰ ਸਮੇਤ ਖੁਫੀਆ ਏਜੰਸੀਆਂ ਦੇ ਅਧਿਕਾਰੀ ਸ਼ਾਮਲ ਸੀ। ਮੀਟਿੰਗ ਤੋਂ ਬਾਅਦ ਰਾਜ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਪੂਰੀ ਵਿਰੋਧੀ ਧਿਰ ਇਸ ਮਾਮਲੇ ਨਾਲ ਆਪਣੀ ਫੌਜ ਤੇ ਸਰਕਾਰ ਦੇ ਨਾਲ ਖੜ੍ਹੀ ਹੈ। ਦੂਜੇ ਪਾਸੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਨਰਿੰਦਰ ਤੋਮਰ ਨੇ ਵੀ ਕਿਹਾ ਕਿ ਕਸ਼ਮੀਰ ਦੀ ਆਮ ਜਨਤਾ ਰਾਜ 'ਚ ਅਮਨ ਚਾਹੁੰਦੀ ਹੈ। ਰਾਜ 'ਚ ਕੁਝ ਅਜਿਹੇ ਅਨਸਰ ਹਨ, ਜੋ ਸਰਹੱਦ ਪਾਰ ਤੋਂ ਉਤਸ਼ਾਹਿਤ ਕੀਤੇ ਜਾ ਰਹੇ ਅਤਿਵਾਦੀਆਂ ਦੀ ਮਦਦ ਕਰਦੇ ਹਨ। ਉਨ੍ਹਾਂ ਜਵਾਨਾਂ ਦੀ ਸ਼ਹਾਦਤ ਜਾਇਆ ਨਾ ਜਾਣ ਦਾ ਸੁਨੇਹਾ ਦੁਹਰਾਉਂਦਿਆਂ ਕਿਹਾ ਕਿ ਦੇਸ਼ ਅਤਿਵਾਦ ਖਿਲਾਫ ਫੈਸਲਾਕੁੰਨ ਜੰਗ ਲੜ ਰਿਹਾ ਹੈ।

## ਪਾਕਿਸਤਾਨ ਨੂੰ ਦੋਸ਼ ਦੇਣ ਬਾਰੇ ਸਿੱਧੂ ਦੀ ਰਾਏ ਵੱਖਰੀ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਜੰਮੂ ਕਸ਼ਮੀਰ ਦੇ ਪੁਲਵਾਮਾ ਵਿਚ ਹੋਏ ਅਤਿਵਾਦੀ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸਵਾਲ ਕੀਤਾ ਹੈ ਕਿ ਕੀ ਕੁਝ ਲੋਕਾਂ ਕਾਰਨ ਸਮੁੱਚੇ ਦੇਸ਼ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਨਵਜੋਤ ਸਿੰਘ ਸਿੱਧੂ ਜੋ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿਚ ਵੀ ਸ਼ਾਮਲ ਹੋਏ ਸਨ, ਨੇ ਪੁਲਵਾਮਾ ਵਿਚ ਅਤਿਵਾਦੀ ਹਮਲੇ ਉੱਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਕੁਝ ਮੁੱਠੀ ਭਰ ਲੋਕਾਂ ਕਾਰਨ ਕੀ ਕਿਸੇ ਇਕ ਵਿਅਕਤੀ ਜਾਂ ਸਮੁੱਚੇ ਦੇਸ਼ ਸਿਰ ਦੋਸ਼ ਮੜ੍ਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਤਿਵਾਦ ਦੀ ਕੋਈ ਜਾਤ ਜਾਂ ਕੋਈ ਧਰਮ ਨਹੀਂ ਹੁੰਦਾ ਅਤੇ ਪਿਛਲੇ 71 ਸਾਲ ਤੋਂ ਇਹ ਵਾਪਰ ਰਿਹਾ ਹੈ। ਉਨ੍ਹਾਂ ਕਿਹਾ ਕਿ ਹਿੰਸਾ ਉਨ੍ਹਾਂ ਲਈ ਹਮੇਸ਼ਾ ਨਿੰਦਣਯੋਗ ਹੈ। ਉਹ ਹਮੇਸ਼ਾ ਹੀ ਅਹਿੰਸਾ ਵਿਚ ਯਕੀਨ ਰੱਖਦੇ ਹਨ ਅਤੇ ਅੱਗੇ ਵਧਣ ਲਈ ਅਹਿੰਸਾ ਵਧੇਰੇ ਤਾਕਤਵਰ ਹਥਿਆਰ ਹੈ।

# ਭਾਰਤ ਨੇ ਪਾਕਿਸਤਾਨ ਨੂੰ ਚੁਫੇਰਿਉਂ ਘੇਰਿਆ

**ਨਵੀਂ ਦਿੱਲੀ:** ਪੁਲਵਾਮਾ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ ਸਭ ਤੋਂ ਤਰਜੀਹੀ ਦੇਸ਼ ਦਾ ਦਰਜਾ ਖਤਮ ਕਰਨ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਆਉਣ ਵਾਲੇ ਹਰ ਤਰ੍ਹਾਂ ਦੇ ਸਾਮਾਨ 'ਤੇ ਕਸਟਮ ਡਿਊਟੀ ਨੂੰ ਵਧਾ ਕੇ 200 ਫੀਸਦੀ ਕਰ ਦਿੱਤਾ ਹੈ। ਵਿੱਤ ਮੰਤਰੀ ਅਰੁਣ ਜੇਤਲੀ ਨੇ ਇਹ ਜਾਣਕਾਰੀ ਦਿੱਤੀ। ਵਿੱਤ ਮੰਤਰੀ ਨੇ ਟਵੀਟ ਕੀਤਾ ਕਿ ਪੁਲਵਾਮਾ ਘਟਨਾ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਤੋਂ ਤਰਜੀਹੀ ਦੇਸ਼ ਦਾ ਦਰਜਾ ਵਾਪਸ ਲੈ ਲਿਆ ਹੈ।

ਇਸ ਤੋਂ ਬਾਅਦ ਪਾਕਿਸਤਾਨ ਤੋਂ ਭਾਰਤ ਆਉਣ ਵਾਲੇ ਸਾਰੇ ਤਰ੍ਹਾਂ ਦੇ ਸਾਮਾਨਾਂ 'ਤੇ ਬੇਸਿਕ ਕਸਟਮ ਡਿਊਟੀ ਨੂੰ ਵਧਾ ਕੇ ਤੁਰਤ ਪ੍ਰਭਾਵ ਨਾਲ 200 ਫੀਸਦੀ ਕਰ ਦਿੱਤਾ ਗਿਆ ਹੈ। ਇਹ ਕਸਟਮ ਡਿਊਟੀ ਵਧਾਏ ਜਾਣ ਨਾਲ ਪਾਕਿਸਤਾਨ ਤੋਂ ਭਾਰਤ ਨੂੰ ਹੋਣ ਵਾਲੇ ਬਰਾਮਦ 'ਤੇ ਵੱਡਾ ਅਸਰ ਪਏਗਾ, ਜੋ 2017-18 ਵਿਚ ਕਰੀਬ 3482 ਕਰੋੜ ਰੁਪਏ ਦਾ ਸੀ। ਪਾਕਿਸਤਾਨ ਮੁੱਖ ਤੌਰ 'ਤੇ ਭਾਰਤ ਨੂੰ ਤਾਜ਼ੇ ਫਲ, ਸੀਮੈਂਟ, ਪੈਟਰੋਲੀਅਮ ਪਦਾਰਥ, ਖਣਿਜ ਤੇ ਤਿਆਰ ਚਮੜਾ ਆਦਿ ਬਰਾਮਦ ਕਰਦਾ ਹੈ।

## ਵਾਦੀ ਵਿਚ ਮਾਹੌਲ ਵਿਗੜਿਆ

**ਜੰਮੂ:** ਪੁਲਵਾਮਾ ਹਮਲੇ ਪਿੱਛੋਂ ਜੰਮੂ ਸ਼ਹਿਰ ਵਿਚ ਮਾਹੌਲ ਕਾਫੀ ਵਿਗੜ ਗਿਆ ਹੈ। ਇਸ ਦੌਰਾਨ ਸ਼ਹਿਰ ਵਿਚ ਫੌਜ ਦੀ ਨਫਰੀ ਵਧਾ ਦਿੱਤੀ ਗਈ ਹੈ। ਕਸ਼ਮੀਰ ਦੇ ਪੁਲਵਾਮਾ ਵਿਚ ਸੀ. ਆਰ. ਪੀ. ਐਫ. ਦੇ ਜਵਾਨਾਂ ਦੀ ਅਤਿਵਾਦੀ ਹਮਲੇ ਵਿਚ ਹੋਈ ਮੌਤ ਖਿਲਾਫ ਜੰਮੂ ਸ਼ਹਿਰ ਵਿਚ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਕਰਫਿਊ ਲਾ ਦਿੱਤਾ ਗਿਆ ਸੀ। ਸ਼ਹਿਰ ਵਿਚ ਨੌਂ ਹੋਰ ਫੌਜੀ ਟੁਕੜੀਆਂ ਤਾਇਨਾਤ ਕੀਤੀਆਂ ਗਈਆਂ ਹਨ ਤੇ ਇਹ ਗਿਣਤੀ ਹੁਣ 18 ਹੋ ਗਈ ਹੈ। ਸੁਰੱਖਿਆ ਬਲਾਂ ਨੇ ਸੰਵੇਦਨਸ਼ੀਲ ਥਾਵਾਂ 'ਤੇ ਫਲੈਗ ਮਾਰਚ ਵੀ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਜੰਮੂ ਯੂਨੀਵਰਸਿਟੀ ਵਿਚ ਸਾਰੀਆਂ ਪ੍ਰੀਖਿਆਵਾਂ ਰੱਦ ਕਰ ਦਿੱਤੀਆਂ ਗਈਆਂ ਤੇ ਖਿੱਤੇ ਵਿਚ ਮੋਬਾਈਲ ਸੇਵਾਵਾਂ ਵੀ ਬੰਦ ਰੱਖੀਆਂ ਗਈਆਂ।

## ਪਾਕਿਸਤਾਨ ਨੇ ਹਮਲੇ ਬਾਰੇ ਭਾਰਤ ਦੇ ਦਾਅਵੇ ਨਕਾਰੇ

**ਇਸਲਾਮਾਬਾਦ:** ਪਾਕਿਸਤਾਨ ਨੇ ਪੁਲਵਾਮਾ ਅਤਿਵਾਦੀ ਹਮਲੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਭਾਰਤ ਬਿਨਾਂ ਕਿਸੇ ਜਾਂਚ ਦੇ ਇਸਲਾਮਾਬਾਦ ਦਾ ਸਬੰਧ ਇਸ ਘਟਨਾ ਨਾਲ ਜੋੜ ਰਿਹਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਜੰਮੂ ਕਸ਼ਮੀਰ 'ਚ ਹੋਇਆ ਅਤਿਵਾਦੀ ਹਮਲਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਧਰ, ਪਾਕਿਸਤਾਨ ਨੇ ਭਾਰਤੀ ਉਪ ਹਾਈ ਕਮਿਸ਼ਨਰ ਨੂੰ ਤਲਬ ਕਰਕੇ ਭਾਰਤ ਵੱਲੋਂ ਲਾਏ ਗਏ ਦੋਸ਼ਾਂ ਨੂੰ ਆਧਾਰਹੀਣ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਤੇ ਮੀਡੀਆ ਵੱਲੋਂ ਬਿਨਾਂ ਕਿਸੇ ਜਾਂਚ ਦੇ ਪਾਕਿਸਤਾਨ ਦਾ ਸਬੰਧ ਇਸ ਹਮਲੇ ਨਾਲ ਜੋੜੇ ਜਾਣਾ ਗਲਤ ਹੈ।

# ਕਸ਼ਮੀਰ 'ਚ ਪੰਜ ਵਰ੍ਹਿਆਂ ਦੌਰਾਨ 37 ਪੰਜਾਬੀ ਜਵਾਨਾਂ ਨੇ ਦਿੱਤੀ ਸ਼ਹਾਦਤ

**ਬਠਿੰਡਾ:** ਜਦੋਂ ਵੀ ਜੰਮੂ ਕਸ਼ਮੀਰ ਵਿਚ ਦਹਿਸ਼ਤੀ ਹਮਲਾ ਹੋਇਆ ਤਾਂ ਪੰਜਾਬ ਨੂੰ ਵੀ ਆਪਣੇ ਲਾਲ ਗੁਆਉਣੇ ਪਏ ਹਨ। ਜੰਮੂ ਕਸ਼ਮੀਰ ਵਿਚ ਲੰਘੇ ਪੰਜ ਵਰ੍ਹਿਆਂ ਦੌਰਾਨ ਪੰਜਾਬ ਦੇ 37 ਸੁਰੱਖਿਆ ਜਵਾਨ ਸ਼ਹੀਦ ਹੋਏ ਹਨ। ਪੂਰੇ ਦੇਸ਼



ਵਿਚ ਸ਼ਹੀਦ ਹੋਏ ਪੰਜਾਬ ਦੇ ਜਵਾਨਾਂ ਦੀ ਗੱਲ ਕਰੀਏ ਤਾਂ ਪੰਜ ਵਰ੍ਹਿਆਂ ਦੀ ਇਹ ਗਿਣਤੀ 56 ਬਣਦੀ ਹੈ। ਪੁਲਵਾਮਾ 'ਚ ਹੁਣ ਪੰਜਾਬ ਦੇ ਚਾਰ ਜਵਾਨ ਸ਼ਹੀਦ ਹੋ ਗਏ ਹਨ। ਪੰਜਾਬ ਦੇ ਜੋ ਇਨ੍ਹਾਂ ਪੰਜ ਵਰ੍ਹਿਆਂ ਦੌਰਾਨ ਸੁਰੱਖਿਆ ਜਵਾਨ ਸ਼ਹੀਦ ਹੋਏ ਹਨ, ਉਨ੍ਹਾਂ ਵਿਚੋਂ 17 ਜਵਾਨਾਂ ਨੇ ਤਾਂ ਹਾਲੇ ਤੱਕ ਜ਼ਿੰਦਗੀ ਦਾ ਕੋਈ ਰੰਗ ਵੀ ਨਹੀਂ ਵੇਖਿਆ ਸੀ। ਪੰਜਾਬ ਦੇ ਇਹ 17 ਜਵਾਨ ਹਾਲੇ ਅਣਵਿਆਹੇ ਸਨ, ਜਿਨ੍ਹਾਂ ਨੇ ਜਲਦੀ ਹੀ ਜ਼ਿੰਦਗੀ ਵਿਚ ਖੇੜਾ ਲਿਆਉਣ ਦਾ ਸੁਪਨਾ ਦੇਖਿਆ ਸੀ।

ਬਠਿੰਡਾ ਜ਼ਿਲ੍ਹਾ ਦੇ ਪਿੰਡ ਹਾਕਮ ਸਿੰਘ ਵਾਲਾ ਦਾ ਸੁਖਵਿੰਦਰ ਸਿੰਘ ਥੋੜਾ ਸਮਾਂ ਪਹਿਲਾਂ ਹੀ ਸ਼ਹੀਦ ਹੋਇਆ ਹੈ। ਇਸੇ ਤਰ੍ਹਾਂ ਮਾਨਸਾ ਦੇ ਪਿੰਡ ਕੱਲੋ ਦਾ ਅਮਨਦੀਪ ਸਿੰਘ ਵੀ ਸ਼ਹੀਦੀ ਜਾਮ ਪੀ ਗਿਆ। ਜਦੋਂ ਇਹ ਜਵਾਨ ਭਰਤੀ ਹੋਏ ਸਨ ਤਾਂ ਮਾਪਿਆਂ ਨੂੰ ਇਕ ਉਮੀਦ ਬੱਝੀ ਸੀ। ਜਦੋਂ ਜੰਮੂ ਕਸ਼ਮੀਰ ਵਿਚੋਂ ਸ਼ਹਾਦਤ ਦਾ ਸੁਨੇਹਾ ਆਇਆ ਤਾਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸੁਪਨੇ ਬਿਖਰ ਗਏ। ਭਰ ਜਵਾਨੀ ਦੀ ਉਮਰੇ ਉਨ੍ਹਾਂ ਦੇ ਲਾਡਲੇ ਸ਼ਹੀਦੀ ਜਾਮ ਪੀ ਗਏ। ਸੈਨਿਕ ਭਲਾਈ ਬੋਰਡ ਪੰਜਾਬ ਦੇ ਵੇਰਵਿਆਂ ਅਨੁਸਾਰ ਸਾਲ 2018 ਵਿਚ ਦਹਿਸ਼ਤੀ ਹਮਲਿਆਂ ਵਿਚ ਪੰਜਾਬ ਦੇ ਕੁੱਲ 9 ਜਵਾਨ ਸ਼ਹੀਦ ਹੋਏ ਹਨ ਜਿਨ੍ਹਾਂ 'ਚੋਂ ਛੇ ਜਵਾਨ ਇਕੱਲੇ ਜੰਮੂ ਕਸ਼ਮੀਰ ਵਿਚ ਰੁਖ਼ਸਤ ਹੋਏ ਹਨ। ਸਾਲ 2017 ਵਿਚ ਦੇਸ਼ ਭਰ ਵਿਚ 13 ਜਵਾਨ ਜਦੋਂ ਕਿ ਜੰਮੂ ਕਸ਼ਮੀਰ ਵਿਚ 8 ਜਵਾਨਾਂ ਨੇ ਸ਼ਹੀਦੀ ਪਾਈ।

ਸਾਲ 2016 ਵਿਚ ਜੰਮੂ ਕਸ਼ਮੀਰ ਵਿਚ ਸ਼ਹੀਦ ਹੋਣ ਵਾਲੇ ਪੰਜਾਬ ਦੇ ਜਵਾਨਾਂ ਦੀ ਗਿਣਤੀ 7 ਰਹੀ ਜਦੋਂ ਕਿ ਦੇਸ਼ ਵਿਚ ਕੁੱਲ 12 ਜਵਾਨ ਸ਼ਹੀਦ ਹੋਏ। ਇਸੇ ਤਰ੍ਹਾਂ ਜੰਮੂ ਕਸ਼ਮੀਰ ਵਿਚ ਸਾਲ 2015 ਵਿਚ 4 ਅਤੇ ਸਾਲ 2014 ਵਿਚ 8 ਪੰਜਾਬੀ ਜਵਾਨ ਸ਼ਹੀਦ ਹੋਏ ਸਨ। ਹੁਣ ਚਾਰ ਜਵਾਨ ਹੋਰ ਸ਼ਹੀਦ ਹੋ ਗਏ ਹਨ। ਵਰ੍ਹਾ 2018 ਦੌਰਾਨ ਤਰਨ ਤਾਰਨ ਜ਼ਿਲ੍ਹੇ ਦੇ ਇਕੋ ਪਿੰਡ ਕਲਸੀਆਂ ਖੁਰਦ ਦੇ ਦੋ ਜਵਾਨ ਸ਼ਹੀਦ ਹੋਏ ਜਦੋਂ ਕਿ ਸੰਗਰੂਰ ਦੇ ਪਿੰਡ ਆਲਮਪੁਰ ਦਾ ਮਨਦੀਪ ਸਿੰਘ ਵੀ ਇਕ ਵਰ੍ਹੇ ਪਹਿਲਾਂ ਹੀ ਜੰਮੂ ਕਸ਼ਮੀਰ ਵਿਚ ਸ਼ਹੀਦ ਹੋਇਆ ਹੈ। ਮਾਪਿਆਂ ਦੇ ਸਾਰੇ ਚਾਅ ਮਲਾਰ ਵੀ ਰਾਖ ਹੋ ਗਏ। ਵਰ੍ਹਾ 2018 ਦੌਰਾਨ ਜੰਮੂ ਕਸ਼ਮੀਰ ਵਿਚ ਸ਼ਹੀਦ ਹੋਣ ਵਾਲੇ ਸਾਰੇ ਪੰਜਾਬੀ ਜਵਾਨ ਕੁਆਰੇ ਹੀ ਸਨ।

ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਦਾ ਸ਼ਹੀਦ ਹੋਇਆ ਮਨਪ੍ਰੀਤ ਸਿੰਘ ਵੀ ਹਾਲੇ ਕੁਆਰਾ ਹੀ ਸੀ। ਸੰਗਰੂਰ ਦੇ ਪਿੰਡ ਸਤੌਜ ਦਾ ਜਗਸੀਰ ਸਿੰਘ ਵੀ ਸਾਲ 2015 ਵਿਚ ਸ਼ਹੀਦੀ ਜਾਮ ਪੀ ਗਿਆ ਸੀ। ਹੁਣ ਜਦੋਂ ਦਹਿਸ਼ਤੀ ਹਮਲੇ ਵਿਚ 40 ਜਵਾਨਾਂ ਦੇ ਸ਼ਹੀਦ ਹੋਣ ਦੀ ਖਬਰ ਆਈ ਤਾਂ ਇਨ੍ਹਾਂ ਪੰਜਾਬ ਦੇ ਪਿਛਲੇ ਸਮੇਂ ਦੌਰਾਨ ਸ਼ਹੀਦ ਹੋਣ ਵਾਲੇ ਮਾਪਿਆਂ ਦੇ ਜ਼ਖ਼ਮ ਮੁੜ ਹਰੇ ਹੋਏ ਹਨ। ਇਨ੍ਹਾਂ ਮਾਪਿਆਂ ਨੂੰ ਮੁੜ ਪੁਰਾਣਾ ਵਕਤ ਚੇਤੇ ਆਇਆ ਹੈ। ਬਠਿੰਡਾ ਦੇ ਪਿੰਡ ਬਹਿਮਣ ਕੌਰ ਸਿੰਘ ਵਾਲਾ ਦਾ ਜੱਗਾ ਸਿੰਘ ਵੀ ਸਾਲ 2014 ਵਿਚ ਸ਼ਹੀਦ ਹੋ ਗਿਆ ਸੀ। ਵੇਰਵਿਆਂ ਅਨੁਸਾਰ ਜੰਮੂ ਕਸ਼ਮੀਰ ਵਿਚ ਲੰਘੇ ਚਾਰ ਵਰ੍ਹਿਆਂ ਦੌਰਾਨ ਦਹਿਸ਼ਤਗਰਦੀ ਦੀਆਂ ਕਰੀਬ 1103 ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿਚ 243 ਸੁਰੱਖਿਆ ਜਵਾਨ ਸ਼ਹੀਦ ਹੋਏ ਹਨ ਜਦੋਂ ਕਿ 88 ਸਿਵਲੀਅਨਾਂ ਦੀਆਂ ਵੀ ਜਾਨਾਂ ਗਈਆਂ ਹਨ।

# ਜੈਸ਼-ਏ-ਮੁਹੰਮਦ ਨੇ ਪਹਿਲਾਂ ਵੀ ਦਿੱਤਾ ਭਾਰਤ ਵਿਚ ਵੱਡੇ ਹਮਲਿਆਂ ਨੂੰ ਅੰਜਾਮ

**ਚੰਡੀਗੜ੍ਹ:** ਜੈਸ਼-ਏ-ਮੁਹੰਮਦ ਵੱਲੋਂ ਅਜਿਹਾ ਹਮਲਾ ਪਹਿਲੀ ਵਾਰ ਨਹੀਂ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਜਥੇਬੰਦੀ ਭਾਰਤ ਵਿਚ ਵੱਡੇ ਹਮਲਿਆਂ ਨੂੰ ਅੰਜਾਮ ਦੇ ਚੁੱਕੀ ਹੈ। ਇਨ੍ਹਾਂ ਹਮਲਿਆਂ ਵਿਚੋਂ ਸੰਸਦ ਭਵਨ, ਜੰਮੂ-ਕਸ਼ਮੀਰ ਦੇ ਵਿਧਾਨ ਸਭਾ ਦੇ ਗੇਟ 'ਤੇ ਧਮਾਕਾ, ਪਠਾਨਕੋਟ ਹਮਲਾ ਤੇ ਉੜੀ ਦਾ ਹਮਲਾ ਸ਼ਾਮਲ ਹਨ।

**24 ਸਤੰਬਰ 2001:** ਇਸ ਹਮਲੇ ਵਿਚ ਜੈਸ਼ ਨੇ ਅਤਿਵਾਦੀ ਵਿਸਫੋਟਕਾਂ ਨਾਲ ਭਰੀ ਕਾਰ



ਸ੍ਰੀਨਗਰ ਵਿਚ ਵਿਧਾਨ ਸਭਾ ਨਾਲ ਟਕਰਾ ਦਿੱਤੀ ਸੀ। ਇਸ ਦੌਰਾਨ ਕਈ ਹੋਰ ਅਤਿਵਾਦੀ ਵੀ ਵਿਧਾਨ ਸਭਾ ਦੀ ਪੁਰਾਣੀ ਇਮਾਰਤ ਵਿਚ ਵੜ ਗਏ ਤੇ ਉਥੇ ਅੱਗ ਲਾ ਦਿੱਤੀ। ਇਸ ਘਟਨਾ ਵਿਚ 38 ਜਣੇ ਮਾਰੇ ਗਏ ਸਨ।

**13 ਦਸੰਬਰ 2001:** ਇਸ ਦਿਨ ਜੈਸ਼-ਏ-ਮੁਹੰਮਦ ਦੇ ਅਤਿਵਾਦੀਆਂ ਨੇ ਭਾਰਤੀ ਸੰਸਦ ਭਵਨ 'ਤੇ ਹਮਲਾ ਬੋਲਿਆ ਸੀ। ਸਫੈਦ ਰੰਗ ਦੀ ਅੰਬੈਸਡਰ ਕਾਰ ਸੰਸਦ ਭਵਨ ਵੱਲ ਜਾ ਰਹੀ ਸੀ ਪਰ ਸੁਰੱਖਿਆ ਬਲਾਂ ਦੀ ਮੁਸਤੈਦੀ ਕਰਕੇ ਕਾਰ ਨੂੰ ਅੰਦਰ ਜਾਣ ਤੋਂ ਪਹਿਲਾਂ ਹੀ ਰੋਕ ਲਿਆ ਗਿਆ ਸੀ।

**2 ਜਨਵਰੀ 2016:** ਪੰਜਾਬ ਦੇ ਪਠਾਨਕੋਟ ਵਿਚ ਹਵਾਈ ਫੌਜ ਦੇ ਟਿਕਾਣੇ 'ਤੇ ਵੀ ਜੈਸ਼-ਏ-ਮੁਹੰਮਦ ਨੇ ਹਮਲਾ ਕੀਤਾ ਸੀ। ਚਾਰ ਅਤਿਵਾਦੀਆਂ ਨੇ ਮਿਲ ਕੇ ਏਅਰਫੋਰਸ ਬੇਸ 'ਤੇ ਹਮਲਾ ਕੀਤਾ। ਅਤਿਵਾਦੀ ਫੌਜ ਦੀ ਵਰਦੀ ਪਾ ਕੇ ਬੇਸ ਅੰਦਰ ਵੜੇ ਸਨ। ਸਾਰੇ ਅਤਿਵਾਦੀ ਜੈਸ਼-ਏ-ਮੁਹੰਮਦ ਦੇ ਦੱਸੇ ਗਏ ਸੀ। ਭਾਰਤੀ ਫੌਜ ਨੇ ਚਾਰੇ ਅਤਿਵਾਦੀਆਂ ਨੂੰ ਮਾਰ ਮੁਕਾਇਆ ਸੀ। ਇਸ ਦੌਰਾਨ ਹੋਏ ਮੁਕਾਬਲੇ ਵਿਚ 3 ਭਾਰਤੀ ਜਵਾਨ ਵੀ ਸ਼ਹੀਦ ਹੋਏ ਸਨ।

**18 ਸਤੰਬਰ 2016:** ਜੰਮੂ ਕਸ਼ਮੀਰ ਦੇ ਉੜੀ ਸੈਕਟਰ ਵਿਚ ਕੰਟਰੋਲ ਸਰਹੱਦ ਕੋਲ ਅਤਿਵਾਦੀਆਂ ਨੇ ਆਰਮੀ ਹੈਡ ਕੁਆਰਟਰ 'ਤੇ ਹਮਲਾ ਕਰ ਦਿੱਤਾ ਸੀ। ਇਸ ਹਮਲੇ ਵਿਚ ਫੌਜ ਦੇ 18 ਜਵਾਨ ਸ਼ਹੀਦ ਹੋਏ ਸੀ ਪਰ ਬਹਾਦਰੀ ਵਿਖਾਉਂਦਿਆਂ ਭਾਰਤੀ ਜਵਾਨਾਂ ਨੇ ਸਾਰੇ 4 ਅਤਿਵਾਦੀ ਮਾਰ ਮੁਕਾਏ ਸਨ।

# ਮੋਦੀ ਸਰਕਾਰ ਨੇ ਇਸ਼ਤਿਹਾਰਬਾਜ਼ੀ 'ਤੇ ਖਰਚੇ 2374 ਕਰੋੜ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪਿਛਲੇ ਪੰਜ ਸਾਲਾਂ ਵਿਚ ਇਲੈਕਟ੍ਰੌਨਿਕ ਮੀਡੀਆ ਰਾਹੀਂ ਕੀਤੀ ਆਪਣੀ ਇਸ਼ਤਿਹਾਰਬਾਜ਼ੀ 'ਤੇ 2374 ਕਰੋੜ ਰੁਪਏ ਜਦੋਂਕਿ ਆਊਟਡੋਰ ਪਬਲੀਸਿਟੀ 'ਤੇ 670 ਕਰੋੜ ਰੁਪਏ ਖਰਚ ਕੀਤੇ ਹਨ। ਇਹ ਖੁਲਾਸਾ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਅਧੀਨ ਆਉਂਦੇ ਬਿਊਰੋ ਆਫ ਆਊਟਰੀਚ ਤੇ ਕਮਿਊਨੀਕੇਸ਼ਨ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੀ ਜਾਣਕਾਰੀ ਤੋਂ ਹੋਇਆ ਹੈ।

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਸੋਸ਼ਲ ਮੀਡੀਆ ਪਲੈਟਫਾਰਮਾਂ, ਟੈਲੀਵਿਜ਼ਨ ਤੇ ਰੇਡੀਓ ਸਮੇਤ ਇਲੈਕਟ੍ਰੌਨਿਕ ਮੀਡੀਆ 'ਤੇ ਕੀਤੀ ਆਪਣੀ ਇਸ਼ਤਿਹਾਰਬਾਜ਼ੀ ਦੌਰਾਨ ਸਾਲ 2014-15 ਵਿਚ 470.39 ਕਰੋੜ, 2015-16 ਵਿਚ 541.99 ਕਰੋੜ ਅਤੇ 2016-17 ਵਿਚ 613.78 ਕਰੋੜ ਰੁਪਏ ਖਰਚੇ। ਸਾਲ 2017-18 ਲਈ ਇਹ ਅੰਕੜਾ 474.76 ਕਰੋੜ ਸੀ ਜਦੋਂਕਿ ਮੌਜੂਦਾ ਵਿੱਤੀ ਸਾਲ ਵਿਚ ਅਪਰੈਲ 2018 ਤੋਂ ਦਸੰਬਰ 2018 ਤਕ 273.54 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਨੌਕਰਸ਼ਾਹ ਸੰਜੀਵ ਚਤੁਰਵੇਦੀ ਵੱਲੋਂ ਮੰਗੀ ਇਸ ਜਾਣਕਾਰੀ ਵਿਚ ਬਿਊਰੋ ਨੇ ਕਿਹਾ ਸਰਕਾਰ ਨੇ ਇਹ ਪੈਸਾ ਵੱਖ ਵੱਖ ਸ਼੍ਰੇਣੀਆਂ ਲਈ ਦਿੱਤੇ ਵੱਖ ਵੱਖ ਇਸ਼ਤਿਹਾਰਾਂ



ਜਿਵੇਂ ਰੁਜ਼ਗਾਰ ਨੋਟਿਸਾਂ, ਟੈਂਡਰਾਂ, ਹੋਰਨਾਂ ਨੋਟਿਸਾਂ ਤੇ ਵੱਖ ਵੱਖ ਸਕੀਮਾਂ ਦੀ ਇਸ਼ਤਿਹਾਰਬਾਜ਼ੀ 'ਤੇ ਖਰਚਿਆ ਹੈ। ਬਿਊਰੋ ਮੁਤਾਬਕ 2014 ਤੋਂ 26 ਨਵੰਬਰ 2018 ਦੇ ਅਰਸੇ ਦੌਰਾਨ ਸਰਕਾਰ ਨੇ ਆਊਟਡੋਰ ਪਬਲੀਸਿਟੀ 'ਤੇ 670 ਕਰੋੜ ਰੁਪਏ ਦੇ ਕਰੀਬ ਖਰਚੇ ਹਨ।

ਸਰਕਾਰ ਨੇ ਹਾਲਾਂਕਿ ਆਊਟਡੋਰ ਪਬਲੀਸਿਟੀ ਦੇ ਵਿਸਥਾਰ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਸ੍ਰੀ ਚਤੁਰਵੇਦੀ ਨੇ ਕਿਹਾ ਕਿ ਉਨ੍ਹਾਂ ਆਰ.ਟੀ.ਆਈ. ਵਿਚ ਕੇਂਦਰ ਸਰਕਾਰ ਵੱਲੋਂ 2014 ਤੋਂ ਹੁਣ ਤਕ ਪ੍ਰਿੰਟ, ਇਲੈਕਟ੍ਰੌਨਿਕ ਤੇ ਸੋਸ਼ਲ ਮੀਡੀਆ 'ਤੇ ਕੀਤੀ ਆਪਣੀ ਇਸ਼ਤਿਹਾਰਬਾਜ਼ੀ 'ਤੇ ਆਏ ਖਰਚ ਦੀ ਜਾਣਕਾਰੀ ਮੰਗੀ ਸੀ, ਪਰ ਬਿਊਰੋ ਨੇ ਉਨ੍ਹਾਂ ਨੂੰ ਇਲੈਕਟ੍ਰੌਨਿਕ ਮੀਡੀਆ ਤੇ ਆਊਟਡੋਰ ਪਬਲੀਸਿਟੀ ਬਾਰੇ ਹੀ ਅੰਕੜੇ ਮੁਹੱਈਆ ਕਰਵਾਏ।

# ਦਿੱਲੀ ਬਨਾਮ ਕੇਂਦਰ: ਸੁਪਰੀਮ ਕੋਰਟ ਵੱਲੋਂ ਦਿੱਲੀ ਸਰਕਾਰ ਨੂੰ ਝਟਕਾ

**ਨਵੀਂ ਦਿੱਲੀ :** ਦਿੱਲੀ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਉਸ ਸਮੇਂ ਝਟਕਾ ਲੱਗਾ ਜਦੋਂ ਸੁਪਰੀਮ ਕੋਰਟ ਦਾ ਦੋ ਜੱਜਾਂ 'ਤੇ ਆਧਾਰਿਤ ਬੈਂਚ ਪ੍ਰਸ਼ਾਸਕੀ ਸੇਵਾਵਾਂ 'ਤੇ ਕੰਟਰੋਲ ਦੇ ਮੁੱਦੇ ਨੂੰ ਲੈ ਕੇ ਵੰਡਿਆ ਗਿਆ। ਮਤਭੇਦਾਂ ਕਾਰਨ ਜਸਟਿਸ ਏ.ਕੇ. ਸੀਕਰੀ ਅਤੇ ਅਸ਼ੋਕ ਭੂਸ਼ਨ ਨੇ ਇਹ ਮਾਮਲਾ ਸੁਪਰੀਮ ਕੋਰਟ ਦੇ ਵੱਡੇ ਬੈਂਚ ਹਵਾਲੇ ਕਰ ਦਿੱਤਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੁਪਰੀਮ ਕੋਰਟ ਦੇ ਫੈਸਲੇ 'ਤੇ ਤਸੱਲੀ ਜ਼ਾਹਿਰ ਕੀਤੀ ਹੈ।

ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਅਤੇ ਦਿੱਲੀ ਦੀ 'ਆਪ' ਸਰਕਾਰ ਵਿਚਕਾਰ ਛੇ ਮੁੱਦਿਆਂ ਨੂੰ ਲੈ ਕੇ ਲੰਬੇ ਸਮੇਂ ਤੋਂ ਟਕਰਾਅ ਚਲ ਰਿਹਾ ਹੈ। ਦੋਵੇਂ ਜੱਜਾਂ ਨੇ ਇਕ ਨੂੰ ਛੱਡ ਕੇ ਬਾਕੀ ਪੰਜ ਮੁੱਦਿਆਂ 'ਤੇ ਸਰਬਸੰਮਤੀ ਨਾਲ ਹੁਕਮ ਸੁਣਾਇਆ। ਬੈਂਚ ਨੇ ਕੇਂਦਰ ਦੀ ਅਧਿਸੂਚਨਾ ਮੁਤਾਬਕ ਲੈਫਟੀਨੈਂਟ ਗਵਰਨਰ ਕੋਲ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏਸੀਬੀ) 'ਤੇ ਕੰਟਰੋਲ ਉਪਰ ਸਹਿਮਤੀ ਜਤਾਈ ਹੈ। ਇਸੇ ਤਰ੍ਹਾਂ ਜਾਂਚ ਕਮਿਸ਼ਨ ਨਿਯੁਕਤ ਕਰਨ ਦੇ ਅਧਿਕਾਰ ਵੀ ਕੇਂਦਰ ਸਰਕਾਰ ਕੋਲ ਰਹਿਣਗੇ। ਦੂਜੇ ਪਾਸੇ ਚੁਣੀ ਹੋਈ ਦਿੱਲੀ ਸਰਕਾਰ ਕੋਲ ਸਰਕਾਰੀ ਵਕੀਲ ਨਿਯੁਕਤ ਕਰਨ, ਮਾਲੀਏ ਦੇ ਮਾਮਲਿਆਂ ਬਾਰੇ ਫੈਸਲੇ ਲੈਣ ਅਤੇ ਬਿਜਲੀ ਕਮਿਸ਼ਨ ਜਾਂ ਬੋਰਡ ਬਣਾਉਣ ਜਾਂ ਉਸ ਨਾਲ ਨਜਿੱਠਣ ਦੇ ਅਧਿਕਾਰ ਰਹਿਣਗੇ।

ਜਸਟਿਸ ਭੂਸ਼ਨ ਨੇ ਫੈਸਲਾ ਦਿੱਤਾ ਕਿ ਦਿੱਲੀ ਸਰਕਾਰ ਕੋਲ ਪ੍ਰਸ਼ਾਸਕੀ ਸੇਵਾਵਾਂ ਦਾ ਕੋਈ ਅਧਿਕਾਰ ਨਹੀਂ ਹੈ। ਜਸਟਿਸ ਸੀਕਰੀ ਨੇ ਕਿਹਾ ਕਿ ਜਾਇੰਟ ਡਾਇਰੈਕਟਰ ਜਾਂ ਉਸ ਤੋਂ ਉਪਰਲੇ ਅਹੁਦਿਆਂ 'ਤੇ ਕੇਂਦਰ ਸਰਕਾਰ ਹੀ ਪੋਸਟਿੰਗ ਜਾਂ ਤਬਾਦਲੇ ਕਰ ਸਕੇਗੀ। ਹੋਰ ਅਹੁਦਿਆਂ ਨਾਲ ਸਬੰਧਤ ਮਾਮਲਿਆਂ 'ਚ ਮਤਭੇਦ ਪੈਦਾ ਹੋਣ ਦੀ ਸੂਰਤ 'ਚ ਐਲਜੀ ਆਪਣੀ ਰਾਏ ਦੇਵੇਗਾ। ਜਸਟਿਸ ਸੀਕਰੀ ਨੇ ਕਿਹਾ ਕਿ ਦਾਨਿਕਸ ਅਤੇ ਦਾਨਿਪਸ ਦੇ ਅਧਿਕਾਰੀਆਂ ਦੇ ਮਾਮਲੇ 'ਚ ਮੰਤਰੀ ਮੰਡਲ ਵੱਲੋਂ ਐਲਜੀ ਨੂੰ ਤਜਵੀਜ਼ ਭੇਜਣੀ ਪਏਗੀ।

# ਕਰਤਾਰਪੁਰ ਲਾਂਘਾ: ਪਾਕਿਸਤਾਨ ਨੇ ਵੱਖਰਾ ਰਾਹ ਸੁਝਾਇਆ

**ਨਵੀਂ ਦਿੱਲੀ:** ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਲਈ ਵੱਖਰੇ ਸਰਹੱਦੀ ਰਾਹ ਦੀ ਤਜਵੀਜ਼ ਪੇਸ਼ ਕੀਤੀ ਹੈ। ਉਨ੍ਹਾਂ ਆਸ ਜਤਾਈ ਕਿ ਦੋਵੇਂ ਮੁਲਕਾਂ ਦੀਆਂ ਟੀਮਾਂ ਦੀ ਮਿਲਣੀ ਮਗਰੋਂ ਇਸ ਮੁੱਦੇ ਬਾਰੇ ਸਹਿਮਤੀ ਬਣ ਜਾਵੇਗੀ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਬਾਰੇ ਬੈਠਕ 14 ਮਾਰਚ ਨੂੰ ਹੋਵੇਗੀ। ਪਹਿਲਾਂ ਇਹ ਬੈਠਕ 13 ਮਾਰਚ ਨੂੰ ਤੈਅ ਹੋਈ ਸੀ।

ਉਨ੍ਹਾਂ ਕਿਹਾ ਕਿ ਭਾਰਤ ਨੇ ਇੰਜੀਨੀਅਰਾਂ ਦੇ ਤਕਨੀਕੀ ਪੱਧਰ 'ਤੇ ਵਿਚਾਰ ਵਟਾਂਦਰੇ ਦੀ ਪੇਸ਼ਕਸ਼ ਕੀਤੀ ਸੀ ਪਰ ਪਾਕਿਸਤਾਨ ਨੇ ਅਜੇ ਤੱਕ ਇਸ ਦਾ ਜਵਾਬ ਨਹੀਂ ਦਿੱਤਾ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲਾਂਘੇ ਦੇ ਸਿੱਧੇ ਰਾਹ ਨੂੰ ਅੰਤਿਮ ਰੂਪ ਦੇਣ ਅਤੇ ਲੋੜੀਂਦੇ ਢਾਂਚੇ ਦੇ ਹਿੱਤ 'ਚ ਅਜਿਹੀ ਗੱਲਬਾਤ ਦੀ ਲੋੜ ਹੈ। ਪਿਛਲੇ ਮਹੀਨੇ ਭਾਰਤ ਨੇ ਬਾਬਾ ਨਾਨਕ ਪਿੰਡ ਤੋਂ ਗੁਰਦੁਆਰਾ ਦਰਬਾਰ ਸਾਹਿਬ ਨਾਰੋਵਾਲ (ਪਾਕਿਸਤਾਨ) ਤਕ ਲਾਂਘੇ ਲਈ ਪ੍ਰਸਤਾਵਿਤ ਨਾਕੇ ਬਾਰੇ ਪਾਕਿਸਤਾਨ ਨੂੰ ਜਾਣਕਾਰੀ ਦਿੱਤੀ ਸੀ।

# ਭਾਰਤੀ ਗੀਤ 'ਤੇ ਨੱਚਣ ਕਾਰਨ ਪਾਕਿਸਤਾਨ ਸਕੂਲ ਦੀ ਰਜਿਸਟਰੇਸ਼ਨ ਰੱਦ


**ਕਰਾਚੀ:** ਇਕ ਸਭਿਆਚਾਰਕ ਸਮਾਗਮ ਦੌਰਾਨ ਕੁਝ ਵਿਦਿਆਰਥੀਆਂ ਵੱਲੋਂ ਭਾਰਤੀ ਗੀਤ 'ਤੇ ਨ੍ਰਿਤ ਕਰਨ ਅਤੇ ਤਿਰੰਗਾ ਲਹਿਰਾਉਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪਾਕਿਸਤਾਨੀ ਅਧਿਕਾਰੀਆਂ ਨੇ ਸਕੂਲ ਦੀ ਰਜਿਸਟਰੇਸ਼ਨ ਮੁਅੱਤਲ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਟਨਾ ਨਾਲ 'ਕੌਮੀ ਮਾਣ' ਨੂੰ ਠੇਸ ਪੁੱਜੀ ਹੈ। ਸਕੂਲ ਦੇ ਮਾਲਕ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ ਤੇ ਉਸ ਨੂੰ ਸੂਬਾ ਸਿੰਧ ਦੇ ਪ੍ਰਾਈਵੇਟ ਸੰਸਥਾਵਾਂ ਦੇ ਨਿਰੀਖਣ ਤੇ ਰਜਿਸਟਰੇਸ਼ਨ ਡਾਇਰੈਕਟੋਰੇਟ ਕੋਲ ਪੇਸ਼ ਹੋਣ ਦੀ ਹਦਾਇਤ ਦਿੱਤੀ ਗਈ ਸੀ।

ਵੇਰਵਿਆਂ ਮੁਤਾਬਕ ਇਹ ਘਟਨਾ ਪਿਛਲੇ ਹਫਤੇ ਉਸ ਵੇਲੇ ਸਾਹਮਣੇ ਆਈ ਜਦ ਪ੍ਰੋਗਰਾਮ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ। ਲੋਕ ਇਸ ਘਟਨਾ ਦੀ ਕਾਫੀ ਆਲੋਚਨਾ ਕਰ ਰਹੇ ਹਨ। ਸੂਚਨਾ ਮੁਤਾਬਕ 'ਮਾਮਾ ਬੇਬੀ ਕੇਅਰ ਕੈਂਬ੍ਰਿਜ ਸਕੂਲ' ਉਤੇ ਭਾਰਤੀ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਾ ਕੇ ਰਜਿਸਟਰੇਸ਼ਨ ਮੁਅੱਤਲ ਕੀਤੀ ਗਈ ਹੈ। ਇਸ ਸਬੰਧੀ ਤਿੰਨ ਮੈਂਬਰੀ ਜਾਂਚ ਕਮੇਟੀ ਬਣਾਈ ਗਈ ਹੈ।

ਵਿਵਾਦਤ ਪ੍ਰੋਗਰਾਮ ਵਿਚ ਵਿਦਿਆਰਥੀ ਇਕ ਭਾਰਤੀ ਗੀਤ 'ਤੇ ਨੱਚ ਰਹੇ ਸਨ ਤੇ ਪਿਛਲੇ ਹਿੱਸੇ ਵਿਚ ਭਾਰਤ ਦਾ ਕੌਮੀ ਝੰਡਾ ਲਹਿਰਾ ਰਹੇ ਸਨ। ਰਜਿਸਟਰਾਰ ਰਾਫੀਆ ਜਾਵੇਦ ਨੇ ਕਿਹਾ ਕਿ ਸਕੂਲ ਮਾਲਕ ਨੂੰ ਤਿੰਨ ਦਿਨ ਵਿਚ ਪੇਸ਼ ਹੋ ਕੇ ਪੱਖ ਰੱਖਣ ਲਈ ਕਿਹਾ ਗਿਆ ਸੀ, ਪਰ ਉਹ ਪੇਸ਼ ਨਹੀਂ ਹੋਇਆ। ਸਕੂਲ ਦੀ ਉਪ ਪ੍ਰਿੰਸੀਪਲ ਨੇ ਕਿਹਾ ਕਿ ਪਿਛਲੇ ਹਫਤੇ ਸਕੂਲ ਵਿਚ ਵਿਦਿਆਰਥੀਆਂ ਨੂੰ ਵੱਖ-ਵੱਖ ਦੇਸ਼ਾਂ ਦੇ ਸਭਿਆਚਾਰ ਬਾਰੇ ਜਾਣੂ ਕਰਵਾਉਣ ਲਈ ਪ੍ਰੋਗਰਾਮ ਉਲੀਕਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਮੌਕੇ ਵਿਦਿਆਰਥੀਆਂ ਨੇ ਸਾਊਦੀ ਅਰਬ, ਅਮਰੀਕਾ, ਮਿਸਰ, ਪਾਕਿਸਤਾਨ ਤੇ ਭਾਰਤ ਸਮੇਤ ਕਈ ਦੇਸ਼ਾਂ ਦੇ ਸਭਿਆਚਾਰਾਂ ਬਾਰੇ ਪੇਸ਼ਕਾਰੀਆਂ ਦਿੱਤੀਆਂ ਸਨ।

# ਸੁਪਰੀਮ ਕੋਰਟ ਦਾ ਫੈਸਲਾ ਲੋਕਤੰਤਰ ਖਿਲਾਫ: ਕੇਜਰੀਵਾਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ 'ਸੰਵਿਧਾਨ ਅਤੇ ਲੋਕਤੰਤਰ' ਖ਼ਿਲਾਫ ਹੈ। ਫੈਸਲੇ ਨੂੰ 'ਲੋਕਾਂ ਨਾਲ ਬੇਇਨਸਾਫੀ' ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕਾਨੂੰਨੀ ਸਲਾਹ ਮਸ਼ਵਰਾ ਲਏਗੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਆਪ' ਸਰਕਾਰ ਦੇ ਕੰਮਕਾਜ 'ਚ ਅੜਿੱਕੇ ਡਾਹ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਕੋਲ ਚਪੜਾਸੀ ਨਿਯੁਕਤ ਕਰਨ ਦੀ ਵੀ ਤਾਕਤ ਨਹੀਂ ਹੈ।



# ਕਿਸਾਨਾਂ ਨੇ ਬੁਰਜੀਆਂ ਲਾਉਣ ਦਾ ਕੰਮ ਰੋਕਿਆ

**ਬਟਾਲਾ:** ਕਰਤਾਰਪੁਰ ਲਾਂਘੇ ਵਾਸਤੇ ਜ਼ਮੀਨ ਐਕੁਆਇਰ ਕਰਨ ਲਈ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਦੀ ਟੀਮ ਵੱਲੋਂ ਸਰਵੇਖਣ ਤੋਂ ਬਾਅਦ ਜ਼ਮੀਨ ਵਿਚ ਬੁਰਜੀਆਂ ਲਾਉਣ ਵੇਲੇ ਕਿਸਾਨਾਂ ਨੇ ਟੀਮ ਦਾ ਵਿਰੋਧ ਕੀਤਾ। ਕਿਸਾਨਾਂ ਨੇ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕਰਦਿਆਂ ਮੰਗ ਕੀਤੀ ਕਿ ਕੇਂਦਰ ਸਰਕਾਰ ਪਹਿਲਾਂ ਉਨ੍ਹਾਂ ਦੀ ਜ਼ਮੀਨ ਦਾ ਭਾਅ ਤੈਅ ਕਰੇ, ਇਸ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇ। ਨੈਸ਼ਨਲ ਹਾਈਵੇਅ ਅਥਾਰਿਟੀ ਦੀ ਟੀਮ ਸੇਵਾਮੁਕਤ ਨਾਇਬ ਤਹਿਸੀਲਦਾਰ ਪ੍ਰੇਮ ਚੰਦ ਦੀ ਅਗਵਾਈ ਵਿਚ ਜ਼ਮੀਨ 'ਤੇ ਪਿੱਲਰ ਲਾਉਣ ਆਈ ਸੀ। ਜਾਣਕਾਰੀ ਅਨੁਸਾਰ ਡੇਰਾ ਬਾਬਾ ਨਾਨਕ ਦੇ ਤਹਿਸੀਲਦਾਰ ਜਨਕ ਰਾਜ ਸਰਵੇਖਣ ਕਰਨ ਵਾਲੀ ਟੀਮ ਅਤੇ ਪੁਲਿਸ ਪਾਰਟੀ ਨਾਲ ਮੌਕੇ 'ਤੇ ਪੁੱਜੇ ਤੇ ਉਸ ਸਮੇਂ ਟੀਮ ਨੇ 3 ਬੁਰਜੀਆਂ ਲਾ ਦਿੱਤੀਆਂ ਸਨ। ਇਸ ਦਾ ਪਤਾ ਲੱਗਣ 'ਤੇ ਜ਼ਮੀਨ ਮਾਲਕ ਕਿਸਾਨ ਉਥੇ ਪੁੱਜਣੇ ਸ਼ੁਰੂ ਹੋ ਗਏ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਬੁਰਜੀਆਂ ਲਾਉਣ ਅਤੇ ਸਰਵੇਖਣ ਕਰਨ ਵਾਲੀਆਂ ਮਸ਼ੀਨਾਂ ਬੰਦ ਕਰਵਾ ਦਿੱਤੀਆਂ।

## ਕੈਲੀਫੋਰਨੀਆ 'ਚ ਸਿੱਖ 'ਤੇ ਨਫਰਤੀ ਹਮਲਾ

**ਮੈਰਿਸਵਿਲ, ਕੈਲੀਫੋਰਨੀਆ:** ਇਥੇ ਇਕ ਸਿੱਖ ਕਲਰਕ ਨੂੰ ਕੌਫੀ ਦੇ ਪੈਸੇ ਮੰਗਣ ਬਦਲੇ ਨਫਰਤੀ ਹਮਲੇ ਦਾ ਸ਼ਿਕਾਰ ਬਣਾਇਆ ਗਿਆ ਹੈ। ਮੀਡੀਆ ਰਿਪੋਰਟ ਮੁਤਾਬਕ ਜੌਹਨ ਕਰੈਨ ਨਾਂ ਦੇ ਸ਼ਖਸ ਨੇ ਸਿੱਖ ਕਲਰਕ ਨੂੰ ਪਹਿਲਾਂ ਘਸੁੰਨ ਮਾਰੇ ਤੇ ਮਗਰੋਂ ਗਰਮ ਕੌਫੀ ਉਸ ਉਪਰ ਸੁੱਟ ਦਿੱਤੀ। ਪੁਲਿਸ ਨੇ ਕਰੈਨ ਨੂੰ ਨਫਰਤੀ ਹਮਲੇ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਹੈ। ਰਿਪੋਰਟ 'ਚ ਹਾਲਾਂਕਿ ਸਿੱਖ ਦੀ ਪਛਾਣ ਨਹੀਂ ਦੱਸੀ ਗਈ। 'ਸੈਕਰਾਮੈਂਟੋ ਬੀ' ਦੀ ਰਿਪੋਰਟ ਮੁਤਾਬਕ ਇਹ ਘਟਨਾ ਬੁੱਧਵਾਰ ਦੀ ਹੈ ਤੇ ਮੈਰਿਸਵਿਲ ਵਿਚ ਵਾਪਰੀ। ਮੈਰਿਸਵਿਲ ਪੁਲਿਸ ਵਿਭਾਗ ਵੱਲੋਂ ਜਾਰੀ ਬਿਆਨ ਮੁਤਾਬਕ ਸਿੱਖ ਕਲਰਕ ਨੇ ਦੱਸਿਆ ਕਿ ਕਰੈਨ ਨੇ ਕੌਫੀ ਦਾ ਆਰਡਰ ਦਿੱਤਾ ਸੀ ਤੇ ਮਗਰੋਂ ਉਸ ਨੇ ਬਿਨਾਂ ਅਦਾਇਗੀ ਕੀਤਿਆਂ ਜਾਣ ਦੀ ਕੋਸ਼ਿਸ਼ ਕੀਤੀ।

ਸੀ. ਸੀ. ਟੀ. ਵੀ. ਫੁਟੇਜ ਵਿਚ ਸਿੱਖ ਕਲਰਕ ਹਮਲੇ ਤੋਂ ਪਹਿਲਾਂ ਰੈਸਟੋਰੈਂਟ ਦੇ ਮੂਹਰਲੇ ਦਰਵਾਜ਼ੇ 'ਤੇ ਕਰੈਨ ਨਾਲ ਬਹਿਸ ਕਰਦਾ ਵਿਖਾਈ ਦੇ ਰਿਹਾ ਹੈ। ਪੁਲਿਸ ਮੁਤਾਬਕ ਗਰਮ ਕੌਫੀ ਸੁੱਟੇ ਜਾਣ ਤੇ ਘਸੁੰਨ ਮੁੱਕੀ ਕਰ ਕੇ ਪੀੜਤ ਦੇ ਸਰੀਰ ਤੇ ਮੂੰਹ 'ਤੇ ਸੱਟਾਂ ਦੇ ਨਿਸ਼ਾਨ ਹਨ। ਇਸ ਦੌਰਾਨ ਮੁਲਜ਼ਮ ਨੇ ਪੁਲਿਸ ਨੂੰ ਦੱਸਿਆ ਕਿ ਉਹ 'ਮੁਸਲਮਾਨਾਂ ਨੂੰ ਨਫਰਤ' ਕਰਦਾ ਹੈ ਤੇ ਉਸ ਨੇ ਸਿੱਖ ਕਲਰਕ 'ਤੇ ਇਸੇ ਭੁਲੇਖੇ 'ਚ ਹਮਲਾ ਕੀਤਾ ਸੀ।

## ਵਿਜੀਲੈਂਸ ਦੀ ਢਿੱਲ ਕਾਰਨ ਕੋਲਿਆਂਵਾਲੀ ਨੂੰ ਮਿਲੀ ਰਾਹਤ

**ਮੁਹਾਲੀ:** ਅਦਾਲਤ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਅਧੀਨ ਸੇਵਾਵਾਂ ਬੋਰਡ ਦੇ ਸਾਬਕਾ ਮੈਂਬਰ ਅਤੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਲਿਮਟਿਡ ਦੇ ਸਾਬਕਾ ਚੇਅਰਮੈਨ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨੂੰ ਰਾਹਤ ਦਿੰਦਿਆਂ ਉਨ੍ਹਾਂ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਉਹ ਕਰੀਬ ਦੋ ਮਹੀਨੇ ਤੋਂ ਨਿਆਇਕ ਹਿਰਾਸਤ ਅਧੀਨ ਨਵੀਂ ਜੇਲ੍ਹ ਨਾਭਾ ਵਿਚ ਬੰਦ ਹਨ।



ਜਥੇਦਾਰ ਕੋਲਿਆਂਵਾਲੀ ਨੇ ਵਕੀਲਾਂ ਰਾਹੀਂ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵਿਚ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਸੀ।

ਅਰਜ਼ੀ 'ਤੇ ਸੁਣਵਾਈ ਦੌਰਾਨ ਜੱਜ ਨੇ ਵੱਖ ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਜਥੇਦਾਰ ਦੀ ਜ਼ਮਾਨਤ ਮਨਜ਼ੂਰ ਕਰ ਲਈ। ਦੱਸਿਆ ਗਿਆ ਹੈ ਕਿ ਵਿਜੀਲੈਂਸ ਦੀ ਜਾਂਚ ਟੀਮ ਹੁਣ ਤੱਕ ਅਦਾਲਤ ਵਿਚ ਜਥੇਦਾਰ ਖਿਲਾਫ ਚਲਾਨ ਪੇਸ਼ ਨਹੀਂ ਕਰ ਸਕੀ ਹੈ, ਜਿਸ ਕਾਰਨ ਜਥੇਦਾਰ ਜ਼ਮਾਨਤ ਲੈਣ ਵਿਚ ਸਫਲ ਹੋ ਗਏ। ਅਦਾਲਤੀ ਸੂਤਰਾਂ ਦਾ ਕਹਿਣਾ ਹੈ ਕਿ ਕਈ ਮਾਮਲਿਆਂ ਵਿਚ ਮੁਲਜ਼ਮਾਂ ਖਿਲਾਫ ਦਰਜ ਕਈ ਕੇਸਾਂ ਵਿਚ 60 ਦਿਨਾਂ ਅਤੇ ਕਈ ਕੇਸਾਂ ਵਿਚ 90 ਦਿਨਾਂ ਵਿਚ ਚਲਾਨ ਪੇਸ਼ ਕਰਨਾ ਹੁੰਦਾ ਹੈ। ਜਥੇਦਾਰ ਖਿਲਾਫ ਦੋਸ਼ਾਂ ਸਬੰਧੀ 60 ਦਿਨਾਂ ਵਿਚ ਚਲਾਨ ਪੇਸ਼ ਕਰਨਾ ਬਣਦਾ ਸੀ ਪਰ ਵਿਜੀਲੈਂਸ ਚਲਾਨ ਪੇਸ਼ ਕਰਨ ਤੋਂ ਫਾਡੀ ਰਹਿ ਗਈ। ਇਸ ਸਬੰਧੀ ਵਿਜੀਲੈਂਸ ਦੇ ਐਸ.ਐਸ.ਪੀ. ਅਸ਼ੋਕ ਬਾਠ ਨੇ ਦੱਸਿਆ ਕਿ ਜਥੇਦਾਰ ਕੋਲਿਆਂਵਾਲੀ ਖਿਲਾਫ ਚਲਾਨ ਪੇਸ਼ ਕਰਨ ਨੂੰ ਹਾਲੇ ਸਮਾਂ ਬਾਕੀ ਹੈ ਅਤੇ ਮੁਲਜ਼ਮ ਦੀ ਗ੍ਰਿਫਤਾਰੀ ਤੋਂ ਬਾਅਦ 90 ਦਿਨਾਂ ਦੇ ਅੰਦਰ ਅੰਦਰ ਚਲਾਨ ਪੇਸ਼ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਅਕਾਲੀ ਜਥੇਦਾਰ ਵਿਰੁੱਧ ਬੀਤੀ ਪਹਿਲੀ ਜੁਲਾਈ ਨੂੰ ਵਿਜੀਲੈਂਸ ਥਾਣਾ ਮੁਹਾਲੀ ਵਿਚ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਵਿਜੀਲੈਂਸ ਅਨੁਸਾਰ ਸਾਲ 2009 ਤੋਂ ਸਾਲ 2014 ਦੇ ਸਮੇਂ ਦੌਰਾਨ ਉਕਤ ਮੁਲਜ਼ਮ ਵੱਲੋਂ ਵੱਖ ਵੱਖ ਪ੍ਰਮੁੱਖ ਅਹੁਦਿਆਂ 'ਤੇ ਰਹਿੰਦਿਆਂ ਜਾਇਦਾਦ ਬਣਾਉਣ ਸਬੰਧੀ ਪੜਤਾਲ ਕੀਤੀ ਗਈ ਅਤੇ ਜਥੇਦਾਰ ਕੋਲਿਆਂਵਾਲੀ ਵੱਲੋਂ ਆਪਣੇ ਜਾਣੂ ਵਸੀਲਿਆਂ ਤੋਂ ਪ੍ਰਾਪਤ ਕੁੱਲ ਆਮਦਨ ਨਾਲੋਂ 1.71 ਕਰੋੜ ਰੁਪਏ ਦਾ ਵੱਧ ਖਰਚਾ ਕੀਤਾ ਗਿਆ, ਜੋ ਕਿ ਅਸਲ ਆਮਦਨ ਨਾਲੋਂ ਤਕਰੀਬਨ 71 ਫੀਸਦੀ ਵੱਧ ਬਣਦਾ ਹੈ। ਇਸ ਸਬੰਧੀ ਜਥੇਦਾਰ ਵੱਲੋਂ 50 ਹਜ਼ਾਰ ਮੁਚੱਲਕਾ ਭਰਿਆ ਗਿਆ ਹੈ।

## ਪੀ. ਏ. ਯੂ. ਦੇ ਬਾਗਬਾਨੀ ਵਿਭਾਗ ਦੇ ਸਾਬਕਾ ਮੁਖੀ ਡਾ. ਨਿੱਝਰ ਨਹੀਂ ਰਹੇ

**ਸੈਨ ਹੋਜੇ (ਬਿਊਰੋ):** ਪੰਜਾਬ ਦੇ ਸਾਬਕਾ ਬਾਗਬਾਨੀ ਨਿਰਦੇਸ਼ਕ ਅਤੇ ਪੰਜਾਬ ਖੇਤੀ ਯੂਨੀਵਰਸਿਟੀ (ਪੀ. ਏ. ਯੂ.), ਲੁਧਿਆਣਾ ਦੇ ਬਾਗਬਾਨੀ ਵਿਭਾਗ ਦੇ ਸਾਬਕਾ ਮੁਖੀ ਤੇ ਪ੍ਰੋਫੈਸਰ ਡਾ. ਗੁਰਦੇਵ ਸਿੰਘ ਨਿੱਝਰ ਲੰਘੀ 12 ਫਰਵਰੀ ਨੂੰ ਸੈਨ ਹੋਜੇ ਵਿਖੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹ 90 ਵਰਿਆਂ ਦੇ ਹੋ ਕੇ ਵੀ ਤੰਦਰੁਸਤ ਸਨ ਅਤੇ ਅਚਾਨਕ ਹਾਰਟ ਫੇਲ ਹੋਣ ਕਰਕੇ ਚਲਾਣਾ ਕਰ ਗਏ। ਉਹ ਆਪਣੇ ਪਿਛੇ ਚਾਰ ਪੁੱਤਰ ਅਤੇ ਪੋਤੇ-ਪੋਤਰੀਆਂ ਤੇ ਪੜਪੋਤੇ-ਪੜਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ 1988 ਵਿਚ ਪੀ. ਏ. ਯੂ. ਤੋਂ ਸੇਵਾ ਮੁਕਤ ਹੋਣ ਪਿਛੋਂ ਇਥੇ ਆਪਣੇ ਪੁੱਤਰਾਂ ਪਾਸ ਰਹਿੰਦੇ ਸਨ। ਉਨ੍ਹਾਂ ਦੀ ਜੀਵਨ ਸਾਥਣ ਕੁਝ ਸਾਲ ਪਹਿਲਾਂ ਚਲਾਣਾ ਕਰ ਗਏ ਸਨ। ਜ਼ਿਕਰਯੋਗ ਹੈ ਕਿ ਡਾ. ਨਿੱਝਰ ਸ਼ਿਕਾਗੋ ਦੀ ਇਕ ਸਰਗਰਮ ਹਸਤੀ ਅਤੇ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਗੁਰਦਿਆਲ ਸਿੰਘ ਬਸਰਾਨ ਦੀ ਨੂੰਹ ਡਾ. ਨਵਜੀਤ ਕੌਰ ਬਸਰਾਨ ਦੇ ਮਾਸੜ ਜੀ ਸਨ। ਡਾ. ਨਿੱਝਰ ਗੁਰਦੁਆਰਾ ਸੈਨ ਹੋਜੇ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ ਦੇ ਰਿਸ਼ਤੇਦਾਰ ਸਨ।

ਡਾ. ਗੁਰਦੇਵ ਸਿੰਘ ਨਿੱਝਰ ਦਾ ਅੰਤਿਮ ਸਸਕਾਰ 19 ਫਰਵਰੀ, ਮੰਗਲਵਾਰ ਨੂੰ ਹੇਵਰਡ, ਕੈਲੀਫੋਰਨੀਆ ਵਿਖੇ ਕਰ ਦਿੱਤਾ ਗਿਆ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜੇ ਵਿਖੇ ਹੋਈ।

ਡਾ. ਨਿੱਝਰ ਦਾ ਜਨਮ 15 ਦਸੰਬਰ 1928 ਨੂੰ ਮਿੰਟਗੁਮਰੀ, ਪਾਕਿਸਤਾਨ ਵਿਚ ਹੋਇਆ। ਉਨ੍ਹਾਂ ਬੀ. ਐਸਸੀ. 1948 ਵਿਚ ਪੰਜਾਬ ਯੂਨੀਵਰਸਿਟੀ ਤੋਂ ਕੀਤੀ ਅਤੇ ਇਸ ਪਿਛੋਂ ਮਾਸਟਰ ਡਿਗਰੀ 1957 ਵਿਚ ਇਡਾਹੋ ਯੂਨੀਵਰਸਿਟੀ ਤੋਂ ਕੀਤੀ। ਉਨ੍ਹਾਂ ਪੀਐਚ. ਡੀ. 1959 ਵਿਚ ਫਲੋਰਿਡਾ ਯੂਨੀਵਰਸਿਟੀ (ਅਮਰੀਕਾ) ਤੋਂ ਕੀਤੀ। ਰਾਜ ਖੇਤੀਬਾੜੀ ਵਿਭਾਗ ਵਿਚ ਉਹ 1951-55 ਤੱਕ ਖੇਤੀ ਇੰਸਪੈਕਟਰ ਅਤੇ ਆਈ. ਏ. ਆਰ. ਆਈ., ਨਵੀਂ ਦਿੱਲੀ ਵਿਚ 1960-61 ਦੌਰਾਨ ਸੀਨੀਅਰ ਖੋਜ ਸਹਿਯੋਗੀ ਰਹੇ। 1963 ਵਿਚ ਡਾ. ਨਿੱਝਰ ਸਹਿਯੋਗੀ ਪ੍ਰੋਫੈਸਰ ਵਜੋਂ ਪੀ. ਏ. ਯੂ. ਦਾ ਹਿੱਸਾ ਬਣੇ ਅਤੇ 1974 ਵਿਚ ਬਾਗਬਾਨੀ ਵਿਭਾਗ ਦੇ ਮੁਖੀ ਬਣੇ। 1982-86 ਤੱਕ ਉਨ੍ਹਾਂ ਨੇ ਨਿਰਦੇਸ਼ਕ ਬਾਗਬਾਨੀ ਪੰਜਾਬ ਦਾ ਕਾਰਜਭਾਰ ਸੰਭਾਲਿਆ। ਉਨ੍ਹਾਂ ਫਲਾਂ ਦੀ ਕਾਸ਼ਤ ਬਾਰੇ ਦੋ



ਕਿਤਾਬਾਂ ਤੋਂ ਇਲਾਵਾ ਬਹੁਤ ਸਾਰੇ ਖੋਜ ਪੱਤਰ ਵੀ ਲਿਖੇ।

ਪੀ. ਏ. ਯੂ. ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੇ ਉਨ੍ਹਾਂ ਦੀ ਖੋਜ ਅਤੇ ਅਧਿਆਪਨ ਦੇ ਖੇਤਰ ਵਿਚ ਦੇਣ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਖੇਤਰਾਂ ਵਿਚ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਡਾ. ਨਿੱਝਰ ਦੇ ਕਈ ਵਿਦਿਆਰਥੀ ਸਿਖਰਲੇ ਅਹੁਦਿਆਂ ਤੱਕ ਪਹੁੰਚੇ ਅਤੇ ਉਨ੍ਹਾਂ ਵਿਚੋਂ ਕੁਝ ਤਾਂ ਵੱਖ-ਵੱਖ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਵੀ ਹਨ। ਖੇਤਰੀ ਫਲ ਖੋਜ ਕੇਂਦਰ ਦੀ ਸਥਾਪਨਾ, ਉਸ ਦੀ ਮਜ਼ਬੂਤੀ ਅਤੇ ਕਈ ਬਾਗਬਾਨੀ ਫਸਲਾਂ ਦੀ ਖੋਜ ਡਾ. ਗੁਰਦੇਵ ਸਿੰਘ ਨਿੱਝਰ ਦਾ ਸੁਪਨਾ ਸੀ। ਇੱਕ ਵਿਗਿਆਨੀ ਦੇ ਤੌਰ 'ਤੇ ਉਨ੍ਹਾਂ ਨੇ ਫਲਾਂ ਦੀ ਪੌਸ਼ਟਿਕਤਾ ਅਤੇ ਸਿੰਚਾਈ ਪ੍ਰਬੰਧ ਬਾਰੇ ਬਹੁਤ ਅਹਿਮ ਕਾਰਜ ਕੀਤਾ। ਪੰਜਾਬ ਦੇ ਬਾਗਬਾਨੀ ਨਿਰਦੇਸ਼ਕ ਹੁੰਦਿਆਂ ਉਨ੍ਹਾਂ ਨੇ ਪਸਾਰ ਸਬੰਧੀ ਵਿਸ਼ੇਸ਼ ਰੁਚੀ ਦਿਖਾਈ। ਪੰਜਾਬ ਰਾਜ ਬਾਗਬਾਨੀ ਸੁਸਾਇਟੀ ਦੇ ਉਹ ਮੋਢੀ ਪ੍ਰਧਾਨ ਸਨ। ਉਨ੍ਹਾਂ ਦੀ ਅਗਵਾਈ ਹੇਠ ਆੜੂਆਂ ਦੀ ਪੈਦਾਵਾਰ ਸਬੰਧੀ ਹੋਈ ਖੋਜ ਦੌਰਾਨ ਆੜੂ ਦੀਆਂ ਕਈ ਕਿਸਮਾਂ ਦਾ ਵਿਕਾਸ ਹੋਇਆ, ਜਿਨ੍ਹਾਂ ਵਿਚ ਫਲੋਰਡਾਸਨ, ਸ਼ਾਨ-ਏ-ਪੰਜਾਬ, ਸਨ ਰੈਡ ਅਤੇ ਫਲੋਰਡਾਰੈਡ ਸ਼ਾਮਲ ਹਨ।

ਪੀ. ਏ. ਯੂ. ਵਿਖੇ ਡਾ. ਨਿੱਝਰ ਦੇ ਚਲਾਣੇ 'ਤੇ ਇੱਕ ਸ਼ੋਕ ਸਭਾ ਹੋਈ, ਜਿਸ ਵਿਚ ਪੀ. ਏ. ਯੂ. ਦੇ ਰਜਿਸਟਰਾਰ ਡਾ. ਰਾਜਿੰਦਰ ਸਿੰਘ ਸਿੱਧੂ, ਨਿਰਦੇਸ਼ਕ ਖੋਜ ਡਾ. ਨਵਤੇਜ ਬੈਂਸ, ਡੀਨ ਕਾਲਜ ਆਫ ਐਗਰੀਕਲਚਰ ਡਾ. ਐਸ. ਐਸ. ਕੁੱਕਲ, ਐਡੀਸ਼ਨਲ ਡਾਇਰੈਕਟਰ ਖੋਜ, ਐਡੀਸ਼ਨਲ ਡਾਇਰੈਕਟਰ ਪਸਾਰ ਸਿੱਖਿਆ, ਵਿਭਾਗਾਂ ਦੇ ਮੁਖੀ ਅਤੇ ਹੋਰ ਫੈਕਲਟੀ ਮੈਂਬਰ ਸ਼ਾਮਿਲ ਹੋਏ। ਖੇਤੀ ਕਾਲਜ ਦੇ ਡੀਨ ਡਾ. ਐਸ. ਐਸ. ਕੁੱਕਲ ਨੇ ਸ਼ੋਕ ਮਤਾ ਪੜ੍ਹਿਆ।

ਪੀ. ਏ. ਯੂ. ਦੇ ਸਾਬਕਾ ਕੋਰਡੀਨੇਟਰ ਰਿਸਰਚ ਇੰਜੀਨੀਅਰਿੰਗ ਡਾ. ਚਰਨਜੀਤ ਸਿੰਘ ਪੰਨੂੰ ਨੇ ਡਾ. ਨਿੱਝਰ ਦੀ ਮੌਤ ਬਾਰੇ ਸੋਗ ਪ੍ਰਗਟ ਕਰਦਿਆਂ ਉਨ੍ਹਾਂ ਦੀ ਖੋਜ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਯਾਦ ਕੀਤਾ।

ਪਰਿਵਾਰ ਨਾਲ ਸੰਪਰਕ ਅਮਰਜੀਤ ਨਿੱਝਰ ਫੋਨ: 510-508-0097, ਮਨਜੀਤ ਨਿੱਝਰ 408-224-1081, ਬਰਿੰਦਰ ਨਿੱਝਰ 408-348-0303 ਅਤੇ ਭੁਪਿੰਦਰ ਸਿੰਘ ਢਿੱਲੋਂ ਨਾਲ ਫੋਨ: 408-568-0034 ਰਾਹੀਂ ਕੀਤਾ ਜਾ ਸਕਦਾ ਹੈ।

## ਪੰਜ ਮੁਲਕਾਂ ਦੀ ਯਾਤਰਾ 'ਤੇ ਨਿਕਲੇ ਨੌਜਵਾਨ ਮਿਆਂਮਾਰ ਪੁੱਜੇ

**ਸ੍ਰੀ ਮੁਕਤਸਰ ਸਾਹਿਬ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਲੈ ਕੇ ਵਿਸ਼ਵ ਦੇ ਪੰਜ ਮੁਲਕਾਂ ਦੀ ਯਾਤਰਾ 'ਤੇ ਮੁਕਤਸਰ ਦੇ ਜਗਜੀਤ ਸਿੰਘ ਮਾਨ ਦੀ ਅਗਵਾਈ ਹੇਠ ਤੁਰੇ ਅੱਠ ਮੋਟਰਸਾਈਕਲ ਸਵਾਰਾਂ ਦਾ ਜਥਾ ਮਿਆਂਮਾਰ ਪੁੱਜ ਗਿਆ ਹੈ। ਇਥੋਂ ਉਹ ਥਾਈਲੈਂਡ ਤੇ ਮਲੇਸ਼ੀਆ ਹੁੰਦੇ ਹੋਏ ਸਿੰਗਾਪੁਰ ਜਾਣਗੇ ਜਦਕਿ ਵਾਪਸੀ 'ਤੇ ਭੂਟਾਨ ਤੇ ਨੇਪਾਲ ਦਾ ਦੌਰਾ ਵੀ ਕਰਨਗੇ।

ਨਹਿਰੂ ਯੁਵਾ ਕੇਂਦਰ ਨਾਲ ਜੁੜੇ ਜਗਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜਥਾ 26 ਜਨਵਰੀ ਨੂੰ ਬਠਿੰਡਾ ਤੋਂ ਤੁਰਿਆ ਸੀ। ਖੇਡ ਮੰਤਰੀ ਗੁਰਮੀਤ ਸਿੰਘ ਰਾਣਾ ਸੋਢੀ, ਬਿਜਲੀ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਨੇ ਉਨ੍ਹਾਂ ਨੂੰ ਯਾਤਰਾ ਲਈ ਸ਼ੁੱਭ ਇੱਛਾਵਾਂ ਦਿੱਤੀਆਂ ਸਨ। ਜਥੇ ਵਿਚ ਗੁਰਪ੍ਰੇਮ ਲਹਿਰੀ, ਰਘੁਬੀਰ ਸਿੰਘ ਖਹਿਰਾ, ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੁਖਮੰਦਰ ਸਿੰਘ ਚੱਠਾ, ਜਸਵੰਤ ਸਿੰਘ, ਜਸਪਾਲ ਸਿੰਘ ਸ਼ਾਮਲ ਹਨ। ਇਹ ਯਾਤਰਾ ਕਰੀਬ ਸਵਾ ਮਹੀਨੇ ਦੀ ਹੋਵੇਗੀ। ਜਗਜੀਤ ਸਿੰਘ ਨੇ ਦੱਸਿਆ ਕਿ ਔਰਤਾਂ ਨੂੰ ਬਰਾਬਰ ਹੱਕ ਦੇਣ ਦੇ ਮਾਮਲੇ 'ਚ ਮਿਆਂਮਾਰ ਮਿਸਾਲ ਹੈ।


ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ


ਸੰਪਰਕ ਕਰੋ: ਸੰਨੀ
ਫੋਨ: 608-630-0287

8-11

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ


Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਨਕੋਦਰ ਬੇਅਦਬੀ ਕਾਂਡ: ਜਾਂਚ ਰਿਪੋਰਟ ਵਿਚ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ

**ਜਲੰਧਰ:** ਨਕੋਦਰ ਬੇਅਦਬੀ ਕਾਂਡ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਵਿਚ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਉਠਾਏ ਗਏ ਹਨ। 33 ਸਾਲ ਪਹਿਲਾਂ ਵਾਪਰੇ ਇਸ ਕਾਂਡ ਦੀ ਰਿਪੋਰਟ ਨੂੰ ਜਨਤਕ ਕਰਨ ਦੀ ਮੰਗ ਪੀੜਤ ਪਰਿਵਾਰਾਂ ਵੱਲੋਂ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਕੀਤੀ ਜਾ ਰਹੀ ਸੀ।

ਨਕੋਦਰ ਬੇਅਦਬੀ ਕਾਂਡ ਬਾਰੇ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਬਣੇ ਦਬਾਅ ਦੇ ਚੱਲਦਿਆਂ ਇਹ ਖੁਲਾਸਾ ਹੋਇਆ ਕਿ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਹੋਇਆਂ ਇਹ ਰਿਪੋਰਟ ਮਾਰਚ 2001 ਵਿਚ ਵਿਧਾਨ ਸਭਾ 'ਚ ਰੱਖ ਦਿੱਤੀ ਗਈ ਸੀ। ਪਰ ਇਸ ਰਿਪੋਰਟ ਉਤੇ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਰਿਪੋਰਟ ਅਨੁਸਾਰ ਪੁਲਿਸ ਦੀ ਕਾਰਗੁਜ਼ਾਰੀ ਉਸੇ ਤਰ੍ਹਾਂ ਸ਼ੱਕੀ ਨਜ਼ਰ ਆਈ ਜਿਸ ਤਰ੍ਹਾਂ ਬਹਿਬਲ ਕਲਾਂ 'ਚ ਨਜ਼ਰ ਆਈ ਸੀ। ਜਸਟਿਸ ਗੁਰਨਾਮ ਸਿੰਘ ਉਸ ਵੇਲੇ ਇਸ ਰਿਪੋਰਟ ਦੇ ਨਾਲ-ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੋਈ ਮੌਤ ਬਾਰੇ ਵੀ ਜਾਂਚ ਕਰ ਰਹੇ ਸਨ। ਜਸਟਿਸ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਦੇ ਸਫਾ ਨੰਬਰ 49 'ਤੇ ਲਿਖਿਆ ਹੈ ਕਿ ਪੁਲਿਸ ਦੇ ਗੋਲੀਆਂ ਚਲਾਉਣ ਤੋਂ ਬਾਅਦ ਵੀ ਪੁਲਿਸ ਅਧਿਕਾਰੀ ਏਕੇ ਸ਼ਰਮਾ ਨੇ ਜ਼ਿਲ੍ਹਾ ਮੈਜਿਸਟਰੇਟ ਨੂੰ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਜਦਕਿ ਉਸ ਵੇਲੇ ਜ਼ਿਲ੍ਹਾ ਮੈਜਿਸਟਰੇਟ ਉਨ੍ਹਾਂ ਕੋਲੋਂ ਇਕ ਕਿਲੋਮੀਟਰ ਹੀ ਦੂਰ ਸਨ। ਹਾਲਾਤ ਇਹ ਦਰਸਾਉਂਦੇ ਹਨ ਕਿ ਭੀੜ ਹਿੰਸਕ ਨਹੀਂ ਸੀ।



ਭੀੜ ਵਿਚ ਸ਼ਾਮਲ ਲੋਕਾਂ ਦਾ ਮੰਤਵ ਗੁਰਦੁਆਰੇ ਜਾਣਾ ਸੀ ਕਿਉਂ ਜੋ ਉਨ੍ਹਾਂ ਨੇ ਪਵਿੱਤਰ ਬੀੜਾਂ ਦਾ ਸਾੜਿਆ ਜਾਣਾ ਧਾਰਮਿਕ ਬੇਅਦਬੀ ਦੀ ਕਾਰਵਾਈ ਸਮਝਿਆ ਸੀ। ਜਸਟਿਸ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਵਿਚ ਪੁਲਿਸ ਵੱਲੋਂ ਕੀਤੇ ਇਸ ਦਾਅਵੇ ਨੂੰ ਵੀ ਝੁਠਲਾਇਆ ਹੈ ਕਿ ਭੀੜ ਕੋਲੋਂ ਦੋ ਪਿਸਤੌਲ ਤੇ ਹੋਰ ਮਾਰੂ ਹਥਿਆਰ ਬਰਾਮਦ ਹੋਏ ਸਨ। ਉਨ੍ਹਾਂ ਆਪਣੀ ਰਿਪੋਰਟ 'ਚ ਸਵਾਲ ਖੜ੍ਹਾ ਕੀਤਾ ਕਿ ਜਿਸ ਇੰਸਪੈਕਟਰ ਜਸਵੰਤ ਸਿੰਘ ਦੇ ਗੋਲੀ ਲੱਗਣ ਦਾ ਦਾਅਵਾ ਕੀਤਾ ਗਿਆ ਸੀ, ਉਸ ਗੋਲੀ ਦੀ ਫੋਰੈਂਸਿਕ ਜਾਂਚ ਕਿਉਂ ਨਹੀਂ ਕਰਵਾਈ ਗਈ? ਸਿਰਫ ਇਹ ਕਹਿ ਦੇਣਾ ਕਿ ਜ਼ਖਮ ਵਿਚੋਂ ਛਰ੍ਹੇ ਵਰਗੀ ਚੀਜ਼ ਨਿਕਲੀ ਹੈ, ਹਨੇਰੇ ਵਿਚ ਰੱਖਣ ਵਾਲੀ ਗੱਲ ਹੈ ਤੇ ਸ਼ੱਕ ਪੈਦਾ ਕਰਦੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੁਲਿਸ ਨੇ ਜਿਹੜੇ ਵਿਅਕਤੀ ਗ੍ਰਿਫਤਾਰ ਕੀਤੇ ਸਨ, ਉਨ੍ਹਾਂ ਨੂੰ ਕੇਵਲ ਲਾਠੀਆਂ ਤੇ ਤਲਵਾਰਾਂ ਨਾਲ ਲੈਸ ਹੀ ਦੱਸਿਆ ਗਿਆ ਸੀ। ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਭੀੜ ਵਾਲੇ ਵਿਅਕਤੀ ਭੱਜਦੇ ਸਮੇਂ ਘਟਨਾ ਵਾਲੇ ਥਾਂ 'ਤੇ ਦੇਸੀ ਪਿਸਤੌਲ ਤੇ ਖਾਲੀ ਕਾਰਤੂਸ ਛੱਡ ਗਏ ਸਨ। ਜਿਹੜੇ ਹੋਰ ਪੁਲਿਸ ਵਾਲਿਆਂ ਦੇ ਸੱਟਾਂ ਲੱਗਣ ਦਾ ਦਾਅਵਾ ਕੀਤਾ ਗਿਆ ਸੀ, ਉਨ੍ਹਾਂ ਬਾਰੇ ਡਾਕਟਰ ਦੀ ਰਿਪੋਰਟ ਅਨੁਸਾਰ ਇਹ ਸੱਟ ਡਿੰਗਣ ਨਾਲ ਜਾਂ ਲਾਠੀ ਲੱਗਣ ਨਾਲ ਹੋ ਸਕਦੀ ਹੈ। ਇਹ ਵੀ ਕੋਈ ਗੰਭੀਰ ਸੱਟਾਂ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜ਼ਖਮੀ ਪੁਲਿਸ ਅਧਿਕਾਰੀਆਂ ਦੀਆਂ ਚੋਟਾਂ ਲਾਠੀਆਂ ਨਾਲ ਲੱਗੀਆਂ ਨਹੀਂ ਹੋ ਸਕਦੀਆਂ ਕਿਉਂਕਿ ਜਦੋਂ ਗੋਲੀ ਚਲਾਉਣ ਦਾ ਹੁਕਮ ਦਿੱਤਾ ਗਿਆ ਸੀ ਤੇ ਹੋਰ ਅੱਥਰੂ ਗੈਸ ਗੋਲੇ ਸੁੱਟੇ ਸਨ ਤਾਂ ਭੀੜ ਅਤੇ ਸੁਰੱਖਿਆ ਬਲਾਂ ਵਿਚ ਫਾਸਲਾ 15 ਤੋਂ 20 ਗਜ਼ ਦਾ ਸੀ। ਰਿਪੋਰਟ ਵਿਚ ਪੁਲਿਸ ਦੇ ਇਸ ਦਾਅਵੇ ਨੂੰ ਵੀ ਝੁਠਲਾਇਆ ਗਿਆ ਹੈ ਕਿ ਭੀੜ ਕੋਲ ਇੱਟਾਂ-ਰੋੜੇ ਸਨ।

# ਰਾਜੋਆਣਾ ਤੇ ਹਵਾਰਾ ਵਿਚ ਖੜਕੀ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਇਸੇ ਹੀ ਕੇਸ ਵਿਚ ਤਾਉਮਰ ਕੈਦ ਅਧੀਨ ਤਿਹਾੜ ਜੇਲ੍ਹ,



ਦਿੱਲੀ ਵਿਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨੂੰ ਏਜੰਸੀਆਂ ਦਾ ਹੱਥ ਠੋਕਾ ਕਰਾਰ ਦਿੱਤਾ ਹੈ। ਹਵਾਰਾ ਵੱਲੋਂ ਬਣਾਈ ਗਈ ਕਮੇਟੀ ਵੱਲੋਂ ਰਾਜੋਆਣਾ ਦੀ ਰਿਹਾਈ ਲਈ ਯਤਨ ਕਰਨ ਦੇ ਉਲੀਕੇ ਪ੍ਰੋਗਰਾਮਾਂ 'ਤੇ ਟਿੱਪਣੀ ਕਰਦਿਆਂ ਰਾਜੋਆਣਾ ਨੇ ਕਿਹਾ ਕਿ ਅਜਿਹੀ ਕਮੇਟੀ ਨੂੰ ਉਸ ਦੀ ਰਿਹਾਈ ਲਈ ਯਤਨ ਕਰਨ ਦੀ ਕੋਈ ਲੋੜ ਨਹੀਂ। ਉਹ ਨਹੀਂ ਚਾਹੁੰਦੇ ਕਿ ਅਜਿਹੇ ਅਖੌਤੀ ਜਥੇਦਾਰ ਵੱਲੋਂ ਬਣਾਈ ਗਈ ਕਮੇਟੀ ਉਨ੍ਹਾਂ ਲਈ ਕੋਈ ਚਾਰਾਜੋਈ ਕਰੇ। ਉਨ੍ਹਾਂ ਦੀ ਸਜ਼ਾ ਸਬੰਧੀ ਆਉਣ ਵਾਲਾ ਕੋਈ ਵੀ ਫੈਸਲਾ ਉਸ ਨੂੰ ਮਨਜ਼ੂਰ ਹੋਵੇਗਾ।

ਆਪਣੀ ਭੈਣ ਕਮਲਦੀਪ ਕੌਰ ਨਾਲ ਮੁਲਾਕਾਤ ਦੌਰਾਨ ਪਟਿਆਲਾ ਜੇਲ੍ਹ ਵਿਚੋਂ ਮੀਡੀਆ ਦੇ ਨਾਂ ਭੇਜੇ ਗਏ ਪ੍ਰੈਸ ਬਿਆਨ ਵਿਚ ਰਾਜੋਆਣਾ ਨੇ ਹਵਾਰਾ ਦੀ ਕੁਝ ਹੋਰ ਪੱਖਾਂ ਤੋਂ ਵੀ ਆਲੋਚਨਾ ਕੀਤੀ। ਜ਼ਿਕਰਯੋਗ ਹੈ ਕਿ 31 ਅਗਸਤ 1995 ਨੂੰ ਵਾਪਰੇ ਬੇਅੰਤ ਸਿੰਘ ਕਤਲ ਕਾਂਡ ਸਬੰਧੀ ਰਾਜੋਆਣਾ ਤੇ ਹਵਾਰਾ ਨੂੰ ਇਕੱਠਿਆਂ ਹੀ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ ਪਰ ਰਾਜੋਆਣਾ ਨੇ ਇਸ ਖਿਲਾਫ ਅਗਲੇਰੀ ਅਦਾਲਤ ਵਿਚ ਅਪੀਲ ਨਹੀਂ ਸੀ ਪਾਈ ਜਦਕਿ ਹਵਾਰਾ ਵੱਲੋਂ ਦਾਇਰ ਕੀਤੀ ਅਪੀਲ ਦੇ ਆਧਾਰ 'ਤੇ ਸੁਪਰੀਮ ਕੋਰਟ ਨੇ ਉਸ ਦੀ ਫਾਂਸੀ ਦੀ ਸਜ਼ਾ ਤੋੜ ਕੇ ਤਾਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਕੁਝ ਸਾਲ ਪਹਿਲਾਂ ਜਦੋਂ ਰਾਜੋਆਣਾ ਨੂੰ ਫਾਂਸੀ ਦੇਣ ਦੇ ਹੁਕਮ ਜਾਰੀ ਹੋਏ ਸਨ, ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕਰਕੇ ਫਾਂਸੀ ਦੀ ਸਜ਼ਾ ਮੁਆਫ ਕਰਨ 'ਤੇ ਜ਼ੋਰ ਦਿੱਤਾ ਸੀ। ਉਦੋਂ ਰਾਸ਼ਟਰਪਤੀ ਨੇ ਫਾਂਸੀ ਉਤੇ ਰੋਕ ਲਾ ਕੇ ਫਾਈਲ ਗ੍ਰਹਿ ਵਿਭਾਗ ਕੋਲ ਭੇਜ ਦਿੱਤੀ ਸੀ ਪਰ ਇਹ ਕੇਸ ਉਦੋਂ ਤੋਂ ਹੀ ਪੈਂਡਿੰਗ ਪਿਆ ਹੈ।

## ਜਲ੍ਹਿਆਂਵਾਲਾ ਸਾਕੇ ਬਾਰੇ ਨਾਨਕ ਸਿੰਘ ਦੀ ਕਵਿਤਾ ਦਾ ਅੰਗਰੇਜ਼ੀ 'ਚ ਅਨੁਵਾਦ

**ਨਵੀਂ ਦਿੱਲੀ:** ਉੱਘੇ ਪੰਜਾਬੀ ਲੇਖਕ ਨਾਨਕ ਸਿੰਘ ਵੱਲੋਂ ਜਲ੍ਹਿਆਂਵਾਲੇ ਬਾਗ ਕਤਲੇਆਮ 'ਤੇ ਲਿਖੀ ਕਵਿਤਾ, ਜਿਸ 'ਤੇ ਬਰਤਾਨਵੀ ਸਰਕਾਰ ਨੇ 1920 ਵਿਚ ਪ੍ਰਕਾਸ਼ਿਤ ਹੋਣ ਤੋਂ ਫੌਰੀ ਬਾਅਦ ਪਾਬੰਦੀ ਲਾ ਦਿੱਤੀ ਸੀ, ਨੂੰ ਹੁਣ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਗਿਆ ਹੈ।

13 ਅਪਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿਚ ਵਾਪਰੇ ਇਸ ਸਾਕੇ ਦੌਰਾਨ ਨਾਨਕ ਸਿੰਘ ਉਥੇ ਮੌਜੂਦ ਸਨ। 22 ਵਰ੍ਹਿਆਂ ਦੇ ਲੇਖਕ ਨੇ ਉਦੋਂ ਇਸ ਭਾਣੇ ਨੂੰ ਅੱਖੀਂ ਵਾਪਰਦਿਆਂ ਵੇਖਿਆ ਸੀ। ਇਸ ਦੁਖਦਾਈ ਤਜਰਬੇ 'ਚੋਂ ਲੰਘਣ ਮਗਰੋਂ ਨਾਨਕ ਸਿੰਘ ਨੇ 'ਖੂਨੀ ਵਿਸਾਖੀ' ਨਾਂ ਦੀ ਲੰਮੀ ਕਵਿਤਾ ਲਿਖੀ, ਜਿਸ ਵਿਚ ਉਨ੍ਹਾਂ ਕਤਲੇਆਮ ਤਕ ਦੇ ਸਿਆਸੀ ਘਟਨਾਕ੍ਰਮ ਅਤੇ ਫੌਰੀ ਮਗਰੋਂ ਇਸ ਦੇ ਸਿੱਟਿਆਂ ਨੂੰ ਬਿਆਨਿਆ।

# ਸ਼੍ਰੋਮਣੀ ਕਮੇਟੀ ਵਿਚੋਂ ਬਾਦਲਾਂ ਦਾ ਗਲਬਾ ਖਤਮ ਕਰਵਾਉਣ ਲਈ ਹਰ ਕੋਸ਼ਿਸ਼ ਕਰਾਂਗਾ: ਫੂਲਕਾ

**ਚੰਡੀਗੜ੍ਹ:** ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਉਨ੍ਹਾਂ ਨੂੰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਭਾਜਪਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚੋਂ ਬਾਦਲ ਅਕਾਲੀ ਦਲ ਦਾ ਗਲਬਾ ਖਤਮ ਕਰਵਾਉਣ ਲਈ ਕਾਂਗਰਸ ਕੋਲੋਂ ਮਦਦ



ਲੈਣ 'ਚ ਕੋਈ ਝਿਜਕ ਨਹੀਂ ਹੈ।

ਸ੍ਰੀ ਫੂਲਕਾ ਨੇ ਕਿਹਾ ਕਿ ਉਨ੍ਹਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣੀਆਂ ਅਤੇ ਐਸ.ਜੀ.ਪੀ.ਸੀ. ਵਿਚੋਂ ਸਿਆਸੀ ਦਖਲਅੰਦਾਜ਼ੀ ਦਾ ਖਾਤਮਾ ਕਰਵਾਉਣ ਦੇ ਦੋ ਮਿਸ਼ਨ ਮਿੱਥੇ ਹਨ। ਸੱਜਣ ਕੁਮਾਰ ਨੂੰ ਸਜ਼ਾ ਮਿਲਣ ਨਾਲ ਉਨ੍ਹਾਂ ਦੇ ਪਹਿਲੇ ਮਿਸ਼ਨ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਪਹਿਲਾਂ ਉਨ੍ਹਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ। ਫਿਰ ਉਨ੍ਹਾਂ ਬਰਗਾੜੀ ਕਾਂਡ ਦੇ ਕਸੂਰਵਾਰਾਂ ਨੂੰ ਸਜ਼ਾ ਦਿਵਾਉਣ ਲਈ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਆਪਣੇ ਮਿਸ਼ਨਾਂ ਲਈ ਆਪਣੇ ਆਪ ਨੂੰ ਸਿਆਸੀ ਜ਼ੰਜੀਰਾਂ ਤੋਂ ਮੁਕਤ ਕਰਨ ਲਈ 'ਆਪ' ਤੋਂ ਵੀ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਉਹ ਇਨ੍ਹਾਂ ਦੋਵਾਂ ਮਿਸ਼ਨਾਂ ਦੀ ਪ੍ਰਾਪਤੀ ਲਈ ਕਿਸੇ ਵੀ ਸਿਆਸੀ ਪਾਰਟੀ ਤੋਂ ਮਦਦ ਲੈਣ ਲਈ ਝਿਜਕ ਨਹੀਂ ਦਿਖਾਉਣਗੇ। ਉਨ੍ਹਾਂ ਸਾਫ ਕਿਹਾ ਕਿ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਹੈ ਅਤੇ ਇਸ ਸਰਕਾਰ ਦੀ ਮਦਦ ਤੋਂ ਬਿਨਾਂ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਦਿਵਾਉਣਾ ਬੜਾ ਮੁਸ਼ਕਲ ਕਾਰਜ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਕਾਂਗਰਸ ਸਰਕਾਰ ਹੈ ਅਤੇ ਐਸ.ਜੀ.ਪੀ.ਸੀ. ਵਿਚੋਂ ਸਿਆਸੀ ਗਲਬਾ ਖਤਮ ਕਰਨ ਲਈ ਇਥੇ ਕੈਪਟਨ ਸਰਕਾਰ ਕੋਲੋਂ ਉਹ ਬਿਨਾਂ ਕਿਸੇ ਝਿਜਕ ਦੇ ਮਦਦ ਲੈਣਗੇ।

ਉਨ੍ਹਾਂ ਮੰਨਿਆ ਕਿ ਐਸ.ਜੀ.ਪੀ.ਸੀ. ਦੀਆਂ ਚੋਣਾਂ ਜਲਦ ਕਰਵਾਉਣ ਲਈ ਉਨ੍ਹਾਂ ਵਿਧਾਨ ਸਭਾ ਵਿਚ ਮਤਾ ਪਾਸ ਕਰਵਾਉਣ ਤੋਂ ਪਹਿਲਾਂ ਕਾਂਗਰਸ ਦੇ ਕੁਝ ਮੰਤਰੀਆਂ ਨਾਲ ਮੁਲਾਕਾਤਾਂ ਕੀਤੀਆਂ ਸਨ, ਕਿਉਂਕਿ ਸਦਨ ਵਿਚ ਇਹ ਮਤਾ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ ਸੰਭਵ ਹੀ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੂੰ ਅਕਾਲੀਆਂ ਵੱਲੋਂ ਕੈਪਟਨ ਸਰਕਾਰ ਨਾਲ ਗਿਟਮਿਟ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਦੀ ਕੋਈ ਪ੍ਰਵਾਹ ਨਹੀਂ ਹੈ। ਸ੍ਰੀ ਫੂਲਕਾ ਨੇ ਕਿਹਾ ਕਿ ਉਹ ਸਿਆਸਤ ਵਿਚ ਆਪਣਾ ਵਪਾਰ ਵਧਾਉਣ ਜਾਂ ਰੋਟੀ-ਪਾਣੀ ਦਾ ਜੁਗਾੜ ਕਰਨ ਲਈ ਨਹੀਂ ਆਏ ਸਨ ਅਤੇ ਅਕਾਲੀਆਂ ਦੇ ਅਜਿਹੇ ਦੋਸ਼ਾਂ ਤੋਂ ਬੇਪ੍ਰਵਾਹ ਹੋ ਕੇ ਉਹ ਆਪਣੇ ਮਿਸ਼ਨ ਵੱਲ ਵਧਦੇ ਜਾਣਗੇ।

# ਨਸ਼ਾ ਤਸਕਰਾਂ ਖਿਲਾਫ ਢਿੱਲੇ ਪਏ ਪੁਲਿਸ ਦੇ ਹੱਥ

**ਬਠਿੰਡਾ:** ਪਿਛਲੇ ਪੰਜ ਵਰ੍ਹਿਆਂ ਦੌਰਾਨ ਤਕਰੀਬਨ ਛੇ ਹਜ਼ਾਰ ਨਸ਼ਾ ਤਸਕਰ ਅਦਾਲਤਾਂ 'ਚੋਂ ਬਰੀ ਹੋ ਗਏ। ਨਸ਼ਿਆਂ ਖਿਲਾਫ ਮੁਹਿੰਮ ਨੂੰ ਕਾਮਯਾਬੀ ਦੇ ਖੰਭ ਲਾਉਣ ਲਈ ਪੁਲਿਸ ਨੇ ਧੜਾਧੜ ਨਸ਼ਾ ਤਸਕਰਾਂ ਖਿਲਾਫ ਕੇਸ ਦਰਜ ਕੀਤੇ ਸਨ। ਮਗਰੋਂ ਪੁਲਿਸ ਨੇ ਲੰਮੇ ਹੱਥ ਢਿੱਲੇ ਕਰ ਦਿੱਤੇ ਜਿਸ ਦਾ ਫਾਇਦਾ ਨਸ਼ਾ ਤਸਕਰਾਂ ਨੂੰ ਮਿਲਿਆ। ਮਾਨਸਾ ਤੋਂ ਵਿਧਾਇਕ ਨਾਜ਼ਰ ਸਿੰਘ



ਮਾਨਸ਼ਾਹੀਆ ਨੇ ਇਸ ਮਾਮਲੇ 'ਤੇ ਸਰਕਾਰ ਨੂੰ ਵਿਧਾਨ ਸਭਾ ਵਿਚ ਘੇਰਿਆ ਹੈ।

ਗ੍ਰਹਿ ਵਿਭਾਗ ਵੱਲੋਂ ਦਿੱਤੇ ਵੇਰਵਿਆਂ ਅਨੁਸਾਰ ਸੂਬੇ ਵਿਚ ਪਹਿਲੀ ਜਨਵਰੀ 2014 ਤੋਂ 31 ਦਸੰਬਰ 2018 ਤੱਕ ਨਸ਼ਾ ਤਸਕਰੀ ਦੇ 52,742 ਪੁਲਿਸ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ 'ਚੋਂ 23,572 ਕੇਸਾਂ ਦਾ ਅਦਾਲਤਾਂ ਵਿਚੋਂ ਨਿਪਟਾਰਾ ਹੋ ਚੁੱਕਾ ਹੈ। ਇਨ੍ਹਾਂ ਕੇਸਾਂ 'ਚੋਂ 5858 ਕੇਸਾਂ (24.85 ਫੀਸਦੀ) ਵਿਚ ਨਸ਼ਾ ਤਸਕਰ ਅਦਾਲਤਾਂ 'ਚੋਂ ਬਰੀ ਹੋ ਗਏ ਜਦਕਿ 17,714 ਕੇਸਾਂ ਵਿਚ ਉਨ੍ਹਾਂ ਨੂੰ ਸਜ਼ਾ ਹੋਈ ਹੈ। ਕੈਪਟਨ ਸਰਕਾਰ ਦੌਰਾਨ ਨਸ਼ਾ ਤਸਕਰੀ ਦੇ 23,410 ਕੇਸ ਦਰਜ ਹੋਏ ਹਨ ਅਤੇ 7489 ਕੇਸਾਂ ਦਾ ਅਦਾਲਤਾਂ 'ਚੋਂ ਫੈਸਲਾ ਹੋਇਆ ਹੈ।

ਕਾਂਗਰਸ ਸਰਕਾਰ ਦੇ ਦੋ ਵਰ੍ਹਿਆਂ ਦੌਰਾਨ 1941 ਕੇਸਾਂ (25.91 ਫੀਸਦੀ) ਵਿਚ ਤਸਕਰ ਬਰੀ ਹੋਏ ਹਨ ਜਦੋਂ ਕਿ 5548 ਕੇਸਾਂ ਵਿਚ ਸਜ਼ਾ ਹੋਈ ਹੈ।

ਸੂਤਰਾਂ ਮੁਤਾਬਕ ਸਰਕਾਰਾਂ ਵੱਲੋਂ ਅੰਕੜੇ ਦਿਖਾਉਣ ਲਈ ਗੈਰ ਵਪਾਰਕ ਮਾਤਰਾ ਵਾਲੇ ਕੇਸ ਜ਼ਿਆਦਾ ਦਰਜ ਕੀਤੇ ਗਏ ਜੋ ਅਦਾਲਤਾਂ ਵਿਚ ਟਿਕਦੇ ਨਹੀਂ ਹਨ। ਪਹਿਲਾਂ ਗੱਠਜੋੜ ਸਰਕਾਰ ਸਮੇਂ ਬਿਨਾਂ ਨਸ਼ਾ ਬਰਾਮਦ ਕੀਤੇ ਹੀ ਕੇਸ ਦਰਜ ਕਰ ਦਿੱਤੇ ਗਏ ਸਨ। ਇਵੇਂ ਹੁਣ ਨਸ਼ਾ ਤਸਕਰਾਂ ਨੂੰ ਬਿਨਾਂ ਦੇਰੀ ਤੋਂ ਜ਼ਮਾਨਤਾਂ ਮਿਲ ਗਈਆਂ ਹਨ। ਬਹੁਤੇ ਕੇਸਾਂ ਵਿਚ ਪੁਲਿਸ ਨੇ ਵੇਲੇ ਸਿਰ ਚਲਾਨ ਹੀ ਪੇਸ਼ ਨਹੀਂ ਕੀਤਾ।

ਵੇਰਵਿਆਂ ਅਨੁਸਾਰ ਪਿਛਲੇ ਪੰਜ ਵਰ੍ਹਿਆਂ ਦੌਰਾਨ ਪੁਲਿਸ ਨੇ ਨਸ਼ਾ ਤਸਕਰੀ ਦੇ 1268 ਕੇਸ ਕੈਂਸਲ ਕੀਤੇ ਜਦੋਂ ਕਿ ਕੈਪਟਨ ਸਰਕਾਰ ਦੇ ਦੋ ਵਰ੍ਹਿਆਂ ਦੌਰਾਨ 516 ਕੇਸ ਰੱਦ ਹੋਏ ਹਨ।

## ਬਾਦਲ-ਕੈਪਟਨ ਦੀ ਸਾਂਝ 'ਤੇ ਕਾਂਗਰਸੀ ਵਜ਼ੀਰਾਂ ਨੇ ਲਾਈ ਮੋਹਰ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਅੰਦਰ ਕਾਂਗਰਸੀ ਮੰਤਰੀਆਂ ਨੇ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਤੋਂ ਹੀ ਲਗਾਏ ਜਾਂਦੇ ਉਨ੍ਹਾਂ ਦੋਸ਼ਾਂ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਬਾਦਲ ਪਰਿਵਾਰ ਅਤੇ ਕੈਪਟਨ ਅਮਰਿੰਦਰ ਸਿੰਘ ਆਪਸ ਵਿਚ ਰਲੇ ਹੋਏ ਹਨ। ਪੰਜਾਬ ਵਿਧਾਨ ਸਭਾ ਵਿਚ ਬਜਟ ਸੈਸ਼ਨ ਦੇਖਣ ਪਹੁੰਚੇ ਭਗਵੰਤ ਮਾਨ ਨੇ ਕਿਹਾ ਕਿ ਅੱਜ ਮੁਲਤਵੀ ਹੋਏ ਸਦਨ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਕਾਂਗਰਸੀ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ਼ਰੇਆਮ ਕਿਹਾ ਕਿ ਸਾਡੀ (ਕੈਪਟਨ) ਸਰਕਾਰ ਹੀ ਨਿਕੰਮੀ ਹੈ ਤਾਹੀਓਂ ਅਕਾਲੀ ਵਿਧਾਇਕ ਬਿਕਰਮ ਸਿੰਘ ਮਜੀਠੀਆ ਵਰਗੇ ਖੁੱਲ੍ਹੇ ਘੁੰਮ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮੰਤਰੀ ਨਵਜੋਤ ਸਿੰਘ ਸਿੱਧੂ ਸਮੇਤ ਕਈ ਹੋਰ ਮੰਤਰੀ ਅਤੇ ਵਿਧਾਇਕ ਵੀ ਕੈਪਟਨ ਅਮਰਿੰਦਰ ਸਿੰਘ 'ਤੇ ਕਾਫੀ ਲੋਹੇ-ਲਾਖੇ ਨਜ਼ਰ ਆਏ ਕਿ ਬਾਦਲ ਪਰਿਵਾਰ ਅਤੇ ਮਜੀਠੀਆ ਉਪਰ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ।

# ਵਿਦੇਸ਼ਾਂ ਵਿਚ ਪੜ੍ਹਾਈ ਦੇ ਰੁਝਾਨ ਨੇ ਖਾਲੀ ਕੀਤੇ ਇੰਜੀਨੀਅਰਿੰਗ ਕਾਲਜ

**ਚੰਡੀਗੜ੍ਹ:** ਪਿਛਲੇ ਕਰੀਬ 4-5 ਸਾਲਾਂ ਤੋਂ ਦੇਸ਼ ਦੇ ਵਿਦਿਆਰਥੀਆਂ ਅੰਦਰ ਵਿਦੇਸ਼ਾਂ 'ਚ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਤੇਜ਼ੀ ਨਾਲ ਵਧਿਆ ਹੈ। ਖਾਸ ਕਰ ਕੇ ਪੰਜਾਬ ਦੇ ਵਿਦਿਆਰਥੀ ਵੱਡੀ ਗਿਣਤੀ 'ਚ ਵਿਦੇਸ਼ਾਂ ਨੂੰ ਜਾ ਰਹੇ ਹਨ। ਇਸ ਰੁਝਾਨ ਦੇ ਚੱਲਦਿਆਂ ਦੇਸ਼ ਦੇ ਵਿਦਿਅਕ ਅਦਾਰਿਆਂ ਅੰਦਰ ਵਿਦਿਆਰਥੀਆਂ ਦੀ ਵੱਡੀ ਕਮੀ ਮਹਿਸੂਸ ਹੋਣ ਲੱਗੀ ਹੈ। ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਦੇਸ਼ ਦੇ ਇੰਜੀਨੀਅਰਿੰਗ ਕਾਲਜਾਂ ਅੰਦਰ ਵਿਦਿਆਰਥੀਆਂ ਦੀਆਂ 54 ਫੀਸਦੀ ਸੀਟਾਂ ਖਾਲੀ ਹਨ।

ਵਿਦਿਆਰਥੀਆਂ ਦੀ ਕਮੀ ਕਾਰਨ ਦੇਸ਼ 'ਚ 200 ਨਿੱਜੀ ਇੰਜੀਨੀਅਰਿੰਗ ਕਾਲਜ ਬੰਦ ਹੋ ਚੁੱਕੇ ਹਨ ਅਤੇ ਕਰੀਬ 800 ਕਾਲਜ ਬੰਦ ਹੋਣ ਦੇ ਕੰਢੇ ਹਨ। ਇਹ ਖੁਲਾਸਾ ਆਲ ਇੰਡੀਆ ਟੈਕਨੀਕਲ ਐਜੂਕੇਸ਼ਨ ਕੌਂਸਲ ਵਲੋਂ ਗਠਿਤ ਕੀਤੀ ਗਈ ਇਕ ਕਮੇਟੀ ਨੇ ਕੀਤਾ ਹੈ। ਇਸ ਕਮੇਟੀ ਦਾ ਗਠਨ ਦੇਸ਼ ਅੰਦਰ ਬੰਦ ਹੋ ਰਹੇ ਇੰਜੀਨੀਅਰਿੰਗ ਕਾਲਜਾਂ ਸਬੰਧੀ ਘੋਖ ਕਰਨ ਲਈ ਕੀਤਾ ਗਿਆ ਸੀ। ਰਿਪੋਰਟ ਦੇ ਬਾਅਦ ਕੌਂਸਲ ਨੇ ਸਾਲ 2020 ਤੋਂ ਨਵੇਂ ਇੰਜੀਨੀਅਰਿੰਗ ਕਾਲਜਾਂ ਨੂੰ ਮਾਨਤਾ ਨਾ ਦੇਣ ਦਾ ਫੈਸਲਾ ਲਿਆ ਹੈ। ਇਸੇ ਤਰ੍ਹਾਂ ਇਹੋ ਹਾਲ ਆਈ. ਟੀ. ਆਈਜ਼ ਦਾ ਹੈ। ਇਨ੍ਹਾਂ ਅੰਦਰ ਵੀ ਵਿਦਿਆਰਥੀਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘਟ ਰਹੀ ਹੈ। ਹਾਲਾਤ ਇਹ ਹਨ ਕਿ ਜਿਹੜੇ ਆਈ. ਟੀ. ਆਈ. ਕਾਲਜਾਂ ਕੋਲ 500 ਸਿੱਖਿਆਰਥੀਆਂ ਦੀਆਂ ਸੀਟਾਂ ਹਨ, ਉਨ੍ਹਾਂ 'ਚ ਸਿਰਫ 250 ਕੁ ਸਿੱਖਿਆਰਥੀ ਆ ਰਹੇ ਹਨ।







ਕੁਝ ਨਿੱਜੀ ਆਈ. ਟੀ. ਆਈਜ਼ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਸਿੱਖਿਆਰਥੀਆਂ ਦੀ ਗਿਣਤੀ ਘਟਣ ਦਾ ਮੁੱਖ ਕਾਰਨ ਵਿਦੇਸ਼ਾਂ ਨੂੰ ਜਾਣ ਲਈ ਲੱਗੀ ਦੌੜ ਹੀ ਹੈ।

ਸਰਕਾਰ ਵਲੋਂ ਆਈ. ਟੀ. ਆਈਜ਼ 'ਚ ਸਿੱਖਿਆਰਥੀਆਂ ਦੀ ਗਿਣਤੀ ਵਧਾਉਣ ਲਈ ਕਈ ਵਜ਼ੀਫਾ ਸਕੀਮਾਂ ਵੀ ਸ਼ੁਰੂ ਕੀਤੀਆਂ ਹੋਈਆਂ ਹਨ ਪਰ ਇਸ ਦੇ ਬਾਵਜੂਦ ਹਰ ਸਾਲ ਸਿੱਖਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਪੰਜਾਬ ਅੰਦਰ ਵਿਦੇਸ਼ਾਂ ਨੂੰ ਜਾਣ ਦੇ ਵੱਡੇ ਰੁਝਾਨ ਦੇ ਚੱਲਦਿਆਂ ਇਮੀਗ੍ਰੇਸ਼ਨ ਸੈਂਟਰਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਹਰ ਸ਼ਹਿਰ ਅਤੇ ਕਸਬੇ ਅੰਦਰ ਇਹ ਸੈਂਟਰ ਤੇਜ਼ੀ ਨਾਲ ਖੁੱਲ੍ਹ ਰਹੇ ਹਨ। ਅੰਦਾਜ਼ਨ ਪੰਜਾਬ ਅੰਦਰ ਕਰੀਬ 11 ਹਜ਼ਾਰ ਇਮੀਗ੍ਰੇਸ਼ਨ ਸੈਂਟਰ ਚੱਲ ਰਹੇ ਹਨ। ਵਿਦੇਸ਼ਾਂ 'ਚ ਜਾਣ ਦੀ ਲੱਗੀ ਇਸ ਦੌੜ ਕਾਰਨ ਵਿਦਿਆਰਥੀਆਂ ਵਲੋਂ ਸਕੂਲਾਂ ਅੰਦਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਪੜ੍ਹਾਈ ਨੂੰ ਤਰਜੀਹ ਦੇਣ ਦੀ ਬਜਾਏ ਕੋਚਿੰਗ ਸੈਂਟਰਾਂ ਜਾਂ ਸ਼ਹਿਰਾਂ ਅੰਦਰ ਵੱਡੀ ਪੱਧਰ 'ਤੇ ਖੁੱਲ੍ਹੇ ਇਮੀਗ੍ਰੇਸ਼ਨ ਨਾਲ ਸਬੰਧਿਤ ਸੈਂਟਰਾਂ 'ਚ ਜਾਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਕੁਝ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੇ ਦਾਖਲੇ ਤਾਂ ਗਿਆਰ੍ਹਵੀਂ ਜਾਂ ਬਾਰ੍ਹਵੀਂ ਜਮਾਤ 'ਚ ਕੀਤੇ ਹੋਏ ਹਨ ਪਰ ਇਹ ਵਿਦਿਆਰਥੀ ਸਕੂਲਾਂ 'ਚ ਕਦੇ ਕਦਾਈਂ ਹੀ ਆਉਂਦੇ ਹਨ। ਸਗੋਂ ਸਕੂਲਾਂ ਅੰਦਰ ਮੋਟੀਆਂ ਫੀਸਾਂ ਦੇ ਕੇ ਵੀ ਇਹ ਕੋਚਿੰਗ ਸੈਂਟਰਾਂ 'ਚ ਜਾ ਕੇ ਵਿਦੇਸ਼ ਜਾਣ ਲਈ ਆਈਲੈਟਸ ਜਾਂ ਹੋਰ ਟੈਸਟ ਪਾਸ ਕਰਨ ਦੀ ਕੋਚਿੰਗ ਲੈਣ ਵੱਲ ਜ਼ਿਆਦਾ ਤਵੱਜੋ ਦਿੰਦੇ ਹਨ।

# ਦੁਖੀ ਹੋਣ ਦੀ ਥਾਂ 'ਦੁੱਖ ਦਾ ਪ੍ਰਗਟਾਵਾ' ਕਰਦੇ ਨੇ ਭਾਰਤ ਦੇ ਆਗੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜੰਮੂ-ਕਸ਼ਮੀਰ ਦੇ ਪੁਲਵਾਮਾ ਨੇੜੇ ਸੀ. ਆਰ. ਪੀ. ਐਫ. ਦੇ ਕਾਫਲੇ 'ਤੇ ਹੋਏ ਹਮਲੇ ਅਤੇ ਇਸ ਵਿਚ ਹੋਈਆਂ ਮੌਤਾਂ ਤੋਂ ਇਸ ਵਕਤ ਸਾਰਾ ਭਾਰਤ ਦੁਖੀ ਹੈ। ਕਈ ਲੋਕਾਂ ਨੂੰ ਇਹ ਗੱਲ ਸ਼ਾਇਦ ਚੁਭੇਗੀ ਕਿ ਅਸੀਂ ਮੌਤਾਂ ਸ਼ਬਦ ਵਰਤਿਆ ਹੈ ਅਤੇ 'ਸ਼ਹੀਦੀ' ਦਾ ਸ਼ਬਦ ਨਹੀਂ ਵਰਤਿਆ। ਇਹ ਸ਼ਬਦ ਉਨ੍ਹਾਂ ਲਈ ਸਰਕਾਰ ਵੀ ਨਹੀਂ ਵਰਤ ਰਹੀ। ਪ੍ਰਧਾਨ ਮੰਤਰੀ ਦੇ ਭਾਸ਼ਣ ਵਿਚ ਉਨ੍ਹਾਂ ਨੂੰ 'ਸ਼ਹੀਦ' ਕਿਹਾ ਜਾਂਦਾ ਹੈ, ਰੱਖਿਆ ਮੰਤਰੀ ਅਤੇ ਗ੍ਰਹਿ ਮੰਤਰੀ ਵੀ ਇਹੋ ਕਹਿੰਦੇ ਹਨ, ਪਰ ਕਾਨੂੰਨ ਮੁਤਾਬਕ ਪੈਰਾ ਮਿਲਟਰੀ ਫੋਰਸ ਦੇ ਜਵਾਨ ਨੂੰ ਅਜੇ ਤੱਕ ਇਹੋ ਜਿਹਾ ਕੋਈ ਦਰਜਾ ਦੇਣ ਦਾ ਕਾਨੂੰਨ ਹੀ ਨਹੀਂ ਤੇ ਇਸ ਬਾਰੇ ਅਦਾਲਤਾਂ ਵਿਚ ਗਈਆਂ ਅਰਜ਼ੀਆਂ ਵੀ ਮੰਨੀਆਂ ਨਹੀਂ ਗਈਆਂ।

ਪਿਛਲੇਰੇ ਸਾਲ ਕੁਝ ਫੌਜੀ ਜਵਾਨਾਂ ਦੇ ਨਾਲ ਓਸੇ ਜਗ੍ਹਾ ਜਦੋਂ ਬਾਰਡਰ ਸਿਕਿਉਰਿਟੀ ਫੋਰਸ ਦੇ ਦੋ ਜਵਾਨ ਵੀ ਮਾਰੇ ਗਏ ਤਾਂ ਇਹ ਸਵਾਲ ਉਛਲਿਆ ਸੀ ਕਿ ਇੱਕੋ ਥਾਂ ਦੇਸ਼ ਲਈ ਜਾਨ ਗੁਆ ਚੁਕੇ ਵਰਦੀ ਵਾਲੇ ਲੋਕਾਂ ਨੂੰ ਇੱਕੋ ਦਰਜਾ ਦੇਣਾ ਚਾਹੀਦਾ ਹੈ, ਪਰ ਸਰਕਾਰ ਨੇ ਇਹ ਗੱਲ ਉਸ ਵੇਲੇ ਵੀ ਮੰਨੀ ਨਹੀਂ ਸੀ। 'ਸ਼ਹੀਦ' ਦੇ ਦਰਜੇ ਵਾਲੇ ਫੌਜੀਆਂ ਦੇ ਪਰਿਵਾਰ ਨੂੰ ਪੈਨਸ਼ਨ ਤੇ ਬੱਚਿਆਂ ਦੀ ਪੜ੍ਹਾਈ ਲਈ ਜੋ ਸਹੂਲਤਾਂ ਮਿਲਦੀਆਂ ਹਨ, ਉਹ ਸੀ. ਆਰ. ਪੀ. ਐਫ., ਬੀ. ਐਸ. ਐਫ., ਸੀ. ਆਈ. ਐਸ. ਐਫ. ਅਤੇ ਹੋਰ ਏਦਾਂ ਦੀ ਕਿਸੇ ਵੀ ਫੋਰਸ ਦੇ ਜਵਾਨਾਂ ਵੱਲੋਂ ਦੇਸ਼ ਲਈ ਜਾਨ ਵਾਰਨ ਪਿਛੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਮਿਲਦੀਆਂ। ਫਿਰ ਵੀ ਅਸੀਂ ਇਸ ਵੇਲੇ ਇਨ੍ਹਾਂ ਸੈਂਤੀ ਜਵਾਨਾਂ ਨੂੰ ਆਪਣੇ ਦੇਸ਼ ਲਈ ਮਾਰੇ ਜਾਣ ਕਰ ਕੇ 'ਸ਼ਹੀਦ' ਮੰਨ ਕੇ ਗੱਲ ਕਹਿ ਸਕਦੇ ਹਾਂ।

ਇਸ ਵਾਰਦਾਤ ਪਿਛੋਂ ਦੇਸ਼ ਵਾਸੀ ਦੁੱਖ ਮਨਾ ਰਹੇ ਹਨ। ਸੰਸਾਰ ਭਰ ਵਿਚੋਂ ਇਸ ਬਾਰੇ ਸੋਗੀ ਸੰਦੇਸ਼ ਵੀ ਮਿਲਦੇ ਪਏ ਹਨ। ਬਹੁਤੇ ਦੇਸ਼ਾਂ ਦੀਆਂ ਸਰਕਾਰਾਂ ਨੇ ਭਾਰਤ ਦਾ ਸਾਥ ਦਿੱਤਾ ਹੈ। ਖੁਦ ਆਪਣੇ ਸਿੰਕਿਆਂਗ ਰਾਜ ਅੰਦਰ ਉਈਗਰ ਮੁਸਲਿਮ ਦਹਿਸ਼ਤਗਰਦੀ ਦਾ ਸਾਹਮਣਾ ਕਰ ਰਹੇ ਚੀਨ ਨੇ ਆਪਣੇ ਅਤੇ ਪਰਾਏ ਅਤਿਵਾਦ ਦਾ ਫਰਕ ਰੱਖ ਲਿਆ ਤੇ ਆਪਣੇ ਵਿਰੁਧ ਹੁੰਦੀ ਉਈਗਰ ਸਰਗਰਮੀ ਨੂੰ ਦਹਿਸ਼ਤਗਰਦੀ ਅਤੇ ਭਾਰਤ ਵਿਰੁਧ ਹੁੰਦੀ ਸਰਗਰਮੀ ਨੂੰ ਜੈਸ਼-ਇ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ ਵੱਲੋਂ ਆਪਣੇ ਦੀਨ ਲਈ ਜਹਾਦ ਕਹਿਣਾ ਜਾਰੀ ਰੱਖਿਆ ਹੈ। ਪਾਕਿਸਤਾਨ ਸਰਕਾਰ ਨੇ ਇਸ ਘਟਨਾ ਉੱਤੇ ਅਫਸੋਸ ਜਾਹਰ ਕੀਤਾ ਹੈ, ਪਰ ਇਸ ਦੀ ਜ਼ਿਮੇਵਾਰੀ ਲੈਣ ਵਾਲੇ ਆਪਣੇ ਦੇਸ਼ ਵਿਚ ਬੈਠੇ ਮਸੂਦ ਅਜ਼ਹਰ ਦੇ ਖਿਲਾਫ ਕਾਰਵਾਈ ਦਾ ਰਸਮੀ ਐਲਾਨ ਵੀ ਨਹੀਂ ਕੀਤਾ। ਇਹ ਕੰਮ ਪਾਕਿਸਤਾਨ ਸਰਕਾਰ ਨੇ ਕਦੀ ਕਰਨਾ ਵੀ ਨਹੀਂ, ਉਸ ਦੀ ਨੀਤੀ ਹੀ ਇਸ 'ਤੇ ਨਿਰਭਰ ਹੈ।

ਬਾਕੀ ਦੁਨੀਆਂ ਟੂਰਿਜ਼ਮ ਇੰਡਸਟਰੀ ਤੋਂ ਦੌਲਤ ਕਮਾਉਂਦੀ ਹੈ, ਪਾਕਿਸਤਾਨ ਸਰਕਾਰ ਟੈਰਰਿਜ਼ਮ ਇੰਡਸਟਰੀ ਚੱਲਦੀ ਰੱਖ ਕੇ ਸੰਸਾਰ ਦੇ ਅਮਨ ਲੋਚਦੇ ਦੇਸ਼ਾਂ ਦੇ ਹਾਕਮਾਂ ਤੋਂ ਇਸ ਨਾਲ ਲੜਨ ਦੇ ਬਹਾਨੇ ਡਾਲਰਾਂ ਅਤੇ ਪੌਂਡਾਂ ਦੀਆਂ ਪੰਡਾਂ ਲੈਂਦੀ ਅਤੇ ਆਪਣੇ ਲੋਕਾਂ ਦਾ ਭਲਾ ਕਰਨ ਦੀ ਥਾਂ ਰਾਜ ਕਰਨ ਵਾਲੇ ਆਗੂਆਂ ਅਤੇ ਫੌਜ ਦੇ ਜਰਨੈਲਾਂ ਨੂੰ ਮਾਲਾ-ਮਾਲ ਹੁੰਦੇ ਜਾਣ ਦਾ ਮੌਕਾ ਦਿੰਦੀ ਹੈ। ਜਿਸ ਦਿਨ ਦਹਿਸ਼ਤਗਰਦੀ ਖਤਮ ਹੋ ਗਈ, ਉਸ ਨੂੰ ਇਸ ਵਿਰੁਧ ਲੜਨ ਲਈ ਮਿਲਦੇ ਫੰਡ ਵੀ ਮਿਲਣੇ ਬੰਦ ਹੋ ਜਾਣੇ ਹਨ।



*ਪੁਲਵਾਮਾ ਜ਼ਿਲ੍ਹੇ ਵਿਚ ਅਤਿਵਾਦੀਆਂ ਦੇ ਹਮਲੇ 'ਚ ਤਬਾਹ ਹੋਈਆਂ ਗੱਡੀਆਂ ਦਾ ਮਲਬਾ*

ਵੱਡਾ ਮੁੱਦਾ ਇਹ ਨਹੀਂ ਕਿ ਪਾਕਿਸਤਾਨ ਕੀ ਕਰਦਾ ਹੈ, ਸਗੋਂ ਸਾਡੇ ਆਪਣੇ ਦੇਸ਼ ਦੀ ਸਰਕਾਰ ਦੇ ਪੈਂਤੜੇ ਦਾ ਹੈ, ਜਿਸ ਵਿਚ ਹਰ ਵੱਡੀ ਵਾਰਦਾਤ ਪਿਛੋਂ ਸੁਣਿਆ ਜਾਂਦਾ ਹੈ ਕਿ ਕੁਰਬਾਨੀ ਅਜਾਈਂ ਨਹੀਂ ਜਾਵੇਗੀ, ਪਰ ਬਾਅਦ ਵਿਚ ਕੁਝ ਖਾਸ ਨਹੀਂ ਹੁੰਦਾ। ਦਾਅਵੇ ਕੀਤੇ ਕਦੇ ਵੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ। ਪਿਛਲੇ ਹਫਤੇ ਪ੍ਰਧਾਨ ਮੰਤਰੀ ਦੇ ਨਾਲ ਦੇਸ਼ ਦੀ ਰੱਖਿਆ ਮੰਤਰੀ ਤੇ ਕਈ ਹੋਰਨਾਂ ਨੇ ਪਾਰਲੀਮੈਂਟ ਵਿਚ ਇਹ ਦਾਅਵਾ ਕਰ ਦਿੱਤਾ ਕਿ ਸਾਡੇ ਸ਼ਾਸਨ ਦੌਰਾਨ ਦੇਸ਼ ਉੱਤੇ ਕਦੇ ਕੋਈ ਵੱਡਾ ਹਮਲਾ ਨਹੀਂ ਹੋਇਆ। ਪਠਾਨਕੋਟ ਦੇ ਏਅਰ ਬੇਸ ਉੱਤੇ ਦਹਿਸ਼ਤਗਰਦ ਹਮਲਾ ਸਾਡੇ ਪ੍ਰਧਾਨ ਮੰਤਰੀ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੀ ਦੋਹਤੀ ਦੇ ਵਿਆਹ ਮੌਕੇ ਸ਼ਗਨ ਪਾਏ ਜਾਣ ਤੋਂ ਮਸਾਂ ਤਿੰਨ ਦਿਨ ਪਿਛੋਂ ਏਸੇ ਸਰਕਾਰ ਦੇ ਹੁੰਦਿਆਂ ਹੋਇਆ ਸੀ। ਉਹ ਕਹਿ ਰਹੇ ਹਨ ਕਿ ਦਹਿਸ਼ਤਗਰਦੀ ਵਿਰੁਧ ਸਾਡੀ 'ਜ਼ੀਰੋ ਟਾਲਰੈਂਸ' ਨੀਤੀ ਉੱਤੇ ਕੰਮ ਚੱਲ ਰਿਹਾ ਹੈ, ਪਰ ਦੀਨਾਨਗਰ ਹਮਲੇ ਦੇ ਸਿਰਫ ਦੋ ਮਹੀਨੇ ਬਾਅਦ ਉਹ ਹਮਲਾ ਕਰਾਉਣ ਵਾਲੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਘਰ ਸਾਡੇ ਪ੍ਰਧਾਨ ਮੰਤਰੀ ਚਲੇ ਜਾਣ ਤਾਂ ਇਹ ਜ਼ੀਰੋ ਟਾਲਰੈਂਸ ਨਹੀਂ ਹੁੰਦੀ। ਭਾਰਤ ਦੇ ਲੋਕਾਂ ਨੂੰ ਇਸ ਮਕਸਦ ਲਈ ਇੱਕ-ਸਾਰ ਨੀਤੀ ਦੀ ਉਡੀਕ ਹੈ, ਜੋ ਵੇਖਣ ਨੂੰ ਨਹੀਂ ਮਿਲਦੀ। ਹਰ ਵਾਰ ਸੁਣਨ ਨੂੰ ਮਿਲਦਾ ਹੈ ਕਿ ਪਾਕਿਸਤਾਨ ਨੇ ਧੋਖਾ ਕੀਤਾ ਹੈ। ਉਹ ਵਾਰ-ਵਾਰ ਧੋਖਾ ਕਰਦਾ ਹੈ ਤਾਂ ਅਸੀਂ ਬਚ ਕੇ ਰਹੀਏ। ਉਸ ਦੇ ਹਰ ਵਾਰ ਧੋਖਾ ਦੇਣ ਪਿਛੋਂ ਵੀ ਅਸੀਂ ਉਸ ਦਾ ਇਤਬਾਰ ਕਰ ਕੋਈ ਨਵੀਂ ਸੱਟ ਖਾ ਬਹਿੰਦੇ ਹਾਂ।

ਅਗਲਾ ਸਵਾਲ ਸਾਡੇ ਆਪਣੇ ਘਰ ਵਿਚ ਚੌਕਸੀ ਦਾ ਹੈ। ਇਸ ਤਾਜ਼ਾ ਹਮਲੇ ਪਿਛੋਂ ਖਬਰ ਸੁਣਨੀ ਪਈ ਕਿ 8 ਫਰਵਰੀ ਨੂੰ ਖੁਫੀਆ ਏਜੰਸੀਆਂ ਨੇ ਇਸ ਬਾਰੇ ਸੁਚੇਤ ਕੀਤਾ ਸੀ ਕਿ ਕਿਸੇ ਕਾਫਲੇ 'ਤੇ ਏਦਾਂ ਦਾ ਹਮਲਾ ਹੋਣ ਦਾ ਸ਼ੱਕ ਹੈ। ਏਨੀ ਅਗੇਤੀ ਸੂਚਨਾ ਪਿਛੋਂ ਵੀ ਢੁਕਵੇਂ ਪ੍ਰਬੰਧ ਨਹੀਂ ਸਨ ਕੀਤੇ ਗਏ।

ਕਾਰਗਿਲ ਦੀ ਜੰਗ ਸਮੇਂ ਜਿਸ ਬ੍ਰਿਗੇਡੀਅਰ ਨੇ ਦੋ ਮਹੀਨੇ ਅਗੇਤੀ ਸੂਚਨਾ ਭੇਜੀ ਸੀ ਕਿ ਪਾਕਿਸਤਾਨੀ ਫੌਜ ਘੁਸਪੈਠ ਕਰ ਰਹੀ ਹੈ, ਵਾਜਪਾਈ ਦੇ ਲਾਹੌਰ ਦੌਰੇ ਦਾ ਪ੍ਰਭਾਵ ਬਣਿਆ ਰੱਖਣ ਵਾਸਤੇ ਉਸ ਅਫਸਰ ਨੂੰ ਸਜ਼ਾ ਦੇ ਦਿੱਤੀ ਗਈ ਤੇ ਲੋੜੀਂਦੀ ਕਾਰਵਾਈ ਨਹੀਂ ਸੀ ਕੀਤੀ ਗਈ, ਜਿਸ ਨਾਲ ਭਾਰਤ ਨੂੰ ਵੱਡਾ ਨੁਕਸਾਨ ਭੁਗਤਣਾ ਪਿਆ ਸੀ। ਇਸ ਵਾਰ ਫਿਰ ਏਦਾਂ ਦੀ ਚਿਤਾਵਨੀ ਅਣਗੌਲੀ ਕੀਤੀ ਗਈ, ਪਰ ਜਿਨ੍ਹਾਂ ਅਫਸਰਾਂ ਨੇ ਅਣਗੌਲੀ ਕੀਤੀ, ਉਨ੍ਹਾਂ ਉੱਤੇ ਕਾਰਵਾਈ ਦੀ ਖਬਰ ਨਹੀਂ ਆਈ। ਕੁਝ ਸਮਾਂ ਪਹਿਲਾਂ ਇਹ ਖਬਰ ਆਈ ਸੀ ਕਿ ਹਰ ਕਾਫਲੇ ਦੇ ਅੱਗੇ ਇੱਕ ਬੱਸ ਇਹੋ ਜਿਹੀ ਚੱਲਿਆ ਕਰੇਗੀ, ਜਿਸ ਦੇ ਜੰਤਰ ਰਾਹ ਵਿਚ ਕਿਸੇ ਤਰ੍ਹਾਂ ਦੀ ਧਮਾਕੇ ਵਾਲੀ ਕਿਸੇ ਡਿਵਾਈਸ ਦਾ ਪਤਾ ਲਾ ਕੇ ਅਗੇਤੇ ਚੌਕਸ ਕਰ ਦਿਆ ਕਰਨਗੇ। ਏਦਾਂ ਦੀ ਬੱਸ ਅੱਗੇ ਲਾਈ ਹੁੰਦੀ ਤਾਂ ਇਸ ਵਾਰਦਾਤ ਤੇ ਇਸ ਦੇ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ, ਪਰ ਖਬਰਾਂ ਇਹ ਹਨ ਕਿ ਢਾਈ ਹਜ਼ਾਰ ਤੋਂ ਵੱਧ ਜਵਾਨਾਂ ਵਾਲੇ ਇਸ ਕਾਫਲੇ ਦੇ ਅੱਗੇ ਇਹ ਬੱਸ ਨਹੀਂ ਚਲਾਈ ਗਈ।

ਜੋ ਹਾਲਾਤ ਭਾਰਤ ਭੁਗਤ ਰਿਹਾ ਹੈ, ਉਨ੍ਹਾਂ ਵਿਚ ਮੁਜਰਮਾਨਾ ਲਾਪਰਵਾਹੀ ਵਰਤਣ ਵਾਲਿਆਂ ਖਿਲਾਫ ਜਿਹੋ ਜਿਹੀ ਕਾਰਵਾਈ ਹੋਣ ਦੀ ਆਸ ਕੀਤੀ ਜਾ ਸਕਦੀ ਹੈ, ਓਦਾਂ ਦੀ ਕਦੇ ਹੁੰਦੀ ਨਹੀਂ ਸੁਣੀ ਗਈ। ਉਤਲੇ ਅਫਸਰਾਂ ਦੀਆਂ ਅਫਸਰਾਂ ਨਾਲ ਰਿਸ਼ਤੇਦਾਰੀ ਦੀਆਂ ਤੰਦਾਂ ਇਸ ਤਰ੍ਹਾਂ ਆਪੋ ਵਿਚ ਜੁੜੀਆਂ ਹੁੰਦੀਆਂ ਹਨ ਕਿ ਇੱਕ ਦੂਸਰੇ ਦਾ ਬਚਾਅ ਕਰ ਸਕਦੇ ਹਨ।

ਦੁਨੀਆਂ ਦਾ ਕੋਈ ਦੇਸ਼ ਅਜਿਹਾ ਨਹੀਂ, ਜਿੱਥੇ ਸਿਆਸੀ ਖਹਿਬਾਜ਼ੀ ਨਾ ਚੱਲਦੀ ਹੋਵੇ। ਜਿੱਥੇ ਖਾਨਦਾਨੀ ਰਾਜ ਦੀ ਰਵਾਇਤ ਹੈ, ਪ੍ਰਧਾਨ ਮੰਤਰੀ ਰਾਜੇ ਦੀ ਮਰਜ਼ੀ ਮੁਤਾਬਕ ਕੰਮ ਕਰਦੇ ਹਨ, ਰਾਜਨੀਤੀ ਤਾਂ ਰਾਜ ਦਰਬਾਰਾਂ ਵਿਚ ਓਥੇ ਵੀ ਚੱਲਦੀ ਹੈ, ਪਰ ਦੇਸ਼ ਹਿੱਤ ਬਾਰੇ ਸਾਵਧਾਨੀ ਵਰਤੀ ਜਾਂਦੀ ਹੈ। ਭਾਰਤ ਵਿਚ ਇਸ ਦੀ ਵੀ ਲੋੜ ਨਹੀਂ। ਕਈ ਲੋਕਾਂ ਦੇ ਮੂੰਹ ਏਨੇ ਪਾਟੇ ਹੋਏ ਹਨ ਕਿ ਕਿਸੇ ਬਾਰੇ ਉਹ ਕੁਝ ਵੀ ਕਹਿ ਸਕਦੇ ਹਨ ਤੇ ਇਸ ਦਾ ਆਮ ਜ਼ਿੰਦਗੀ ਦੇ ਨਾਲ ਫੌਜਾਂ ਜਾਂ ਫੌਜ ਵਰਗੇ ਹੋਰ ਦਸਤਿਆਂ ਉੱਤੇ ਕੀ ਅਸਰ ਹੁੰਦਾ ਹੈ, ਇਸ ਦੀ ਪ੍ਰਵਾਹ ਨਾ ਕਦੇ ਰਾਜ ਕਰਨ ਵਾਲੇ ਕਰਦੇ ਹਨ ਅਤੇ ਨਾ ਵਿਰੋਧੀ ਧਿਰ ਵਾਲੇ। ਉਂਜ ਅਜਿਹੀ ਕਿਸੇ ਵਾਰਦਾਤ ਮਗਰੋਂ ਇਹ ਕਹਿ ਦਿੰਦੇ ਹਨ ਕਿ ਅਸੀਂ ਭਾਰਤ ਦੇ ਬਹਾਦਰ ਫੌਜੀ ਜਵਾਨਾਂ ਦੇ ਨਾਲ ਖੜੇ ਹਾਂ। ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਨਾਲ ਖੜੇ ਹੋਣਾ ਕੁਝ ਹੋਰ ਹੁੰਦਾ ਹੈ।

ਭਾਰਤ ਵਿਚ ਕਈ ਸਿਆਸੀ ਪਾਰਟੀਆਂ ਦੇ ਆਗੂ ਸਾਬਕਾ ਫੌਜੀ ਅਫਸਰ ਹਨ, ਪਰ ਜਦੋਂ ਉਹ ਫੌਜ ਵਿਚੋਂ ਨਾਮਣਾ ਕਮਾ ਕੇ ਮੁੜ ਆਏ ਤਾਂ ਆਗੂ ਬਣਾ ਦਿੱਤੇ ਗਏ, ਤਾਂ ਕਿ ਉਨ੍ਹਾਂ ਦੇ ਅਕਸ ਦਾ ਲਾਭ ਲਿਆ ਜਾ ਸਕੇ, ਕਿਸੇ ਸਿਆਸੀ ਆਗੂ ਨੇ ਆਪਣੇ ਪੁੱਤ ਨੂੰ ਕਦੀ ਫੌਜ ਵਿਚ ਜਾਣ ਲਈ ਨਹੀਂ ਕਿਹਾ, ਸਗੋਂ ਜੰਮਦੇ ਜਵਾਕਾਂ ਨੂੰ ਰਾਜਨੀਤੀ ਸਿਖਾਉਣ ਲੱਗਦੇ ਹਨ।

ਬ੍ਰਿਟੇਨ ਦੀ ਮਹਾਰਾਣੀ ਆਪਣੇ ਵੱਡਿਆਂ ਵਾਂਗ ਖੁਦਮੁਖਤਾਰ ਨਹੀਂ, ਸਿਰਫ ਸੰਵਿਧਾਨਕ ਮੁਖੀ ਹੈ। ਜਦੋਂ ਫਾਕਲੈਂਡ ਦੇ ਟਾਪੂਆਂ ਦੀ ਜੰਗ ਹੋਈ ਤਾਂ ਉਸ ਨੇ ਆਪਣੇ ਪੁੱਤਰ ਪ੍ਰਿੰਸ ਚਾਰਲਸ ਨੂੰ ਭਰ ਜਵਾਨੀ ਵਿਚ ਉਸ ਜੰਗ ਵਿਚ ਭੇਜਿਆ ਸੀ ਤੇ ਜਦੋਂ ਅਫਗਾਨਿਸਤਾਨ ਵਿਚ ਮੋਰਚਾ ਲੱਗਾ, ਉਹ ਮੋਰਚਾ ਠੀਕ ਹੋਵੇ ਜਾਂ ਗਲਤ, ਉਸ ਦੀ ਫੌਜ ਗਈ ਤਾਂ ਉਸ ਦੇ ਦੋਵੇਂ ਪੋਤਰੇ ਵੀ ਜੰਗ ਵਿਚ ਗਏ ਸਨ। ਪੁਰਾਣੇ ਸਮੇਂ ਵਿਚ ਰਾਜਿਆਂ ਦੇ ਪੁੱਤਰ ਜੰਗਾਂ ਵਿਚ ਅਗਵਾਈ ਕਰਦੇ ਹੁੰਦੇ ਸਨ। ਭਾਰਤ ਦੇ ਅਜੋਕੇ ਲੋਕਤੰਤਰੀ ਰਾਜਿਆਂ ਦੀ ਔਲਾਦ ਜੰਮਦੇ ਸਾਰ ਰਾਜ ਗੱਦੀਆਂ ਉੱਤੇ ਕਬਜ਼ੇ ਕਰਨ ਦੇ ਗੁਰ ਸਿੱਖਣ ਲੱਗਦੀ ਅਤੇ ਫਿਰ ਗੱਦੀਆਂ ਦੀ ਖਿੱਚੋਤਾਣ ਨੂੰ ਜੰਗ ਮੰਨ ਬਹਿੰਦੀ ਹੈ। ਦੇਸ਼ ਨਾਲ ਏਨਾ ਮੋਹ ਹੈ ਤੇ ਏਨੀ ਵਫਾਦਾਰੀ ਹੈ ਤਾਂ ਪੁਰਾਣੇ ਸਮੇਂ ਦੇ ਰਾਜਿਆਂ ਵਰਗੀ ਦੇਸ਼-ਭਗਤੀ ਵਿਖਾਉਣ, ਫਿਰ ਹਕੀਕੀ ਪੀੜ ਦਾ ਪਤਾ ਲੱਗੇਗਾ। ਲੋਕ ਦੁਖੀ ਹੋਏ ਪਏ ਹਨ, ਰਾਜਸੀ ਨੇਤਾ ਦੁੱਖ ਦਾ ਪ੍ਰਗਟਾਵਾ ਕਰਦੇ ਹਨ। ਖਬਰਾਂ ਧਿਆਨ ਨਾਲ ਪੜ੍ਹੋ ਤਾਂ ਉਥੇ ਵੀ ਇਹ ਗੱਲ ਨਹੀਂ ਲਿਖੀ ਹੁੰਦੀ ਕਿ ਫਲਾਣਾ ਲੀਡਰ ਇਸ ਘਟਨਾ ਤੋਂ ਦੁਖੀ ਹੈ, ਸਗੋਂ ਇਹ ਹੀ ਪੜ੍ਹਨ ਨੂੰ ਮਿਲਦਾ ਹੈ ਕਿ ਫਲਾਣੇ ਲੀਡਰ ਨੇ ਏਦਾਂ ਦੀ ਘਟਨਾ ਉੱਤੇ 'ਦੁੱਖ ਦਾ ਪ੍ਰਗਟਾਵਾ ਕੀਤਾ ਹੈ।' ਦੁੱਖ ਝੱਲਣ ਦੇ ਨਾਲ ਦੁੱਖ ਦੇ ਪ੍ਰਗਟਾਵੇ ਵੀ ਝੱਲ ਰਿਹਾ ਹੈ ਭਾਰਤ।

# ਸਾਡੇ ਪਿੰਡਾਂ ਦਾ ਨਵਾਂ ਮੁਹਾਂਦਰਾ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਆਪਣੀ ਉਮਰ ਦੇ ਵੀਹਵੇਂ ਵਰ੍ਹੇ ਤੋਂ ਪਿੰਡਾਂ ਦਾ ਵਾਸੀ ਨਹੀਂ। ਜਿਥੋਂ ਤੱਕ ਮੇਰੇ ਜੱਦੀ ਪਿੰਡ ਦਾ ਸਬੰਧ ਹੈ, ਉਥੇ ਕੇਵਲ ਆਪਣੀ ਸਕੂਲ ਤੇ ਕਾਲਜ ਦੀ ਪੜ੍ਹਾਈ ਦੇ ਛੇ ਸਾਲ ਰਿਹਾ ਹਾਂ-ਮਾਹਿਲਪੁਰ ਦੇ ਖਾਲਸਾ ਸਕੂਲ ਤੇ ਕਾਲਜ ਦਾ ਵਿਦਿਆਰਥੀ ਹੁੰਦਿਆਂ। ਉਸ ਤੋਂ ਪਹਿਲਾਂ ਮੈਂ ਖੰਨਾ ਮੰਡੀ ਨੇੜੇ ਆਪਣੇ ਨਾਨਕੀਂ ਰਿਹਾ ਅਤੇ ਉਸ ਤੋਂ ਪਿਛੋਂ ਦਿੱਲੀ ਤੇ ਫੇਰ ਚੰਡੀਗੜ੍ਹ।

ਇਸ ਵਾਰੀ ਪੂਰਾ ਹਫਤਾ ਰਹਿਣ ਕਾਰਨ ਮੈਨੂੰ ਆਪਣੇ ਪਿੰਡਾਂ ਵਿਚ ਆਈ ਤਬਦੀਲੀ ਜਾਣਨ ਦਾ ਮੌਕਾ ਮਿਲਿਆ। ਅੱਜ ਸਾਡੇ ਲੋਕ ਮੁਰਗੇ ਦੀ ਬਾਂਗ ਨਾਲ ਨਹੀਂ ਉਠਦੇ, ਉਨ੍ਹਾਂ ਨੂੰ ਗੁਰਦੁਆਰਿਆਂ ਦੇ ਲਾਉਡ ਸਪੀਕਰ ਜਗਾਉਂਦੇ ਹਨ। ਫੇਰ ਢਾਈ ਘੰਟੇ ਮਾਪੇ ਆਪਣੇ ਬੱਚਿਆਂ ਨੂੰ ਸਕੂਲ ਜਾਂ ਕਾਲਜ ਭੇਜਣ ਲਈ ਤਿਆਰ ਕਰਦੇ ਹਨ। ਮੇਰੇ ਬਚਪਨ ਵਿਚ ਮੇਰੇ ਪਿੰਡ ਸੂਨੀ ਦੇ ਨੇੜੇ ਕੇਵਲ ਪੋਸੀ ਤੇ ਮਜਾਰਾ ਡੀਂਗਰੀਆਂ ਵਿਚ ਪ੍ਰਾਇਮਰੀ ਸਕੂਲ ਸੀ। ਅੱਜ ਇਨ੍ਹਾਂ ਦੋਹਾਂ ਪਿੰਡਾਂ ਵਿਚ ਹਾਇਰ ਸੈਕੰਡਰੀ ਸਕੂਲ ਹਨ। ਕਾਲਜ ਪੱਧਰ ਦੀ ਪੜ੍ਹਾਈ ਲਈ 10-12 ਕਿਲੋਮੀਟਰ ਮਾਹਿਲਪੁਰ ਜਾਣਾ ਪੈਂਦਾ ਸੀ। ਅੱਜ ਬੰਗਾ ਅਤੇ ਗੜ੍ਹਸ਼ੰਕਰ ਵੀ ਕਾਲਜ ਖੁਲ੍ਹ ਚੁਕੇ ਹਨ। ਇਨ੍ਹਾਂ ਤੋਂ ਬਿਨਾ ਦਰਜਨਾਂ ਪ੍ਰਾਈਵੇਟ ਸਕੂਲ ਹਨ। ਜਿਥੇ ਸਾਡੇ ਪੋਤੇ-ਪੋਤਰੀਆਂ ਨੂੰ ਸਵੇਰੇ ਅੱਠ ਵਜੇ ਕੇ. ਡੀ. ਇੰਟਰਨੈਸ਼ਨਲ ਸਕੂਲ ਦੀ ਬੱਸ ਲੈਣ ਆ ਜਾਂਦੀ ਹੈ ਤੇ ਉਹੀਓ ਦੁਪਹਿਰ ਪਿਛੋਂ ਉਨ੍ਹਾਂ ਨੂੰ ਘਰ ਛੱਡਣ ਆਉਂਦੀ ਹੈ। ਮੈਂ ਆਪਣੇ ਸਮੇਂ ਹਰ ਰੋਜ਼ 10-12 ਕਿਲੋਮੀਟਰ ਸਾਈਕਲ ਚਲਾ ਕੇ ਜਾਂਦਾ ਤੇ ਏਨਾ ਹੀ ਪੈਂਡਾ ਤੈਅ ਕਰਕੇ ਪਰਤਦਾ ਰਿਹਾ ਹਾਂ। ਅਸੀਂ ਕੁੜਤੇ ਪਜਾਮੇ ਵਾਲੇ ਵਿਦਿਆਰਥੀ ਸਾਂ। ਸਾਡੇ ਪੋਤੇ-ਪੋਤਰੀਆਂ ਸਕੂਲ ਵਲੋਂ ਨਿਯਤ ਕੀਤੀ ਵਰਦੀ ਪਾ ਕੇ ਜਾਂਦੇ ਹਨ।

ਸਾਡੇ ਸਮਿਆਂ ਵਿਚ ਅਸੀਂ ਆਪਣੇ ਖੇਤਾਂ ਦੀਆਂ ਸਬਜ਼ੀਆਂ ਅਤੇ ਅੰਬ ਖਾਂਦੇ ਤੇ ਵਰਤਦੇ ਰਹੇ ਹਾਂ। ਉਨ੍ਹੀਂ ਦਿਨੀਂ ਜੇ ਕਿਸੇ ਦੇ ਘਰ ਸੇਬ-ਸੰਗਤਰਾ ਜਾਂਦਾ ਸੀ ਤਾਂ ਸਾਰੇ ਸਮਝਦੇ ਸਨ ਕਿ ਉਸ ਘਰ ਵਿਚ ਕੋਈ ਬੀਮਾਰ ਪੈ ਗਿਆ ਹੋਣੈ। ਅੱਜ ਸਾਡੇ ਖੇਤਾਂ ਵਿਚ ਕਿੰਨੂੰ ਸੰਗਤਰੇ ਤੇ ਸਟਰਾਬਰੀ ਉਗਦੀ ਹੈ। ਉਂਜ ਵੀ ਦੂਜੇ ਫਲ ਵੇਚਣ ਵਾਲਿਆਂ ਦੇ ਮੋਟਰ ਸਾਈਕਲ ਤੇ ਪਿਕ ਅਪ ਗੱਡੀਆਂ ਆਮ ਹੀ ਹੋਕਾ ਦਿੰਦੀਆਂ ਹਨ। ਘਰ ਘਰ ਸੰਗਤਰੇ ਮਾਲਟੇ, ਕੇਲੇ ਤੇ ਸੇਬ ਪਹੁੰਚ ਰਹੇ ਹਨ। ਭਾਵੇਂ ਲੋਕਾਂ ਨੇ ਆਪਣੇ ਘਰ ਮੁਰਗੇ ਮੁਰਗੀਆਂ ਪਾਲੇ ਹੋਏ ਹਨ, ਪਰ ਆਂਡੇ ਤੇ ਮੁਰਗੇ ਪੋਲਟਰੀ ਫਾਰਮਾਂ ਤੋਂ ਵੀ ਆਉਂਦੇ ਹਨ।

ਸਾਡੇ ਸਮਿਆਂ ਵਿਚ ਕਦੀ ਕਦਾਈਂ ਡਿੱਗੀ ਲਾ ਕੇ ਕੱਪੜਾ ਵੇਚਣ ਵਾਲੇ ਆਉਂਦੇ ਸਨ। ਅੱਜ ਲੋਹੇ, ਕਾਂਸੀ, ਭਰਤ, ਸਿਲਵਰ ਦੇ ਪੁਰਾਣੇ ਬਰਤਨ ਹੀ ਨਹੀਂ, ਮਕਾਨਾਂ ਦੇ ਗਾਰਡਰ ਅਤੇ ਟਰੈਕਟਰਾਂ ਦੇ ਮਡਗਾਰਡ ਤੇ ਤਵੀਆਂ ਖਰੀਦਣ ਵਾਲੇ ਵੀ ਹੋਕਾ ਦਿੰਦੇ ਸੁਣੇ ਜਾ ਸਕਦੇ ਹਨ। ਰਬੜ ਦੇ ਟਾਇਰ ਤੇ ਟਿਊਬਾਂ ਵੀ ਵਿਕਦੇ ਹਨ। ਬਿਲਕੁਲ ਨਵੀਂ ਗੱਲ ਇਹ ਹੈ ਕਿ ਸਿਰ ਦੇ ਵਾਲਾਂ ਬਦਲੇ ਪਲਾਸਟਿਕ ਦਾ ਸਮਾਨ ਮਿਲ ਜਾਂਦਾ ਹੈ। ਇਹ ਵੀ ਸੁਣਨ ਵਿਚ ਆਇਆ ਹੈ ਕਿ ਕਈ ਕੁੜੀਆਂ ਨੇ ਆਪਣੀਆਂ ਗੁੱਤਾਂ ਇਸ ਲਈ ਕਟਵਾ ਦਿੱਤੀਆਂ ਕਿ ਉਨ੍ਹਾਂ ਬਦਲੇ ਪਲਾਸਟਿਕ ਦਾ ਸਮਾਨ ਮਿਲ ਜਾਂਦਾ ਹੈ।

ਮੇਰੇ ਸਮੇਂ ਇਕ ਬੰਦੇ ਨੇ ਨਵਾਂ ਮੋਟਰਸਾਈਕਲ ਲਿਆਂਦਾ ਤਾਂ ਉਸ ਨੇ ਜਿੱਥੇ ਵੀ ਜਾਣਾ ਹੁੰਦਾ, ਆਪਣੇ ਪਿੱਛੇ ਪਿੰਡ ਦੇ ਇਕ ਪਹਿਲਵਾਨ ਨੂੰ ਬਿਠਾ ਕੇ ਲੈ ਜਾਂਦਾ ਤਾਂ ਕਿ ਰਸਤੇ ਵਿਚ ਧੱਕਾ ਲਗਵਾ ਸਕੇ। ਅੱਜ ਸਾਡੇ ਨਿੱਕੇ ਜਿਹੇ ਪਿੰਡ ਵਿਚ ਤਿੰਨ ਦਰਜਨ ਕਾਰਾਂ ਤੇ ਅਣਗਿਣਤ ਮੋਟਰਸਾਈਕਲ ਹਨ। ਸਾਡਾ ਪਿੰਡ ਉਚੀ ਥਾਂ ਉਤੇ ਹੈ। ਪਤਾ ਲੱਗਾ ਹੈ ਕਿ ਦੋ ਘਰਾਂ ਨੇ ਆਪਣੀ ਰਿਹਾਇਸ਼ ਥੱਲੇ ਲੈ ਆਂਦੀ ਹੈ ਤੇ ਪੁਰਾਣੇ ਘਰਾਂ ਦੇ ਖੋਲਿਆਂ ਵਿਚ ਕਾਰ ਪਾਰਕ ਕਰਨ ਲਈ ਥਾਂ ਬਣਾ ਲਈ ਹੈ। ਇਕੱਲੇ ਪਿੰਡ ਸੂਨੀ ਵਿਚ ਤੀਹ ਟਰੈਕਟਰ ਹਨ ਤੇ ਚੱਕ ਸੂਨੀ ਵਿਚ, ਜਿੱਥੇ ਕੇਵਲ ਅੱਠ ਘਰ ਵਸਦੇ ਹਨ, ਛੇ ਘਰਾਂ ਵਿਚ ਟਰੈਕਟਰ ਹਨ।

ਸਾਡੇ ਪਿੰਡ ਦੀ ਵੱਸੋਂ ਘੱਟ ਹੋਣ ਦਾ ਵੱਡਾ ਕਾਰਨ ਇਹ ਹੈ ਕਿ ਸੰਤਾਲੀ ਦੀ ਦੇਸ਼ ਵੰਡ ਸਮੇਂ ਸਾਡੇ ਪਿੰਡ ਦੀ ਇੱਕ ਤਿਹਾਈ ਮੁਸਲਿਮ ਵੱਸੋਂ ਪਾਕਿਸਤਾਨ ਚਲੀ ਗਈ ਸੀ। ਉਨ੍ਹਾਂ ਦੀ ਮਸੀਤ ਅਤੇ ਤਕੀਆ ਕਾਇਮ ਹਨ। ਤਕੀਏ ਉੱਤੇ ਵਰ੍ਹੇ ਦਿਨਾਂ ਦੇ ਦਿਨ ਪਿੰਡ ਦੀ ਬਾਲਮੀਕ ਵੱਸੋਂ ਇਕੱਠ ਕਰ ਲੈਂਦੀ ਹੈ ਤੇ ਮਸੀਤ ਨੂੰ ਪਹਾੜੋਂ ਆਏ ਗੁੱਜਰਾਂ ਨੇ ਅਪਨਾ ਲਿਆ ਹੈ। ਮਸੀਤ ਦੀ ਦੇਖ-ਭਾਲ ਜਮਾਤ ਅਲੀ ਗੁੱਜਰ ਕਰ ਰਿਹਾ ਹੈ। ਇਥੇ ਪੱਦੀ, ਪੋਧੀ ਤੇ ਬੁਗਰਾ ਪਿੰਡ ਦੇ ਗੁੱਜਰ ਇਬਾਦਤ ਕਰਦੇ ਹਨ।

ਪੁੱਛਣ 'ਤੇ ਪਤਾ ਲੱਗਾ ਕਿ ਪਿੰਡਾਂ ਦਾ ਇਹ ਮੁਹਾਂਦਰਾ ਸਾਡੇ ਪਿੰਡ ਤੱਕ ਹੀ ਸੀਮਤ ਨਹੀਂ, ਨੇੜੇ-ਤੇੜੇ ਦੇ ਸਾਰੇ ਪਿੰਡਾਂ ਦਾ ਹੋ ਚੁਕਾ ਹੈ। ਮੈਨੂੰ ਵੀ ਪੂਰੀ ਜਾਣਕਾਰੀ ਇਸ ਲਈ ਮਿਲ ਗਈ ਕਿ ਇਸ ਵਾਰੀ ਮੈਂ 6-7 ਦਿਨ ਆਪਣੇ ਪਿੰਡ ਰਿਹਾ ਤੇ ਆਪਣੀ ਭਤੀਜ-ਨੂੰਹ ਅਮਰਜੀਤ ਤੋਂ ਪੂਰੇ ਵੇਰਵੇ ਮਿਲੇ। ਉਹ ਪਿੰਡ ਸੂਨੀ ਦੀ ਸਰਪੰਚ ਚੁਣੀ ਗਈ ਹੈ।

**ਖਾਲਸਾ ਕਾਲਜ, ਮਾਹਿਲਪੁਰ ਦੀ ਬੱਲੇ ਬੱਲੇ:** 8-9 ਫਰਵਰੀ ਨੂੰ ਸਿੱਖ ਵਿਦਿਅਕ ਕੌਂਸਲ, ਮਾਹਿਲਪੁਰ ਨੇ ਦੋ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾ ਕੇ ਮੇਰੇ ਕਾਲਜ ਦੀ ਸਥਾਪਨਾ ਦੇ 72 ਸਾਲਾਂ ਵਿਚ ਨਵਾਂ ਇਤਿਹਾਸ ਸਿਰਜਿਆ ਹੈ। ਇਸ ਵਿਚ ਕੈਨੇਡਾ ਨਿਵਾਸੀ ਬਰਜਿੰਦਰ ਢਾਹਾਂ, ਮੁਕੰਦਪੁਰ ਤੋਂ ਪ੍ਰਿੰਸੀਪਲ ਸਰਵਣ ਸਿੰਘ ਤੇ ਗੁਰਚਰਨ ਸਿੰਘ ਸ਼ੇਰਗਿੱਲ ਨੇ ਹੀ ਸ਼ਿਰਕਤ ਨਹੀਂ ਕੀਤੀ, ਮੁੰਬਈ ਦੀ ਫਿਲਮੀ ਦੁਨੀਆਂ ਦਾ ਅਮਰੀਕ ਗਿੱਲ ਤੇ ਦਿੱਲੀ ਸਾਹਿਤ ਸਭਾ ਵਾਲਾ ਬਲਬੀਰ ਮਾਧੋਪੁਰੀ ਵੀ ਪਹੁੰਚੇ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਧਨਵੰਤ ਕੌਰ, ਮੋਗੇ ਤੋਂ ਬਲਦੇਵ ਸਿੰਘ




ਸੜਕਨਾਮਾ, ਜਲੰਧਰ ਤੋਂ ਰਜਨੀਸ਼ ਬਹਾਦਰ ਸਿੰਘ ਤੇ ਨਵਾਂ ਜ਼ਮਾਨਾ ਦੇ ਜਤਿੰਦਰ ਪਨੂੰ ਨੇ ਵੀ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਅੰਮ੍ਰਿਤਸਰ ਤੋਂ ਕੇਵਲ ਧਾਲੀਵਾਲ ਆਪਣਾ ਨਾਟਕ ਤੇ ਪੰਜਾਬੀ ਅਕਾਡਮੀ ਦਿੱਲੀ ਵਾਲਾ ਗੁਰਤੇਜ ਗੋਰਾਇਆ ਕਾਲਜ ਦੇ ਇਕ ਪੁਰਾਣੇ ਵਿਦਿਆਰਥੀ ਬਾਰੇ ਕਬੀਰ ਕਮੀਊਨਿਕੇਸ਼ਨਜ਼ ਦਿੱਲੀ ਵਲੋਂ ਤਿਆਰ ਕੀਤੀ ਡਾਕੂਮੈਂਟਰੀ ਫਿਲਮ ਲੈ ਕੇ ਆਏ। ਇਸ ਦੋ ਰੋਜ਼ਾ ਸਮਾਗਮ ਨੂੰ ਸਹਿਯੋਗ ਦੇਣ ਵਿਚ ਪੰਜਾਬ ਆਰਟਸ ਕੌਂਸਲ ਨੇ ਵੱਡਾ ਹਿੱਸਾ ਪਾਇਆ।

ਉਦਘਾਟਨੀ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਵਿਦਿਆ ਸ਼ਾਸਤਰੀ ਡਾ. ਐਸ. ਐਸ. ਜੌਹਲ ਸਨ ਤੇ ਵਿਦਾਇਗੀ ਸਮਾਗਮ ਦੀ ਪ੍ਰਧਾਨਗੀ ਵਿਧਾਇਕ ਹਰਿੰਦਰ ਸਿੰਘ ਚੰਦੂਮਾਜਰਾ ਨੇ ਕੀਤੀ। ਵਿਚਾਰ-ਚਰਚਾ ਦਾ ਤੋੜਾ ਇਸ ਗੱਲ ਉੱਤੇ ਟੁੱਟਿਆ ਕਿ ਇਸ ਅਹਿਮ ਸੰਸਥਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਯੂਨੀਵਰਸਟੀ ਦੀ ਪਦਵੀ ਮਿਲਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਦੋ-ਤਿੰਨ ਦਾਨੀ ਸੱਜਣਾਂ ਨੇ ਮਾਇਕ ਮਦਦ ਦੇਣ ਦੀ ਪੇਸ਼ਕਸ਼ ਵੀ ਕੀਤੀ। ਵੇਖੋ ਕੀ ਬਣਦਾ ਹੈ!

**ਅੰਤਿਕਾ: ਹਰਿਭਜਨ ਸਿੰਘ**
ਮੈਂ ਚੁੰਮ ਹੀ ਲਿਆ
ਜਾ ਕੇ ਲਹਿਰਾਂ ਦਾ ਜੋਬਨ
ਅਤੇ ਮੇਰੇ ਪੈਰੀਂ ਕਿਨਾਰੇ ਬੜੇ ਨੇ।

ਪੰਜਾਬ ਟਾਈਮਜ਼

*ਸਨਿਚਰਵਾਰ, 23 ਫਰਵਰੀ 2019*

## ਸਿਆਸਤ ਦੀ ਖੇਡ

ਇਸ ਹਫਤੇ ਦੋ ਅਹਿਮ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਨੇ ਆਉਣ ਵਾਲੇ ਦਿਨਾਂ ਵਿਚ ਪੰਜਾਬ ਅਤੇ ਭਾਰਤ ਦੀ ਸਿਆਸਤ ਉਤੇ ਖਾਸਾ ਅਸਰ-ਅੰਦਾਜ਼ ਹੋਣਾ ਹੈ। ਪਹਿਲੀ ਘਟਨਾ ਮੁਲਕ ਨਾਲ ਸਬੰਧਤ ਹੈ ਅਤੇ ਇਸ ਦਾ ਅਸਰ ਵੀ ਸਮੁੱਚੇ ਮੁਲਕ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਜੰਮੂ ਕਸ਼ਮੀਰ ਵਿਚ ਦਹਿਸ਼ਤਗਰਦਾਂ ਦੇ ਹਮਲੇ ਵਿਚ 40 ਤੋਂ ਵੱਧ ਸੀ.ਆਰ.ਪੀ.ਐਫ. ਜਵਾਨ ਮਾਰੇ ਗਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਸੱਤਾਧਾਰੀ ਧਿਰ ਦਾ ਪੂਰਾ ਕੋੜਮਾ ਇਸ ਹਮਲੇ ਦਾ ਬਦਲਾ ਲੈਣ ਦੀਆਂ ਫੜ੍ਹਾਂ ਮਾਰ ਰਿਹਾ ਹੈ। ਦੂਜੀ ਘਟਨਾ ਦਾ ਸਬੰਧ ਪੰਜਾਬ ਨਾਲ ਹੈ। ਬੇਅਦਬੀ ਵਾਲੇ ਕੇਸ ਦੇ ਸਿਲਸਿਲੇ ਵਿਚ ਪੰਜਾਬ ਪੁਲਿਸ ਦੇ ਚੋਟੀ ਦੇ ਅਫਸਰ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫਤਾਰੀ ਗੋਲੀਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਕੀਤੀ ਹੈ। ਵਿਸ਼ੇਸ਼ ਜਾਂਚ ਟੀਮ ਇਸ ਤੋਂ ਪਹਿਲਾਂ ਮੋਗਾ ਦੇ ਤਤਕਾਲੀ ਐਸ.ਐਸ.ਪੀ. ਚਰਨਜੀਤ ਸ਼ਰਮਾ ਨੂੰ ਗ੍ਰਿਫਤਾਰ ਕਰ ਚੁਕੀ ਹੈ। ਆਉਣ ਵਾਲੇ ਦਿਨਾਂ ਵਿਚ ਇਹ ਸੰਭਵ ਹੈ ਕਿ ਵਿਸ਼ੇਸ਼ ਜਾਂਚ ਟੀਮ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜੋ ਉਸ ਵਕਤ ਗ੍ਰਹਿ ਮੰਤਰੀ ਵੀ ਸਨ ਅਤੇ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਸੁਮੇਧ ਸੈਣੀ ਨੂੰ ਵੀ ਤਲਬ ਕਰ ਲਵੇ। ਸਿਆਸੀ ਮਾਹਿਰ ਇਨ੍ਹਾਂ ਦੋਹਾਂ ਘਟਨਾਵਾਂ ਨੂੰ ਆ ਰਹੀਆਂ ਲੋਕ ਸਭਾ ਨਾਲ ਜੋੜ ਕੇ ਸਮਝਣ/ਸਮਝਾਉਣ ਦੇ ਯਤਨ ਕਰ ਰਹੇ ਹਨ। ਇਨ੍ਹਾਂ ਮਾਹਿਰਾਂ ਦੀ ਸਪਸ਼ਟ ਰਾਏ ਹੈ ਕਿ ਜੇ ਕਿਤੇ ਲੋਕ ਸਭਾ ਚੋਣਾਂ ਸਿਰ ਉਤੇ ਨਾ ਹੁੰਦੀਆਂ ਤਾਂ ਸ਼ਾਇਦ ਇਹ ਦੋਵੇਂ ਘਟਨਾਵਾਂ ਨਾ ਹੀ ਹੁੰਦੀਆਂ।

ਸਾਰਾ ਜੱਗ ਜਾਣਦਾ ਹੈ ਕਿ ਚੋਣਾਂ ਤੋਂ ਐਨ ਪਹਿਲਾਂ ਮੋਦੀ ਸਰਕਾਰ ਦਾ ਹਾਲ ਬਹੁਤਾ ਚੰਗਾ ਨਹੀਂ ਹੈ। ਇਸ ਨੂੰ ਤਾਂ ਬੇਰੁਜ਼ਗਾਰੀ ਨਾਲ ਸਬੰਧਤ ਅੰਕੜੇ ਵੀ ਲਕੋਣੇ ਪੈ ਰਹੇ ਹਨ। ਸਬੰਧਤ ਵਿਭਾਗ ਵੱਲੋਂ ਤਿਆਰ ਇਨ੍ਹਾਂ ਅੰਕੜਿਆਂ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਿੱਧੇ ਸਵਾਲ ਉਠਾਉਣ ਵਾਲੇ ਹਨ। ਮੋਦੀ ਸਰਕਾਰ ਪਿਛਲੇ ਪੰਜ ਸਾਲਾਂ ਦੌਰਾਨ ਵੱਖ-ਵੱਖ ਮਸਲਿਆਂ ਨਾਲ ਸਬੰਧਤ ਅੰਕੜਿਆਂ ਵਿਚ ਹੇਰ-ਫੇਰ ਕਰਕੇ ਮੁਲਕ ਦੀ ਵਿਕਾਸ ਦਰ ਬਹੁਤ ਉਚੀ ਦਰਸਾਉਂਦੀ ਰਹੀ ਹੈ। ਇਸੇ ਕਰਕੇ ਆਰਥਕ ਮਾਹਿਰ ਵਾਰ-ਵਾਰ ਸਵਾਲ ਦਾਗ ਰਹੇ ਹਨ ਕਿ ਜੇ ਮੁਲਕ ਦਾ ਵਿਕਾਸ ਹੋਇਆ ਹੈ ਤਾਂ ਫਿਰ ਬੇਰੁਜ਼ਗਾਰੀ ਘਟ ਕਿਉਂ ਨਹੀਂ ਰਹੀ? ਜੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤੇ ਬਗੈਰ ਹੀ ਵਿਕਾਸ ਦੀ ਗੱਡੀ ਨੇ ਸ਼ੂਟ ਵੱਟੀ ਹੋਈ ਹੈ ਤਾਂ ਇਹ ਵਿਕਾਸ ਫਿਰ ਕਿਸ ਕੰਮ ਦਾ ਹੈ? ਅਜਿਹੇ ਹਾਲਾਤ ਦੌਰਾਨ ਪੁਲਵਾਮਾ ਹਮਲਾ ਹੁੰਦਾ ਹੈ ਅਤੇ ਅੱਖ ਝਪਕਣ ਦੇ ਫੋਰ ਵਿਚ ਹੀ ਮੁਲਕ ਦਾ ਸਮੁੱਚਾ ਮਾਹੌਲ ਬਦਲ ਜਾਂਦਾ ਹੈ। ਸਾਰੇ ਮਸਲੇ ਇਕਦਮ ਪਿਛਾਂਹ ਚਲੇ ਜਾਂਦੇ ਹਨ ਅਤੇ ਪਾਕਿਸਤਾਨ ਤੋਂ ਬਦਲਾ ਲੈਣਾ ਹੀ ਇਕੋ-ਇਕ ਮਸਲਾ ਰਹਿ ਜਾਂਦਾ ਹੈ। ਕਈ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਸੀ.ਆਰ.ਪੀ.ਐਫ. ਦੇ ਕਾਫਲੇ ਬਾਰੇ ਸਵਾਲ ਕੀਤੇ ਹਨ ਕਿ ਗੜਬੜਗ੍ਰਸਤ ਇਲਾਕੇ ਵਿਚ ਇੰਨਾ ਵੱਡਾ ਕੋਈ ਸੁਰੱਖਿਆ ਕਾਫਲਾ, ਸੁਰੱਖਿਆ ਤੋਂ ਬਗੈਰ ਕਿਸ ਤਰ੍ਹਾਂ ਰਵਾਨਾ ਹੋ ਸਕਦਾ ਹੈ? ਜੰਮੂ ਕਸ਼ਮੀਰ, ਖਾਸ ਕਰਕੇ ਕਸ਼ਮੀਰ ਵਾਦੀ ਵਿਚ ਜੇ ਚੱਪੇ-ਚੱਪੇ ਉਤੇ ਸੁਰੱਖਿਆ ਤਾਇਨਾਤ ਹੈ ਤਾਂ ਬਾਰੂਦ ਦਾ ਭਰਿਆ ਵਾਹਨ ਲੈ ਕੇ ਕੋਈ ਮੁੱਖ ਸੜਕ ਉਤੇ ਕਿਵੇਂ ਤੇ ਕਿਸ ਤਰ੍ਹਾਂ ਆ ਜਾਂਦਾ ਹੈ? ਕੀ ਅਜਿਹੀ ਢਿੱਲ ਜਾਣ-ਬੁੱਝ ਕੇ ਛੱਡੀ ਗਈ? ਮੀਡੀਆ ਵੱਲੋਂ ਕੀਤੀ ਜਾ ਰਹੀ ਬਹਿਸ ਵਿਚੋਂ ਇਹ ਸਵਾਲ ਗਾਇਬ ਹਨ। ਇਸੇ ਕਰਕੇ ਸਵਾਲਾਂ ਦਾ ਸਵਾਲ ਇਹ ਹੈ ਕਿ ਇਹ ਕਿਤੇ ਚੋਣਾਂ ਦੀਆਂ ਗਿਣਤੀਆਂ-ਮਿਣਤੀਆਂ ਦਾ ਕੋਈ ਹਿੱਸਾ ਤਾਂ ਨਹੀਂ? ਸਭ ਨੂੰ ਯਾਦ ਹੋਵੇਗਾ ਕਿ ਮਾਰਚ 2000 ਵਿਚ ਜੰਮੂ ਕਸ਼ਮੀਰ ਦੇ ਪਿੰਡ ਚਿੱਠੀ ਸਿੰਘਪੁਰਾ ਵਿਚ ਸਿੱਖਾਂ ਦਾ ਕਤਲੇਆਮ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਦੇ ਦੌਰੇ ਤੋਂ ਐਨ ਪਹਿਲਾਂ ਹੋਇਆ ਸੀ ਅਤੇ ਇਹ ਰੌਲਾ ਅੱਜ ਤੱਕ ਪੈ ਰਿਹਾ ਹੈ ਕਿ ਇਹ ਕਾਰਾ ਅਤਿਵਾਦੀਆਂ ਦਾ ਨਹੀਂ ਸੀ।

ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਦਾ ਪ੍ਰਸੰਗ ਵੀ ਫਿਲਹਾਲ ਸਿਆਸਤ ਅਤੇ ਚੋਣਾਂ ਤੋਂ ਵੱਖਰਾ ਨਹੀਂ ਜਾਪਦਾ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਦੇ ਦਸਾਂ ਸਾਲਾਂ ਦੇ ਰਾਜਭਾਗ ਤੋਂ ਬਾਅਦ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣੀ ਨੂੰ ਦੋ ਸਾਲ ਹੋ ਗਏ ਹਨ। ਇਨ੍ਹਾਂ ਦੋ ਸਾਲਾਂ ਦੌਰਾਨ ਸਰਕਾਰ ਦੀ ਕਾਰਗੁਜ਼ਾਰੀ ਕਿਤੇ ਰੜਕ ਨਹੀਂ ਰਹੀ ਹੈ। ਹੁਣ ਲੋਕ ਸਭਾ ਚੋਣਾਂ ਸਿਰ 'ਤੇ ਹੋਣ ਕਾਰਨ ਇਸ ਸਰਕਾਰ ਨੂੰ ਚਲਾਉਣ ਵਾਲਿਆਂ ਨੂੰ ਹੁਣ ਮੁੱਦਿਆਂ ਦੀ ਲੋੜ ਹੈ ਅਤੇ ਇਸ ਵੇਲੇ ਬੇਅਦਬੀ ਕਾਂਡ ਨਾਲ ਜੁੜੇ ਮੁੱਦੇ ਮਿਥ ਕੇ ਚੁੱਕ ਲਏ ਜਾਪਦੇ ਹਨ। ਆਉਣ ਵਾਲੇ ਦਿਨਾਂ ਵਿਚ ਇਹੀ ਮੁੱਦਾ ਹੁਣ ਮੁੱਖ ਮੁੱਦਾ ਬਣਦਾ ਨਜ਼ਰ ਆਵੇਗਾ। ਇਹ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਜਾਪ ਰਹੀ ਹੈ। ਇਸ ਮੁੱਦੇ ਉਤੇ ਸ਼੍ਰੋਮਣੀ ਅਕਾਲੀ ਦਲ ਐਨ ਥੱਲੇ ਲੱਗ ਚੁਕਾ ਹੈ ਕਿ ਸੂਬੇ ਦੇ ਬਹੁਤੇ ਲੋਕ ਇਸ ਮੁੱਦੇ ਉਤੇ ਬਾਦਲਾਂ ਦੀ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ। ਦੂਜੇ ਬੰਨੇ ਆਮ ਆਦਮੀ ਪਾਰਟੀ ਦੇ ਆਪਣੇ ਕਲੇਸ਼ ਤੋਂ ਕਾਂਗਰਸ ਆਗੂਆਂ ਨੂੰ ਲੱਗ ਰਿਹਾ ਹੈ ਕਿ ਲੈ-ਦੇ ਕੇ ਲੋਕ ਸਭਾ ਚੋਣਾਂ ਵਿਚ ਇਹ ਐਤਕੀਂ ਤਕੜਾ ਮੋਰਚਾ ਮਾਰ ਸਕਦੀ ਹੈ। ਸਿਆਸਤ ਵਿਚ ਭਾਵੇਂ ਕਦੀ ਵੀ ਕੁਝ ਗਿਣਤੀ-ਮਿਣਤੀ ਨਾਲ ਹੋਣਾ ਅਸੰਭਵ ਜਿਹਾ ਕਾਰਜ ਹੁੰਦਾ ਹੈ ਪਰ ਬੇਅਦਬੀ ਕਾਂਡ ਦੀਆਂ ਗ੍ਰਿਫਤਾਰੀਆਂ ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਲੋਕ ਸਭਾ ਚੋਣਾਂ ਤੱਕ ਖਿੱਚ ਕੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕਰ ਰਹੀ ਜਾਪਦੀ ਹੈ। ਜਾਹਰ ਹੈ ਕਿ ਸਾਰੀਆਂ ਕਾਰਵਾਈਆਂ ਚੋਣਾਂ ਦੀਆਂ ਤਿਆਰੀਆਂ ਤਹਿਤ ਹੋ ਰਹੀਆਂ ਹਨ, ਨਹੀਂ ਤਾਂ ਕੋਈ ਕਾਰਨ ਨਹੀਂ ਸੀ ਕਿ ਪਹਿਲਾਂ ਰਿਪੋਰਟ ਆਉਣ ਤੋਂ ਇੰਨੀ ਦੇਰ ਬਾਅਦ ਵੀ ਇਸ ਸਰਕਾਰ ਨੇ ਕੋਈ ਕਦਮ ਉਠਾਉਣਾ ਵਾਜਬ ਨਹੀਂ ਸੀ ਸਮਝਿਆ। ਇਨ੍ਹਾਂ ਪਾਰਟੀਆਂ ਵੱਲੋਂ ਇਕ-ਦੂਜੇ ਨੂੰ ਸਾਹ ਦਿਵਾਉਣ ਦੀ ਮਿਸਾਲ ਹੁਣੇ-ਹੁਣੇ ਸਾਹਮਣੇ ਆਈ ਹੈ। ਅਕਾਲੀ ਲੀਡਰ ਦਿਆਲ ਸਿੰਘ ਕੋਲਿਆਂਵਾਲੀ ਬਹੁਤ ਬੁਰੀ ਤਰ੍ਹਾਂ ਵਿਜੀਲੈਂਸ ਦੇ ਸ਼ਿਕੰਜੇ ਵਿਚ ਆਇਆ ਹੋਇਆ ਹੈ ਪਰ ਵਿਜੀਲੈਂਸ ਨੇ ਜਾਣ-ਬੁੱਝ ਕੇ ਕਾਰਵਾਈ ਦੀ ਮਿਆਦ ਲੰਘ ਜਾਣ ਦਿੱਤੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

*ਕਸ਼ਮੀਰ ਵਿਚ ਕਹਿਰ*

ਕਹਿਰ ਵਰਤਿਆ ਵਿਚ ਕਸ਼ਮੀਰ ਜਿਹੜਾ, ਸੁਣ ਕੇ ਸਭਨਾਂ ਦਾ ਦਿਲ ਹੀ ਦੁਖਿਆ ਐ।
ਖੁਫੀਆ ਤੰਤਰ ਵੀ ਸੌਂ ਗਿਆ ਨੀਂਦ ਗੂੜ੍ਹੀ, ਸਿਰ ਸ਼ਰਮ ਦੇ ਨਾਲ ਹੀ ਝੁਕਿਆ ਐ।
'ਬਾਈ ਏਅਰ' ਤੋਂ ਕਰਿਆ ਇਨਕਾਰ ਕਹਿੰਦੇ, ਬੱਸਾਂ ਵਿਚ ਜਵਾਨਾਂ ਨੂੰ ਢੁੱਕਿਆ ਐ।
ਪੁੱਤ ਜਿਨ੍ਹਾਂ ਦੇ ਆਉਣੇ ਨਾ ਫੇਰ ਮੁੜ ਕੇ, ਉਨ੍ਹਾਂ ਮਾਂਵਾਂ ਦਾ ਕਾਲਜਾ ਧੁਖਿਆ ਐ।
ਮਿਸ਼ਨ ਗੰਦੀ ਤੋਂ ਸ਼ੁਰੂ ਹੋ ਲੀਡਰਾਂ ਦਾ, ਸਮਝੋ ਵੋਟਾਂ ਦੀ ਭੁੱਖ 'ਤੇ ਮੁੱਕਿਆ ਐ।
ਲੱਤਾਂ ਕਬਰਾਂ ਦੇ ਵਿਚ ਨੇ ਜਿਨ੍ਹਾਂ ਦੀਆਂ, ਮਿਲੀ ਉਨ੍ਹਾਂ ਨੂੰ ਜ਼ੈਡ ਸੁਰੱਖਿਆ ਐ!

# ਮੋਦੀ ਦੀ ਸਿਆਸਤ ਨੇ ਕੀਤਾ ਗੁਜਰਾਤ ਦਾ ਸੱਤਿਆਨਾਸ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੇ ਜੋਟੀਦਾਰਾਂ ਨੇ ਗੁਜਰਾਤ ਨੂੰ ਹੁਣ ਤੱਕ ਵਿਕਾਸ ਮਾਡਲ ਵਜੋਂ ਪੇਸ਼ ਕੀਤਾ ਹੈ। ਗੁਜਰਾਤ ਬਾਰੇ ਝੂਠੇ-ਸੱਚੇ ਅਜਿਹੇ ਅੰਕੜੇ ਪੇਸ਼ ਕੀਤੇ ਜਾਂਦੇ ਰਹੇ ਹਨ, ਜਿਨ੍ਹਾਂ ਦੇ ਆਧਾਰ ਉਤੇ ਦਾਅਵਾ ਕੀਤਾ ਗਿਆ ਹੈ ਕਿ ਸੂਬਾ ਕਿੰਨੀ ਤਰੱਕੀ ਕਰ ਰਿਹਾ ਹੈ ਪਰ ਉਘੇ ਲੇਖਕ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਗੁਜਰਾਤ ਦਾ ਜੋ ਖਾਕਾ ਦੱਸਿਆ ਹੈ, ਉਹ ਕੀਤੇ ਜਾ ਰਹੇ ਪ੍ਰਚਾਰ ਤੋਂ ਐਨ ਉਲਟ ਹੈ। ਸੂਬੇ ਵਿਚ ਅਸਹਿਮਤੀ ਦੀ ਆਵਾਜ਼ ਨੂੰ ਜਿਸ ਢੰਗ ਨਾਲ ਦਬਾਇਆ ਜਾ ਰਿਹਾ ਹੈ, ਉਹ ਭਾਰਤੀ ਜਮਹੂਰੀਅਤ ਦੇ ਮੱਥੇ ਉਤੇ ਕਲੰਕ ਹੈ। ਸੰਘ ਬ੍ਰਿਗੇਡ ਨੇ ਭੈਅ ਵਾਲਾ ਅਜਿਹਾ ਮਾਹੌਲ ਪਿਛਲੇ ਪੰਜ ਸਾਲਾਂ ਤੋਂ ਸਮੁੱਚੇ ਮੁਲਕ ਵਿਚ ਬਣਾਇਆ ਹੋਇਆ ਹੈ। -ਸੰਪਾਦਕ*

ਇਸ ਹਫਤੇ ਗੁਜਰਾਤ ਵਿਧਾਨ ਸਭਾ ਦੇ ਵਿਧਾਇਕ ਜਿਗਨੇਸ਼ ਮੇਵਾਣੀ ਨੂੰ ਅਹਿਮਦਾਬਾਦ ਦੇ ਐਚ.ਕੇ. ਆਰਟਸ ਕਾਲਜ ਵਿਚ ਸਮਾਗਮ 'ਚ ਤਕਰੀਰ ਦੇਣ ਤੋਂ ਰੋਕ ਦਿੱਤਾ ਗਿਆ। ਉਹ ਖੁਦ ਕਦੇ ਇਸੇ ਕਾਲਜ ਦਾ ਵਿਦਿਆਰਥੀ ਰਿਹਾ ਹੈ। ਉਸ ਨੂੰ ਕਾਲਜ ਪ੍ਰਿੰਸੀਪਲ ਨੇ ਸੱਦਿਆ ਸੀ ਜਿਸ ਨੂੰ ਟਰੱਸਟੀਆਂ ਨੇ ਸੱਦਾ ਰੱਦ ਕਰਨ ਲਈ ਮਜਬੂਰ ਕੀਤਾ, ਕਿਉਂਕਿ ਉਨ੍ਹਾਂ ਨੂੰ ਹਿੰਦੁਤਵ ਕੱਟੜਪੰਥੀਆਂ ਤੋਂ ਧਮਕੀਆਂ ਮਿਲ ਰਹੀਆਂ ਸਨ। ਰੋਸ ਵਿਚ ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਨੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਮੈਂ ਉਨ੍ਹਾਂ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਆਪਣੇ ਟਵੀਟ ਵਿਚ ਲਿਖਿਆ: 'ਉਹ ਗੁਜਰਾਤ ਦੀਆਂ ਬਿਹਤਰੀਨ ਰਵਾਇਤਾਂ ਦੇ ਨੁਮਾਇੰਦੇ ਹਨ। ਪਟੇਲ, ਗਾਂਧੀ ਅਤੇ ਹੰਸਾ ਮਹਿਤਾ ਨੂੰ ਉਨ੍ਹਾਂ 'ਤੇ ਮਾਣ ਹੋਵੇਗਾ।'



ਰਾਮਚੰਦਰ ਗੁਹਾ

ਸਰਦਾਰ ਪਟੇਲ ਅਤੇ ਮਹਾਤਮਾ ਗਾਂਧੀ ਨੂੰ ਸਭ ਜਾਣਦੇ ਹਨ। ਹਾਂ, ਹੰਸਾ ਮਹਿਤਾ ਨੂੰ ਗੁਜਰਾਤ ਵਿਚ ਵੀ ਬਹੁਤਿਆਂ ਨੇ ਭੁਲਾ ਦਿੱਤਾ ਹੈ ਜਿਸ ਬਾਰੇ ਇਥੇ ਦੱਸਣਾ ਜ਼ਰੂਰੀ ਹੈ। ਉਹ ਬਹੁਤ ਵੱਡੀ ਦੇਸ਼ਭਗਤ ਜੋੜੀ ਦਾ ਹਿੱਸਾ ਸੀ। ਉਸ ਦਾ ਪਤੀ ਡਾ. ਜੀਵਰਾਜ ਮਹਿਤਾ ਲੰਡਨ ਤੋਂ ਪੜ੍ਹਿਆ ਡਾਕਟਰ ਸੀ ਜੋ ਗਾਂਧੀ ਦੇ ਬਿਮਾਰ ਹੋਣ 'ਤੇ ਅਕਸਰ ਉਨ੍ਹਾਂ ਦਾ ਇਲਾਜ ਕਰਦਾ ਅਤੇ ਆਜ਼ਾਦੀ ਸੰਘਰਸ਼ ਦੌਰਾਨ ਉਸ ਨੇ ਖੁਦ ਵੀ ਲੰਮਾ ਸਮਾਂ ਜੇਲ੍ਹ ਕੱਟੀ। ਇਸ ਦੌਰਾਨ ਹੰਸਾ ਆਲ ਇੰਡੀਆ ਵਿਮੈਨਜ਼ ਕਾਨਫਰੰਸ ਵਿਚ ਸਰਗਰਮ ਸੀ। ਇਹ ਜਥੇਬੰਦੀ ਸਮਾਜ ਤੇ ਸਿਆਸਤ ਵਿਚ ਲਿੰਗਕ ਬਰਾਬਰੀ ਲਈ ਕੰਮ ਕਰਦੀ ਸੀ। ਬਾਅਦ ਵਿਚ ਸੰਵਿਧਾਨ ਸਭਾ ਦੀਆਂ ਕੁਝ ਕੁ ਮਹਿਲਾ ਮੈਂਬਰਾਂ ਵਿਚ ਸ਼ੁਮਾਰ ਹੋਣ ਨਾਤੇ ਉਸ ਨੂੰ ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਨੁਮਾਇੰਦਗੀ ਦੀ ਜ਼ਿੰਮੇਵਾਰੀ ਸੌਂਪੀ ਗਈ। ਉਥੇ ਉਸ ਨੇ ਸੱਚਮੁੱਚ ਆਲਮੀ ਅਹਿਮੀਅਤ ਵਾਲਾ ਯੋਗਦਾਨ ਦਿੱਤਾ। ਉਸ ਵਕਤ ਮਨੁੱਖੀ ਹੱਕਾਂ ਬਾਰੇ ਆਲਮੀ ਐਲਾਨਨਾਮੇ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਸੀ। ਉਸ ਦਾ ਖਰੜਾ ਪੜ੍ਹਦਿਆਂ ਹੰਸਾ ਨੇ ਇਹ ਵਾਕੰਸ਼ ਲਿਖਿਆ ਦੇਖਿਆ: 'ਸਾਰੇ ਬੰਦੇ ਬਰਾਬਰ ਪੈਦਾ ਹੋਏ ਹਨ' ਅਤੇ ਹੰਸਾ ਨੇ ਇਸ ਨੂੰ ਬਦਲ ਕੇ 'ਸਾਰੇ ਇਨਸਾਨ ਬਰਾਬਰ ਪੈਦਾ ਹੋਏ ਹਨ' ਕਰਾਉਣ ਵਿਚ ਸਫਲਤਾ ਹਾਸਲ ਕੀਤੀ।

ਸੰਵਿਧਾਨ ਸਭਾ ਨੇ 1949 ਵਿਚ ਆਪਣਾ ਕੰਮ ਪੂਰਾ ਕਰ ਲਿਆ ਤਾਂ ਹੰਸਾ ਆਪਣੇ ਜੱਦੀ ਸੂਬੇ ਗੁਜਰਾਤ ਪਰਤ ਕੇ ਮਹਾਰਾਜਾ ਸਯਾਜੀਰਾਓ ਯੂਨੀਵਰਸਿਟੀ, ਬੜੌਦਾ ਦੀ ਵਾਈਸ ਚਾਂਸਲਰ ਬਣ ਗਈ। ਇਹ ਉਹ ਸਮਾਂ ਸੀ ਜਦੋਂ ਅਮਰੀਕਾ ਜਾਂ ਬਰਤਾਨੀਆ ਦੀ ਕੋਈ ਯੂਨੀਵਰਸਿਟੀ ਵੀ ਕਿਸੇ ਮਹਿਲਾ ਨੂੰ ਵਾਈਸ ਚਾਂਸਲਰ ਨਿਯੁਕਤ ਕਰਨ ਦਾ ਜੇਰਾ ਨਹੀਂ ਸੀ ਕਰ ਸਕਦੀ। ਉਸ ਵਕਤ ਮਹਾਤਮਾ ਗਾਂਧੀ ਦੀ ਮੌਤ ਨੂੰ ਮਹਿਜ਼ ਇਕ ਸਾਲ ਹੋਇਆ ਸੀ; ਅਤੇ ਇਸ ਦੇ ਬਾਵਜੂਦ ਉਨ੍ਹਾਂ ਦਾ ਪ੍ਰਭਾਵ ਤੇ ਪ੍ਰੇਰਨਾ ਗੁਜਰਾਤ ਵਿਚ ਕਾਇਮ ਸੀ। ਇਸ ਤੋਂ ਇਲਾਵਾ ਬੜੌਦਾ ਵਿਚ ਅਗਾਂਹਵਧੂ ਮਹਾਰਾਜੇ ਵੀ ਰਹੇ ਹਨ। ਇਸ ਕਸਬੇ ਅਤੇ ਇਸ ਸੂਬੇ ਵਿਚ ਅਜਿਹੀਆਂ ਅਗਾਂਹਵਧੂ ਲੀਹਾਂ ਸੰਭਵ ਸਨ ਜਿਨ੍ਹਾਂ ਦੀ ਭਾਰਤ (ਤੇ ਸੰਸਾਰ) ਦੇ ਹੋਰ ਹਿੱਸਿਆਂ ਵਿਚ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਹੰਸਾ ਮਹਿਤਾ ਦੀ ਅਗਵਾਈ ਹੇਠ ਐਮ.ਐਸ. ਯੂਨੀਵਰਸਿਟੀ ਨੇ ਵਿਗਿਆਨ ਤੇ ਹਿਊਮੈਨਿਟੀਜ਼ ਦੋਵਾਂ ਖੇਤਰਾਂ ਵਿਚ ਬੜਾ ਨਾਂ ਕਮਾਇਆ। ਜੋ 1950ਵਿਆਂ ਵਿਚ ਵੀ ਯੂਨੀਵਰਸਿਟੀਆਂ ਦੀ ਦਰਜਾਬੰਦੀ ਹੁੰਦੀ ਤਾਂ ਐਮ.ਐਸ. ਯੂਨੀਵਰਸਿਟੀ ਨੇ ਬੰਬਈ, ਕਲਕੱਤਾ ਤੇ ਮਦਰਾਸ ਦੀਆਂ ਕਿਤੇ ਪੁਰਾਣੀਆਂ ਯੂਨੀਵਰਸਿਟੀਆਂ ਤੋਂ ਕਿਸੇ ਤਰ੍ਹਾਂ ਘੱਟ ਨਹੀਂ ਸੀ ਹੋਣਾ। ਇਸ ਨਵੀਂ ਯੂਨੀਵਰਸਿਟੀ ਦੀ ਉਪ-ਕੁਲਪਤੀ ਅਤੇ ਉਸ ਦੇ ਸਿਧਾਂਤਾਂ ਸਦਕਾ ਇਸ ਦਾ ਘੇਰਾ ਭਾਰਤ ਭਰ ਵਿਚ ਫੈਲਿਆ ਸੀ। ਕੇਰਲਾ, ਬੰਗਾਲ ਅਤੇ ਹੋਰ ਦੁਰਾਡੇ ਸੂਬਿਆਂ ਤੱਕ ਦੇ ਅਧਿਆਪਕ ਉਥੇ ਪੜ੍ਹਾਉਣ ਆਏ ਅਤੇ ਇਹ ਲਲਿਤ ਕਲਾਵਾਂ ਦੀ ਫੈਕਲਟੀ ਪੱਖੋਂ ਮੁਲਕ ਦੀ ਮੋਹਰੀ ਯੂਨੀਵਰਸਿਟੀ ਬਣ ਗਈ। ਹੰਸਾ ਮਹਿਤਾ ਵਲੋਂ ਪ੍ਰੋਫੈਸਰ ਦੇ ਅਹੁਦਿਆਂ ਉਤੇ ਨਿਯੁਕਤ ਕੀਤੇ ਗਏ ਗ਼ੈਰ-ਗੁਜਰਾਤੀਆਂ ਵਿਚ ਚੋਟੀ ਦੇ ਸਮਾਜ ਸ਼ਾਸਤਰੀ ਐਮ.ਐਨ. ਸ੍ਰੀਨਿਵਾਸ ਜੋ ਮੈਸੂਰ ਦੇ ਜੱਦੀ ਬਾਸ਼ਿੰਦੇ ਸਨ ਅਤੇ ਤਾਮਿਲ ਜੋੜੀ ਸੀ.ਵੀ. ਰਾਮਾਕ੍ਰਿਸ਼ਨਨ ਤੇ ਉਨ੍ਹਾਂ ਦੀ ਪਤਨੀ ਰਾਜਲਕਸ਼ਮੀ ਵੀ ਸ਼ਾਮਲ ਸਨ। ਰਾਮਾਕ੍ਰਿਸ਼ਨਨ ਜੋੜੀ ਵਿਚੋਂ ਪਤੀ ਬਾਇਓਕੈਮਿਸਟ ਤੇ ਪਤਨੀ ਮਨੋਵਿਗਿਆਨੀ ਸੀ। ਉਨ੍ਹਾਂ ਦੇ ਦੋਵੇਂ ਬੱਚਿਆਂ ਨੇ ਆਪੋ-ਆਪਣੀ ਪਹਿਲੀ ਡਿਗਰੀ ਬੜੌਦਾ ਤੋਂ ਕੀਤੀ। ਧੀ ਲਲਿਤਾ ਹੁਣ ਕੈਂਬਰਿਜ ਵਿਚ ਪ੍ਰੋਫੈਸਰ ਹੈ ਜਦੋਂਕਿ ਪੁੱਤਰ ਵੈਂਕਟਰਾਮਨ (ਵੈਂਕੀ) ਨੇ ਨੋਬੇਲ ਪੁਰਸਕਾਰ ਜਿੱਤਿਆ।

ਇਸ ਦੌਰਾਨ ਹੰਸਾ ਮਹਿਤਾ ਦੇ ਬੜੌਦਾ ਵਿਚਲੇ ਕੰਮ ਤੋਂ ਅਹਿਮਦਾਬਾਦ ਵਿਚ ਵੀ ਪ੍ਰੇਰਨਾ ਲਈ ਜਾ ਰਹੀ ਸੀ ਜਿਥੇ ਸਾਰਾਭਾਈ ਪਰਿਵਾਰ ਵਰਗੇ ਸਮਾਜ ਸੇਵੀਆਂ ਨੇ ਸ਼ਾਨਦਾਰ ਅਕਾਦਮਿਕ ਅਦਾਰੇ ਕਾਇਮ ਕੀਤੇ ਜਿਨ੍ਹਾਂ ਵਿਚ ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ, ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਫਿਜ਼ੀਕਲ ਰਿਸਰਚ ਲੈਬਾਰਟਰੀ ਸ਼ਾਮਲ ਸਨ। ਇਨ੍ਹਾਂ ਵਿਚ ਵੀ ਦੇਸ਼ ਭਰ ਦੇ ਅਧਿਆਪਕ ਪੜ੍ਹਾਉਂਦੇ ਤੇ ਦੇਸ਼ ਭਰ ਦੇ ਹੀ ਪਾੜ੍ਹੇ ਪੜ੍ਹਦੇ ਸਨ; ਥੋੜ੍ਹੇ ਵਿਦੇਸ਼ੀ ਵਿਦਿਆਰਥੀ ਵੀ ਆਉਂਦੇ ਸਨ।

ਜਦੋਂ ਮੈਂ ਚਾਲੀ ਵਰ੍ਹੇ ਪਹਿਲਾਂ, ਪਹਿਲੀ ਵਾਰ ਗੁਜਰਾਤ ਗਿਆ ਤਾਂ ਇਸ ਦੀ ਪਛਾਣ ਅਜਿਹੇ ਸੂਬੇ ਵਜੋਂ ਸੀ ਜਿਥੇ ਵਿਦਵਾਨਾਂ, ਵਿਗਿਆਨੀਆਂ, ਲੇਖਕਾਂ ਤੇ ਕਲਾਕਾਰਾਂ ਨੂੰ ਪੂਰਾ ਮਾਣ-ਸਤਿਕਾਰ (ਨਾਲ ਹੀ ਸਹਾਰਾ ਵੀ) ਮਿਲਦਾ ਸੀ। ਹੰਸਾ ਮਹਿਤਾ ਤੇ ਵਿਕਰਮ ਸਾਰਾਭਾਈ ਦੀ ਵਿਰਾਸਤ ਜ਼ਿੰਦਾ ਸੀ। ਐਮ.ਐਸ. ਯੂਨੀਵਰਸਿਟੀ ਦੇ ਅਧਿਆਪਕਾਂ ਜਾਂ ਐਨ.ਆਈ.ਡੀ. ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਅੰਦਰਲੀ ਕਲਾਤਮਕ ਸ਼ਕਤੀ ਦੀਆਂ ਲਹਿਰਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਸੀ। ਇਨ੍ਹਾਂ ਅਦਾਰਿਆਂ ਦੀਆਂ ਗੁਜਰਾਤ ਵਿਚ ਡੂੰਘੀਆਂ ਜੜ੍ਹਾਂ ਸਨ, ਇਸ ਤੋਂ ਵੀ ਅਗਾਂਹ ਭਾਰਤ ਅਤੇ ਪੂਰੇ ਸੰਸਾਰ ਵਿਚ ਵੀ।

ਐਪਰ ਹਾਲੀਆ ਸਾਲਾਂ ਦੌਰਾਨ ਗੁਜਰਾਤ ਵਿਚ ਬੌਧਿਕ ਕਾਰਜ ਲਈ ਘਟ ਰਹੀ ਥਾਂ ਨੂੰ ਸਾਫ ਦੇਖਿਆ ਜਾ ਸਕਦਾ ਹੈ। ਸੂਬੇ ਦੇ ਕੁਲੀਨ ਵਰਗ ਦੀ ਧਾਰਨਾ ਇਹ ਹੈ ਕਿ ਆਜ਼ਾਦ-ਖਿਆਲ ਵਿਦਵਾਨ ਸਿਆਸਤ ਤੇ ਕਾਰੋਬਾਰ, ਜਾਂ ਖਾਸਕਰ ਸਿਆਸਤਦਾਨਾਂ ਤੇ ਕਾਰੋਬਾਰੀਆਂ ਲਈ ਸਮੱਸਿਆਵਾਂ ਖੜ੍ਹੀਆਂ ਕਰਦੇ ਹਨ। ਲਗਾਤਾਰ ਹੋਏ ਵੱਖ ਵੱਖ ਫਿਰਕੂ ਤੇ ਜਾਤੀ ਦੰਗਿਆਂ ਨੇ ਸੂਬੇ ਦੇ ਵਸਨੀਕਾਂ ਵਿਚ ਭੈਅ ਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਜਿਹੜੀ ਉਥੋਂ ਦੀ ਅਸਲ ਸੋਚ ਨਾਲ ਮੇਲ ਨਹੀਂ ਖਾਂਦੀ। ਇਹ ਗੰਵਾਰਪਣ ਸੂਬੇ ਵਿਚ ਨਰਿੰਦਰ ਮੋਦੀ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਹੀ ਪੈਰ ਜਮਾਉਣ ਲੱਗਾ ਸੀ ਪਰ ਇਸ ਨੂੰ ਪੂਰਾ ਹੁਲਾਰਾ 13 ਸਾਲ ਉਨ੍ਹਾਂ ਦੇ ਮੁੱਖ ਮੰਤਰੀ ਹੋਣ ਦੌਰਾਨ ਮਿਲਿਆ।

ਕਿਸੇ ਵੇਲੇ ਗੁਜਰਾਤ ਅਜਿਹੇ ਆਲਮੀ ਪੱਧਰ ਦੇ ਵਿਦਵਾਨਾਂ ਦਾ ਘਰ ਸੀ ਜਿਹੜੇ ਮੂਲ ਰੂਪ ਵਿਚ ਬੰਗਾਲੀ ਜਾਂ ਤਾਮਿਲ ਸਨ; ਕੋਈ ਸਮਾਂ ਸੀ ਜਦੋਂ ਇਸ ਦੀਆਂ ਯੂਨੀਵਰਸਿਟੀਆਂ ਇੰਨੀਆਂ ਵਧੀਆ ਸਨ ਕਿ ਉਨ੍ਹਾਂ ਦੇ ਪੜ੍ਹੇ ਨੋਬੇਲ ਪੁਰਸਕਾਰ ਜੇਤੂ ਬਣੇ। ਕੀ ਉਹ ਦਿਨ ਪਰਤ ਸਕਦੇ ਹਨ? ਇਹ ਉਹ ਸਵਾਲ ਸੀ ਜੋ ਮੈਨੂੰ ਬੀਤੇ ਸਾਲ ਉਦੋਂ ਪੇਸ਼ ਆਇਆ ਜਦੋਂ ਗੁਜਰਾਤ ਦੀ ਇਕ ਨਵੀਂ ਪ੍ਰਾਈਵੇਟ ਯੂਨੀਵਰਸਿਟੀ ਵਿਚ ਮੈਨੂੰ ਪ੍ਰੋਫੈਸਰ ਵਜੋਂ ਕਾਰਜ ਕਰਨ ਦੀ ਪੇਸ਼ਕਸ਼ ਹੋਈ। ਮੈਂ ਪੇਸ਼ਕਸ਼ ਮਨਜ਼ੂਰ ਕਰ ਲਈ ਕਿਉਂਕਿ ਅਸੀਂ ਉਮੀਦ 'ਤੇ ਜਿਉਂਦੇ ਹਾਂ ਪਰ ਵੱਡਾ ਇਹ ਕਾਰਨ ਸੀ ਕਿ ਮੈਂ ਸਭ ਤੋਂ ਪ੍ਰਸਿਧ ਆਧੁਨਿਕ ਗੁਜਰਾਤੀ (ਮਹਾਤਮਾ ਗਾਂਧੀ) ਦਾ ਜੀਵਨੀਕਾਰ ਹਾਂ ਅਤੇ ਮੈਂ ਮਹਾਤਮਾ ਗਾਂਧੀ ਦੇ ਸ਼ਹਿਰ ਵਿਚ ਗਾਂਧੀ ਵਿੰਟਰ ਸਕੂਲ ਨੂੰ ਸੇਧ ਦੇਣ ਦੇ ਵਿਚਾਰ ਵੱਲ ਖਿੱਚਿਆ ਗਿਆ।

ਇਸ ਸਭ ਦੌਰਾਨ ਮੈਂ ਇਹ ਨੌਕਰੀ ਨਾ ਕਰ ਸਕਿਆ, ਕਿਉਂਕਿ ਨਵੀਂ ਦਿੱਲੀ ਤੋਂ ਕੁਝ ਤਾਕਤਵਰ ਸਿਆਸਤਦਾਨਾਂ ਨੇ ਯੂਨੀਵਰਸਿਟੀ ਦੇ ਟਰੱਸਟੀਆਂ ਨੂੰ ਮੇਰੀ ਨਿਯੁਕਤੀ ਕਰਨ ਉਤੇ ਧਮਕਾਇਆ। ਇਹੀ ਨਹੀਂ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੀ ਅਹਿਮਦਾਬਾਦ ਇਕਾਈ ਦੇ ਗੁੰਡਿਆਂ ਨੇ ਯੂਨੀਵਰਸਿਟੀ ਦੇ ਟਰੱਸਟੀਆਂ ਨੂੰ ਧਮਕੀਆਂ ਤੱਕ ਦੇਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਗੁਜਰਾਤ ਵਿਚ ਰਹਿ ਜਾਂ ਪੜ੍ਹਾ ਤਾਂ ਨਹੀਂ ਸਕਿਆ ਪਰ ਤਾਂ ਵੀ ਮੈਂ ਸਮਝਦਾ ਸਾਂ ਕਿ ਮੈਂ ਕਦੇ ਕੋਈ ਭਾਸ਼ਨ ਆਦਿ ਦੇਣ ਜਾਂ ਆਪਣੇ ਦੋਸਤਾਂ ਤੇ ਕਰੀਬੀਆਂ ਨੂੰ ਮਿਲਣ ਲਈ ਗੁਜਰਾਤ ਜਾ ਸਕਦਾ ਹਾਂ। ਇਸ ਲਈ ਜਦੋਂ ਅਹਿਮਦਾਬਾਦ ਦੇ ਇਕ ਨਾਮੀ ਗਾਂਧੀਵਾਦੀ ਅਦਾਰੇ ਨੇ ਮੈਨੂੰ ਮਹਾਤਮਾ ਬਾਰੇ ਬੋਲਣ ਲਈ ਸੱਦਿਆ ਤਾਂ ਮੈਂ ਸੱਦਾ ਫੌਰੀ ਕਬੂਲ ਕਰ ਲਿਆ।

ਮੈਂ ਆਪਣੀ ਅਹਿਮਦਾਬਾਦ ਫੇਰੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਿਹਾ ਸਾਂ। ਮੈਂ ਮਹਾਤਮਾ ਗਾਂਧੀ ਬਾਰੇ ਆਪਣੀ ਬਹੁਤੀ ਖੋਜ ਸਾਬਰਮਤੀ ਆਸ਼ਰਮ ਵਿਚ ਕੀਤੀ ਸੀ; ਉਂਜ ਵੀ ਮੇਰਾ ਇਸ ਸ਼ਹਿਰ ਨਾਲ ਗੂੜ੍ਹਾ ਜ਼ਾਤੀ ਰਿਸ਼ਤਾ ਹੈ। ਬੀਤੇ ਸਾਲ ਦੌਰਾਨ ਮੈਂ ਗਾਂਧੀ ਬਾਰੇ ਦਿੱਲੀ, ਮੁੰਬਈ, ਹੈਦਰਾਬਾਦ, ਬੰਗਲੌਰ, ਕੋਲਕਾਤਾ, ਚੇਨਈ, ਕੋਜ਼ੀਕੋਡ, ਬੋਸਟਨ, ਨਿਊ ਯਾਰਕ, ਲੰਡਨ ਅਤੇ ਹੋਰ ਅਨੇਕਾਂ ਥਾਵਾਂ 'ਤੇ ਤਕਰੀਰਾਂ ਦਿੱਤੀਆਂ; ਤੇ ਹੁਣ ਮੈਨੂੰ ਆਖਰ ਉਸ ਸ਼ਹਿਰ ਵਿਚ ਮਹਾਤਮਾ ਬਾਰੇ ਬੋਲਣ ਦਾ ਮੌਕਾ ਮਿਲਣਾ ਸੀ ਜਿਸ ਨੂੰ ਉਨ੍ਹਾਂ ਨੇ ਆਪਣਾ ਬਣਾਇਆ ਸੀ।

ਅਹਿਮਦਾਬਾਦ ਵਾਲਾ ਸੈਮੀਨਾਰ ਐਤਵਾਰ, 3 ਮਾਰਚ 2019 ਨੂੰ ਹੋਣਾ ਸੀ। ਮੈਂ 'ਮਹਾਤਮਾ ਗਾਂਧੀ ਇਕ ਸੰਚਾਰਕਰਤਾ ਵਜੋਂ' ਵਿਸ਼ੇ 'ਤੇ ਬੋਲਣਾ ਸੀ। ਇਸ ਦੌਰਾਨ ਸੋਮਵਾਰ, 11 ਫਰਵਰੀ ਨੂੰ ਸਵੇਰੇ ਮੈਨੂੰ ਪ੍ਰਬੰਧਕਾਂ ਦੀ ਈਮੇਲ ਮਿਲੀ ਜਿਸ ਵਿਚ 'ਖਾਸ ਬੇਨਤੀ' ਸੀ ਕਿ ਮੈਂ ਆਪਣੀ ਤਕਰੀਰ ਦੌਰਾਨ 'ਕਿਰਪਾ ਕਰਕੇ ਮੌਜੂਦਾ ਕੇਂਦਰ ਸਰਕਾਰ ਖਿਲਾਫ ਟਿੱਪਣੀਆਂ ਤੋਂ ਪਰਹੇਜ਼ ਕਰਾਂ'। ਮੈਂ ਫੌਰੀ ਜਵਾਬੀ ਈਮੇਲ ਵਿਚ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ 'ਮੈਂ ਖੁਦ ਨੂੰ ਮਹਿਜ਼ ਮਹਾਤਮਾ ਗਾਂਧੀ, ਉਸ ਦੇ ਜੀਵਨ ਤੇ ਵਿਰਾਸਤ ਤੱਕ ਮਹਿਦੂਦ ਰੱਖਾਂਗਾ ਅਤੇ ਕਿਸੇ ਵੀ ਮੌਜੂਦਾ ਸਿਆਸਤਦਾਨ ਜਾਂ ਸਰਕਾਰ ਬਾਰੇ ਕੋਈ ਗੱਲ ਨਹੀਂ ਕਰਾਂਗਾ।'

ਇਸ ਤੋਂ ਬਾਅਦ ਮੈਨੂੰ ਬੁੱਧਵਾਰ 13 ਤਰੀਕ ਨੂੰ ਅਹਿਮਦਾਬਾਦ ਤੋਂ ਫੋਨ ਆ ਗਿਆ ਜਿਸ ਵਿਚ ਬੜੀ ਨਿਮਰਤਾ ਨਾਲ 'ਮੌਜੂਦਾ ਮਾਹੌਲ' ਦਾ ਹਵਾਲਾ ਦਿੰਦਿਆਂ ਆਖ ਦਿੱਤਾ ਗਿਆ ਕਿ ਸੈਮੀਨਾਰ ਨਹੀਂ ਹੋ ਸਕਦਾ। ਮੈਂ ਹੋਰ ਤਫਸੀਲ ਨਹੀਂ ਮੰਗੀ, ਕਿਉਂਕਿ ਮੈਂ ਪਹਿਲਾਂ ਹੀ ਬੁਰੀ ਤਰ੍ਹਾਂ ਘਿਰੇ ਹੋਏ ਆਪਣੇ ਮੇਜ਼ਬਾਨਾਂ ਨੂੰ ਹੋਰ ਸ਼ਰਮਿੰਦਾ ਨਹੀਂ ਸਾਂ ਕਰਨਾ ਚਾਹੁੰਦਾ ਪਰ ਜਾਪਦਾ ਸੀ ਕਿ ਮੇਰੀ ਤਕਰੀਰ ਦਾ ਰੱਦ ਹੋਣਾ ਇਸੇ ਹਫਤੇ ਐਚ.ਕੇ. ਆਰਟਸ ਕਾਲਜ ਵਿਚ ਵਾਪਰੇ ਘਟਨਾਕ੍ਰਮ ਦਾ ਸਿੱਟਾ ਸੀ।

ਜਿਗਨੇਸ਼ ਮੇਵਾਣੀ ਤੇ ਇਹ ਲੇਖਕ ਵੱਖੋ-ਵੱਖ ਉਮਰ, ਪੇਸ਼ੇ, ਸਮਾਜਿਕ ਪਿਛੋਕੜ ਤੇ

**(ਬਾਕੀ ਅਗਲੇ ਸਫੇ 'ਤੇ)**

# ਪੁਲਵਾਮਾ ਕਾਂਡ: ਜਵਾਨਾਂ ਦੀਆਂ ਲਾਸ਼ਾਂ ’ਤੇ ਰਾਸ਼ਟਰਵਾਦੀ ਸਿਆਸਤ

**ਬੂਟਾ ਸਿੰਘ**
ਫੋਨ: +91-94634-74342

14 ਫਰਵਰੀ ਨੂੰ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਵਿਚ ਆਤਮਘਾਤੀ ਹਮਲੇ ਵਿਚ ਸੁਰੱਖਿਆ ਬਲਾਂ ਦੇ 40 ਤੋਂ ਵਧੇਰੇ ਜਵਾਨਾਂ ਦਾ ਮਾਰੇ ਜਾਣਾ ਬਹੁਤ ਦੁਖਦਾਈ ਹੈ। ਇਸ ਦੀ ਕਥਿਤ ਤੌਰ ‘ਤੇ ਜ਼ਿੰਮੇਵਾਰੀ ਪਾਕਿਸਤਾਨ ਪੱਖੀ ਜਥੇਬੰਦੀ ਜੈਸ਼-ਏ-ਮੁਹੰਮਦ ਨੇ ਲਈ ਹੈ। ਸਰਕਾਰੀ ਦਾਅਵਿਆਂ ਅਨੁਸਾਰ ਇਸੇ ਜ਼ਿਲ੍ਹੇ ਦੇ ਖਾੜਕੂ ਆਦਿਲ ਅਹਿਮਦ ਡਾਰ ਨੇ ਸੀ.ਆਰ.ਪੀ.ਐਫ. ਦੇ 78 ਬੱਸਾਂ ਦੇ ਕਾਫਲੇ ਵਿਚ ਆਰ.ਡੀ.ਐਕਸ. ਵਾਲੀ ਗੱਡੀ ਮਾਰ ਕੇ ਇਸ ਕਾਂਡ ਨੂੰ ਅੰਜਾਮ ਦਿੱਤਾ। ਇਹ ਜਵਾਨ ਜੰਮੂ ਤੋਂ ਸ੍ਰੀਨਗਰ ਜਾ ਰਹੇ ਸਨ। ਚਾਰ ਦਿਨ ਬਾਅਦ ਅਗਲੀ ਖਬਰ ਹੈ ਕਿ ਇਸ ਕਾਂਡ ਦੇ ‘ਮੁੱਖ ਸਰਗਨੇ‘ ਪਾਕਿਸਤਾਨੀ ਨਾਗਰਿਕ ਕਮਰਾਨ ਨੂੰ ਹਿੰਦੁਸਤਾਨੀ ਲਸ਼ਕਰਾਂ ਨੇ ਗਹਿਗੱਚ ਮੁਕਾਬਲੇ ਵਿਚ ਮਾਰ ਮੁਕਾਇਆ ਹੈ। ਇਸ ਕਾਂਡ ਨੂੰ ਬਹਾਨਾ ਬਣਾ ਕੇ ਸੰਘ ਦੇ ਆਗੂਆਂ ਨੇ ਆਪਣੇ ਦਹਿਸ਼ਤੀ ਗਰੋਹਾਂ ਨੂੰ ਹਮਲੇ ਕਰਨ ਲਈ ਖੁੱਲ੍ਹੇ ਛੱਡ ਦਿੱਤਾ ਹੈ। ਜੰਮੂ ਵਿਚ ਸੰਘ ਦੇ ਹਜੂਮ ਰਾਜ ਮਸ਼ੀਨਰੀ ਦੀ ਮਿਲੀਭੁਗਤ ਨਾਲ ਕਰਫਿਊ ਦੌਰਾਨ ਹੀ ਕਸ਼ਮੀਰੀ ਮੁਸਲਮਾਨਾਂ ਦੇ ਘਰ ਤੇ ਜਾਇਦਾਦਾਂ ਸਾੜ ਰਹੇ ਹਨ ਅਤੇ ਹਮਲੇ ਕਰਕੇ ਦਹਿਸ਼ਤ ਪਾ ਰਹੇ ਹਨ। ਭੈਅ-ਭੀਤ ਕਸ਼ਮੀਰੀ ਮਸਜਿਦਾਂ, ਗੁਰਦੁਆਰਿਆਂ ਅਤੇ ਹੋਟਲਾਂ ਵਿਚ ਸ਼ਰਨ ਲੈਣ ਲਈ ਮਜਬੂਰ ਹਨ। ਹੋਰ ਸੂਬਿਆਂ ਤੋਂ ਵੀ ਕਸ਼ਮੀਰੀ ਵਿਦਿਆਰਥੀਆਂ ਉਪਰ ਲਗਾਤਾਰ ਦਹਿਸ਼ਤੀ ਹਮਲਿਆਂ ਦੀਆਂ ਰਿਪੋਰਟਾਂ ਹਨ।

ਮੋਦੀ ਸਰਕਾਰ ਨੇ ਪਾਕਿਸਤਾਨ ਨੂੰ ਦੋਸ਼ੀ ਕਰਾਰ ਦੇ ਕੇ ‘ਤਰਜੀਹੀ ਮੁਲਕ’ ਦਾ ਦਰਜਾ ਵਾਪਸ ਲੈ ਲਿਆ ਹੈ ਅਤੇ ਬਦਲਾ ਲੈਣ ਦੇ ਐਲਾਨ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਕੋਲ ਹਰ ਮਸਲੇ ਦਾ ਇਕੋ-ਇਕ ਘੜਿਆ-ਘੜਾਇਆ ਹੱਲ ਫੌਜ ਨੂੰ ਬਦਲਾ ਲੈਣ ਅਤੇ ਗੁਆਂਢੀ ਮੁਲਕ ਨੂੰ ਸਬਕ ਸਿਖਾਉਣ ਦੀ ਖੁੱਲ੍ਹੀ ਛੁੱਟੀ ਦੇਣਾ ਹੀ ਹੈ। ਸੰਘ ਬ੍ਰਿਗੇਡ ਗਿਣ-ਮਿੱਥ ਕੇ ਕਸ਼ਮੀਰੀ ਲੋਕਾਂ ਅਤੇ ਗੁਆਂਢੀ ਮੁਲਕ ਖਿਲਾਫ ਨਫਰਤ ਦਾ ਮਾਹੌਲ ਬਣਾ ਰਿਹਾ ਹੈ। ਤੇ ਵਿਰੋਧੀ ਧਿਰ ਵੀ ‘ਮੂੰਹ ਤੋੜ ਜਵਾਬ ਦੇਣ’ ਨੂੰ ਸਰਵਸੰਮਤੀ ਨਾਲ ਹਮਾਇਤ ਦੇ ਕੇ ਰਾਸ਼ਟਰਵਾਦੀ ਦੌੜ ਵਿਚ ਸ਼ਾਮਲ ਹੋ ਗਈ ਹੈ।

ਰਾਸ਼ਟਰਵਾਦੀ ਜਨੂੰਨ ਕਸ਼ਮੀਰ ਪ੍ਰਤੀ ਮੋਦੀ-ਡੋਵਾਲ ਨੀਤੀ ਦੇ ਮੁਕੰਮਲ ਤੌਰ ‘ਤੇ ਅਸਫਲ ਰਹਿਣ ਦੀ ਜਵਾਬਦੇਹੀ ਤੋਂ ਬਚਣ ਦਾ ਸਭ ਤੋਂ ਸੌਖਾ ਤਰੀਕਾ ਹੈ। ਹਿੰਦੂ ਰਾਸ਼ਟਰਵਾਦ ਭੜਕਾ ਕੇ ਅਸਲ ਮਸਲਿਆਂ ਤੋਂ ਧਿਆਨ ਹਟਾਉਣ ਤੇ ਆਪਣੀ ਜਵਾਬਦੇਹੀ ਤੋਂ ਬਚਣ ’ਚ ਸੰਘ ਦੀ ਖਾਸ ਮੁਹਾਰਤ ਹੈ। ਲੋਕ ਸਭਾ ਚੋਣਾਂ ਸਿਰ ‘ਤੇ ਹੋਣ ਕਾਰਨ ਇਸ ਮੁੱਦੇ ਉਪਰ ਬਾਖੂਬੀ ਰਾਸ਼ਟਰਵਾਦੀ ਸਿਆਸਤ ਖੇਡੀ ਜਾ ਸਕਦੀ ਹੈ। ਮੋਦੀ ਵਜ਼ਾਰਤ ਕਦੇ ਇਸ ਸਵਾਲ ਦਾ ਜਵਾਬ ਨਹੀਂ ਦੇਵੇਗੀ ਕਿ 12 ਫਰਵਰੀ ਨੂੰ ਹਮਲੇ ਦਾ ਅੰਦੇਸ਼ਾ ਹੋਣ ਦੀਆਂ ਖੁਫੀਆ ਰਿਪੋਰਟਾਂ ਦੇ ਬਾਵਜੂਦ ਸਰਕਾਰੀ ਤੰਤਰ ਅਸਫਲ ਕਿਉਂ ਰਿਹਾ ਅਤੇ ਐਨੀ ਵੱਡੀ ਮਾਤਰਾ ਵਿਚ ਆਰ.ਡੀ.ਐਕਸ. ਨਾਲ ਲੈਸ ਪ੍ਰਾਈਵੇਟ ਗੱਡੀ ਮੁੱਖ ਮਾਰਗ ਉਪਰ 2500 ਸੁਰੱਖਿਆ ਜਵਾਨਾਂ ਦੇ ਕਾਫਲੇ ਕੋਲ ਕਿਵੇਂ ਪਹੁੰਚ ਗਈ ਜਦਕਿ ਚੱਪੇ-ਚੱਪੇ ਉਪਰ ਨਾਕੇ ਲੱਗੇ ਰਹਿੰਦੇ ਹਨ।

ਜਵਾਨਾਂ ਦੀ ਮੌਤ ਨਿਸ਼ਚੇ ਹੀ ਉਨ੍ਹਾਂ ਦੇ ਪਰਿਵਾਰਾਂ ਲਈ ਅਭੁੱਲ ਸਦਮਾ ਅਤੇ ਪੂਰਾ ਨਾ ਹੋਣ ਵਾਲਾ ਘਾਟਾ ਹੈ। ‘ਮੁੱਖਧਾਰਾ’ ਪਾਰਟੀਆਂ ਅਤੇ ਮੀਡੀਆ ਦਾ ਵੱਡਾ ਹਿੱਸਾ ਹਮੇਸ਼ਾ ਵਾਂਗ ਫੌਜੀ/ਨੀਮ-ਫੌਜੀ ਜਵਾਨਾਂ ਦੀਆਂ ਲਾਸ਼ਾਂ ਉਪਰ ਘਿਨਾਉਣੀ ਸਿਆਸਤ ਕਰ ਰਿਹਾ ਹੈ। ਉਹ ਇਹ ਨਹੀਂ ਦੱਸਣਗੇ ਕਿ ਹਾਕਮ ਜਮਾਤੀ ਸਿਆਸਤਦਾਨਾਂ ਦੇ ਆਪਣੇ ਕਿੰਨੇ ਕੁ ਕਾਕਿਆਂ ਨੇ ਦੇਸ਼ ਦੀ ਖਾਤਰ ਜਾਨਾਂ ਦੇ ਕੇ ਇਸ ਤਰ੍ਹਾਂ ਦੀ ਬਹਾਦਰੀ ਦਿਖਾਈ ਹੈ। ਇਹ ਵੀ ਕਿ ਜੇ ਮਾਰੇ ਗਏ



*ਦੇਹਰਾਦੂਨ ਵਿਚ ਇਕ ਕਾਲਜ ਵਿਚ ਕਸ਼ਮੀਰੀ ਵਿਦਿਆਰਥੀਆਂ ਨੂੰ ਘੇਰੀ ਖੜ੍ਹੇ ਬਜਰੰਗ ਦਲ ਦੇ ਕਾਰਕੁਨ।*

ਜਵਾਨਾਂ ਅੱਗੇ ਕੋਈ ਬਦਲਵਾਂ ਸਾਰਥਕ ਰੋਜ਼ਗਾਰ ਹੁੰਦਾ ਤਾਂ ਨਿਸ਼ਚੇ ਹੀ ਉਨ੍ਹਾਂ ਨੇ ਰੋਟੀ-ਰੋਜ਼ੀ ਖਾਤਰ ਜੰਗ ਦਾ ਖਾਜਾ ਬਣ ਕੇ ਬੀਰਤਾ ਦੇ ਤਮਗੇ ਲੈਣ ਨਾਲੋਂ ਕੋਈ ਹੋਰ ਕੰਮਕਾਰ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਚਲਾਉਣ ਨੂੰ ਤਰਜੀਹ ਦੇਣੀ ਸੀ।

ਪਾਕਿਸਤਾਨ ਤਾਂ ਇੰਤਹਾਪਸੰਦ ਗਰੁੱਪਾਂ ਦੀ ਮਦਦ ਕਰ ਹੀ ਰਿਹਾ ਹੈ, ਸਵਾਲ ਤਾਂ ਇਹ ਹੈ ਕਿ ਕਸ਼ਮੀਰੀ ਨੌਜਵਾਨਾਂ ਨੂੰ ਇੰਤਹਾਪਸੰਦੀ ਤੋਂ ਰੋਕਣ ਵਿਚ ਦਿੱਲੀ ਸਰਕਾਰ ਅਸਫਲ ਕਿਉਂ ਹੈ। ਸੱਤਾਧਾਰੀ ਅਤੇ ਮੀਡੀਆ ਕਦੇ ਇਹ ਵੀ ਨਹੀਂ ਦੱਸਦੇ ਕਿ ਕਸ਼ਮੀਰੀ ਨੌਜਵਾਨ ਆਪਣੇ ਘਰ-ਪਰਿਵਾਰ ਤਿਆਗ ਕੇ ਇਸ ਕਦਰ ਆਪਣੀਆਂ ਜਾਨਾਂ ਉਪਰ ਖੇਡਣ ਲਈ ਤਤਪਰ ਕਿਉਂ ਹਨ? ਹਜ਼ਾਰਾਂ ਕਸ਼ਮੀਰੀ ਲੋਕ ਖਾੜਕੂਆਂ ਨੂੰ ਪੁਲਿਸ/ਫੌਜ ਦੇ ਘੇਰੇ ਵਿਚੋਂ ਸੁਰੱਖਿਅਤ ਕੱਢਣ ਲਈ ਅਤੇ ਮਰਨ ਵਾਲੇ ਖਾੜਕੂਆਂ ਦੇ ਜਨਾਜ਼ਿਆਂ ਵਿਚ ਸ਼ਾਮਲ ਹੋਣ ਲਈ ਆਪਣੀਆਂ ਜਾਨਾਂ ਜ਼ੋਖਮ ਵਿਚ ਕਿਉਂ ਪਾਉਂਦੇ ਹਨ?

ਲਿਹਾਜ਼ਾ, ਇਸ ਬਹੁਤ ਹੀ ਦੁਖਾਂਤਕ ਕਾਂਡ ਨੂੰ ਦਿੱਲੀ ਦੇ ਹੁਕਮਰਾਨਾਂ ਵਲੋਂ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਤੋਂ ਇਨਕਾਰੀ ਹੋਣ ਅਤੇ ਉਨ੍ਹਾਂ ਨਾਲ ਕੀਤੀਆਂ ਲਗਾਤਾਰ ਵਾਅਦਾਖਿਲਾਫੀਆਂ ਦੇ ਕਾਲੇ ਇਤਿਹਾਸ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਜਵਾਨਾਂ ਦੇ ਮਾਤਮ ਦੌਰਾਨ ਇਹ ਜ਼ਰੂਰ ਚੇਤੇ ਰੱਖਣਾ ਜ਼ਰੂਰੀ ਹੈ ਕਿ ਇਸ ਜਾਨੀ ਨੁਕਸਾਨ ਦੀ ਅਸਲ ਜ਼ਿੰਮੇਵਾਰ ਸੱਤ ਦਹਾਕਿਆਂ ਤੋਂ ਕਸ਼ਮੀਰ ਮਸਲੇ ਦਾ ਸਿਆਸੀ ਹੱਲ ਨਾ ਕਰਨ ਦੀ ਦਿੱਲੀ ਦਰਬਾਰ ਦੀ ਬਦਨੀਅਤ ਹੈ। ਹੁਕਮਰਾਨ ਸ਼ੁਰੂ ਤੋਂ ਹੀ ਕਸ਼ਮੀਰੀਆਂ ਨੂੰ ਆਪਸ ਵਿਚ ਲੜਾਉਣ ਅਤੇ ਅੰਧ-ਰਾਸ਼ਟਰਵਾਦ ਦੀ ਚਾਲ ਖੇਡ ਰਹੇ ਹਨ। ਗੱਲਬਾਤ ਰਾਹੀਂ ਮਸਲੇ ਦਾ ਸਿਆਸੀ ਹੱਲ ਕਰਨ ਦੀ ਬਜਾਏ ਹਰ ਕੇਂਦਰ ਸਰਕਾਰ ਕਸ਼ਮੀਰੀਆਂ ਦੀਆਂ ਜਮਹੂਰੀ ਰੀਝਾਂ ਦਾ ਘਾਣ ਕਰਨ ਦੀ ਨੀਤੀ ਉਪਰ ਚੱਲਦੀ ਰਹੀ ਹੈ।

ਇਸ ਸਰਜ਼ਮੀਨ ਉਪਰ ਸੱਤ ਲੱਖ ਫੌਜ ਅਤੇ ਨੀਮ-ਫੌਜੀ ਤਾਕਤਾਂ ਲਗਾਤਾਰ ਤਾਇਨਾਤ ਹਨ। ਕਸ਼ਮੀਰ ਘਾਟੀ ਔਰਤਾਂ ਉਪਰ ਜਿਨਸੀ ਹਿੰਸਾ ਅਤੇ ਹਰ ਤਰ੍ਹਾਂ ਦੀ ਰਾਜਕੀ ਦਹਿਸ਼ਤਗਰਦੀ ਨਾਲ ਵਲੂੰਧਰੀ ਪਈ ਹੈ। ਜਬਰ-ਜਨਾਹ ਨੂੰ ਹਿੰਦੁਸਤਾਨੀ ਰਾਜ ਵਲੋਂ ਕਸ਼ਮੀਰੀ ਅਵਾਮ ਵਿਰੁਧ ਜੰਗ ਦਾ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। ਆਜ਼ਾਦਾਨਾ ਤੱਥ ਖੋਜ ਰਿਪੋਰਟਾਂ ਅਨੁਸਾਰ, ਪਿਛਲੇ ਤਿੰਨ ਦਹਾਕਿਆਂ ਵਿਚ ਸੱਤਰ ਹਜ਼ਾਰ ਤੋਂ ਉਪਰ ਕਸ਼ਮੀਰੀ ਮਾਰੇ ਜਾ ਚੁੱਕੇ ਹਨ। ਬੇਨਾਮ ਕਬਰਾਂ ਦੇ ਭੇਤ ਖੁੱਲ੍ਹ ਰਹੇ ਸਨ ਜਿਥੇ ਬੇਸ਼ੁਮਾਰ ਕਸ਼ਮੀਰੀਆਂ ਨੂੰ ਤਸੀਹਾ ਕੇਂਦਰਾਂ ਵਿਚ ਜ਼ਿਬਾਹ ਕਰਨ ਪਿਛੋਂ ਮਾਰ ਕੇ ਖਪਾ ਦਿੱਤਾ ਗਿਆ। ਦੋ-ਤਿੰਨ ਸਾਲਾਂ ਵਿਚ ਹੀ ਸੈਂਕੜੇ ਨਾਬਾਲਗ ਬੱਚੇ ਪੱਥਰਬਾਜ਼ ਕਹਿ ਕੇ ਪੈਲੇਟ ਗੰਨਾਂ ਦੀਆਂ ਬੌਛਾੜਾਂ ਨਾਲ ਅੰਨ੍ਹੇ ਕਰ ਦਿੱਤੇ ਗਏ। ਤਿੰਨ ਦਹਾਕਿਆਂ ਤੋਂ ਝੂਠੇ ਕੇਸਾਂ ਵਿਚ ਗ੍ਰਿਫਤਾਰੀਆਂ, ਬੇਗੁਨਾਹਾਂ ਨੌਜਵਾਨਾਂ ਦੀ ਕਈ ਕਈ ਸਾਲ ਜੇਲ੍ਹਬੰਦੀ, ਸੱਚੇ-ਝੂਠੇ ਮੁਕਾਬਲਿਆਂ ਅਤੇ ਫੌਜ ਦੀਆਂ ਮਨਮਾਨੀਆਂ ਵਿਰੁਧ ਰੋਸ ਪ੍ਰਗਟਾ ਰਹੇ ਕਸ਼ਮੀਰੀ ਲੋਕਾਂ ਉਪਰ ਭਿਆਨਕ ਜਬਰ ਦਾ ਸੰਤਾਪ ਕੌਮਾਂਤਰੀ ਪੱਧਰ ‘ਤੇ ਚਰਚਾ ਵਿਚ ਹੈ। 2013 ਵਿਚ ਸਿਰਫ ਛੇ ਕਸ਼ਮੀਰੀ ਖਾੜਕੂ ਸਫਾਂ ਵਿਚ ਸ਼ਾਮਲ ਹੋਏ ਸਨ। 2018 ਵਿਚ ਭਾਵੇਂ ਸੁਰੱਖਿਆ ਦਸਤਿਆਂ ਵੱਲੋਂ ਝੂਠੇ-ਸੱਚੇ ਮੁਕਾਬਲਿਆਂ ਵਿਚ 250 ਖਾੜਕੂਆਂ ਦੀ ਹੱਤਿਆ ਕਰਕੇ ਬਾਗੀਆਂ ਦਾ ਲੱਕ ਤੋੜਨ ਦੇ ਦਾਅਵੇ ਕੀਤੇ ਗਏ; ਲੇਕਿਨ ਇਸੇ ਸਾਲ ਏਨੇ ਕੁ ਹੋਰ ਨੌਜਵਾਨਾਂ ਨੇ ਹਥਿਆਰ ਚੁੱਕ ਲਏ ਦੱਸੇ ਜਾਂਦੇ ਹਨ, ਪਤਾ ਨਹੀਂ ਰਾਜਕੀ ਦਹਿਸ਼ਤ ਦੇ ਸਤਾਏ ਕਿੰਨੇ ਹੋਰ ਨੌਜਵਾਨ ਇਸੇ ਰਾਹ ਤੁਰਨ ਲਈ ਤਿਆਰ ਹਨ। ਕਿਸੇ ਵੀ ਹੁਕਮਰਾਨ ਪਾਰਟੀ ਨੇ ਕਦੇ ਲਹੂ ਵਹਾਉਣਾ ਤੇ ‘ਅਫਸਪਾ’ ਵਰਗੇ ਕਾਨੂੰਨਾਂ ਦੀ ਵਰਤੋਂ ਕਰਨਾ ਬੰਦ ਕਰਨ ਅਤੇ ਰਾਜਕੀ ਦਹਿਸ਼ਤਗਰਦੀ ਨੂੰ ਲਗਾਮ ਦੇਣ ਦੀ ਮੰਗ ਨਹੀਂ ਕੀਤੀ। ਇਨ੍ਹਾਂ ਦੀ ਜ਼ੁਬਾਨ ਵਿਚੋਂ ਹਮੇਸ਼ਾ ਕਸ਼ਮੀਰ ਅਵਾਮ ਦੇ ਵਿਰੋਧ ਨੂੰ ਕੁਚਲਣ ਲਈ ‘ਹੋਰ ਸਖਤੀ ਨਾਲ ਪੇਸ਼ ਨਾ ਆਉਣ‘ ਦੀਆਂ ਨਸੀਹਤਾਂ ਹੀ ਕਿਰਦੀਆਂ ਹਨ। ਜਦੋਂ ਦਿੱਲੀ ਦੀਆਂ ਨੀਤੀਆਂ ਵਲੋਂ ਧੱਕ ਕੇ ਕੰਧ ਨਾਲ ਲਾਏ ਕਸ਼ਮੀਰੀ ਇੰਤਹਾਪਸੰਦ ਜਵਾਬੀ ਹਮਲਾ ਕਰਕੇ ਸਰਕਾਰੀ ਤਾਕਤਾਂ ਦਾ ਜਾਨੀ ਨੁਕਸਾਨ ਕਰਦੇ ਹਨ ਤਾਂ ਸਮੁੱਚਾ ‘ਮੁੱਖਧਾਰਾ‘ ਕੋੜਮਾ ਹੋਰ ਵੀ ਬੁਖਲਾ ਕੇ ‘ਬਦਲਾ-ਬਦਲਾ‘ ਚੀਕਣਾ ਸ਼ੁਰੂ ਕਰ ਦਿੰਦਾ ਹੈ। ਮਸਲੇ ਦੇ ਸ਼ਾਂਤਮਈ ਹੱਲ ਲਈ ਸਾਰਥਕ ਗੱਲਬਾਤ ਸ਼ੁਰੂ ਕਰਨ ਤੋਂ ਟਾਲਾ ਵੱਟਦੇ ਹੁਕਮਰਾਨਾਂ ਦੀ ਸੋਚ ਵਿਚ ਹੋਰ ਜਬਰ ਕਰਨ ਅਤੇ ਸਰਕਾਰਾਂ ਤੋੜ ਕੇ ਗਵਰਨਰੀ ਰਾਜ ਥੋਪਣ ਦੇ ਤਾਨਾਸ਼ਾਹ ਕਦਮਾਂ ਤੋਂ ਇਲਾਵਾ ਹੋਰ ਕੋਈ ਹੱਲ ਹੈ ਹੀ ਨਹੀਂ। ਰਾਜਕੀ ਦਹਿਸ਼ਤਵਾਦ ਦਾ ਨਤੀਜਾ ਦਬਾਏ ਹੋਏ ਸਮਾਜ ਦੇ ਇਸ ਤਰ੍ਹਾਂ ਦੇ ਇੰਤਹਾਪਸੰਦ ਪ੍ਰਤੀਕਰਮ ਤੋਂ ਬਿਨਾ ਹੋਰ ਕੁਝ ਹੋ ਵੀ ਨਹੀਂ ਸਕਦਾ।

ਤਲਖ ਸਚਾਈ ਇਹ ਵੀ ਹੈ ਕਿ ਕਸ਼ਮੀਰੀ ਲੋਕਾਂ ਨੇ ਹਮੇਸ਼ਾ ਗੱਲਬਾਤ ਰਾਹੀਂ ਮਸਲੇ ਦੇ ਹੱਲ ਦੀ ਉਮੀਦ ਕੀਤੀ ਹੈ। ਦੋਨਾਂ ਮੁਲਕਾਂ ਦੇ ਹੁਕਮਰਾਨਾਂ ਵਲੋਂ ਇਸ ਨੂੰ ਦਿੱਲੀ ਅਤੇ ਕਰਾਚੀ ਦਾ ਝਗੜਾ ਬਣਾ ਦਿੱਤਾ ਗਿਆ ਹੈ ਜਦਕਿ ਇਸ ਸਰਜ਼ਮੀਨ ਦੇ ਬਾਸ਼ਿੰਦੇ ਕਸ਼ਮੀਰੀ ਅਵਾਮ ਇਸ ਵਿਚੋਂ ਮਨਫੀ ਕਰ ਦਿੱਤੇ ਗਏ ਹਨ। ਦਿੱਲੀ ਦੇ ਹੁਕਮਰਾਨ ਹਮੇਸ਼ਾ ਆਨੀ-ਬਹਾਨੀ ਗੱਲਬਾਤ ਦੇ ਜਮਹੂਰੀ ਅਮਲ ਨੂੰ ਅੱਧ ਵਿਚਾਲੇ ਬੰਦ ਕਰਦੇ ਰਹੇ ਹਨ ਅਤੇ ਫੌਜੀ ਤਾਕਤ ਦੇ ਜ਼ੋਰ ਕਸ਼ਮੀਰ ਦੀ ਸਰਜ਼ਮੀਨ ਨੂੰ ਆਪਣਾ ‘ਅਟੁੱਟ ਅੰਗ’ ਸਾਬਤ ਕਰਨ ਅਤੇ ਕਸ਼ਮੀਰੀ ਲੋਕਾਂ ਨੂੰ ਫੌਜੀ ਤਾਕਤ ਰਾਹੀਂ ਦਬਾਉਣ ਦੀ ਨੀਤੀ ਉਪਰ ਚੱਲਦੇ ਆ ਰਹੇ ਹਨ। ਦੇਸ਼ ਦੇ ਨਾਗਰਿਕਾਂ ਦਾ ਟੈਕਸਾਂ ਦਾ ਪੈਸਾ ਕਸ਼ਮੀਰ ਉਪਰ ਫੌਜੀ ਗ਼ਲਬੇ ਨੂੰ ਬਣਾਈ ਰੱਖਣ ਉਪਰ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ। ਦਿੱਲੀ ਦਰਬਾਰ ਪੂਰੀ ਤਰ੍ਹਾਂ ਖੁਫੀਆ ਏਜੰਸੀਆਂ ਅਤੇ ਫੌਜੀ/ਨੀਮ-ਫੌਜੀ ਤਾਕਤਾਂ ਦੀਆਂ ਮਨਮਾਨੀਆਂ ਉਪਰ ਨਿਰਭਰ ਹੈ। ਇਹ ਨੀਤੀ ਨਾ ਸਿਰਫ ਕਸ਼ਮੀਰੀ ਲੋਕਾਂ ਦੀ ਬੇਤਹਾਸ਼ਾ ਨਸਲਕੁਸ਼ੀ ਕਰ ਰਹੀ ਹੈ ਸਗੋਂ ਦੇਸ਼ ਦੀ ਏਕਤਾ-ਅਖੰਡਤਾ ਦੀ ਰਾਖੀ ਦੇ ਨਾਂ ’ਤੇ ਫੌਜੀ ਅਤੇ ਨੀਮ-ਫੌਜੀ ਜਵਾਨਾਂ ਨੂੰ ਬਲਦੀ ਦੇ ਮੂੰਹ ਧੱਕ ਕੇ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਵੀ ਖਿਲਵਾੜ ਕਰ ਰਹੀ ਹੈ।

ਅਫਗਾਨਿਸਤਾਨ ਵਿਚ ਮੋਦੀ ਸਰਕਾਰ ਨੇ ਤਾਲਿਬਾਨ ਨਾਲ ਗੱਲਬਾਤ ਦੀ ਕੌਮਾਂਤਰੀ ਪੱਧਰ ‘ਤੇ ਪਹਿਲਕਦਮੀਂ ਕੀਤੇ ਜਾਣ ਦਾ ਸਵਾਗਤ ਕੀਤਾ ਹੈ ਲੇਕਿਨ ਕਸ਼ਮੀਰ ਵਿਚ ਫੌਜ ਨੂੰ ਖੁੱਲ੍ਹੀ ਛੁੱਟੀ ਹੀ ਇਕੋ-ਇਕ ਹੱਲ ਦੱਸਿਆ ਜਾ ਰਿਹਾ ਹੈ। ਹਾਲੀਆ ਹਮਲੇ ਲਈ ਭਾਜਪਾ ਸਰਕਾਰ ਖਾਸ ਤੌਰ ‘ਤੇ ਜ਼ਿੰਮੇਵਾਰ ਹੈ ਜਿਸ ਵਲੋਂ ਕਸ਼ਮੀਰੀਅਤ ਦੀ ਖਰੀ ਭਾਵਨਾ ਨੂੰ ਸੱਟ ਮਾਰਨ ਅਤੇ ਫਿਰਕੂ ਪਾਟਕ ਪਾ ਕੇ ਕਸ਼ਮੀਰੀ ਸਮਾਜ ਨੂੰ ਭਰਾ-ਮਾਰ ਖਾਨਾਜੰਗੀ ਵੱਲ ਧੱਕਣ ਦੀ ਸੋਚੀ-ਸਮਝੀ ਸਿਆਸਤ ਖੇਡੀ ਜਾ ਰਹੀ ਹੈ। ਸੰਘ ਪਰਿਵਾਰ ਦੀ ਬਦਲਾਲਊ ਬਿਆਨਬਾਜ਼ੀ ਅਤੇ ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਅੰਜਾਮ ਦੇਣ ਲਈ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਦਰ ਸਾਜ਼ਿਸ਼ਾਂ ਨੇ ਕਸ਼ਮੀਰੀ ਅਵਾਮ ਅਤੇ ਹੋਰ ਘੱਟਗਿਣਤੀਆਂ ਅੰਦਰ ਹੋਰ ਜ਼ਿਆਦਾ ਬੇਗਾਨਗੀ ਅਤੇ ਅਸੁਰੱਖਿਆ ਪੈਦਾ ਕੀਤੀ ਹੈ। ਕਸ਼ਮੀਰ ਦੀ ਗੋਲੀਆਂ ਨਾਲ ਛਲਣੀ ਹੋ ਰਹੀ ਜਵਾਨੀ ਦਾ ਹੁਕਮਰਾਨਾਂ ਨੂੰ ਕੋਈ ਦਰੇਗ ਨਹੀਂ। ਹੁਕਮਰਾਨਾਂ ਤੇ ਰਾਸ਼ਟਰਵਾਦੀ ਮੀਡੀਆ ਵਲੋਂ ਕਸ਼ਮੀਰੀ ਨੌਜਵਾਨਾਂ ਦੀਆਂ ਮੌਤਾਂ ਉਪਰ ਜਸ਼ਨ ਮਨਾਉਣਾ ਵੀ ਬੇਚੈਨ ਨੌਜਵਾਨਾਂ ਨੂੰ ਇੰਤਹਾਪਸੰਦੀ ਵੱਲ ਧੱਕਣ ਵਿਚ ਘਾਤਕ ਭੂਮਿਕਾ ਨਿਭਾਅ ਰਿਹਾ ਹੈ ਜਿਨ੍ਹਾਂ ਦਾ ਨਾ ਸਿਰਫ ਆਪਣਾ ਭਵਿੱਖ ਹਨੇਰਾ ਹੈ ਸਗੋਂ ਕਸ਼ਮੀਰ ਦਾ ਵੀ ਉਨ੍ਹਾਂ ਨੂੰ ਕੋਈ ਸਿਆਸੀ ਭਵਿੱਖ ਨਜ਼ਰ ਨਹੀਂ ਆ ਰਿਹਾ।

ਇਸ ਆਤਮਘਾਤੀ ਹਮਲੇ ਅਤੇ ਉਚ ਵਿਦਿਆ ਪ੍ਰਾਪਤ ਕਸ਼ਮੀਰੀ ਨੌਜਵਾਨਾਂ ਦੇ ਹਥਿਆਰ ਚੁੱਕਣ ਨੂੰ ਕਸ਼ਮੀਰ ਦੇ ਸੰਘਰਸ਼ ਵਿਚ ਨਵੇਂ ਰੁਝਾਨ ਦੀ ਗੰਭੀਰ ਚਿਤਾਵਨੀ ਵਜੋਂ ਲਿਆ ਜਾਣਾ ਚਾਹੀਦਾ ਹੈ। ਹਿੰਦੁਸਤਾਨ ਦੇ ਇਨਸਾਫਪਸੰਦ ਲੋਕਾਂ ਨੂੰ ਸੰਘ ਬ੍ਰਿਗੇਡ ਵਲੋਂ ਜਵਾਨਾਂ ਦੀਆਂ ਲਾਸ਼ਾਂ ਉਪਰ ਖੇਡੀ ਜਾ ਰਹੀ ਸਿਆਸਤ ਨੂੰ ਡੱਟ ਕੇ ਬੇਨਕਾਬ ਕਰਨਾ ਚਾਹੀਦਾ ਹੈ। ਮਹਿਜ਼ ਨਿਖੇਧੀ ਕਰਨ ਤਕ ਮਹਿਦੂਦ ਰਹਿਣ ਦੀ ਬਜਾਏ ਹੁਕਮਰਾਨਾਂ ਦੀ ਲਹੂ ਦੀ ਤਿਹਾਈ ਨੀਤੀ ਦਾ ਪੁਰਜ਼ੋਰ ਵਿਰੋਧ ਕਰਦੇ ਹੋਏ ਮੰਗ ਕਰਨੀ ਚਾਹੀਦੀ ਹੈ ਕਿ ਕਸ਼ਮੀਰੀਆਂ ਉਪਰ ਹਮਲੇ ਤੁਰੰਤ ਰੋਕੇ ਜਾਣ, ਕਸ਼ਮੀਰੀਆਂ ਦੇ ਖਿਲਾਫ ਫੌਜੀ ਘੁਮੰਡ ਦੀ ਜੰਗਬਾਜ਼ ਨੀਤੀ ਬੰਦ ਕੀਤੀ ਜਾਵੇ, ਕਸ਼ਮੀਰ ਵਿਚੋਂ ਫੌਜੀ ਅਤੇ ਨੀਮ-ਫੌਜੀ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ, ‘ਅਫਸਪਾ’ ਅਤੇ ਪਬਲਿਕ ਸਕਿਓਰਿਟੀ ਐਕਟ ਵਰਗੇ ਜ਼ਾਲਮ ਕਾਨੂੰਨ ਵਾਪਸ ਲਏ ਜਾਣ ਅਤੇ ਕਸ਼ਮੀਰੀ ਲੋਕਾਂ ਦੇ ਸਵੈਨਿਰਣੇ ਦੇ ਜਮਹੂਰੀ ਹੱਕ ਨੂੰ ਤਸਲੀਮ ਕਰਦੇ ਹੋਏ ਗੱਲਬਾਤ ਰਾਹੀਂ ਮਸਲੇ ਦੇ ਹੱਲ ਦਾ ਜਮਹੂਰੀ ਅਮਲ ਸ਼ੁਰੂ ਕੀਤਾ ਜਾਵੇ।

## ਕਸ਼ਮੀਰੀਆਂ ਖਿਲਾਫ ਜ਼ਹਿਰੀਲਾ ਮਾਹੌਲ

ਸੰਘ ਬ੍ਰਿਗੇਡ ਵਲੋਂ ਪੁਲਵਾਮਾ ਕਾਂਡ ਤੋਂ ਬਾਅਦ ਕਸ਼ਮੀਰੀਆਂ ਖਿਲਾਫ ਉਸੇ ਤਰ੍ਹਾਂ ਦਾ ਖਤਰਨਾਕ ਮਾਹੌਲ ਬਣਾ ਦਿੱਤਾ ਗਿਆ ਹੈ ਜਿਸ ਤਰ੍ਹਾਂ ਦਾ ਮਾਹੌਲ ਬਣਾ ਕੇ ਕਾਂਗਰਸ ਅਤੇ ਹਿੰਦੂ ਜਨੂੰਨੀਆਂ ਵੱਲੋਂ 1980ਵਿਆਂ ਵਿਚ ਸਿੱਖ ਫਿਰਕੇ ਦਾ ਘਾਣ ਕੀਤਾ ਗਿਆ ਸੀ। ਮੁਲਕ ਦੇ ਵੱਖ-ਵੱਖ ਹਿੱਸਿਆਂ, ਖਾਸ ਕਰਕੇ ਭਾਜਪਾ ਸ਼ਾਸਤ ਰਾਜਾਂ ਤੋਂ ਕਸ਼ਮੀਰੀਆਂ ਦੇ ਖਿਲਾਫ ਹਿੰਸਕ ਪ੍ਰਦਰਸ਼ਨਾਂ, ਉਨ੍ਹਾਂ ਨੂੰ ਘੇਰ ਕੇ ਘੇਰ ਕੇ ਕੁੱਟਣ ਅਤੇ ਧਮਕੀਆਂ ਦੇਣ ਦੀਆਂ ਖਬਰਾਂ ਆ ਰਹੀਆਂ ਹਨ। ਜੰਮੂ ਤੋਂ ਬਾਅਦ ਯੂ.ਪੀ. ਦੇ ਤਕਰੀਬਨ ਸਾਰੇ ਜ਼ਿਲ੍ਹਿਆਂ ਵਿਚ ਅਜਿਹੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਪਾਕਿਸਤਾਨ ਦੇ ਝੰਡੇ ਅਤੇ ਵਜ਼ੀਰੇ-ਆਜ਼ਮ ਦੇ ਪੁਤਲੇ ਸਾੜ ਕੇ ਪਾਕਿਸਤਾਨ ਨੂੰ ਮੂੰਹਤੋੜ ਜਵਾਬ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਕੁਸ਼ੀਨਗਰ ਵਿਚ ‘ਵਕੀਲਾਂ’ ਵਲੋਂ ਵੱਡੀ ਤਾਦਾਦ ਵਿਚ ਮੁਜ਼ਾਹਰਾ ਕਰਕੇ ਸਰਕਾਰ ਤੋਂ ਗੱਲਬਾਤ ਦੀ ਬਜਾਏ ਫੌਜੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ।

ਪੀ.ਟੀ.ਆਈ. ਦੀ ਰਿਪੋਰਟ ਅਨੁਸਾਰ ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਦੇ ਪਿੰਡ ਮੁਲਾਨਾ ਦੀ ਪੰਚਾਇਤ ਨੇ ਪਿੰਡ ਵਾਸੀਆਂ ਨੂੰ ਆਪਣੇ ਮਕਾਨ ਕਸ਼ਮੀਰੀ ਕਿਰਾਏਦਾਰਾਂ ਤੋਂ 24 ਘੰਟੇ ਦੇ ਅੰਦਰ ਖਾਲੀ ਕਰਵਾ ਲੈਣ ਦਾ ਫਰਮਾਨ ਜਾਰੀ ਕੀਤਾ ਹੈ। ਸਰਪੰਚ ਨੇ ਵਿਦਿਆਰਥੀਆਂ ਨੂੰ ਵੀ ਤੁਰੰਤ ਪਿੰਡ ਛੱਡ ਕੇ ਚਲੇ ਜਾਣ ਦਾ ਆਦੇਸ਼ ਦਿੱਤਾ ਹੈ। ਅੰਬਾਲਾ ਦੀ ਮਹਾਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ ’ਚ ਪੜ੍ਹਾਈ ਕਰ ਰਹੇ ਕਈ ਕਸ਼ਮੀਰੀ ਵਿਦਿਆਰਥੀ ਇਸ ਪਿੰਡ ਵਿਚ ਕਿਰਾਏ ‘ਤੇ ਰਹਿ ਰਹੇ ਹਨ।

ਦੇਹਰਾਦੂਨ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਪੜ੍ਹਾਈ ਕਰਦੇ ਹਜ਼ਾਰਾਂ ਕਸ਼ਮੀਰੀ ਵਿਦਿਆਰਥੀ ਬਹੁਤ ਜ਼ਿਆਦਾ ਭੈਅਭੀਤ ਹਨ ਅਤੇ ਸੈਂਕੜੇ ਵਿਦਿਆਰਥੀ ਸੰਸਥਾਵਾਂ ਛੱਡ ਕੇ ਆ ਗਏ ਹਨ। ਹਿੰਦੂਤਵੀ ਅਨਸਰਾਂ ਦੇ ਹਜੂਮ ਸੰਸਥਾਵਾਂ ਵਿਚ ਜਾ ਕੇ ਕਸ਼ਮੀਰੀ ਵਿਦਿਆਰਥੀਆਂ ਨੂੰ ਸੰਸਥਾਵਾਂ ਵਿਚੋਂ ਕੱਢਣ ਅਤੇ ਮਕਾਨ ਮਾਲਕਾਂ ਨੂੰ ਕਸ਼ਮੀਰੀ ਵਿਦਿਆਰਥੀਆਂ ਤੋਂ ਮਕਾਨ ਖਾਲੀ ਕਰਾਉਣ ਲਈ ਧਮਕਾ ਰਹੇ ਹਨ। ਸੁਧੋਵਾਲਾ ਇਲਾਕੇ ਵਿਚ ਹਿੰਦੂਤਵ ਹਜੂਮ ਨੇ ਕਸ਼ਮੀਰੀਆਂ ਦੇ ਭੁਲੇਖੇ ਚਾਰ ਅਫਗਾਨ ਵਿਦਿਆਰਥੀਆਂ ਨੂੰ ਹੀ ਕੁੱਟ ਦਿੱਤਾ ਕਿਉਂਕਿ ਉਨ੍ਹਾਂ ਨੇ ਸੰਘੀਆਂ ਦੇ ਹੁਕਮ ਅਨੁਸਾਰ ‘ਪਾਕਿਸਤਾਨ ਮੁਰਦਾਬਾਦ’ ਦੇ ਨਾਹਰੇ ਲਾਉਣ ਤੋਂ ਨਾਂਹ ਕਰ ਦਿੱਤੀ ਸੀ। 20 ਵਿਦਿਆਰਥਣਾਂ ਨੇ ਫਿਰਕੂ ਹਜੂਮ ਤੋਂ ਬਚਣ ਲਈ ਦੇਹਰਾਦੂਨ ਸ਼ਹਿਰ ਦੇ ਹੋਸਟਲ ਨੂੰ ਅੰਦਰੋਂ ਜੰਦਰਾ ਮਾਰ ਲਿਆ। ਬਾਬਾ ਫਰੀਦ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਪ੍ਰਿੰਸੀਪਲ ਅਤੇ ਅਲਪਾਈਨ ਕਾਲਿਜ ਆਫ ਮੈਨੇਜਮੈਂਟ ਅਤੇ ਟੈਕਨਾਲੋਜੀ ਦੇ ਡਾਇਰੈਕਟਰ ਨੇ ਤਾਂ ਏ.ਬੀ.ਵੀ.ਪੀ., ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਹਿਸ਼ਤੀ ਟੋਲਿਆਂ ਨੂੰ ਇਹ ਲਿਖਤੀ ਵਚਨ ਦੇ ਦਿੱਤਾ ਹੈ ਕਿ ਅਗਲੇ ਸੈਸ਼ਨ ਤੋਂ ਕਿਸੇ ਵੀ ਕਸ਼ਮੀਰੀ ਵਿਦਿਆਰਥੀ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ। ਚੇਤੇ ਰਹੇ ਕਿ ਇਨ੍ਹਾਂ ਸੰਸਥਾਵਾਂ ਇਸ ਵਕਤ ਕ੍ਰਮਵਾਰ 250 ਅਤੇ 300 ਕਸ਼ਮੀਰੀ ਵਿਦਿਆਰਥੀ ਪੜ੍ਹ ਰਹੇ ਹਨ।

ਇਹ ਨੋਟ ਕਰਨ ਵਾਲਾ ਪੱਖ ਹੈ ਕਿ ਕਸ਼ਮੀਰੀਆਂ ਅਤੇ ਮੁਸਲਿਮ ਘੱਟਗਿਣਤੀ ਦੇ ਖਿਲਾਫ ਸੋਸ਼ਲ ਮੀਡੀਆ ਉਪਰ ਖੁੱਲ੍ਹੇਆਮ ਨਫਰਤ ਫੈਲਾਉਣ, ਕਸ਼ਮੀਰੀਆਂ ਨੂੰ ਧਮਕੀਆਂ ਦੇਣ ਅਤੇ ਉਨ੍ਹਾਂ ਉਪਰ ਹਮਲੇ ਅਤੇ ਸਾੜ-ਫੂਕ ਕਰਨ ਵਾਲਿਆਂ ਦੇ ਖਿਲਾਫ ਇਕ ਵੀ ਪਰਚਾ ਦਰਜ ਨਹੀਂ ਕੀਤਾ ਗਿਆ। ਇਸ ਕਾਂਡ ਬਾਰੇ ਸੋਸ਼ਲ ਮੀਡੀਆ ਉਪਰ ਮਾਮੂਲੀ ਪੋਸਟ ਪਾਉਣ ਵਾਲੇ ਕਸ਼ਮੀਰੀ ਵਿਦਿਆਰਥੀਆਂ ਉਪਰ ਦੇਸ਼ਧ੍ਰੋਹ ਦੇ ਪਰਚੇ ਤੇ ਗ੍ਰਿਫਤਾਰੀਆਂ ਧੜਾਧੜ ਕੀਤੀਆਂ ਜਾ ਰਹੀਆਂ ਹਨ।

ਯੂ.ਪੀ. ਵਿਚ ਵੱਖ-ਵੱਖ ਥਾਵਾਂ ਉਪਰ ਚਾਰ ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਉਪਰ ‘ਇਤਰਾਜ਼ਯੋਗ’ ਟਿੱਪਣੀਆਂ ਕਰਨ ਦੇ ਇਲਜ਼ਾਮ ਵਿਚ ਅਤੇ ਹਿਮਾਚਲ ਪ੍ਰਦੇਸ ਵਿਚ ਇਕ ਵਿਦਿਆਰਥੀ ਨੂੰ 2011 ਦੀ ਸੋਸ਼ਲ ਮੀਡੀਆ ਪੋਸਟ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ।

ਰਾਜਸਥਾਨ ਦੀ ਪ੍ਰਾਈਵੇਟ ਯੂਨੀਵਰਸਿਟੀ ਨੈਸ਼ਨਲ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੀਆਂ ਚਾਰ ਕਸ਼ਮੀਰੀ ਵਿਦਿਆਰਥਣਾਂ ਖਿਲਾਫ ਰਾਜਧ੍ਰੋਹ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪ੍ਰਤਾਪਗੜ੍ਹ ਜ਼ਿਲ੍ਹੇ ਦੇ ਸਰਕਾਰੀ ਆਦਰਸ਼ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੁਹੰਮਦ ਇਕਰਾਮ ਅਜਮੇਰੀ ਨੂੰ ਹਮਲੇ ਬਾਬਤ ‘ਇਤਰਾਜ਼ਯੋਗ’ ਟਿੱਪਣੀ ਕਰਨ ਬਦਲੇ ਗ੍ਰਿਫਤਾਰ ਕੀਤਾ ਗਿਆ ਹੈ।

ਬੈਂਗਲੂਰੂ ਪੁਲਿਸ ਵਲੋਂ ਨਰਸਿੰਗ ਕਾਲਜ ਦੇ ਤਿੰਨ ਕਸ਼ਮੀਰੀ ਵਿਦਿਆਰਥੀਆਂ ਨੂੰ ਫੇਸਬੁੱਕ ਉਪਰ ਪੁਲਵਾਮਾ ਕਾਂਡ ਬਾਰੇ ਪੋਸਟ ਪਾਉਣ ਲਈ ਅਤੇ ਬੇਲਗਵੀ ਪੁਲਿਸ ਵਲੋਂ ਇਕ ਸਕੂਲ ਅਧਿਆਪਕ ਨੂੰ ਸੋਸ਼ਲ ਮੀਡੀਆ ਉਪਰ ਕਥਿਤ ਪਾਕਿਸਤਾਨ ਪੱਖੀ ਪੋਸਟ ਸ਼ੇਅਰ ਕਰਨ ਦੇ ਇਲਜ਼ਾਮ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਗੁਹਾਟੀ ਦੇ ਅਕੈਡਮੀ ਜੂਨੀਅਰ ਕਾਲਜ ਦੀ ਅਸਿਸਟੈਂਟ ਪ੍ਰੋਫੈਸਰ ਪਾਪਰੀ ਬੈਨਰਜੀ ਨੂੰ ਪੁਲਵਾਮਾ ਕਾਂਡ ਦੇ ਪ੍ਰਸੰਗ ਵਿਚ ਫੌਜ ਵਲੋਂ ਕਸ਼ਮੀਰ ਵਿਚ ਕੀਤੇ ਜਾ ਰਹੇ ਜ਼ੁਲਮਾਂ ਦਾ ਜ਼ਿਕਰ ਕਰਦੀ ਪੋਸਟ ਪਾਉਣ ਬਦਲੇ ਮੁਅੱਤਲ ਕਰ ਦਿੱਤਾ ਗਿਆ ਹੈ।

## ਮੋਦੀ ਦੀ ਸਿਆਸਤ ਨੇ ਕੀਤਾ ਗੁਜਰਾਤ ਦਾ ਸੱਤਿਆਨਾਸ

*(ਪਿਛਲੇ ਸਫੇ ਦੀ ਬਾਕੀ)*

ਵਿਚਾਰਧਾਰਾ ਵਾਲੇ ਹਨ। ਇਕੋ-ਇਕ ਸਾਂਝੀ ਗੱਲ ਇਹ ਸੀ ਕਿ ਅਸੀਂ ‘ਮੌਜੂਦਾ ਕੇਂਦਰੀ ਸਰਕਾਰ’ ਦੇ ਆਲੋਚਕ ਰਹੇ ਹਾਂ। ਇਹ ਵੀ ਗ਼ੌਰਤਲਬ ਹੈ ਕਿ ਮੇਵਾਣੀ ਨੇ ਆਪਣੇ ਪੁਰਾਣੇ ਕਾਲਜ ਵਿਚ ਡਾ. ਬੀ.ਆਰ. ਅੰਬੇਡਕਰ ਦੇ ਜੀਵਨ ਤੇ ਵਿਰਾਸਤ ਬਾਰੇ ਬੋਲਣਾ ਸੀ ਅਤੇ ਮੈਂ ਅਹਿਮਦਾਬਾਦ ਵਿਚ ਮਹਾਤਮਾ ਗਾਂਧੀ ਜੀਵਨ ਤੇ ਵਿਰਾਸਤ ਬਾਰੇ ਚਰਚਾ ਕਰਨੀ ਸੀ। ਇਸ ਦੇ ਬਾਵਜੂਦ ਸਾਡੇ ਦੋਵਾਂ ਦੇ ਸੱਦੇ ਇਕੋ ਕਾਰਨ ‘ਤੇ ਰੱਦ ਕਰ ਦਿੱਤੇ ਗਏ। ਸੰਭਵ ਤੌਰ ‘ਤੇ ‘ਆਜ਼ਾਦ’ ਤੇ ‘ਖੁਦਮੁਖਤਾਰ’ ਮੰਨੇ ਜਾਂਦੇ ਗੁਜਰਾਤ ਦੇ ਅਦਾਰੇ ਇੰਨੇ ਡਰੇ ਹੋਏ ਹਨ ਕਿ ਉਹ ਅਜਿਹੇ ਭਾਰਤੀਆਂ ਨੂੰ ਸੱਦਣ ਦਾ ਜੇਰਾ ਨਹੀਂ ਕਰ ਸਕਦੇ ਜਿਨ੍ਹਾਂ ਕਦੇ ਵੀ ਪ੍ਰਧਾਨ ਮੰਤਰੀ ਬਾਰੇ ਕੋਈ ਆਲੋਚਨਾਤਮਕ ਗੱਲ ਆਖੀ ਹੋਵੇ।

ਇਹੋ ਕਾਰਨ ਹੈ ਕਿ ਮੈਂ ਸਹਿਜ-ਸੁਭਾਅ ਹੀ ਐਚ.ਕੇ. ਆਰਟਸ ਕਾਲਜ ਦੇ ਪ੍ਰਿੰਸੀਪਲ ਤੇ ਵਾਈਸ ਪ੍ਰਿੰਸੀਪਲ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਪ੍ਰਗਟਾਵੇ ਦੀ ਆਜ਼ਾਦੀ ਲਈ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ। ਉਨ੍ਹਾਂ ਦੀ ਇਸ ਕਾਰਵਾਈ ਨੇ ਪੁਰਾਣੇ ਤੇ ਭਲੇ ਗੁਜਰਾਤ ਦੀ ਯਾਦ ਕਰਵਾ ਦਿੱਤੀ; ਪਟੇਲ, ਗਾਂਧੀ ਅਤੇ (ਖਾਸਕਰ) ਹੰਸਾ ਮਹਿਤਾ ਦੇ ਗੁਜਰਾਤ ਦੀ। ਮੈਨੂੰ ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਜਰਾਤ ਦਾ ਉਹ ਖੁੱਲ੍ਹਾਪਣ, ਜਿਹੜਾ ਕਦੇ ਇਸ ਦੀ ਪਛਾਣ ਸੀ, ਮੁੜ ਆਵੇਗਾ। ਤਾਨਾਸ਼ਾਹੀ ਬਿਰਤੀ ਵਾਲੇ ਲੋਕ ਤੇ ਸੋਚ ਬਹੁਤਾ ਚਿਰ ਨਹੀਂ ਟਿਕਦੇ ਜਦੋਂਕਿ ਆਜ਼ਾਦੀ ਦੀ ਮਨੁੱਖੀ ਖਾਹਿਸ਼ ਸਥਾਈ ਹੈ। ਨਰਿੰਦਰ ਮੋਦੀ ਤੇ ਅਮਿਤ ਸ਼ਾਹ ਵੱਲੋਂ ‘ਚੌਧਰ’ ਤੋਂ ਪਹਿਲਾਂ ਦਾ ਵੀ ਇਕ ਗੁਜਰਾਤ ਸੀ; ਇਕ ਵਾਰ ਇਨ੍ਹਾਂ ਦੀ ਪਕੜ ਰਤਾ ਢਿੱਲੀ ਪੈ ਜਾਣ ‘ਤੇ ਅਜਿਹਾ ਆਜ਼ਾਦ ਗੁਜਰਾਤ ਮੁੜ ਉਭਰ ਆਵੇਗਾ। ਮੈਂ ਇਸ ਨੂੰ ਦੇਖਣ (ਅਤੇ ਇਥੇ ਭਾਸ਼ਨ ਦੇਣ) ਦਾ ਖਾਹਿਸ਼ਮੰਦ ਹਾਂ।

ਵਿਚਾਰ-ਚਰਚਾ

# ਸਿੱਖ ਧਰਮ ਅਤੇ ਸਿਆਸਤ

***'ਪੰਜਾਬ ਟਾਈਮਜ਼' ਦੇ 16 ਫਰਵਰੀ ਦੇ ਅੰਕ ਵਿਚ ਛਪੇ ਆਪਣੇ ਲੇਖ 'ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ' ਵਿਚ ਡਾ. ਸਰਦਾਰਾ ਸਿੰਘ ਜੌਹਲ ਨੇ ਸਿੱਖ ਧਰਮ ਦੇ ਅਜੋਕੇ ਹਾਲਾਤ ਉਤੇ ਕੁਝ ਟਿੱਪਣੀਆਂ ਕੀਤੀਆਂ ਸਨ ਕਿ ਕਿਵੇਂ ਅੱਜ ਧਰਮ ਉਤੇ ਸਿਆਸਤ ਭਾਰੂ ਹੋ ਗਈ ਹੈ। ਇਸੇ ਗੱਲ ਨੂੰ ਅੱਗੇ ਤੋਰਦਿਆਂ ਲੇਖ ਦੇ ਪ੍ਰਤੀਕਰਮ ਵਿਚ ਸ. ਹਾਕਮ ਸਿੰਘ ਨੇ ਆਪਣੇ ਵਿਚਾਰ ਪ੍ਰਗਟਾਏ ਹਨ, ਜੋ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਇਸ ਸਬੰਧੀ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ***

**ਹਾਕਮ ਸਿੰਘ**
hak1270@yahoo.com

'ਪੰਜਾਬ ਟਾਈਮਜ਼' ਵਿਚ ਛਪੇ ਆਪਣੇ ਲੇਖ 'ਸਿੱਖ ਧਰਮ, ਸਿਆਸਤ ਅਤੇ ਅਕਾਲ ਤਖਤ' ਵਿਚ ਡਾ. ਸਰਦਾਰਾ ਸਿੰਘ ਜੌਹਲ ਨੇ ਸਿੱਖ ਸਮਾਜ ਦੇ ਉਚਿੱਤ ਪ੍ਰਬੰਧ ਲਈ ਇੱਕ ਰੂਪ ਰੇਖਾ ਉਲੀਕੀ ਹੈ ਅਤੇ ਅਕਾਲ ਤਖਤ ਨੂੰ ਸਰਬ-ਉਚ ਦੱਸਿਆ ਹੈ। ਉਨ੍ਹਾਂ ਦਾ ਲੇਖ ਪੜ੍ਹ ਕੇ ਮਨ ਵਿਚ ਕੁਝ ਸ਼ੰਕੇ ਪੈਦਾ ਹੋਏ ਹਨ, ਜੋ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਮੇਰੀ ਸਮਝ ਅਨੁਸਾਰ ਅਜੋਕਾ ਸਿੱਖ ਸਮਾਜ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ। ਇਹ ਤਿੰਨ ਸ਼੍ਰੇਣੀਆਂ ਹਨ: ਗੁਰਬਾਣੀ ਉਪਦੇਸ਼ ਅਨੁਸਾਰੀ ਜੀਵਨ ਬਤੀਤ ਕਰਨ ਵਾਲੇ ਗੁਰਸਿੱਖ; ਸੰਸਥਾਗਤ ਸਿੱਖ ਧਰਮ ਅਤੇ ਉਸ ਦੀ ਰਹਿਤ ਮਰਿਆਦਾ ਦੇ ਧਾਰਨੀ; ਅਤੇ ਆਪਣੇ ਆਪ ਨੂੰ ਸਿੱਖ ਸਮਝਣ ਜਾਂ ਅਖਵਾਉਣ ਵਾਲੇ ਵਿਅਕਤੀ।

ਗੁਰਸਿੱਖਾਂ ਦਾ ਜੀਵਨ ਗੁਰਬਾਣੀ ਗਿਆਨ ਨੂੰ ਸਮਰਪਿਤ ਹੈ। ਗੁਰਬਾਣੀ ਗਿਆਨ ਪ੍ਰਭੂ ਅਤੇ ਉਸ ਦੀ ਸਾਜੀ ਸ੍ਰਿਸ਼ਟੀ ਦਾ ਅਧਿਆਤਮਕ ਗਿਆਨ ਹੈ। ਇਹ ਨਜ਼ਰ ਆ ਰਹੇ ਅਤੇ ਨਿਰੰਤਰ ਬਦਲਦੇ ਸੰਸਾਰ ਦਾ ਗਿਆਨ ਨਹੀਂ ਹੈ। ਇਹ ਅਦ੍ਰਿਸ਼ਟ ਪ੍ਰਭੂ, ਉਸ ਦੀ ਰਚੀ ਸੰਸਾਰਕ ਮਾਇਆ ਅਤੇ ਉਸ ਦੇ ਅੰਸ਼, ਮਨੁੱਖੀ ਮਨ ਦਾ ਗਿਆਨ ਹੈ। ਇਸ ਵਿਚ ਮਨੁੱਖੀ ਸਰੀਰ ਦੀ ਯੋਗਤਾ ਦੀ ਸੀਮਾ ਦਾ ਵਰਣਨ ਹੈ ਅਤੇ ਮਨੁੱਖੀ ਜੀਵਨ ਦਾ ਮਨੋਰਥ ਧਰਮ ਦੇ ਮਾਰਗ 'ਤੇ ਚੱਲਦਿਆਂ ਪ੍ਰਭੂ ਮਿਲਾਪ ਦੱਸਿਆ ਗਿਆ ਹੈ। ਧਰਮ ਦਇਆ, ਸੰਤੋਖ, ਜਤ (ਆਪਣੇ ਆਪ ਨੂੰ ਵਸ ਵਿਚ ਰੱਖਣ) ਅਤੇ ਸਤ ਦਾ ਮਾਰਗ ਹੈ। ਇਸ ਮਾਰਗ 'ਤੇ ਚਲਦਿਆਂ ਪ੍ਰਭੂ ਦੀ ਕਿਰਪਾ ਹੋਣ 'ਤੇ ਹਉਮੈ, ਸੰਸਾਰਕ ਇੱਛਾਵਾਂ ਤੇ ਮਾਇਆ ਦੇ ਪ੍ਰਭਾਵ ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਪ੍ਰਭੂ ਦਾ ਗਿਆਨ ਹੋਣ 'ਤੇ ਪ੍ਰਭੂ ਨਾਲ ਮਿਲਾਪ ਸੰਭਵ ਹੋ ਜਾਂਦਾ ਹੈ। ਪ੍ਰਭੂ ਮਿਲਾਪ ਅਧਿਆਤਮਕ ਗਿਆਨ ਦਾ ਪਰਿਣਾਮ ਹੈ, ਕਿਉਂਕਿ ਅਦ੍ਰਿਸ਼ਟ ਪ੍ਰਭੂ ਦੀ ਕਲਪਨਾ ਕਰਨੀ ਸੰਭਵ ਨਹੀਂ। ਉਸ ਨੂੰ ਗਿਆਨ ਰਾਹੀਂ ਹੀ ਪਾਇਆ ਜਾ ਸਕਦਾ ਹੈ। ਗੁਰਬਾਣੀ ਗਿਆਨ ਸਾਰੀ ਮਨੁਖਤਾ ਵਿਚ ਅਨੰਤ ਪ੍ਰਭੂ ਦਾ ਪ੍ਰਕਾਸ਼ ਕਰਦਾ ਹੈ ਅਤੇ ਮਨੁੱਖੀ ਬਰਬਾਰੀ ਤੇ ਨਿੱਜੀ ਸੁਤੰਤਰਤਾ ਦੇ ਮਾਨਵੀ ਹੱਕਾਂ ਦਾ ਸਮਰਥਕ ਹੈ। ਗੁਰਬਾਣੀ ਕਿਸੇ ਸਮਾਜ ਜਾਂ ਸੰਸਥਾ ਦੀ ਮਲਕੀਅਤ ਨਹੀਂ ਹੈ ਅਤੇ ਨਾ ਹੀ ਇਸ 'ਤੇ ਕਿਸੇ ਦਾ ਕੋਈ ਕਾਪੀਰਾਈਟ ਹੈ। ਜੋ ਵਿਅਕਤੀ ਇਸ ਗਿਆਨ ਅਨੁਸਾਰ ਆਪਣਾ ਜੀਵਨ ਬਤੀਤ ਕਰਦਾ ਹੈ, ਉਸ ਨੂੰ ਹੀ ਅਸਲੀ ਸਿੱਖ ਆਖਿਆ ਜਾ ਸਕਦਾ ਹੈ। ਗੁਰਬਾਣੀ ਇਸ ਮਾਰਗ ਨੂੰ ਬਹੁਤ ਕਠਿਨ ਦੱਸਦੀ ਹੈ, "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥" (ਪੰਨਾ 1411), ਪਰ ਇਸ ਮਾਰਗ ਦੇ ਪਾਂਧੀਆਂ ਦਾ ਪ੍ਰਭਾਵ ਸਮਾਜ ਅਤੇ ਉਸ ਦੀ ਸੋਚ ਵਿਚ ਬਦਲਾਓ ਲਿਆ ਦਿੰਦਾ ਹੈ।

ਸੰਸਥਾਗਤ ਸਿੱਖ ਧਰਮ ਅਧਿਆਤਮਕ ਧਰਮ ਨਾਲੋਂ ਵੱਖਰਾ ਹੈ। ਗੁਰੂ ਸਾਹਿਬਾਨ ਨੇ ਸੰਸਥਾਗਤ ਧਰਮ ਸਥਾਪਤ ਨਹੀਂ ਕੀਤਾ। ਗੁਰਬਾਣੀ ਅਨੁਸਾਰ ਸੰਸਾਰ ਵਿਚ ਮਾਇਆ ਦੇ ਭਰਮ ਦਾ ਵਰਤਾਰਾ ਹੈ, "ਮਾਇਆ ਮੋਹਿ ਸਭੋ ਜਗੁ ਬਾਧਾ॥" (ਪੰਨਾ 394); "ਤਿਸਨਾ ਅਗਨਿ ਜਲੈ ਸੰਸਾਰਾ॥" (ਪੰਨਾ 120) ਅਤੇ "ਤ੍ਰਹੁ ਗੁਣ ਮਹਿ ਵਰਤੈ ਸੰਸਾਰਾ॥" (ਪੰਨਾ 389)। ਸੰਸਾਰ ਵਿਚ ਮਾਇਆ ਦਾ ਪ੍ਰਭਾਵ ਹੋਣ ਕਾਰਨ ਅਧਿਆਤਮਕ ਧਰਮ ਦੇ ਦਇਆ, ਸੰਤੋਖ, ਜਤ ਅਤੇ ਸਤ ਦੇ ਗੁਣਾਂ ਵਾਲੇ ਮਾਰਗ 'ਤੇ ਚਲਣਾ ਸੰਭਵ ਨਹੀਂ ਹੁੰਦਾ। ਉਥੇ ਕੇਵਲ ਸੰਸਾਰਕ ਮਾਇਆ ਨੂੰ ਪ੍ਰਵਾਨਤ ਵਿਹਾਰ ਵਾਲਾ ਸੰਸਥਾਗਤ ਧਰਮ ਹੀ ਸਫਲ ਹੋ ਪਾਉਂਦਾ ਹੈ, ਜਿਵੇਂ ਸਿੱਖ ਅਤੇ ਦੂਜੇ ਸੰਸਥਾਗਤ ਧਰਮ ਹਨ।

ਸਿੱਖ ਧਰਮ ਜਾਂ ਪੰਥ ਇੱਕ ਸਮਾਜਕ ਇਕਾਈ ਹੈ ਅਤੇ ਇਸ ਦੀਆਂ ਕਈ ਪ੍ਰਵਾਨਤ ਸੰਸਥਾਵਾਂ, ਉਪਾਧੀਆਂ, ਸੰਪਰਦਾਵਾਂ, ਡੇਰੇ ਅਤੇ ਮੱਠ ਹਨ। ਇਸ ਦੀ ਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਜੋ ਸਰਕਾਰੀ ਕਾਨੂੰਨ ਹੇਠ ਕੰਮ ਕਰਦੀ ਹੈ। ਅਕਾਲ ਤਖਤ ਦਾ ਪ੍ਰਬੰਧ ਇਸ ਕਮੇਟੀ ਦੇ ਅਧੀਨ ਹੈ ਤੇ ਉਹੋ ਉਸ ਦਾ ਜਥੇਦਾਰ ਨਿਯੁਕਤ ਕਰਦੀ ਹੈ। ਸਾਰੀਆਂ ਸੰਸਥਾਵਾਂ ਦੀ ਆਪੋ ਆਪਣੀ ਰਹਿਤ ਮਰਿਆਦਾ ਜਾਂ ਸਮਾਜਕ ਅਨੁਸ਼ਾਸਨ ਹਨ, ਜਿਨ੍ਹਾਂ ਦੀ ਪਾਲਣਾ ਕਰਨੀ ਜ਼ਰੂਰੀ ਸਮਝੀ ਜਾਂਦੀ ਹੈ।

ਸੰਸਥਾਗਤ ਧਰਮ ਵਿਚ ਰਹਿਤ ਰੱਖਣ, ਨਿਤ ਨੇਮ ਕਰਨ, ਗੁਰੂ ਗ੍ਰੰਥ ਸਾਹਿਬ ਤੇ ਸ਼ਸਤਰਾਂ ਨੂੰ ਮੱਥਾ ਟੇਕਣ, ਗੁਰਬਾਣੀ ਕੀਰਤਨ ਅਤੇ ਪਾਠ ਸੁਣਨ, ਗੁਰਦੁਆਰੇ ਵਿਚ ਸੇਵਾ ਕਰਨ, ਅਖੰਡ ਪਾਠ ਕਰਵਾਉਣ, ਲੰਗਰ ਲਾਉਣ, ਗੁਰਦੁਆਰਿਆਂ ਦੇ ਦਰਸ਼ਨ ਕਰਨ, ਜਲਸੇ ਜਲੂਸਾਂ ਅਤੇ ਸਭਾਵਾਂ ਵਿਚ ਭਾਗ ਲੈਣ, ਦਸਤਾਰਾਂ ਸਜਾਉਣ ਦੇ ਮੁਕਾਬਲੇ ਕਰਨ, ਗਤਕੇ ਖੇਡਣ, ਆਦਿ ਧਾਰਮਕ ਕਾਰਜ ਮੰਨੇ ਜਾਂਦੇ ਹਨ। ਇਹ ਕਾਰਜ ਕਰਨ ਨਾਲ ਜੀਵਨ ਵਿਚ ਨੈਤਿਕਤਾ ਅਤੇ ਅਨੁਸ਼ਾਸਨ ਆਉਣ ਦੀ ਸੰਭਾਵਨਾ ਸਮਝੀ ਜਾਂਦੀ ਹੈ। ਸੰਸਥਾਗਤ ਧਰਮ ਆਪਣੇ ਸ਼ਰਧਾਲੂਆਂ ਨੂੰ ਦੂਜੇ ਧਰਮਾਂ ਦੇ ਉਪਾਸ਼ਕਾਂ ਨਾਲੋਂ ਵੱਖਰੇ ਕਰਦਾ ਹੈ। ਸਿੱਖ ਧਰਮ ਦੇ ਬਹੁਤੇ ਸ਼ਰਧਾਲੂ ਆਪਣੇ ਧਾਰਮਕ ਜੀਵਨ ਤੋਂ ਸੰਤੁਸ਼ਟ ਹਨ ਅਤੇ ਰਹਿਤ ਮਰਿਆਦਾ ਦੀ ਪਾਲਣਾ ਕਰਨ ਵਿਚ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਹੋਰ ਕਿਸੇ ਸੰਸਥਾ ਦੀ ਅਗਵਾਈ ਦੀ ਲੋੜ ਨਹੀਂ ਜਾਪਦੀ।

ਕਈ ਵਿਅਕਤੀਆਂ ਦੀ ਧਰਮ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਉਨ੍ਹਾਂ ਵਿਚੋਂ ਕਈ ਗੁਰਦੁਆਰੇ ਆਪਣੇ ਦੋਸਤ-ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਹੀ ਜਾਂਦੇ ਹਨ। ਕਈ ਭਾਈਆਂ ਦੀ ਅਰਦਾਸ ਦੁਆਰਾ ਲਾਹਾ ਖੱਟਣ ਦੇ ਅਭਿਲਾਸ਼ੀ ਵੀ ਹੁੰਦੇ ਹਨ। ਬਹੁਤੇ ਲੋਕਾਂ ਨੂੰ ਆਪਣੇ ਕਾਰੋਬਾਰ, ਕੰਮ ਜਾਂ ਪੇਸ਼ੇ ਵਿਚ ਸਫਲਤਾ ਲਈ ਅਗਵਾਈ ਦੀ ਲੋੜ ਹੁੰਦੀ ਹੈ। ਉਨ੍ਹਾਂ ਦੀ ਸਹੀ ਅਗਵਾਈ ਕੇਵਲ ਸਫਲ ਵਿਅਕਤੀ ਅਤੇ ਸੂਝਵਾਨ ਚਿੰਤਕ ਹੀ ਕਰ ਸਕਦੇ ਹਨ। ਉਹੋ ਸਿੱਖ ਜਵਾਨੀ ਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਅਤੇ ਜੀਵਨ ਵਿਚ ਸਫਲਤਾ ਪ੍ਰਾਪਤ ਕਰਨ ਬਾਰੇ ਸੇਧ ਦੇਣ ਯੋਗ ਹੁੰਦੇ ਹਨ। ਇਸ ਖੇਤਰ ਵਿਚ ਪਰੰਪਰਾਗਤ ਸਿੱਖ ਧਰਮ ਦੇ ਪੁਜਾਰੀ ਅਤੇ ਆਗੂ ਅਗਵਾਈ ਕਰਨ ਦੇ ਸਮਰਥ ਨਹੀਂ ਹੁੰਦੇ।

ਡਾ. ਜੌਹਲ ਨੇ 'ਕੁਲਿਜੀਅਮ' ਦਾ ਬਹੁਤ ਕਾਰਆਮਦ ਸੁਝਾਅ ਦਿੱਤਾ ਹੈ, ਪਰ ਧਾਰਮਕ ਸੰਸਥਾਵਾਂ ਵਲੋਂ ਉਸ ਦੀ ਅਗਵਾਈ ਲਾਭਦਾਇਕ ਨਹੀਂ ਆਖੀ ਜਾ ਸਕਦੀ। ਜੇ ਉਸ ਦੀ ਅਗਵਾਈ ਪੁਜਾਰੀਆਂ ਦੀ ਥਾਂ ਵਿਸ਼ਵ ਦੇ ਸਫਲ, ਪ੍ਰਸਿੱਧ ਅਤੇ ਲੋਕਪ੍ਰਿਅ ਸਿੱਖਾਂ ਅਤੇ ਸੁਤੰਤਰ ਸੋਚ ਵਾਲੇ ਸਿੱਖ ਬੁਧੀਜੀਵੀਆਂ ਕੋਲ ਹੋਵੇ ਤਾਂ ਉਹ ਸਿੱਖ ਨੌਜਵਾਨਾਂ ਵਿਚ ਇੱਕੀਵੀਂ ਸਦੀ ਦੇ ਜੀਵਨ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦਾ ਭਰੋਸਾ ਅਤੇ ਉਤਸ਼ਾਹ ਪੈਦਾ ਕਰ ਸਕਦੇ ਹਨ। ਭਾਰਤ ਵਿਚ ਜ਼ਰਤੁਸ਼ਤ ਦੇ ਪਾਰਸੀ ਉਪਾਸ਼ਕਾਂ ਨੇ ਆਪਣੇ ਪਾਰਸੀ ਲੋਕਾਂ ਦੀ ਬਿਹਤਰੀ ਅਤੇ ਸਫਲਤਾ ਲਈ ਸੰਸਥਾਗਤ ਵਿਵਸਥਾ ਕੀਤੀ ਹੋਈ ਹੈ। ਸਿੱਖਾਂ ਨੂੰ ਵੀ ਪਾਰਸੀਆਂ ਤੋਂ ਸੇਧ ਲੈਣੀ ਚਾਹੀਦੀ ਹੈ।

ਡਾ. ਜੌਹਲ ਨੇ ਆਪਣੇ ਲੇਖ ਵਿਚ ਅਕਾਲ ਤਖਤ ਦਾ ਜ਼ਿਕਰ ਕੀਤਾ ਹੈ, ਪਰ ਭਾਈ ਕਾਨ੍ਹ ਸਿੰਘ ਨਾਭਾ ਦੀ ਵਡਮੁੱਲੀ ਰਚਨਾ "ਗੁਰ ਸ਼ਬਦ ਰਤਨਾਕਰ: ਮਹਾਨ ਕੋਸ਼" ਵਿਚ ਅਕਾਲ ਤਖਤ ਦਾ ਕੋਈ ਇੰਦਰਾਜ ਨਹੀਂ ਮਿਲਦਾ। ਭਾਈ ਸਾਹਿਬ ਨੇ ਅਕਾਲ ਤਖਤ ਨੂੰ ਅਕਾਲ ਬੁੰਗਾ ਆਖਿਆ ਹੈ। ਭਾਈ ਕਾਨ੍ਹ ਸਿੰਘ ਸਿੱਖ ਜਗਤ ਦੇ ਮਹਾਨ ਵਿਦਵਾਨ ਹੋਏ ਹਨ। ਉਨ੍ਹਾਂ ਦੀ ਰਚਨਾ ਸਿੱਧ ਕਰਦੀ ਹੈ ਕਿ ਅਕਾਲ ਤਖਤ ਦਾ ਪ੍ਰਚਲਿਤ ਸੰਕਲਪ 20ਵੀਂ ਸਦੀ ਦੇ ਚੌਥੇ ਦਹਾਕੇ ਪਿਛੋਂ ਘੜਿਆ ਮਿਥਿਹਾਸ ਹੈ।

ਅਕਾਲ ਤਖਤ ਦੇ ਸਬੰਧ ਵਿਚ ਇਹ ਤੱਥ ਵੀ ਅਹਿਮ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ 1609 ਈਸਵੀ ਵਿਚ ਇਹ ਤਖਤ ਬਣਵਾਇਆ ਸੀ ਅਤੇ 1635 ਈਸਵੀ ਵਿਚ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਕੀਰਤਪੁਰ ਸਾਹਿਬ ਜਾ ਬਿਰਾਜੇ ਸਨ, ਤੇ 1644 ਈਸਵੀ ਵਿਚ ਜੋਤੀ ਜੋਤਿ ਸਮਾਉਣ ਤਕ ਕੀਰਤਪੁਰ ਸਾਹਿਬ ਹੀ ਰਹੇ ਸਨ। ਉਨ੍ਹਾਂ ਦੇ ਸਪੁਤਰ ਗੁਰੂ ਤੇਗ ਬਹਾਦਰ ਜੀ ਨੂੰ ਦਰਬਾਰ ਸਾਹਿਬ ਅਤੇ ਅਕਾਲ ਬੁੰਗੇ ਦੇ ਦਰਸ਼ਨ ਕਰਨ ਦਾ ਮੌਕਾ ਵੀ ਪ੍ਰਾਪਤ ਨਹੀਂ ਸੀ ਹੋ ਸਕਿਆ।

ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸਿਰਜੇ ਮੀਰੀ-ਪੀਰੀ ਦੇ ਸਿਧਾਂਤ ਬਾਰੇ ਸਿੱਖ ਜਗਤ ਵਿਚ ਗਲਤ ਧਾਰਨਾ ਬਣੀ ਹੋਈ ਹੈ। ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦਾ ਅਰਥ ਹੈ ਕਿ ਧਰਮ ਅਤੇ ਰਾਜਨੀਤੀ ਇੱਕ ਦੂਜੇ ਤੋਂ ਵਖਰੇ ਹਨ ਤੇ ਇਨ੍ਹਾਂ ਨੂੰ ਰਲਗੱਡ ਨਹੀਂ ਕੀਤਾ ਜਾਣਾ ਚਾਹੀਦਾ। ਗੁਰਬਾਣੀ ਦਾ ਕਥਨ ਹੈ, "ਭਗਤਾ ਤੈ ਸੰਸਾਰੀਆ ਜੋੜੁ ਕਦੇ ਨ ਆਇਆ॥" (ਪੰਨਾ 145)। ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਤੇ ਮੀਰੀ ਦੀਆਂ ਦੋ ਤਲਵਾਰਾਂ ਪਾ ਕੇ ਭਗਤਾਂ ਤੇ ਸੰਸਾਰੀਆਂ ਦੇ ਅਜੋੜ ਹੋਣ ਦੇ ਗੁਰਬਾਣੀ ਸਿਧਾਂਤ ਦੀ ਹੀ ਪੁਸ਼ਟੀ ਕੀਤੀ ਹੈ। ਇਸੇ ਸਿਧਾਂਤ ਨੂੰ ਮੁੱਖ ਰਖਦਿਆਂ ਉਨ੍ਹਾਂ ਆਪਣੇ ਚਾਰੇ ਯੁੱਧਾਂ ਵਿਚ ਕਿਸੇ ਧਰਮ ਨੂੰ ਰਲਗੱਡ ਨਹੀਂ ਹੋਣ ਦਿੱਤਾ। ਉਨ੍ਹਾਂ ਯੁੱਧ ਅਨਿਆਂ ਅਤੇ ਵਧੀਕੀਆਂ ਦੇ ਵਿਰੋਧ ਵਿਚ ਕੀਤੇ, ਕਿਸੇ ਧਰਮ ਦੀ ਰੱਖਿਆ ਜਾਂ ਪਸਾਰ ਲਈ ਨਹੀਂ। ਇਹ ਆਖਣਾ ਕਿ ਗੁਰੂ ਜੀ ਨੇ ਗੁਰਬਾਣੀ ਉਪਦੇਸ਼ ਦੇ ਉਲਟ ਧਰਮ ਅਤੇ ਰਾਜਨੀਤੀ ਦੇ ਸੁਮੇਲ ਦਾ ਸਿਧਾਂਤ ਘੜਿਆ ਹੈ, ਗੁਰੂ ਜੀ ਨੂੰ ਗੁਰਮਤਿ ਵਿਚਾਰਧਾਰਾ ਦਾ ਵਿਰੋਧੀ ਗਰਦਾਨ ਕੇ ਉਨ੍ਹਾਂ ਦਾ ਨਿਰਾਦਰ ਕਰਨਾ ਹੈ।

ਵੈਸੇ ਦੋ ਤਲਵਾਰਾਂ ਦਾ ਸਿਧਾਂਤ ਕੋਈ ਅਨੋਖਾ ਸਿਧਾਂਤ ਵੀ ਨਹੀਂ ਹੈ। ਇਹ ਸਿਧਾਂਤ ਪੋਪ ਗਿਲੇਸ਼ੀਅਸ ਪਹਿਲੇ (Gelasius I) ਨੇ 494 ਈਸਵੀ ਵਿਚ ਬਾਦਸ਼ਾਹ ਅਨਸਤੀਸੀਅਸ (Anastasius) ਨੂੰ ਲਿਖੇ ਆਪਣੇ ਪੱਤਰ ਵਿਚ ਪੇਸ਼ ਕੀਤਾ ਸੀ। ਗਿਲੇਸ਼ੀਅਸ ਲਿਖਦਾ ਹੈ, "ਦੋ ਸ਼ਕਤੀਆਂ ਹਨ, ਜੋ ਵਿਸ਼ਵ 'ਤੇ ਰਾਜ ਕਰਦੀਆਂ ਹਨ: ਪੁਜਾਰੀਆਂ ਦੀ ਪਵਿਤਰ ਪ੍ਰਭੁਸਤਾ ਅਤੇ ਰਾਜਕੁਮਾਰਾਂ ਦੀ ਪ੍ਰਬੰਧਕੀ ਸ਼ਕਤੀ। ਇਹ ਦੋਨੋਂ ਹੀ ਪ੍ਰਭੂ ਵਲੋਂ ਬਖਸ਼ੀਆਂ ਹੋਈਆਂ ਹਨ।" ਇਸ ਨੂੰ ਗਿਲੇਸ਼ੀਅਸ ਜਾਂ ਦੋ ਤਲਵਾਰਾਂ ਦਾ ਸਿਧਾਂਤ ਆਖਿਆ ਗਿਆ ਹੈ। ਇਸ ਸਿਧਾਂਤ ਕਾਰਨ ਹੀ ਯੂਰਪ ਵਿਚ ਧਰਮ ਅਤੇ ਰਾਜ ਸ਼ਕਤੀ ਇੱਕ ਦੂਜੇ ਤੋਂ ਵੱਖਰੇ ਮੰਨੇ ਜਾਣ ਲੱਗ ਪਏ ਸਨ।

---

# ਛੂਛਾ ਘਟੁ



**ਅਵਤਾਰ ਸਿੰਘ (ਪ੍ਰੋ.)**
ਫੋਨ: 91-94175-18384

ਫੁਰਮਾਨ ਹੈ, ਕਹੁ ਕਬੀਰ ਛੂਛਾ ਘਟੁ ਬੋਲੈ॥ 'ਘਟੁ' ਦਾ ਤਾਂ ਪਤਾ ਹੈ ਕਿ ਘੜੇ ਨੂੰ ਕਹਿੰਦੇ ਹਨ। ਭਲਾ ਇਹ 'ਛੂਛਾ' ਕੀ ਹੋਇਆ? ਇਹ ਕੀ ਬਲਾ ਹੋਈ?

ਮੇਰਾ ਖਿਆਲ ਹੈ, 'ਛੂਛਾ' ਉਹ ਹੁੰਦਾ ਹੈ, ਜੋ 'ਜੈਂਟਲ' ਨਹੀਂ ਹੁੰਦਾ। ਫਿਰ ਭਲਾ 'ਜੈਂਟਲ' ਕੀ ਹੋਇਆ? ਮੇਰੀ ਸਮਝ ਅਨੁਸਾਰ ਜੈਂਟਲ ਉਸ ਨੂੰ ਕਿਹਾ ਜਾ ਸਕਦਾ ਹੈ, ਜੋ 'ਮੈਂਟਲ' ਨਹੀਂ ਹੁੰਦਾ। ਸਵਾਲ ਫਿਰ ਉਥੇ ਦਾ ਉਥੇ ਖੜ੍ਹਾ ਹੈ ਕਿ ਇਹ 'ਮੈਂਟਲ' ਕੀ ਸ਼ੈਅ ਹੁੰਦੀ ਹੈ? ਕਿਹਾ ਜਾ ਸਕਦਾ ਹੈ ਕਿ 'ਮੈਂਟਲ' ਉਹ ਹੁੰਦਾ ਹੈ, ਜੋ ਕਿਸੇ 'ਜੈਂਟਲ' ਨੂੰ 'ਐਕਸੀਡੈਂਟਲ' ਕਹੇ।

ਸਵਾਲ ਕੁਝ ਉਲਝ ਗਿਆ ਨਹੀਂ ਜਾਪਦਾ? ਹਾਂ! ਦਰਅਸਲ ਸਵਾਲ-ਜਵਾਬ ਦਾ ਇਹ ਸਿਲਸਿਲਾ ਬੜਾ ਗੁੰਝਲਦਾਰ ਹੈ। ਸਵਾਲ ਕਰਨ ਲਈ ਹੋਰ ਤਰ੍ਹਾਂ ਦੇ ਦਿਮਾਗ ਦੀ ਲੋੜ ਹੁੰਦੀ ਹੈ ਤੇ ਜਵਾਬ ਦੇਣ ਲਈ ਹੋਰ ਤਰ੍ਹਾਂ ਦੇ ਦਿਮਾਗ ਦੀ ਲੋੜ ਹੁੰਦੀ ਹੈ। ਕਿਸੇ ਤੋਂ ਜਵਾਬ ਮੰਗਣੇ ਬੜੇ ਸੌਖੇ ਹੁੰਦੇ ਹਨ, ਲੇਕਿਨ ਜਵਾਬ ਦੇਣੇ ਬਹੁਤ ਮੁਸ਼ਕਿਲ ਹੁੰਦੇ ਹਨ।

ਮੇਰਾ ਖਿਆਲ ਹੈ, ਸਵਾਲ ਕਰਨ ਲਈ ਸਿਰਫ ਦਿਮਾਗ ਦੀ ਲੋੜ ਹੁੰਦੀ ਹੈ ਅਤੇ ਜਵਾਬ ਦੇਣ ਲਈ ਦਿਲ ਤੇ ਦਿਮਾਗ ਦੇ ਨਾਲ ਇਖਲਾਕ ਦੀ ਵੀ ਲੋੜ ਹੁੰਦੀ ਹੈ। ਨਹੀਂ ਤਾਂ ਇਤਿਹਾਸ ਬੜਾ ਬਲਵਾਨ ਹੈ। ਜਵਾਬ ਮੰਗਣ ਵਾਲੇ ਨੂੰ ਜਦ ਜਵਾਬ ਦੇਣੇ ਪੈਂਦੇ ਹਨ, ਉਦੋਂ ਪਤਾ ਲੱਗਦਾ ਹੈ ਕਿ 'ਐਕਸੀਡੈਂਟਲ' ਕੀ ਹੁੰਦਾ ਹੈ, 'ਜੈਂਟਲ' ਕੌਣ ਤੇ 'ਮੈਂਟਲ' ਕੌਣ ਹੁੰਦਾ ਹੈ?

ਦਸਮ ਪਾਤਸ਼ਾਹ ਨੂੰ ਸਿੰਘਾਂ ਨੇ ਸਵਾਲ ਕੀਤਾ ਕਿ ਹਜ਼ੂਰ ਜਦ ਕਿਤੇ ਦੁਸ਼ਮਣ ਦਾ ਵੱਸ ਚੱਲਦਾ ਹੈ ਤਾਂ ਉਹ ਬੁਰੀ ਕਰਦੇ ਹਨ, ਪਰ ਸਾਨੂੰ ਮੌਕਾ ਮਿਲੇ ਤਾਂ ਕਿਉਂ ਰੋਕ ਦਿੱਤਾ ਜਾਂਦਾ ਹੈ?

ਦਸਮੇਸ਼ ਪਿਤਾ ਕਹਿਣ ਲੱਗੇ, "ਹਮ ਲੇ ਜਾਨੋ ਪੰਥ ਉਚੇਰੇ ਅਧੋਗਤੀ ਕੋ ਨਹਿ ਪਹੁੰਚਾਵੈਂ।"

ਗੁਰੂ ਦਾ ਫੁਰਮਾਨ ਸੀ ਕਿ ਭਜੇ ਜਾਂਦੇ 'ਤੇ ਵਾਰ ਨਹੀਂ ਕਰਨਾ; ਡਿੱਗੇ 'ਤੇ ਵਾਰ ਨਹੀਂ ਕਰਨਾ; ਨਿਹੱਥੇ 'ਤੇ ਵਾਰ ਨਹੀਂ ਕਰਨਾ; ਬਿਰਧ 'ਤੇ ਵਾਰ ਨਹੀਂ ਕਰਨਾ, ਔਰਤ 'ਤੇ ਵਾਰ ਨਹੀਂ ਕਰਨਾ ਤੇ ਬੱਚੇ 'ਤੇ ਵਾਰ ਨਹੀਂ ਕਰਨਾ।

ਦਿੱਲੀ ਦੇ ਬਾਦਸ਼ਾਹ ਬਹਾਦਰਸ਼ਾਹ ਨੇ 10 ਦਸੰਬਰ 1710 ਨੂੰ ਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਕਿ ਜਿੱਥੇ ਕਿਤੇ ਸਿੱਖ ਟੱਕਰੇ ਜਾਂ ਨਜ਼ਰ ਆਵੇ, ਬਿਨਾ ਸੋਚੇ ਤੇ ਬੇਝਿਜਕ ਥਾਂਏਂ ਮਾਰ ਦਿੱਤਾ ਜਾਵੇ।

ਬੰਦਾ ਸਿੰਘ ਬਹਾਦਰ ਨੇ ਇਸ ਖਤਰਨਾਕ ਐਲਾਨ ਦਾ ਜਵਾਬ ਇਹ ਦਿੱਤਾ ਕਿ 'ਸਾਡਾ ਨਾ ਇਸਲਾਮ ਨਾਲ ਤੇ ਨਾ ਮੁਸਲਮਾਨ ਨਾਲ ਝਗੜਾ ਹੈ; ਅਸੀਂ ਸਿਰਫ ਤੇ ਸਿਰਫ ਹਕੂਮਤ ਦੀ ਤੱਦੀ ਦੇ ਖਿਲਾਫ ਹਾਂ।

ਹਿਟਲਰ ਨੇ 'ਜਿਊਜ਼ ਕੁਐਸ਼ਚਨ' ਦੇ ਜਵਾਬ ਵਿਚ ਲੱਖਾਂ ਯਹੂਦੀਆਂ ਨੂੰ ਗੈਸ ਚੈਂਬਰਾਂ ਵਿਚ ਭੁੰਨ ਦਿੱਤਾ ਸੀ। ਹਿਟਲਰ ਨੂੰ ਆਪਣੇ ਖੁਦ ਦੇ 'ਕੁਐਸ਼ਚਨ' ਦਾ ਜਵਾਬ ਖੁਦਕੁਸ਼ੀ ਕਰਕੇ ਦੇਣਾ ਪਿਆ ਸੀ।

ਸਾਡੇ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 'ਪੰਜਾਬ ਕੁਐਸ਼ਚਨ' ਦੇ ਹੱਲ ਲਈ ਫੌਜ ਦੀਆਂ ਸੇਵਾਵਾਂ ਲਈਆਂ ਸਨ ਤੇ ਉਸ ਦੇ ਬਾਡੀਗਾਰਡਾਂ ਨੇ ਆਪਣੀਆਂ ਸੇਵਾਵਾਂ ਉਸੇ ਨੂੰ ਪ੍ਰਦਾਨ ਕਰ ਦਿੱਤੀਆਂ। ਪਿਛੋਂ ਸਿੱਖਾਂ 'ਤੇ ਜੋ ਜ਼ੁਲਮ-ਓ-ਸਿਤਮ ਦੀ ਹਨੇਰੀ ਵਗੀ, ਬਿਆਨ ਨਹੀਂ ਕੀਤੀ ਜਾ ਸਕਦੀ।

ਉਪਰੰਤ ਇੰਦਰਾ ਗਾਂਧੀ ਦੇ ਬੇਟੇ ਨੇ ਆਖਿਆ ਸੀ, ਜਬ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਹਿਲਤੀ ਹੈ। ਫਿਰ ਕਈ ਜਗ੍ਹਾ ਧਰਤੀ ਹਿੱਲੀ ਤੇ ਕੁਹਰਾਮ ਮਚ ਗਿਆ। ਅਖੀਰ ਤਾਮਿਲਨਾਡੂ ਵਿਚ ਹਿੱਲੀ ਹੋਈ ਧਰਤੀ ਨੇ ਉਸ ਬੜੇ 'ਪੇੜ' ਦੇ ਗਲ ਵਿਚ ਵੀ 'ਫੁੱਲਾਂ' ਦਾ ਹਾਰ ਪਾ ਦਿੱਤਾ; ਟਾਇਰਾਂ ਤੇ ਫੁੱਲਾਂ ਦਾ ਫਰਕ ਮਿਟ ਗਿਆ। ਅਖਬਾਰ ਵਿਚ ਉਸ ਦੀ ਨੰਗਮੁਨੰਗ ਮ੍ਰਿਤਕ ਫੋਟੋ ਦੇਖੀ ਤਾਂ ਦਿਲ ਦਹਿਲ ਗਿਆ ਸੀ ਕਿ ਕੁਦਰਤ ਦਾ ਇੰਤਕਾਮ ਇਤਨਾ ਭਿਆਨਕ ਵੀ ਹੋ ਸਕਦਾ ਹੈ!

ਗੁਰਬਾਣੀ ਦਾ ਫੁਰਮਾਨ ਹੈ, "ਅਹਿ ਕਰੁ ਕਰੇ ਸੁ ਅਹਿ ਕਰੁ ਪਾਇ॥ ਇਕ ਘੜੀ ਮੁਹਤੁ ਨ ਲਗੇ॥" ਭਾਵ ਬੰਦਾ ਜਿਸ ਹੱਥ ਨਾਲ ਜ਼ੁਲਮ ਕਰਦਾ ਹੈ, ਉਸੇ ਹੱਥ ਨੂੰ ਭੁਗਤਣਾ ਪੈਂਦਾ ਹੈ। ਅਰ ਇਸ ਵਿਚ ਦੇਰੀ ਵੀ ਨਹੀਂ ਹੁੰਦੀ।

ਬਾਣੀ ਵਿਚ ਤਾਂ ਇੱਥੋਂ ਤੱਕ ਆਖਿਆ ਗਿਆ ਹੈ, "ਅਹਿ ਕਰੁ ਕਰੇ ਸੁ ਅਹਿ ਕਰੁ ਪਾਇ॥ ਕੋਈ ਨ ਪਕੜੀਐ ਕਿਸੈ ਥਾਇ॥" ਅਰਥਾਤ ਜੋ ਹੱਥ ਕਿਸੇ ਨਾਲ ਧੱਕਾ ਕਰਦਾ ਹੈ, ਉਹੀ ਹੱਥ ਸਜ਼ਾ ਭੁਗਤਦਾ ਹੈ; ਇਸ ਵਿਚ ਕੋਈ ਦੂਜਾ ਨਹੀਂ ਪਕੜਿਆ ਜਾਂਦਾ।

ਕਹਿੰਦੇ ਹਨ, ਕਸ਼ਮੀਰ ਵਿਚ ਫਿਰ ਕਿਸੇ ਨੇ ਅੱਗ ਦੀ ਖੇਡ ਖੇਡੀ ਹੈ, ਜਿਸ ਦੇ ਜਵਾਬ ਵਿਚ ਦਿੱਲੀ ਦਰਬਾਰ ਨੇ ਆਖਿਆ ਹੈ ਕਿ 'ਹਮਨੇ ਫੌਜ ਕੋ ਸੁਤੰਤਰਤਾ ਦੇ ਦੀ ਹੈ।' ਸਾਡੇ ਦੇਸ਼ ਦੇ ਗਲੇ ਦੀ ਹੱਡੀ ਬਣਿਆ 'ਕਸ਼ਮੀਰ ਕੁਐਸ਼ਚਨ' ਫਿਰ ਭਾਂਬੜ ਬਣ ਉਠਿਆ ਹੈ ਤੇ ਬਲਦੀ ਨੂੰ ਪਾਣੀ ਦੀ ਥਾਂ ਤੇਲ ਨਾਲ ਬੁਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

***ਕਹਿੰਦੇ ਹਨ, ਕਸ਼ਮੀਰ ਵਿਚ ਫਿਰ ਕਿਸੇ ਨੇ ਅੱਗ ਦੀ ਖੇਡ ਖੇਡੀ ਹੈ, ਜਿਸ ਦੇ ਜਵਾਬ ਵਿਚ ਦਿੱਲੀ ਦਰਬਾਰ ਨੇ ਆਖਿਆ ਹੈ ਕਿ 'ਹਮਨੇ ਫੌਜ ਕੋ ਸੁਤੰਤਰਤਾ ਦੇ ਦੀ ਹੈ।' ਸਾਡੇ ਦੇਸ਼ ਦੇ ਗਲੇ ਦੀ ਹੱਡੀ ਬਣਿਆ 'ਕਸ਼ਮੀਰ ਕੁਐਸ਼ਚਨ' ਫਿਰ ਭਾਂਬੜ ਬਣ ਉਠਿਆ ਹੈ ਤੇ ਬਲਦੀ ਨੂੰ ਪਾਣੀ ਦੀ ਥਾਂ ਤੇਲ ਨਾਲ ਬੁਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।***

ਆਪਣੇ ਦੇਸ਼ ਅੰਦਰ ਹੀ ਫੌਜ ਨੂੰ ਸੁਤੰਤਰਤਾ ਦੇਣ ਦਾ ਕੀ ਅਰਥ ਹੈ? ਕਿਤੇ ਇਹ ਉਹੀ 'ਬੜਾ ਪੇੜ' ਗਿਰਨ ਵਾਲੀ ਗੱਲ ਤਾਂ ਨਹੀਂ? ਇਹ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਕਿਤੇ 'ਬਾਬਰ ਬਾਣੀ' ਨਾ ਫਿਰ ਜਾਵੇ।

ਗੁਰੂ ਨਾਨਕ ਨੇ ਸੈਦਪੁਰ ਵਿਖੇ ਭਾਈ ਲਾਲੋ ਨੂੰ ਦੱਸਿਆ ਸੀ ਕਿ ਜੇ ਹਿੰਦੂ-ਮੁਸਲਿਮ ਸੱਭਿਆਚਾਰਕ ਭੇੜ ਦੇ 'ਸਵਾਲ' ਨੂੰ ਸੁਹਿਰਦਤਾ ਨਾਲ ਨਾ ਨਜਿੱਠਿਆ ਗਿਆ ਤਾਂ ਹਿੰਦੁਸਤਾਨ ਚੇਤੇ ਰੱਖੇ, ਇਸ ਦਾ 'ਕਾਇਆ ਕਪੜੁ ਟੁਕੁ ਟੁਕੁ' ਹੋਣ ਤੋਂ ਕੋਈ ਮਾਈ ਕਾ ਲਾਲ ਰੋਕ ਨਹੀਂ ਸਕੇਗਾ।

ਖੈਰ, ਅਜਿਹੇ ਸਵਾਲਾਂ ਦੇ ਜਵਾਬ ਬੰਦਿਆਂ ਕੋਲ ਨਹੀਂ ਹੁੰਦੇ, ਕੁਦਰਤ ਕੋਲ ਹੁੰਦੇ ਹਨ ਜਾਂ ਇਤਿਹਾਸ ਕੋਲ ਹੁੰਦੇ ਹਨ; ਕੁਦਰਤ ਦੇ ਇੰਤਕਾਮ ਸਹਿਣਯੋਗ ਨਹੀਂ ਹੁੰਦੇ। ਬੇਸ਼ੱਕ ਦਹਿਸ਼ਤ ਦਾ ਕੋਈ ਵਿਧਾਨ ਨਹੀਂ ਹੁੰਦਾ, ਪਰ ਸਰਕਾਰ ਦਾ ਵਿਧਾਨ ਵੀ ਹੁੰਦਾ ਹੈ ਤੇ ਸੰਵਿਧਾਨ ਵੀ। ਸਰਕਾਰ ਦਾ ਸੰਵਿਧਾਨ ਤੋਂ ਸੁਤੰਤਰ ਹੋਣ ਦਾ ਮਤਲਬ ਹੈ, ਜ਼ੁਲਮ ਦਾ ਸਿਰਾ; ਤੇ ਸਿਰਾ ਕੋਈ ਵੀ ਚੰਗਾ ਨਹੀਂ ਹੁੰਦਾ।

ਇਤਿਹਾਸ ਨੇ ਲੱਖਾਂ ਸ਼ਹਿਨਸ਼ਾਹ ਪਲਾਂ ਛਿਣਾਂ ਵਿਚ ਖਾਕ ਹੁੰਦੇ ਦੇਖੇ ਹਨ; ਸੱਭਿਅਤਾਵਾਂ ਤਬਾਹ ਹੁੰਦੀਆਂ ਦੇਖੀਆਂ ਹਨ; ਰਾਜ ਮਾਲ ਸਿਕਦਾਰੀਆਂ ਗਰਕ ਹੁੰਦੀਆਂ ਦੇਖੀਆਂ ਹਨ। ਜੇ ਨਹੀਂ ਦੇਖੀ ਤਾਂ ਸਿਰਫ ਕਿਸੇ ਗਰੀਬ ਮਜ਼ਲੂਮ ਦੀ ਹਾਅ ਅਜਾਈਂ ਗਈ ਨਹੀਂ ਦੇਖੀ। ਚੋਰਾਂ, ਠੱਗਾਂ ਤੇ ਧਾੜਵੀਆਂ ਦੇ ਘਰੀਂ ਇੱਕ ਇੱਕ ਕਰਕੇ ਬੁਝਦੇ ਚਿਰਾਗ ਹਰ ਕਿਤੇ ਦੇਖੇ ਜਾ ਸਕਦੇ ਹਨ। ਮਹਿਲਾਂ ਦੀ ਚਹਿਲ-ਪਹਿਲ ਝਟ-ਪਟ ਸੁੰਨਮਸਾਨ 'ਚ ਬਦਲ ਜਾਂਦੀ ਹੈ ਤੇ ਸੁੰਨਮਸਾਨ ਨੂੰ ਸ਼ਮਸ਼ਾਨ ਬਣਦੇ ਦੇਰ ਨਹੀਂ ਲੱਗਦੀ। ਮਰਦਿਆਂ ਨੂੰ ਸਰਕਾਰੀ ਖਜਾਨੇ ਵੀ ਨਹੀਂ ਬਚਾ ਸਕਦੇ ਤੇ ਜਿਉਂਦਿਆਂ ਨੂੰ ਕਿਤੇ ਲੁਕਣ ਲਈ ਥਾਂ ਨਹੀਂ ਲੱਭਦੀ ਤੇ ਭੱਜਣ ਲਈ ਰਾਹ ਵੀ ਨਹੀਂ ਲੱਭਦੇ। 'ਇਹੁ ਜਗੁ ਧੂਏ ਕਾ ਪਹਾਰ' ਹੋ ਨਿਬੜਦਾ ਹੈ; ਫਿਰ ਸਮਝ ਲੱਗਦੀ ਹੈ ਕਿ 'ਜਗ ਰਚਨਾ ਸਭ ਝੂਠ ਹੈ।'

ਇਤਿਹਾਸ ਜਾਣਦਾ ਹੈ ਕਿ ਇੰਚੀ ਟੇਪਾਂ ਨਾਲ ਨਾਪੇ ਜਾਣ ਵਾਲੇ ਵੱਡੇ ਵੱਡੇ ਸੀਨੇ ਦਿਲਾਂ ਤੋਂ ਸੱਖਣੇ ਹੁੰਦੇ ਹਨ ਤੇ ਨਿੱਕੇ ਨਿੱਕੇ ਮਜ਼ਲੂਮ ਸੀਨਿਆਂ ਅੰਦਰ ਹੀ ਵੱਡੇ ਵੱਡੇ ਦਿਲ ਧੜਕਦੇ ਹਨ, ਜੋ ਕਿਸੇ ਨੂੰ ਜਰ ਸਕਦੇ ਹਨ ਤੇ ਕਿਸੇ ਲਈ ਮਰ ਸਕਦੇ ਹਨ।

ਸਾਨੂੰ ਸਮੇਂ ਦੇ ਸੱਚ ਹਮੇਸ਼ਾ ਚੇਤੇ ਰੱਖਣੇ ਚਾਹੀਦੇ ਹਨ। ਦੁਨੀਆਂ ਦੀ ਕੋਈ ਵੀ ਸ਼ੈਅ ਸੱਚ ਤੋਂ ਉਰੇ ਰਹਿ ਜਾਂਦੀ ਹੈ, ਕੇਵਲ ਸੱਚਾ ਆਚਰਣ ਹੀ ਸੱਚ ਤੋਂ ਪਾਰ ਲੈ ਜਾਣ ਵਾਲੀ ਸ਼ੈਅ ਹੈ। ਇਸ ਲਈ,

"ਸ਼ਾਹ ਮੁਹੰਮਦਾ! ਓਸ ਤੋਂ ਸਦਾ ਡਰੀਏ, ਬਾਦਸ਼ਾਹਾਂ ਤੋਂ ਭੀਖ ਮੰਗਾਵਦਾ ਈ।" ਬਾਣੀ ਵਿਚ ਵੀ ਆਇਆ ਹੈ, "ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥ ਦਰਿ ਮੰਗਨ ਭਿਖਿ ਨ ਪਾਇਦਾ॥

ਖੈਰ, ਸਿਆਣੇ ਠੀਕ ਹੀ ਕਹਿੰਦੇ ਹੋਣਗੇ, "ਅੱਧ ਜਲ ਗਗਰੀ ਛਲਕਤ ਜਾਇ!"

# ਛੋਟੀ ਕਿਸਾਨੀ ਦੇ ਕਰਜ਼ੇ ਦੀ ਪੰਡ ਅੱਗੇ ਬੌਣੀ ਪਈ ਕਰਜ਼ਾ ਮੁਆਫੀ

**ਬਠਿੰਡਾ:** ਕੈਪਟਨ ਸਰਕਾਰ ਦੀ 'ਕਰਜ਼ਾ ਮੁਆਫੀ' ਛੋਟੀ ਕਿਸਾਨੀ ਦੇ ਬੋਝ ਅੱਗੇ ਬੌਣੀ ਹੈ। ਕਰਜ਼ੇ ਦੀ ਪੰਡ ਭਾਰੀ ਹੈ ਜਦੋਂ ਕਿ ਕਰਜ਼ਾ ਮੁਆਫੀ ਛੋਟੀ ਹੈ। ਪੰਜਾਬ ਦੇ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਛੋਟੇ ਕਿਸਾਨਾਂ ਸਿਰ ਬੈਂਕਾਂ ਦਾ 29,347 ਕਰੋੜ ਦਾ ਕਰਜ਼ਾ ਹੈ ਜੋ ਕਿ ਪ੍ਰਤੀ ਕਿਸਾਨ ਔਸਤਨ 2.93 ਲੱਖ ਰੁਪਏ ਬਣਦਾ ਹੈ।

ਪੰਜਾਬ ਦੇ ਕੁੱਲ 15.47 ਲੱਖ ਕਿਸਾਨਾਂ ਸਿਰ 72,020 ਕਰੋੜ ਦਾ ਬੈਂਕਾਂ ਦਾ ਖੇਤੀ ਕਰਜ਼ਾ ਹੈ ਜਿਨ੍ਹਾਂ 'ਚੋਂ 9,98,326 ਛੋਟੇ ਕਿਸਾਨ ਹਨ ਜੋ ਪੰਜ ਏਕੜ ਜ਼ਮੀਨ ਦੀ ਮਾਲਕੀ ਵਾਲੇ ਹਨ। ਔਸਤਨ ਦੇਖੀਏ ਤਾਂ ਪੰਜ ਏਕੜ ਤੋਂ ਉਪਰ ਵਾਲੇ 5.48 ਲੱਖ ਕਿਸਾਨਾਂ 'ਤੇ 42,673 ਕਰੋੜ ਦਾ ਕਰਜ਼ਾ ਹੈ।

ਰਿਜ਼ਰਵ ਬੈਂਕ ਆਫ ਇੰਡੀਆ ਦੇ ਵੇਰਵਿਆਂ ਅਨੁਸਾਰ 31 ਮਾਰਚ 2018 ਅਨੁਸਾਰ ਪੰਜਾਬ ਦੇ ਕੁੱਲ 15.47 ਲੱਖ ਕਿਸਾਨਾਂ ਸਿਰ ਔਸਤਨ ਪ੍ਰਤੀ ਕਿਸਾਨ 4.65 ਲੱਖ ਰੁਪਏ ਦਾ ਕਰਜ਼ਾ ਬਣਦਾ ਹੈ। ਕੈਪਟਨ ਸਰਕਾਰ ਵੱਲੋਂ ਪੜਾਅ ਵਾਰ ਛੋਟੀ ਕਿਸਾਨੀ ਦੀ ਕਰਜ਼ਾ ਮੁਆਫੀ ਕੀਤੀ ਜਾ ਰਹੀ ਹੈ। ਕਿਸਾਨਾਂ ਸਿਰ ਵੱਡਾ ਬੋਝ ਸ਼ਾਹੂਕਾਰਾਂ ਦੇ ਕਰਜ਼ੇ ਦਾ ਹੈ। ਪੰਜਾਬ ਦੀ ਛੋਟੀ ਕਿਸਾਨੀ ਸਿਰ ਤਿੰਨ ਵਰ੍ਹਿਆਂ ਦੌਰਾਨ 3362 ਕਰੋੜ ਦਾ ਕਰਜ਼ ਇਕੱਲੇ ਬੈਂਕਾਂ ਦਾ ਵਧਿਆ ਹੈ। ਮਾਰਚ 2016 ਵਿਚ ਪੰਜਾਬ ਦੇ ਕੁੱਲ 13.14 ਲੱਖ ਕਿਸਾਨਾਂ ਸਿਰ ਬੈਂਕਾਂ ਦਾ 70,140 ਕਰੋੜ ਦਾ ਖੇਤੀ ਕਰਜ਼ਾ ਸੀ।

ਮਾਰਚ 2016 ਵਿਚ ਪੰਜ ਏਕੜ ਦੀ ਮਾਲਕੀ ਵਾਲੇ 9.09 ਲੱਖ ਕਿਸਾਨਾਂ 'ਤੇ 25,985 ਕਰੋੜ ਦਾ ਖੇਤੀ ਕਰਜ਼ ਬੈਂਕਾਂ ਦਾ ਸੀ, ਜੋ ਹੁਣ ਵੱਧ ਕੇ 29,347 ਕਰੋੜ ਹੋ ਗਿਆ ਹੈ। ਪੰਜ ਏਕੜ ਤੋਂ ਉਪਰ ਦੀ ਮਾਲਕੀ ਵਾਲੇ ਕਿਸਾਨਾਂ ਵੱਲ ਨਜ਼ਰ ਮਾਰੀਏ ਤਾਂ ਇਨ੍ਹਾਂ ਤਿੰਨ ਵਰ੍ਹਿਆਂ ਵਿਚ ਉਨ੍ਹਾਂ ਸਿਰ ਖੇਤੀ ਕਰਜ਼ਾ 1482 ਕਰੋੜ ਰੁਪਏ ਵਧਿਆ ਹੈ। ਕਰਜ਼ਾ ਮੁਆਫੀ ਦੇ ਬਾਵਜੂਦ ਪੰਜਾਬ ਵਿਚ ਖੁਦਕੁਸ਼ੀ ਦਾ ਦੌਰ ਰੁਕਿਆ ਨਹੀਂ ਹੈ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਕੈਪਟਨ ਹਕੂਮਤ ਦੌਰਾਨ ਕਰੀਬ 900 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਕਰਜ਼ਾ ਮੁਆਫੀ ਦੇ ਬਾਵਜੂਦ ਪੰਜਾਬ ਵਿਚ ਕੋਈ ਦਿਨ ਵੀ ਖੁਦਕੁਸ਼ੀ ਬਿਨਾਂ ਸੁੱਕਾ ਨਹੀਂ ਲੰਘ ਰਿਹਾ ਹੈ। ਇਹੋ ਹੁਣ ਪੰਜਾਬ ਦੇ ਕਿਸਾਨ ਦੀ ਹੋਣੀ ਬਣ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਆਖ ਮੰਨ ਚੁੱਕੇ ਹਨ ਕਿ ਕਰਜ਼ਾ ਮੁਆਫੀ ਇੱਕ ਰਾਹਤ ਹੈ ਅਤੇ ਇਹ ਪੱਕਾ ਹੱਲ ਨਹੀਂ ਹੈ। ਉਹ ਪੱਕੇ ਹੱਲ ਲਈ ਕੇਂਦਰ ਨੂੰ ਆਖ ਰਹੇ ਹਨ।



ਬੀਕੇਯੂ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਦਾ ਕਹਿਣਾ ਸੀ ਕਿ ਕੈਪਟਨ ਸਰਕਾਰ ਕੀਤੇ ਵਾਅਦੇ ਅਨੁਸਾਰ ਪੰਜਾਬ ਦੇ ਕਿਸਾਨਾਂ ਦੇ ਪੂਰੇ ਕਰਜ਼ੇ ਤੇ ਲੀਕ ਫੇਰੇ। ਉਨ੍ਹਾਂ ਆਖਿਆ ਕਿ ਕਰਜ਼ਾ ਮੁਆਫੀ ਦਾ ਵਿਖਾਵਾ ਵੱਡਾ ਹੈ ਜਦੋਂ ਕਿ ਰਾਹਤ ਛੋਟੀ ਹੈ। ਦੂਸਰੀ ਤਰਫ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਐਮ.ਪੀ ਸੁਨੀਲ ਜਾਖੜ ਆਖ ਚੁੱਕੇ ਹਨ ਕਿ ਕਾਂਗਰਸ ਸਰਕਾਰ ਨੇ ਆਪਣਾ ਵਾਅਦਾ ਨਿਭਾਇਆ ਹੈ ਅਤੇ ਮਾਲੀ ਤੰਗੀ ਦੇ ਬਾਵਜੂਦ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਹੈ। ਜਿਉਂ ਜਿਉਂ ਫੰਡਾਂ ਦਾ ਪ੍ਰਬੰਧ ਹੋਵੇਗਾ, ਕਰਜ਼ਾ ਮੁਆਫੀ ਅੱਗੇ ਵਧਦੀ ਜਾਵੇਗੀ। ਸਰਕਾਰ ਲਈ ਸਭ ਤੋਂ ਵੱਧ ਤਰਜੀਹੀ ਕਿਸਾਨੀ ਹੈ।

ਛੋਟੇ ਸਨਅਤਕਾਰ ਵੀ ਕਰਜ਼ਾਈ ਪੰਜਾਬ ਦਾ ਛੋਟਾ ਸਨਅਤਕਾਰ ਵੀ ਕਰਜ਼ਾਈ ਹੈ। ਛੋਟੇ ਉਦਯੋਗਾਂ ਵਾਲੇ ਕਰੀਬ 6.63 ਲੱਖ ਸਨਅਤਕਾਰ ਬੈਂਕਾਂ ਦੇ ਕਰਜ਼ਾਈ ਹਨ ਜਿਨ੍ਹਾਂ ਸਿਰ 46,439 ਕਰੋੜ ਦਾ ਕਰਜ਼ਾ ਹੈ। ਮਤਲਬ ਪ੍ਰਤੀ ਸਨਅਤਕਾਰ 7 ਲੱਖ ਦਾ ਕਰਜ਼ਾ ਬੈਂਕਾਂ ਦਾ ਖੜ੍ਹਾ ਹੈ। ਤਿੰਨ ਵਰ੍ਹੇ ਪਹਿਲਾਂ ਇਨ੍ਹਾਂ ਛੋਟੇ ਸਨਅਤਕਾਰਾਂ ਸਿਰ 45,814 ਕਰੋੜ ਦਾ ਕਰਜ਼ਾ ਸੀ ਜਿਸ ਵਿਚ ਇਨ੍ਹਾਂ ਵਰ੍ਹਿਆਂ ਦੌਰਾਨ 598 ਕਰੋੜ ਦਾ ਵਾਧਾ ਹੋਇਆ ਹੈ। ਸਨਅਤਕਾਰਾਂ ਨੇ ਇਹ ਕਰਜ਼ਾ ਇਕੱਲੇ ਵਪਾਰਕ ਬੈਂਕਾਂ ਤੋਂ ਚੁਕਿਆ ਹੋਇਆ ਹੈ।

## ਖਾਲਿਸਤਾਨ ਪੱਖੀ ਤਿੰਨ ਨੌਜਵਾਨ ਸਜ਼ਾ ਵਿਰੁੱਧ ਪੁੱਜੇ ਹਾਈ ਕੋਰਟ

**ਚੰਡੀਗੜ੍ਹ:** ਖਾਲਿਸਤਾਨ ਪੱਖੀ ਸਮੱਗਰੀ ਰੱਖਣ ਤੇ ਅਜਿਹੀ ਸਮਗਰੀ ਵਿਦੇਸ਼ਾਂ ਨੂੰ ਭੇਜਣ ਕਾਰਨ ਦੇਸ਼ ਵਿਰੁੱਧ ਜੰਗ ਛੇੜਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਸਜ਼ਾਯਾਫਤਾ ਤਿੰਨ ਸਿੱਖ ਨੌਜਵਾਨਾਂ ਨੇ ਹੇਠਲੀ ਅਦਾਲਤ ਵਲੋਂ ਉਨ੍ਹਾਂ ਨੂੰ ਸੁਣਾਈ ਉਮਰ ਕੈਦ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਅਪੀਲ ਕੀਤੀ ਹੈ।

ਐਡਵੋਕੇਟ ਆਰ.ਐਸ. ਬੈਂਸ ਰਾਹੀਂ ਉਨ੍ਹਾਂ ਨੇ ਹੇਠਲੀ ਅਦਾਲਤ ਦਾ ਫੈਸਲਾ ਰੱਦ ਕਰਨ ਤੋਂ ਇਲਾਵਾ ਜ਼ਮਾਨਤ ਦੀ ਮੰਗ ਵੀ ਕੀਤੀ ਹੈ। ਮਾਮਲੇ ਮੁਤਾਬਿਕ ਨਵਾਂਸ਼ਹਿਰ ਪੁਲਿਸ ਨੇ ਖੁਫੀਆ ਏਜੰਸੀਆਂ ਵਲੋਂ ਦਿੱਤੀ ਰਿਪੋਰਟ ਕਿ ਤਿੰਨ ਨੌਜਵਾਨ ਰਵਿੰਦਰ ਸਿੰਘ, ਰਣਜੀਤ ਸਿੰਘ ਤੇ ਸੁਰਜੀਤ ਸਿੰਘ ਖੇਤਰ 'ਚ ਸਰਗਰਮ ਹਨ ਤੇ ਜੇ ਉਨ੍ਹਾਂ ਨੂੰ ਫੜਿਆ ਜਾਵੇ ਤਾਂ ਵੱਡੀ ਮਾਤਰਾ 'ਚ ਹਥਿਆਰ ਬਰਾਮਦ ਹੋਣਗੇ। ਪੁਲਿਸ ਨੇ ਸੂਚਨਾ ਦੇ ਆਧਾਰ 'ਤੇ 24 ਮਈ 2016 ਨੂੰ ਦੇਸ਼ ਵਿਰੁੱਧ ਜੰਗ ਛੇੜਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਦਰਜ ਕਰਕੇ ਪਹਿਲਾਂ ਰਵਿੰਦਰ ਸਿੰਘ ਤੇ ਬਾਅਦ 'ਚ ਰਣਜੀਤ ਸਿੰਘ ਤੇ ਸੁਰਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ।

# ਕਿਲਾ ਰਾਏਪੁਰ ਦੇ ਖੇਡ ਮੇਲੇ 'ਚ ਮੁੜ ਦੌੜਨਗੀਆਂ ਬੈਲ ਗੱਡੀਆਂ

**ਲੁਧਿਆਣਾ:** ਬਲਦਾਂ ਦੀਆਂ ਦੌੜਾਂ ਪੇਂਡੂ ਓਲੰਪਿਕ ਦੇ ਨਾਂ ਤੋਂ ਮਸ਼ਹੂਰ ਕਿਲਾ ਰਾਏਪੁਰ ਖੇਡ ਮੇਲੇ ਵਿਚ ਚਾਰ ਸਾਲਾਂ ਬਾਅਦ ਮੁੜ ਤੋਂ ਲੋਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ। ਕੈਬਨਿਟ ਨੇ ਬਲਦਾਂ ਦੀਆਂ ਦੌੜਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ। ਕੈਬਨਿਟ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਗਰੇਵਾਲ ਸਪੋਰਟਸ ਅਕਾਦਮੀ ਦੇ ਮੈਂਬਰਾਂ ਤੇ ਬਲਦ ਦੌੜਾਉਣ ਵਾਲੇ ਲੋਕਾਂ ਵਿਚ ਖੁਸ਼ੀ ਦਾ ਮਾਹੌਲ ਹੈ। ਉਨ੍ਹਾਂ ਨੇ ਕੈਬਨਿਟ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਬਲਦਾਂ ਦੌੜਾਂ ਦੇ ਸ਼ੌਕੀਨ ਬਜ਼ੁਰਗ ਤੇ ਨੌਜਵਾਨਾਂ ਨੇ ਪਹਿਲੇ ਦਿਨ ਤੋਂ ਹੀ ਦੌੜਾਂ ਲਈ ਤਿਆਰੀ ਵੀ ਖਿੱਚ ਦਿੱਤੀ ਹੈ। ਦੇਸ਼ ਵਿਦੇਸ਼ ਤੋਂ ਆਉਣ ਵਾਲੇ ਖੇਡ ਪ੍ਰੇਮੀਆਂ ਵਿਚ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਸੋਸ਼ਲ ਮੀਡੀਆ 'ਤੇ ਇਸ ਫੈਸਲੇ ਦਾ ਸਵਾਗਤ ਕੀਤਾ ਜਾ ਰਿਹਾ ਹੈ।



ਦੱਸਣਯੋਗ ਹੈ ਕਿ ਕਿਲਾ ਰਾਏਪੁਰ ਦੀਆਂ ਖੇਡਾਂ ਦੀ ਧੜਕਣ ਬਲਦ ਗੱਡੀਆਂ ਦੀਆਂ ਦੌੜਾਂ ਪਿਛਲੇ ਕਰੀਬ ਚਾਰ ਸਾਲਾਂ ਤੋਂ ਨਹੀਂ ਹੋਈਆਂ ਹਨ, ਜਿਸ ਦਾ ਕਾਰਨ ਜਾਨਵਰਾਂ ਦੀਆਂ ਖੇਡਾਂ 'ਤੇ ਪਾਬੰਦੀ ਲੱਗਣਾ ਸੀ। ਅਕਾਲੀ ਸਰਕਾਰ ਦੇ ਸਮੇਂ 2014 ਵਿਚ ਬਲਦ ਦੌੜਾਂ 'ਤੇ ਪਾਬੰਦੀ ਲੱਗੀ ਸੀ ਪਰ ਰਾਜਸੀ ਆਗੂਆਂ ਦੇ ਸਹਿਯੋਗ ਤੋਂ ਬਾਅਦ ਹੁਣ ਦੁਬਾਰਾ ਬਲਦ ਦੌੜਾਂ ਨੂੰ ਮਨਜ਼ੂਰੀ ਮਿਲ ਗਈ ਹੈ।

ਗਰੇਵਾਲ ਸਪੋਰਟ ਐਸੋਸੇਈਸ਼ੇਨ ਦੇ ਸਕੱਤਰ ਬਲਵਿੰਦਰ ਸਿੰਘ ਜੱਗਾ ਦਾ ਕਹਿਣਾ ਹੈ ਕਿ ਇਸ ਮਨਜ਼ੂਰੀ ਤੋਂ ਬਾਅਦ ਹਰ ਪਾਸੇ ਖੁਸ਼ੀ ਹੈ। ਦੌੜਾਕ ਆਪਣੇ ਬੱਚਿਆਂ ਦੀ ਤਰ੍ਹਾਂ ਬਲਦਾਂ ਨੂੰ ਪਾਲ ਰਹੇ ਬਲਦਾਂ ਨੂੰ ਹੁਣ ਦੁਬਾਰਾ ਤੋਂ ਉਹ ਖੇਡ ਮੈਦਾਨ ਵਿਚ ਭਜਾਉਣਗੇ। ਉਨ੍ਹਾਂ ਕਿਹਾ ਕਿ ਮਨਜ਼ੂਰੀ ਦਾ ਪੱਤਰ ਜਿਵੇਂ ਹੀ ਉਨ੍ਹਾਂ ਕੋਲ ਪੁੱਜ ਜਾਏਗਾ ਤਾਂ ਉਹ ਬਲਦ ਦੌੜਾਂ ਵਾਲਾ ਸੱਦਾ ਪੱਤਰ ਜਾਰੀ ਕਰਨਗੇ।






# ਆਸਕਰ ਅਵਾਰਡ ਪ੍ਰੋਗਰਾਮ ਲਾਸ ਏਂਜਲਸ ਵਿਚ 24 ਫਰਵਰੀ ਨੂੰ

91ਵਾਂ ਆਸਕਰ ਅਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 24 ਫਰਵਰੀ 2019, ਐਤਵਾਰ ਨੂੰ ਹੋ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 'ਆਸਕਰ ਅਵਾਰਡ ਤੇ ਨੌਮੀਨੇਸ਼ਨ-2019' ਵਿਸ਼ੇ 'ਤੇ ਸੈਮੀਨਾਰ ਪਿਛਲੇ ਦਿਨੀਂ ਨਿਊ ਲਿੰਕਨ ਪੈਰੀ ਹਾਲ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮ ਸਨਅਤ, ਫਿਲਮੀ ਚੈਨਲ ਦੇ ਐਡੀਟਰ, ਫਿਲਮੀ ਰਿਪੋਟਰ, ਸਿਨੇ ਪ੍ਰੇਮੀ ਸ਼ਾਮਿਲ ਹੋਏ। ਇਸ ਮੌਕੇ ਆਮ ਚਰਚਾ ਸੀ ਕਿ ਇਸ ਵਾਰੀ ਆਸਕਰ ਅਵਾਰਡ ਦੀਆਂ ਸਾਰੀਆਂ ਹੀ 24 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖਤ ਹੈ। ਵੈਸੇ ਵੀ ਹਰ ਤੀਜੇ-ਚੌਥੇ ਸਾਲ ਕਈ ਬਿਹਤਰੀਨ ਫਿਲਮਾਂ ਇਕੋ ਹੀ ਸਮੇਂ ਰਿਲੀਜ਼ ਹੁੰਦੀਆਂ ਹਨ, ਜਿਸ ਕਰਕੇ ਉਸ ਸਾਲ ਇਹ ਮੁਕਾਬਲਾ ਬੜਾ ਦਿਲਚਸਪ ਹੋ ਜਾਂਦਾ ਹੈ। ਇਸ ਵਾਰ ਵੀ ਆਸਕਰ ਦੀ ਬਿਹਤਰੀਨ ਫਿਲਮਾਂ ਦੀ ਕੈਟੇਗਰੀ ਵਿਚ ਸ਼ਾਮਿਲ ਫਿਲਮਾਂ 'ਰੋਮਾ', 'ਬਲੈਕ

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਪੈਂਥਰ', 'ਦੀ ਵਾਈਫ', 'ਵਾਈਸ', 'ਕੋਲਡ ਵਾਰ', 'ਬਲੈਕ ਕਲੈਨਸਮੈਨ', 'ਬੋਹੀਮਿਅਨ ਰੈਪਸੋਡੀ', 'ਦੀ ਫੇਵਰਿਟ', 'ਗਰੀਨ ਬੁਕ', ਤੇ 'ਏ ਸਟਾਰ ਇਜ਼ ਬੋਰਨ' ਹਨ।

ਇਨ੍ਹਾਂ ਫਿਲਮਾਂ ਨੂੰ ਦੁਨੀਆਂ ਭਰ ਵਿਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ। ਇਨ੍ਹਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਭਰਵੀਂ ਧੂਮ ਮਚਾਈ ਤੇ ਵਾਹਵਾ ਕਮਾਈ ਵੀ ਕੀਤੀ। ਇਕੱਲੇ ਨਾਰਥ ਅਮਰੀਕਾ ਵਿਚ 'ਬਲੈਕ ਪੈਂਥਰ' ਨੇ 700.1 ਮਿਲੀਅਨ, 'ਬੋਹੀਮਿਅਨ ਰੈਪਸੋਡੀ' ਨੇ 210.7 ਮਿਲੀਅਨ, 'ਏ ਸਟਾਰ ਇਜ਼ ਬੋਰਨ' ਨੇ 208.7 ਮਿਲੀਅਨ, 'ਗਰੀਨ ਬੁਕ' ਨੇ 61.5 ਮਿਲੀਅਨ ਅਤੇ 'ਵਾਈਸ' ਨੇ 45.2 ਮਿਲੀਅਨ ਬਾਕਸ ਆਫਿਸ 'ਤੇ ਇਕੱਠੇ ਕੀਤੇ। ਹਾਲਾਂਕਿ 'ਰੋਮਾ' ਫਿਲਮ ਦੇ ਅੰਕੜੇ ਨਹੀਂ ਮਿਲੇ, ਪਰ ਇਸ ਫਿਲਮ ਨੇ ਵੀ ਖੂਬ ਕਮਾਈ ਕੀਤੀ ਹੈ।

ਆਸਕਰ ਅਵਾਰਡ ਨਾਮੀਨੇਸ਼ਨ ਦੀ ਗੱਲ ਕਰੀਏ ਤਾਂ 'ਰੋਮਾ' ਤੇ 'ਦੀ ਫੇਵਰਿਟ' ਫਿਲਮ ਨੂੰ ਅਲੱਗ ਅਲੱਗ ਸ਼੍ਰੇਣੀਆਂ ਵਿਚ 10-10 ਨਾਮਜ਼ਦਗੀਆਂ ਮਿਲੀਆਂ। 'ਏ ਸਟਾਰ ਇਜ਼ ਬੋਰਨ' ਤੇ 'ਵਾਈਸ' ਨੂੰ 8 ਨਾਮਜ਼ਦਗੀਆਂ ਮਿਲੀਆਂ। 'ਬਲੈਕ ਪੈਂਥਰ' ਨੂੰ 7, 'ਬਲੈਕ ਕਲੈਨਸਮੈਨ' ਨੂੰ 6, 'ਬੋਹੀਮਿਅਨ ਰੈਪਸੋਡੀ' ਤੇ 'ਗਰੀਨ ਬੁਕ' ਨੂੰ 5-5; 'ਫਸਟ ਮੈਨ' ਤੇ 'ਮੈਰੀ ਪੁਪਇਨ ਰਿਟਰਨਜ਼' ਨੂੰ 4-4; 'ਦੀ ਬੈਲਅਡ ਆਫ ਬੱਸਟਰ ਸਕਰਾਊਜ਼', 'ਕੈਨ ਯੂ ਐਵਰ ਫੋਰਗਿਵ ਮੀ', 'ਕੋਲਡ ਵਾਰ', 'ਇਫ ਬਿਏਲ ਸਟਰੀਟ ਕੁਡ ਟਾਕ' ਨੂੰ 3-3 ਅਤੇ 'ਆਈਲ ਆਫ ਡਾਗ', 'ਮੈਰੀ ਕੁਇਨ ਆਫ ਸਕਾਟ', 'ਨੇਵਰ ਲੁਕ ਅਵੇ' ਤੇ 'ਆਰ. ਬੀ. ਜੀ.' ਨੂੰ 2-2 ਨਾਮਜ਼ਦਗੀਆਂ ਮਿਲੀਆਂ। ਇਸ ਲਈ ਹਰ ਕੈਟੇਗਰੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ।

ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਭਾਰਤ ਦੀ ਕੋਈ ਫਿਲਮ 'ਆਸਕਰ ਅਵਾਰਡ' ਲਈ ਨਾਮਜ਼ਦਗੀ ਹਾਸਿਲ ਨਹੀਂ ਕਰ ਸਕੀ। ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਨਿਰਦੇਸ਼ਕ ਰੀਮਾ ਦਾਸ ਦੀ 'ਵਿਲੀਅਮਜ਼ ਰਾਕ ਸਟਾਰ' ਫਾਈਨਲ 15 ਦੀ ਲਿਸਟ ਲਈ ਨਹੀਂ ਚੁਣੀ ਗਈ, ਪਰ ਭਾਰਤ ਦੀ ਪਿਠਭੂਮੀ 'ਤੇ ਬਣੀ ਫਿਲਮ 'ਪੀਰੀਅਡ-ਐਂਡ ਆਫ ਸੈਂਟੇਨਸ' ਸ਼ਾਰਟ ਡਾਕੂਮੈਂਟਰੀ ਸ਼੍ਰੇਣੀ ਆਸਕਰ ਅਵਾਰਡ ਵਿਚ ਅੰਤਿਮ 5 ਫਿਲਮਾਂ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋਈ ਹੈ। ਇਸ ਫਿਲਮ ਦੀ ਕਹਾਣੀ ਇਕ ਸੱਚੀ ਘਟਨਾ ਤੋਂ ਪ੍ਰੇਰਿਤ ਹੈ। ਔਰਤਾਂ ਦੀ ਮਾਹਵਾਰੀ ਦੀ ਸਮੱਸਿਆ ਨਾਲ ਸਬੰਧਤ ਮਾਨਸਿਕ ਹਾਲਤ 'ਤੇ ਆਧਾਰਤ ਇਸ ਫਿਲਮ ਵਿਚ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਦਿੱਲੀ (ਭਾਰਤ) ਵਿਚ ਔਰਤਾਂ ਦੇ ਇਕ ਗਰੁਪ ਵਲੋਂ ਮਾਹਵਾਰੀ ਦੀ ਸਮੱਸਿਆ ਦੇ ਹੱਲ ਲਈ ਆਪਣੇ ਤੌਰ 'ਤੇ ਇਕ 'ਫਲਾਈ' ਬਰਾਂਡ ਦਾ ਹਾਈਜੈਨਕ ਪੈਡ ਤਿਆਰ ਕਰਨ ਲਈ ਇਕ ਨਾਨ-ਪਰਾਫਿਟ ਵਪਾਰ ਸੰਗਠਨ 'ਦੀ ਪੈਡ ਪ੍ਰਾਜੈਕਟ' ਦਾ ਗਠਨ ਕੀਤਾ ਜਾਂਦਾ ਹੈ। 'ਵੂਮਨ ਇੰਪਾਵਰਮੈਂਟ' 'ਤੇ ਬਣੀ ਇਸ ਫਿਲਮ ਦੀ ਨਿਰਦੇਸ਼ਕਾ 'ਰਾਇਕਾ' ਇਰਾਨੀ-ਅਮਰੀਕੀ ਹੈ ਤੇ ਲਾਸ ਏਂਜਲਸ, ਕੈਲੀਫੋਰਨੀਆ ਵਿਚ ਰਹਿੰਦੀ ਹੈ। ਇਸ ਫਿਲਮ ਦਾ ਫਾਈਨਲ ਵਿਚ ਆਉਣਾ ਇਹ ਵੀ ਸਾਬਿਤ ਕਰਦਾ ਹੈ ਕਿ ਭਾਰਤ ਵਿਚ ਵਾਪਰੀ ਇਸ ਘਟਨਾ ਨੇ ਹੋਰ ਮੁਲਕਾਂ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਕੈਟੇਗਰੀ ਵਿਚ ਇਸ ਫਿਲਮ ਤੋਂ ਇਲਾਵਾ 'ਬਲੈਕ ਸ਼ੀਪ', 'ਐਂਡ ਗੇਮ', 'ਲਾਈਫ ਬੋਟ', 'ਏ ਨਾਈਟ ਐਟ ਏ ਗਾਰਡਨ' ਹਨ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਿਚ 'ਫ੍ਰੀ ਸੋਲੋ', 'ਹੇਲ ਕਾਊਂਟੀ ਦਿਸ ਮੌਰਨਿੰਗ, ਦਿਸ ਇਵਨਿੰਗ', 'ਮਾਈਂਡਿੰਗ ਦੀ ਗੈਪ', 'ਆਫ ਫਾਦਰ ਐਂਡ ਸੰਨਜ਼' ਤੇ 'ਆਰ. ਬੀ. ਜੀ.' ਹਨ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਰਗ ਵਿਚ 'ਫ੍ਰੀ ਸੋਲੋ' ਤੇ 'ਆਰ. ਬੀ. ਜੀ.' ਦੀ ਟੱਕਰ ਹੈ, ਪਰ ਇਨਾਮ ਲਈ ਚੁਣੇ ਜਾਣ ਦੀ ਸੰਭਾਵਨਾ 'ਫ੍ਰੀ ਸੋਲੋ' ਦੀ ਹੈ, ਕਿਉਂਕਿ ਇਹ ਬ੍ਰਿਟਿਸ਼ ਫਿਲਮ ਐਂਡ ਟੈਲੀਵੀਜ਼ਨ ਅਵਾਰਡ (ਬਾਫਟਾ ਸੰਸਥਾ) ਦਾ ਇਨਾਮ ਜਿੱਤ ਚੁਕੀ ਹੈ।

ਅਡਾਪਟਿਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ, ਫਿਲਮ 'ਦੀ ਬੈਲਅਡ ਆਫ ਬੱਸਟਰ ਸਕਰਾਊਜ਼' ਦੇ ਲੇਖਕ ਜੋਇਲ ਕੋਇਨ ਤੇ ਏਥਿਨ ਕੋਇਨ; 'ਬਲੈਕ ਕਲੈਨਸਮੈਨ' ਦੇ ਲੇਖਕ ਚਾਰਲੀ ਵੈਸ਼ਟੈਲ, ਡੇਵਿਡ ਰੇਬਿਨੋਵਿਟਜ਼, ਕੈਵਿਨ ਵਿਲਮੋਟ ਤੇ ਸਪਾਈਕ ਲੀ; 'ਕੈਨ ਯੂ ਐਵਰ ਫਾਰਗਿਵ ਮੀ' ਦੇ ਲੇਖਕ ਨਿਕੋਲ ਤੇ ਜੈਫ ਵੀਟੀ; 'ਇਫ ਬਿਏਲ ਸਟਰੀਟ ਕੁਡ ਟਾਕ' ਦੇ ਲੇਖਕ ਬੈਰੀ ਜੈਨਕਿਨਜ਼ ਅਤੇ 'ਏ ਸਟਾਰ ਇਜ਼ ਬੋਰਨ' ਦੇ ਲੇਖਕ ਬਰੈਡਲੀ ਕੂਪਰ, ਵਿਲ ਫੇਟਰਜ਼ ਅਤੇ ਐਰਿਕ ਰੋਥ।

'ਬਲੈਕ ਕਲੈਨਸਮੈਨ' ਦੇ ਲੇਖਕ ਦੀ ਟੀਮ ਬਾਫਟਾ ਵਿਚ ਇਨਾਮ ਜਿੱਤ ਚੁਕੀ ਹੈ।

ਬਿਹਤਰੀਨ ਮੌਲਿਕ ਸਕੋਰ ਵਿਚ 'ਬਲੈਕ ਪੈਂਥਰ', 'ਬਲੈਕ ਕਲਾਨਸਮੈਨ', 'ਇਫ ਬਿਏਲ ਸਟਰੀਟ ਕੁਡ ਟਾਕ', 'ਆਈਸਲ ਆਫ ਡਾਗ' ਤੇ 'ਮੈਰੀ ਪੌਪਿਨਜ਼ ਰਿਟਰਨਜ਼' ਹਨ।

'ਬਲੈਕ ਪੈਂਥਰ' ਤੇ 'ਇਫ ਬਿਏਲ ਸਟਰੀਟ ਕੁਡ ਟਾਕ' ਦੇ ਇਨਾਮ ਜਿੱਤਣ ਦੀ ਸੰਭਾਵਨਾ ਵੱਧ ਹੈ।

ਬਿਹਤਰੀਨ ਮੌਲਿਕ ਗੀਤ ਸ਼੍ਰੇਣੀ ਵਿਚ ਗੀਤ 'ਆਲ ਦੀ ਸਟਾਰ' (ਬਲੈਕ ਪੈਂਥਰ), 'ਆਈ ਵਿਲ ਫਾਈਟ' (ਆਰ.ਬੀ.ਜੀ.), 'ਦੀ ਪਲੇਸ ਵੇਅਰ ਲੋਸਟ ਥਿੰਗ ਗੋ' (ਮੈਰੀ ਪੌਪਿਨਜ਼ ਰਿਟਰਨਜ਼) 'ਸ਼ੈਲੋ' (ਦੀ ਸਟਾਰ ਇਜ਼ ਬੋਰਨ), 'ਵੈਨ ਏ ਕਾਉਬੁਆਏ ਟਰੇਡਜ਼ ਹਿਜ਼ ਸਪਰਸ ਫਾਰ ਵਿੰਗਜ਼' (ਦੀ ਬੈਲਅਡ ਆਫ ਬੱਸਟਰ ਸਕਰਾਊਜ਼) ਹਨ।

'ਸ਼ੈਲੋ' ਗੀਤ ਦੀ ਗਾਇਕਾ ਲੇਡੀ ਗਾਗਾ 'ਗੋਲਡਨ ਗਲੋਬ ਅਵਾਰਡ-2019' ਵਿਚ ਇਨਾਮ ਜਿੱਤ ਚੁਕੀ ਹੈ।

ਬਿਹਤਰੀਨ ਫਿਲਮ ਅਵਾਰਡ ਦੀ ਦੌੜ ਵਿਚ 'ਰੋਮਾ', 'ਦੀ ਫੇਵਰਿਟ', 'ਬਲੈਕ ਪੈਂਥਰ', 'ਬਲੈਕ ਕਲੈਨਸਮੈਨ', 'ਬੋਹੀਮਿਅਨ ਰੈਪਸੋਡੀ', 'ਗਰੀਨ ਬੁਕ', 'ਏ ਸਟਾਰ ਇਜ਼ ਬੋਰਨ' ਅਤੇ 'ਵਾਈਸ' ਕੁਲ 8 ਫਿਲਮਾਂ ਸ਼ਾਮਲ ਹਨ।

'ਰੋਮਾ' ਸਭ ਤੋਂ ਅੱਗੇ ਹੈ। ਇਸ ਨੇ ਹਾਲ ਹੀ ਵਿਚ ਬ੍ਰਿਟਿਸ਼ ਫਿਲਮ ਐਂਡ ਟੈਲੀਵਿਜ਼ਨ ਅਵਾਰਡ (ਬਾਫਟਾ) ਸਮਾਰੋਹ ਵਿਚ ਬਿਹਤਰੀਨ ਫਿਲਮ ਦਾ ਇਨਾਮ ਹਾਸਿਲ ਕੀਤਾ ਹੈ। 'ਗਰੀਨ ਬੁਕ' ਅਤੇ 'ਬਲੈਕ ਪੈਂਥਰ' ਵੀ ਫਿਲਮ ਸਮੀਖਿਅਕਾਂ ਦੀ ਪਸੰਦ ਬਣੀ ਹੋਈ ਹੈ।

ਸਰਵੋਤਮ ਅਭਿਨੇਤਾ ਦੀ ਦੌੜ ਵਿਚ ਕ੍ਰਿਸੀਚੀਅਨ ਬੈਲੇ (ਵਾਈਸ), ਬਰੈਡਲੀ ਕੂਪਰ (ਏ ਸਟਾਰ ਇਜ਼ ਬੋਰਨ), ਵਿਲੀਅਮ ਡਿਫੋਏ (ਐਟ ਇਟਰਨਿਟੀ'ਜ਼ ਗੇਟ), ਰਾਮੀ ਮੈਲਿਕ (ਬੋਹੀਮਿਅਨ ਰੈਪਸੋਡੀ) ਤੇ ਵੀਗੋ ਮੋਰਟੈਨਸਨ (ਗਰੀਨ ਬੁਕ) ਸ਼ਾਮਲ ਹਨ।

ਪਰ ਕ੍ਰਿਸੀਚੀਅਨ ਬੈਲੇ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ। ਉਸ ਨੇ ਅਮਰੀਕੀ ਨੇਤਾ ਡਿਕ ਚੈਨੇ ਦਾ ਰੋਲ ਕੀਤਾ ਹੈ, ਜਿਸ ਨੇ ਉਸ ਵਿਚ ਜਾਨ ਪਾ ਦਿੱਤੀ ਹੈ। ਉਹ ਇਸੇ ਸਾਲ ਗੋਲਡਨ ਗਲੋਬ ਵਿਚ ਵੀ ਬਿਹਤਰੀਨ ਅਦਾਕਾਰ ਦਾ ਇਨਾਮ ਜਿੱਤ ਚੁਕਾ ਹੈ। ਉਸ ਦਾ ਨਾਂ ਸਭ ਤੋਂ ਉਪਰ ਹੈ। ਬਰੈਡਲੀ ਕੂਪਰ ਨੇ 'ਏ ਸਟਾਰ ਇਜ਼ ਬੋਰਨ' ਵਿਚ ਇਕ ਸ਼ਰਾਬੀ ਸੰਗੀਤਕਾਰ ਦਾ ਕਿਰਦਾਰ ਨਿਭਾ ਕੇ ਚੰਗੀ ਵਾਹ ਵਾਹ ਖੱਟੀ ਹੈ। ਇਸ ਸ਼੍ਰੇਣੀ ਵਿਚ ਐਕਟਰ ਰਾਮੀ ਮੈਲਿਕ (ਬੋਹੀਮਿਅਨ ਰੈਪਸੋਡੀ) ਦੇ ਨਾਂ ਦੀ ਵੀ ਕਾਫੀ ਚਰਚਾ ਹੈ। ਉਹ ਬਾਫਟਾ ਵਿਚ ਵੀ ਬਿਹਤਰੀਨ ਅਦਾਕਾਰ ਦਾ ਖਿਤਾਬ ਹਾਸਿਲ ਕਰ ਚੁਕੇ ਹਨ।

ਸਰਵੋਤਮ ਨਿਰਦੇਸ਼ਕ ਵਰਗ ਵਿਚ ਅਲਫਾਂਸੋ ਕੋਅਰੋਨ (ਰੋਮਾ), ਐਡਮ ਮੀਕੇਅ (ਵਾਈਸ), ਯੋਰਗੋਸ (ਦੀ ਫੇਵਰਿਟ), ਪਾਵੇਲ ਪਾਵਲਿਕੋਸਕੀ (ਕੋਲਡ ਵਾਰ), ਸਪਾਈਕ ਲੀ (ਬਲੈਕ ਕਲੈਨਸਮੈਨ) ਦੇ ਨਾਂ ਸ਼ਾਮਲ ਹਨ।

ਇਸ ਵਾਰ ਅਲਫਾਂਸੋ ਕੋਅਰੋਨ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਉਹ ਬਾਫਟਾ ਵਿਚ ਵੀ ਬਿਹਤਰੀਨ ਨਿਰਦੇਸ਼ਕ ਦਾ ਇਨਾਮ ਜਿੱਤ ਚੁਕਾ ਹੈ। 2019 ਦੇ ਗੋਲਡਨ ਗਲੋਬ ਵਿਚ ਵੀ ਬਿਹਤਰੀਨ ਨਿਰਦੇਸ਼ਕ ਦਾ ਇਨਾਮ ਜਿੱਤ ਚੁਕਾ ਹੈ। ਉਸ ਦੇ ਨਿਰਦੇਸ਼ਨ ਦੀ ਬਹੁਤ ਚਰਚਾ ਹੈ ਕਿ ਉਸ ਨੇ 1970 ਦੇ ਸਮੇਂ ਦੇ ਮੈਕਸੀਕੋ ਦੇ ਸਭਿਆਚਾਰ ਨੂੰ ਸਰਵੋਤਮ ਤਰੀਕੇ ਨਾਲ ਫਿਲਮਬੰਦ ਕੀਤਾ ਹੈ। ਅਲਫਾਂਸੋ ਵੀ ਮੈਕਸੀਕੋ ਦਾ ਹੀ ਵਾਸੀ ਹੈ ਤੇ ਉਸ ਨੇ ਫਿਲਮ ਦੀ ਸ਼ੂਟਿੰਗ ਵੀ ਉਸੇ ਲੋਕੇਸ਼ਨ 'ਤੇ ਕੀਤੀ ਹੈ, ਜਿਥੇ ਉਹ ਪਹਿਲਾ ਰਹਿੰਦਾ ਸੀ। ਉਹ ਪਹਿਲਾਂ ਵੀ ਮਸ਼ਹੂਰ ਫਿਲਮ 'ਗਰੈਵਟੀ' ਬਣਾ ਕੇ ਢੇਰ ਸਾਰੇ ਇਨਾਮ ਜਿੱਤ ਚੁਕਾ ਹੈ। ਉਸ ਨੇ ਇਹ ਫਿਲਮ ਸਪੇਸ ਬਾਰੇ ਬਣਾਈ ਸੀ, ਜਿਸ ਵਿਚ ਉਸ ਨੇ (ਓਸ਼ਨ) ਸਮੁੰਦਰ-ਸਾਗਰ ਦੀਆਂ ਲਹਿਰਾਂ ਦੇ ਸੀਨ ਬੜੇ ਖੂਬਸੂਰਤ ਤਰੀਕੇ ਨਾਲ ਫਿਲਮਾਏ ਹਨ। ਇਸ ਤੋਂ ਇਲਾਵਾ ਤਜਰਬੇਕਾਰ ਸਪਾਈਕ ਲੀ ਵੀ ਦੌੜ




ਵਿਚ ਹੈ। ਪੌਲੈਂਡ ਦਾ ਨਿਰਦੇਸ਼ਕ ਪਾਵੇਲ ਵੀ ਯੂਰਪ ਵਿਚ ਬਹੁਤ ਮਸ਼ਹੂਰ ਹੈ ਤੇ ਪਿਛਲੇ ਇਕ ਦਹਾਕੇ ਤੋਂ ਕਈ ਲਾਜਵਾਬ ਫਿਲਮਾਂ ਬਣਾ ਕੇ ਨਾਮਣਾ ਖੱਟ ਚੁਕਾ ਹੈ।

ਸਰਵੋਤਮ ਅਦਾਕਾਰਾਂ ਵਿਚ 'ਯਾਲੀਜ਼ਾ ਅਪਾਰਸੀਓ' (ਰੋਮਾ), 'ਗਲੈਨ ਕਲੋਜ਼' (ਦੀ ਵਾਈਫ), 'ਓਲੀਵਾ ਕੋਲਮੈਨ' (ਦੀ ਫੇਵਰਿਟ), 'ਮਲੀਸਾ ਮੈਕਰਥੀ' (ਕੈਨ ਯੂ ਐਵਰ ਫਾਰਗਿਵ ਮੀ) ਅਤੇ ਪੌਪ ਸਿੰਗਰ 'ਲੇਡੀ ਗਾਗਾ' (ਏ ਸਟਾਰ ਇਜ਼ ਬੋਰਨ) ਦੇ ਨਾਂ ਸ਼ਾਮਲ ਹਨ।

ਯਾਲੀਜ਼ਾ ਅਪਾਰਸੀਓ ਨੂੰ ਉਸ ਦੀ ਅਦਾਕਾਰੀ ਲਈ ਇਸ ਅਵਾਰਡ ਦਾ ਹੱਕਦਾਰ ਮੰਨਿਆ ਜਾ ਰਿਹਾ ਹੈ। ਉਸ ਨੇ ਪਹਿਲੀ ਵਾਰ ਕਿਸੇ ਫਿਲਮ ਵਿਚ ਕੰਮ ਕੀਤਾ ਹੈ। ਨਿਰਦੇਸ਼ਕ ਅਲਫਾਂਸੋ ਨੇ ਕਈ ਮਹੀਨੇ ਕਈ ਕਲਾਕਾਰ ਦੇ ਆਡੀਸ਼ਨ ਲਏ ਪਰ ਉਸ ਨੂੰ ਕੋਈ ਵੀ ਨਾ ਜਚਿਆ। ਅਖੀਰ ਮੈਕਸੀਕੋ ਦੇ ਇਕ ਸਕੂਲ ਦੀ ਟੀਚਰ ਨੂੰ ਉਸ ਨੇ ਪੜ੍ਹਾਉਂਦਿਆਂ ਦੇਖਿਆ ਤਾਂ ਉਸ ਨੂੰ ਉਸ ਦਾ ਸੁਭਾਵਿਕ ਤਰੀਕਾ ਪਸੰਦ ਆਇਆ। ਯਾਲੀਜ਼ਾ ਅਪਾਰਸੀਓ ਨੂੰ ਫਿਲਮ ਵਿਚ ਕੰਮ ਕਰਨ ਲਈ ਮਨਾਉਣ ਲਈ ਵੀ ਬੜੀ ਮਿਹਨਤ ਕਰਨੀ ਪਈ। ਉਸ ਨੇ ਇਸ ਵਿਚ ਇਕ ਨੌਕਰਾਣੀ ਦਾ ਰੋਲ ਕੀਤਾ ਹੈ। ਉਹਨੇ ਇੰਨੇ ਸੁਭਾਵਿਕ ਤਰੀਕੇ ਨਾਲ ਇਹ ਰੋਲ ਨਿਭਾਇਆ ਹੈ ਕਿ ਪਹਿਲੀ ਹੀ ਫਿਲਮ ਵਿਚ ਆਸਕਰ ਵਰਗੇ ਵੱਕਾਰੀ ਅਵਾਰਡ ਲਈ ਸਰਵੋਤਮ ਅਦਾਕਾਰਾਂ ਦੀ ਨਾਮਜ਼ਦਗੀ ਵਿਚ ਚੁਣੀ ਗਈ। ਲੇਡੀ ਗਾਗਾ ਨੇ ਵੀ ਫਿਲਮ 'ਏ ਸਟਾਰ ਇਜ਼ ਬੋਰਨ' ਵਿਚ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਉਸ ਨੇ ਇਸ ਫਿਲਮ ਵਿਚ ਇਕ ਨਵੀਂ ਗਾਇਕਾ ਦਾ ਰੋਲ ਕੀਤਾ ਹੈ ਅਤੇ ਇਕ ਸਟਾਰ ਗਾਇਕਾ ਹੁੰਦਿਆਂ ਇਸ ਗੱਲ ਦਾ ਖਿਆਲ ਰਖਿਆ ਕਿ ਉਸ ਦੇ ਹਾਵ-ਭਾਵ ਇਕ ਸਟਾਰ ਵਾਂਗ ਮਹਿਸੂਸ ਨਾ ਹੋਣ ਤੇ ਫਿਲਮ ਦਾ ਕਿਰਦਾਰ ਸੁਭਾਵਿਕ ਨਜ਼ਰ ਆਵੇ। ਇਸ ਦੌੜ ਵਿਚ 7 ਵਾਰ ਆਸਕਰ ਨਾਮਜ਼ਦਗੀਆਂ ਵਿਚ ਆਉਣ ਵਾਲੀ 'ਗਲੈਨ ਕਲੋਜ਼' (ਦੀ ਵਾਈਫ) ਦੀ ਵੀ ਖੂਬ ਚਰਚਾ ਹੈ। ਉਹ ਇਸ ਸਾਲ ਗੋਲਡਨ ਗਲੋਬ ਵਿਚ ਸਰਵੋਤਮ ਅਦਾਕਾਰਾ ਦਾ ਇਨਾਮ ਜਿੱਤ ਚੁਕੀ ਹੈ। 'ਓਲੀਵਾ ਕੋਲਮੈਨ' (ਦੀ ਫੇਵਰਿਟ) ਬਾਫਟਾ-2019 ਵਿਚ ਬਿਹਤਰੀਨ ਅਦਾਕਾਰਾ ਦਾ ਖਿਤਾਬ ਹਾਸਿਲ ਕਰ ਚੁਕੀ ਹੈ।

ਬਿਹਤਰੀਨ ਸਹਾਇਕ ਅਭਿਨੇਤਾ ਦੀ ਦੌੜ ਵਿਚ ਮਾਹੇਰਸ਼ਾਲਾ ਅਲੀ (ਗਰੀਨ ਬੁਕ), ਐਡਮ ਡਰਾਈਵਰ (ਬਲੈਕ ਕਲਨੈਸਮੈਨ), ਸੈਮ ਇਲੀਅਟ (ਏ ਸਟਾਰ ਇਜ਼ ਬੋਰਨ), ਰਿਚਰਡ ਈ. ਗਰਾਂਟ (ਕੈਨ ਯੂ ਐਵਰ ਫਾਰਗਿਵ ਮੀ) ਅਤੇ ਸੈਮ ਰੌਕਵੈਲ (ਵਾਈਸ) ਸ਼ਾਮਲ ਹਨ। ਮਾਹੇਰਸ਼ਾਲਾ ਅਲੀ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾ ਰਹੀ ਹੈ। ਉਹ ਇਸ ਸਾਲ ਗੋਲਡਨ ਗਲੋਬ ਵਿਚ ਸਰਵੋਤਮ ਸਹਾਇਕ ਅਦਾਕਾਰ ਦਾ ਇਨਾਮ ਜਿੱਤ ਚੁਕਾ ਹੈ। ਬਾਫਟਾ 'ਚ ਵੀ ਬਿਹਤਰੀਨ ਸਹਾਇਕ ਐਕਟਰ ਦਾ ਖਿਤਾਬ ਹਾਸਿਲ ਕਰ ਚੁਕਾ ਹੈ, ਪਰ ਆਸਕਰ ਅਵਾਰਡ ਵਿਚ ਰਿਚਰਡ ਈ. ਗਰਾਂਟ ਅਤੇ ਸੈਮ ਰੌਕਵੈਲ ਵੀ ਦੌੜ 'ਚ ਕਾਫੀ ਨਜ਼ਦੀਕ ਸਮਝੇ ਜਾ ਰਹੇ ਹਨ।

ਸਰਵੋਤਮ ਸਹਾਇਕ ਅਭਿਨੇਤਰੀ ਵਰਗ ਵਿਚ ਐਮੀ ਐਡਮ (ਵਾਈਸ), ਮੈਰੀਨਾ ਡੀ ਟਾਵੀਰਾ, (ਰੋਮਾ), ਰਾਜੀਨਾ ਕਿੰਗ (ਇਫ ਬਿਏਲ ਸਟਰੀਟ ਕੁਡ ਟਾਕ), ਇਮਾ ਸਟੋਨ (ਦੀ ਫੇਵਰਿਟ) ਅਤੇ ਰੇਚਲ ਵਾਈਜ਼ (ਦੀ ਫੇਵਰਿਟ) ਦੇ ਨਾਂ ਸ਼ਾਮਲ ਹਨ। ਰਾਜੀਨਾ ਕਿੰਗ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਰੇਚਲ ਵਾਈਜ਼ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ। ਉਸ ਨੇ ਬਾਫਟਾ ਵਿਚ ਵੀ ਬਿਹਤਰੀਨ ਸਹਾਇਕ ਅਭਿਨੇਤਰੀ ਦਾ ਖਿਤਾਬ ਹਾਸਿਲ ਕੀਤਾ ਹੈ। ਮੈਰੀਨਾ ਡੀ ਟਾਵੀਰਾ ਦੇ ਨਾਂ ਦੀ ਵੀ ਚਰਚਾ ਹੈ।

ਬਿਹਤਰੀਨ ਮੌਲਿਕ ਪਟਕਥਾ ਵਰਗ ਵਿਚ ਫਿਲਮ 'ਦੀ ਫੇਵਰਿਟ' ਦੇ ਲੇਖਕ ਡੈਬੋਰਾਹ ਡੇਵਿਸ ਤੇ ਟੋਨੀ ਮੈਕਨੇਮਾਰਾ; 'ਫਸਟ ਰਿਫਾਰਮਡ' ਦੇ ਪਾਲ ਸ਼੍ਰੈਡਰ; 'ਗ੍ਰੀਨ ਬੁਕ' ਦੇ ਨਿੱਕ ਵੈਲੇਲੋਂਗਾ, ਬਰਾਇਨ ਹੇਅਜ਼ ਤੇ ਪੀਟਰ ਫਾਰੈਲੀ; 'ਰੋਮਾ' ਦੇ ਅਲਫਾਂਸੋ ਕੋਅਰੋਨ ਅਤੇ ਫਿਲਮ 'ਵਾਈਸ' ਦੇ ਐਡਮ ਮੀਕੇਅ।

ਸਭ ਤੋਂ ਵੱਧ ਪਸੰਦ ਕੀਤਾ ਜਾ ਰਿਹਾ ਹੈ, 'ਦੀ ਫੇਵਰਿਟ' ਦੇ ਲੇਖਕ ਡੈਬੋਰਾਹ ਡੇਵਿਸ ਦਾ ਸਕਰੀਨ ਪਲੇਅ, ਪਰ ਇਸ ਨੂੰ ਟੱਕਰ ਦੇ ਰਹੇ ਹਨ ਫਿਲਮ 'ਗ੍ਰੀਨ ਬੁਕ' ਦੇ ਨਿੱਕ ਵੈਲੇਲੋਂਗਾ, ਬਰਾਇਨ ਹੇਅਜ਼ ਤੇ ਪੀਟਰ ਫਾਰੈਲੀ ਅਤੇ 'ਰੋਮਾ' ਦੇ ਅਲਫਾਂਸੋ ਕੋਅਰੋਨ।

ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ ਵਰਗ ਵਿਚ 'ਇਨਕ੍ਰਿਡੀਬਲ-2', 'ਆਈਸਲ ਆਫ ਡਾਗ', 'ਮੀਰਾਏ', 'ਰੌਲਫ ਬਰੇਕ ਦੀ ਇੰਟਰਨੈਟ', 'ਸਪਾਈਡਰ ਮੈਨ: ਇਨ ਟੂ ਸਪਾਈਡਰ ਵਰਸ' ਸ਼ਾਮਲ ਹਨ, ਪਰ 'ਸਪਾਈਡਰ ਮੈਨ: ਇਨ ਟੂ ਸਪਾਈਡਰ ਵਰਸ' ਕਾਫੀ ਅੱਗੇ ਹੈ।

ਬੈਸਟ ਐਨੀਮੇਟਡ ਸ਼ਾਰਟ ਫਿਲਮਾਂ ਵਿਚ 'ਐਨੀਮਲ ਬੇਹੇਵੀਅਰ', 'ਬਾਓ', 'ਲੇਟ ਆਫਟਰਨੂਨ', 'ਵਨ ਸਮਾਲ ਸਟੈਪ' ਤੇ 'ਵੀਕਐਂਡ' ਨਾਮਜ਼ਦ ਹਨ। ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ 'ਡੀਟੇਨਮੈਂਟ', 'ਫਾਵੇ' ਅਵੁਏ, 'ਮਰਗੁਰਾਈਟ', 'ਵਨ ਸਮਾਲ ਸਟੈਪ' ਅਤੇ 'ਸਕਿਨ' ਨਾਮਜ਼ਦ ਹਨ।

ਬੈਸਟ ਵਿਜ਼ੂਅਲ ਅਫੈਕਟਸ ਮੂਵੀ ਵਿਚ 'ਅਵੈਂਜਰਜ਼: ਇਨਫਿਨਿਟੀ ਵਾਰ', 'ਕ੍ਰਿਸਟੋਫਰ ਰੌਬਿਨ', 'ਫਸਟ ਮੈਨ ਰੈਡੀ', 'ਪਲੇਅਰ ਵਨ', 'ਸੋਲੋ: ਏ ਸਟਾਰ ਵਾਰਸ ਸਟੋਰੀ' ਸ਼ਾਮਲ ਹਨ।

ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ ਵਰਗ ਵਿਚ 'ਕੇਪਰਨੌਮ' (ਲੈਬਨਾਨ), ਕੋਲਡ ਵਾਰ (ਪੋਲੈਂਡ), ਨੈਵਰ ਲੁਕ ਅਵੇ (ਜਰਮਨ), ਸ਼ਾਪ ਲਿਫਟਰ (ਜਪਾਨ) ਅਤੇ ਰੋਮਾ (ਮੈਕਸਿਕੋ) ਫਿਲਮਾਂ ਦੌੜ ਵਿਚ ਹਨ, ਪਰ 'ਰੋਮਾ' ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ। ਜਪਾਨ ਦੀ 'ਸ਼ਾਪ ਲਿਫਟਰ' ਇਕ ਹੀ ਪਰਿਵਾਰ ਦੇ ਸਾਰੇ ਮੈਂਬਰਾਂ ਵਲੋਂ ਸ਼ਾਪ ਲਿਫਟਰ ਬਣਨ ਦੀ ਕਹਾਣੀ 'ਤੇ ਆਧਾਰਤ ਹੈ। ਇਸ ਫਿਲਮ ਦੀ ਕਹਾਣੀ ਕਾਫੀ ਪਸੰਦ ਕੀਤੀ ਜਾ ਰਹੀ ਹੈ।

ਬਿਹਤਰਨੀਨ ਸਿਨੇਮਾਟੋਗ੍ਰਾਫੀ ਵਿਚ 'ਕੋਲਡ ਵਾਰ', 'ਦੀ ਫੇਵਰਿਟ', 'ਨੇਵਰ ਲੁਕ ਅਵੇ', 'ਏ ਸਟਾਰ ਇਜ਼ ਬੋਰਨ' ਅਤੇ 'ਰੋਮਾ' ਨਾਮਜ਼ਦ ਹੋਈਆਂ ਹਨ। ਇਨ੍ਹਾਂ ਫਿਲਮਾਂ ਵਿਚੋਂ 'ਰੋਮਾ' ਦੇ ਮੋਰਚਾ ਮਾਰ ਲੈਣ ਦੀ ਸੰਭਾਵਨਾ ਵੱਧ ਹੈ, ਕਿਉਂਕਿ ਇਸ ਦੇ ਨਿਰਦੇਸ਼ਕ ਅਲਫਾਂਸੋ ਨੇ ਖੁਦ ਕੈਮਰਾ ਵੀ ਆਪ ਸੰਭਾਲਿਆ ਹੈ ਤੇ ਫਿਲਮ ਸ਼ੂਟ ਕਰਨ ਲਈ ਕਈ ਨਵੇਂ ਐਂਗਲ ਪ੍ਰਯੋਗ ਕਰ ਕੇ ਚੰਗੀ ਵਾਹਵਾ ਖੱਟੀ ਹੈ। 'ਦੀ ਫੇਵਰਿਟ' ਤੇ 'ਕੋਲਡ ਵਾਰ' ਦੀ ਸਿਨੇਮਾਟੋਗ੍ਰਾਫੀ ਵੀ ਕਾਫੀ ਲਾਜਵਾਬ ਹੈ।

ਬਿਹਤਰੀਨ ਫਿਲਮ ਐਡਿਟਿੰਗ ਵਿਚ 'ਬਲੈਕ ਕਲੈਨਸਮੈਨ' (ਬੈਰੀ ਅਲੈਗਜ਼ੈਂਡਰ ਬਰਾਊਨ), 'ਬੋਹੀਮਿਅਨ ਰੈਪਸੋਡੀ' (ਜੋਹਨ ਓਟਮੈਨ), 'ਦੀ ਫੇਵਰਿਟ' (ਯੋਰਗੋਸ ਮੈਵਰੋਪਸਾਰੀਡੀਜ਼), 'ਗਰੀਨ ਬੁਕ' (ਪੈਟਰਿਕ ਜੇ. ਡੌਨ ਵਿਟੋ) ਅਤੇ 'ਵਾਈਸ' (ਹੈਂਕ ਕੋਰਵਿਨ) ਨਾਮਜ਼ਦ ਹੋਈਆਂ ਹਨ। ਇਸ ਵਰਗ ਵਿਚ ਹਰ ਮੂਵੀ ਇਕ-ਦੂਜੇ 'ਤੇ ਭਾਰੂ ਹੈ। ਸਾਰੇ ਹੀ ਐਡੀਟਰ ਬਹੁਤ ਹੀ ਤਜਰਬੇਕਾਰ ਤੇ ਹਾਲੀਵੁੱਡ ਦੀਆਂ ਕਈ ਹਿੱਟ ਫਿਲਮਾਂ ਵਿਚ ਆਪਣਾ ਯੋਗਦਾਨ ਪਾ ਚੁਕੇ ਹਨ। ਫਿਲਮ 'ਵਾਈਸ' ਦੇ 'ਹੈਂਕ ਕੋਰਵਿਨ' ਬਾਫਟਾ 2019 ਵਿਚ ਇਨਾਮ ਹਾਸਿਲ ਕਰ ਚੁਕੇ ਹਨ। ਆਸਕਰ ਵਿਚ ਫਿਲਮ 'ਗਰੀਨ ਬੁਕ' ਦੇ ਜੇ ਡਾਨ ਵੀਟੋ ਦੇ ਇਨਾਮ ਲੈਣ ਦੀ ਭਰਵੀਂ ਚਰਚਾ ਹੈ।

ਪ੍ਰੋਡਕਸ਼ਨ ਡਿਜ਼ਾਇਨ ਵਿਚ ਫਿਲਮ 'ਬਲੈਕ ਪੈਂਥਰ' (ਹਨਾਹ ਬੀਚਲਰ ਤੇ ਜੇ ਹਾਰਟ), 'ਦੀ ਫੇਵਰਿਟ' (ਫਿਓਨਾ ਕਰੌਂਬੀ ਅਤੇ ਐਲਿਸ ਫੈਲਟਨ), 'ਫਸਟ ਮੈਨ' (ਨਾਥਨ ਕਰਾਉਲੀ ਅਤੇ ਕੈਥੀ ਲੁਕਸ), 'ਮੈਰੀ ਪੌਪਿਨਜ਼ ਰਿਟਰਨਸ' (ਜੌਹਨ ਮਾਇਰ ਅਤੇ ਗੋਰਡਨ ਸਿਮ) ਅਤੇ 'ਰੋਮਾ' (ਯੂਜੀਨਿਓ ਅਤੇ ਬਾਬਰਾ ਐਨਰਿਕੁਏਜ਼) ਨਾਮਜ਼ਦ ਹੋਈਆਂ ਹਨ।

'ਬਲੈਕ ਪੈਂਥਰ' ਲਈ ਬਹੁਤ ਆਲੀਸ਼ਾਨ ਸੈਟ ਲਾਏ ਗਏ ਸਨ ਅਤੇ 'ਦੀ ਫੇਵਰਿਟ' ਦੇ ਦ੍ਰਿਸ਼ਾਂ ਲਈ ਵੀ ਵਿਸ਼ੇਸ਼ ਸੈਟ ਤਿਆਰ ਕੀਤੇ ਗਏ ਸਨ। 'ਰੋਮਾ' ਵਿਚ ਸੰਨ 1970 ਦਾ ਸਮਾਂ ਦਿਖਾਉਣ ਲਈ ਅਤੇ ਸਮੁੰਦਰ ਦੇ ਦ੍ਰਿਸ਼ਾਂ ਲਈ ਟੈਕਨੀਕਲ ਟੀਮ ਨੇ ਵੱਖਰੀ ਕਿਸਮ ਦੀ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਹੈ।

ਕਾਸਟਿਊਮ ਡਿਜ਼ਾਇਨ ਵਿਚ 'ਦੀ ਬੈਲਾਡ ਆਫ ਬਸਟਰ ਸਕਰਗਜ਼' (ਮੈਰੀ ਜ਼ੋਫਰਜ਼), 'ਬਲੈਕ ਪੈਂਥਰ' (ਰੂਥ ਈ. ਕਾਰਟਰ), 'ਦੀ ਫੇਵਰਿਟ' (ਸੈਂਡੀ ਪਾਵੇਲ), 'ਮੈਰੀ ਪੌਪਿਨਜ਼ ਰਿਟਰਨਜ਼' (ਸੈਂਡੀ ਪਾਵੇਲ) ਅਤੇ 'ਮੈਰੀ ਕੁਈਨ ਆਫ ਸਕਾਟਸ' (ਅਲੈਗਜ਼ੈਂਡਰਾ ਬਾਇਰਨ) ਹਨ। 'ਬਲੈਕ ਪੈਂਥਰ' ਵਿਚ ਵਿਸ਼ੇਸ਼ ਡਿਜ਼ਾਇਨਰ ਕੋਲੋਂ ਉਸੇ ਸਟਾਈਲ ਦੇ ਕੱਪੜਿਆਂ ਵਿਚ ਬੜੀ ਮਿਹਨਤ ਕੀਤੀ ਗਈ ਹੈ ਅਤੇ 'ਦੀ ਫੇਵਰਿਟ' ਵਿਚ ਵੀ ਮਹਿੰਗੀਆਂ ਡਰੈਸਾਂ ਦਾ ਇਸਤੇਮਾਲ ਕੀਤਾ ਹੈ।

ਬੈਸਟ ਮੈਕਅਪ ਤੇ ਹੇਅਰ ਸਟਾਈਲ ਦੇ ਮੁਕਾਬਲੇ ਵਿਚ ਫਿਲਮ 'ਬਾਰਡਰ', 'ਮੈਰੀ ਕੁਈਨ ਆਫ ਸਕਾਟਸ' ਅਤੇ 'ਵਾਈਸ' ਸ਼ਾਮਲ ਹਨ। 'ਵਾਈਸ' ਵਿਚ ਅਮਰੀਕਾ ਦੇ ਨੇਤਾ ਡਿਕ ਚੇਨੇ ਦੀ ਲੁਕ ਦੇਣ ਲਈ ਕਲਾਕਾਰ ਕ੍ਰਿਸ਼ੀਅਨ ਬੈਲੇ ਦੇ ਮੇਕਅਪ 'ਤੇ ਬਹੁਤ ਮਿਹਨਤ ਕੀਤੀ ਗਈ ਹੈ।

ਸਾਊਂਡ ਮਿਕਸਿੰਗ ਵਿਚ 'ਬਲੈਕ ਪੈਂਥਰ', 'ਫਸਟ ਮੈਨ', 'ਏ ਸਟਾਰ ਇਜ਼ ਬੋਰਨ', 'ਬੋਹੀਮਿਅਨ ਰੈਪਸੋਡੀ' ਅਤੇ 'ਰੋਮਾ' ਦਾ ਮੁਕਾਬਲਾ ਹੈ। 'ਬੋਹੀਮਿਅਨ ਰੈਪਸੋਡੀ' ਤੇ 'ਫਸਟ ਮੈਨ' ਅੱਗੇ ਹਨ। 'ਏ ਸਟਾਰ ਇਜ਼ ਬੋਰਨ' ਅਤੇ 'ਰੋਮਾ' ਵੀ ਇਨਾਮ ਜਿੱਤ ਸਕਦੀਆਂ ਹਨ।

ਸਾਊਂਡ ਐਡਿਟਿੰਗ ਵਿਚ 'ਬਲੈਕ ਪੈਂਥਰ', 'ਫਸਟ ਮੈਨ', 'ਏ ਕੁਆਇਟ ਪਲੇਸ', 'ਬੋਹੀਮਿਅਨ ਰੈਪਸੋਡੀ' ਅਤੇ 'ਰੋਮਾ' ਹਨ। 'ਫਸਟ ਮੈਨ', 'ਏ ਕੁਆਇਟ ਪਲੇਸ' ਅਤੇ 'ਰੋਮਾ' ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਨੰਬਰ 'ਤੇ ਇਨਾਮ ਦੀਆਂ ਹੱਕਦਾਰ ਸਮਝੀਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਆਸਕਰ ਅਵਾਰਡ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ. ਵੀ. ਨਾਲ ਜੁੜੇ ਹੁੰਦੇ ਹਨ। ਦੁਨੀਆਂ ਦੇ ਨਾਮੀ ਫਿਲਮੀ ਕਲਾਕਾਰ ਤੇ ਸਟਾਰ, ਜਿਨ੍ਹਾਂ ਦੀ ਇਕ ਝਲਕ ਦੇਖਣ ਲਈ ਪ੍ਰਸ਼ੰਸਕ ਤਰਸਦੇ ਹਨ, ਉਹ ਵੀ ਇਹ ਅਵਾਰਡ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ। 91ਵੇਂ ਆਸਕਰ ਅਵਾਰਡ ਦਾ ਸਿੱਧਾ ਪ੍ਰਸਾਰਣ ਐਤਵਾਰ, 24 ਫਰਵਰੀ ਨੂੰ ਸ਼ਾਮ 5 (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਏ. ਬੀ. ਸੀ. ਚੈਨਲ 'ਤੇ ਦਿਖਾਇਆ ਜਾਏਗਾ।

# ਮੇਲੇ ਕੁੰਭ ਦੇ ਹਮੀਂ ਅਤੀਤ ਚੱਲੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਅਲਾਹਾਬਾਦ, ਨਾ ਸੱਚ ਪ੍ਰਯਾਗਰਾਜ ਵਿਚ ਕੁੰਭ ਚੱਲ ਰਿਹਾ ਹੈ, ਜਿਥੇ ਵੰਨ-ਸਵੰਨੇ ਸਾਧੂਆਂ, ਸੰਨਿਆਸੀਆਂ, ਸੰਤਾਂ, ਨੇਤਾਵਾਂ ਅਤੇ ਲੱਖਾਂ ਦੀ ਗਿਣਤੀ ਵਿਚ ਪੁੱਜ ਰਹੇ ਸ਼ਰਧਾਲੂਆਂ ਦੀ ਖੂਬ ਗਹਿਮਾ-ਗਹਿਮੀ ਹੈ। ਪਾਪ 'ਤੇ ਪਾਪ ਧੋਤੇ ਜਾ ਰਹੇ ਹਨ ਤੇ ਨਾਲੋ ਨਾਲ ਰਾਜਨੀਤੀ ਵੀ ਚੱਲ ਰਹੀ ਹੈ। ਭਾਰਤ ਵਿਚ ਵਿਸ਼ਾਲ ਪੱਧਰ 'ਤੇ ਮਨਾਏ ਜਾਂਦੇ ਕੁੰਭ-ਪੁਰਬਾਂ ਦੌਰਾਨ ਦੇਸ਼ ਭਰ ਦੀ ਆਬਾਦੀ 'ਚ ਵਿਚਰਦੀ ਧਰਮ, ਜਾਤ, ਰੰਗ, ਨਸਲ, ਲਿੰਗ ਆਦਿ ਦੀ ਅਨੇਕਤਾ ਦੇ ਖੂਬ ਦਰਸ਼ਨ ਹੁੰਦੇ ਹਨ। ਅਤੀਤ ਵਿਚ ਸਭਿਅਤਾਵਾਂ ਪਾਣੀਆਂ ਦੇ ਕੰਢਿਆਂ 'ਤੇ ਵਸੀਆਂ, ਇਸ ਲਈ ਜਲ-ਸਥਾਨਾਂ ਦਾ ਤੀਰਥ ਸਥਾਨ ਬਣ ਜਾਣਾ, ਖਾਸ ਤੌਰ 'ਤੇ ਭਾਰਤ ਜਿਹੇ ਧਰਮਪ੍ਰਾਣ ਦੇਸ਼ ਵਿਚ, ਕੋਈ ਅਲੋਕਾਰ ਗੱਲ ਨਹੀਂ। ਤੀਰਥ ਸ਼ਬਦ ਦਾ ਸ਼ਾਬਦਿਕ ਅਰਥ ਹੀ ਪਾਣੀ ਦੇ ਕੰਢੇ 'ਤੇ ਬਣਿਆ ਇਸ਼ਨਾਨ ਘਰ ਹੈ।



ਭਾਰਤ ਵਿਚ ਹਰ ਬਾਰਾਂ ਸਾਲਾਂ ਬਾਅਦ ਲਗਦੇ ਚਾਰ ਕੁੰਭ ਮੇਲੇ ਮਸ਼ਹੂਰ ਹਨ: ਪ੍ਰਯਾਗਰਾਜ, ਹਰਿਦਵਾਰ, ਨਾਸਿਕ ਅਤੇ ਉਜੈਨ। ਇੱਕ ਮੇਲੇ ਦਾ ਦੂਜੇ ਮੇਲੇ ਤੋਂ ਤਿੰਨ ਸਾਲ ਦਾ ਫਰਕ ਹੁੰਦਾ ਹੈ। ਇਸ ਤਰ੍ਹਾਂ ਹਰ ਤਿੰਨਾਂ ਸਾਲਾਂ ਬਾਅਦ ਕਿਤੇ ਨਾ ਕਿਤੇ ਕੁੰਭ ਲੱਗਾ ਹੀ ਹੁੰਦਾ ਹੈ। ਉਂਜ ਬ੍ਰਾਹਮਣਵਾਦ ਦੀ ਸਾਡੇ 'ਤੇ ਖੂਬ ਕਿਰਪਾ ਹੈ ਕਿ ਇਨ੍ਹਾਂ ਕੁੰਭਾਂ ਦੀ ਲੋਕਪ੍ਰਿਅਤਾ ਦੇਖ ਕੇ ਅਰਧ-ਕੁੰਭ ਵੀ ਮਨਾਏ ਜਾਣ ਲੱਗ ਪਏ ਹਨ। ਪ੍ਰਯਾਗਰਾਜ ਵਿਚ ਅੱਜ ਕਲ੍ਹ ਚੱਲ ਰਿਹਾ ਕੁੰਭ ਮੇਲਾ ਗੰਗਾ, ਜਮਨਾ ਅਤੇ ਅਲੋਪ ਹੋ ਚੁਕੀ ਸਰਸਵਤੀ ਦੇ ਸੰਗਮ ਦੇ ਆਸ-ਪਾਸ ਮਨਾਇਆ ਜਾ ਰਿਹਾ ਹੈ। ਮੇਲੇ ਦਾ ਦਿਨ ਬਿਕਰਮੀ ਸੰਮਤ ਅਤੇ ਜੋਤਿਸ਼ ਦੇ ਹਿਸਾਬ ਨਾਲ ਗ੍ਰਹਿਆਂ ਦੀ ਦਸ਼ਾ ਤੋਂ ਨਿਰਧਾਰਤ ਕੀਤਾ ਜਾਂਦਾ ਹੈ।

ਜਿਵੇਂ ਕਿ ਬਹੁਤ ਸਾਰੇ ਧਾਰਮਕ ਸਮਾਗਮਾਂ ਬਾਰੇ ਹੁੰਦਾ ਹੀ ਹੈ, ਕੁੰਭ ਮੇਲੇ ਦੇ ਅਰੰਭ ਬਾਰੇ ਮਿਥਿਹਾਸਕ ਘਟਨਾਵਾਂ ਜੋੜੀਆਂ ਗਈਆਂ ਹਨ। ਸਕੰਦ ਪੁਰਾਣ ਅਨੁਸਾਰ ਦੇਵਾਂ ਤੇ ਦੈਂਤਾਂ ਨੇ ਮਿਲ ਕੇ ਸਮੁੰਦਰ ਰਿੜਕਿਆ ਤਾਂ ਨਿਕਲੇ ਚੌਦਾਂ ਰਤਨਾਂ ਵਿਚੋਂ ਅੰਮ੍ਰਿਤ ਦਾ ਕੁੰਭ (ਘੜਾ) ਚੁੱਕੀ ਧਨਵੰਤਰੀ ਵੀ ਪ੍ਰਗਟ ਹੋਇਆ। ਧਨਵੰਤਰੀ ਨੇ ਇਹ ਅੰਮ੍ਰਿਤ ਵਾਲਾ ਕੁੰਭ ਇੰਦਰ ਦੇਵਤਾ ਦੇ ਹਵਾਲੇ ਕੀਤਾ ਤੇ ਅੱਗੋਂ ਇੰਦਰ ਨੇ ਆਪਣੇ ਪੁੱਤਰ ਜਯੰਤ ਨੂੰ ਇਸ ਆਸ਼ੇ ਨਾਲ ਦੇ ਦਿੱਤਾ ਕਿ ਉਹ ਇਸ ਨੂੰ ਸਵਰਗ ਵਿਚ ਲੈ ਜਾਏਗਾ। ਦੈਂਤਾਂ ਨੇ ਆਪਣੇ ਗੁਰੂ ਸ਼ੁਕ੍ਰ ਨੂੰ ਕੁੰਭ ਖੋਹਣ ਲਈ ਪ੍ਰੇਰਿਆ। ਕਿਹਾ ਜਾਂਦਾ ਹੈ ਕਿ ਦੈਂਤਾਂ ਅਤੇ ਦੇਵਤਿਆਂ ਵਿਚਾਲੇ 12 ਦਿਨ, ਜੋ ਮਨੁੱਖਾਂ ਦੇ ਬਾਰਾਂ ਸਾਲ ਦੇ ਬਰਾਬਰ ਹਨ, ਘੋਰ ਯੁੱਧ ਚਲਦਾ ਰਿਹਾ। ਇਸ ਕਸ਼ਮਕਸ਼ ਵਿਚ ਚਾਰ ਸਥਾਨਾਂ ਤੇ ਅੰਮ੍ਰਿਤ ਦੀਆਂ ਬੂੰਦਾਂ ਡਿਗ ਪਈਆਂ। ਜਿਥੇ ਜਿਥੇ ਇਹ ਬੂੰਦਾਂ ਡਿਗੀਆਂ, ਉਥੇ ਉਥੇ ਹਰ ਬਾਰਾਂ ਸਾਲ ਬਾਅਦ ਕੁੰਭ ਦਾ ਮੇਲਾ ਲੱਗਣਾ ਸ਼ੁਰੂ ਹੋ ਗਿਆ।

ਇੱਕ ਹੋਰ ਮਨੌਤ ਅਨੁਸਾਰ ਵਿਸ਼ਨੂੰ ਦੇਵਤਾ ਅੰਮ੍ਰਿਤ ਵਾਲਾ ਕੁੰਭ ਚੁੱਕੀ ਜਾ ਰਿਹਾ ਸੀ ਤਾਂ ਉਸ ਵਿਚੋਂ ਥਾਂ ਥਾਂ ਅੰਮ੍ਰਿਤ ਦੀਆਂ ਬੂੰਦਾਂ ਕਿਰ ਗਈਆਂ। ਇਸ ਮੇਲੇ ਨੂੰ ਕੁੰਭ ਰਾਸ਼ੀ ਦੀ ਦਸ਼ਾ ਅਨੁਸਾਰ ਮਿਥੇ ਜਾਣ ਕਰਕੇ ਇਸ ਨੂੰ ਕੁੰਭ ਰਾਸ਼ੀ ਨਾਲ ਵੀ ਜੋੜਿਆ ਜਾਂਦਾ ਹੈ। ਜੋਤਸ਼ੀਆਂ ਅਨੁਸਾਰ ਕੁੰਭ ਦਾ ਅਸਾਧਾਰਨ ਮਹੱਤਵ ਬ੍ਰਹਿਸਪਤੀ ਦੇ ਕੁੰਭ ਰਾਸ਼ੀ ਵਿਚ ਪ੍ਰਵੇਸ਼ ਅਤੇ ਸੂਰਜ ਦੇ ਮੇਖ ਰਾਸ਼ੀ ਵਿਚ ਪ੍ਰਵੇਸ਼ ਨਾਲ ਜੁੜਿਆ ਹੋਇਆ ਹੈ। ਗ੍ਰਹਿਆਂ ਦੀ ਅਜਿਹੀ ਸਥਿਤੀ ਦਰਿਆਵਾਂ ਦੇ ਪਾਣੀਆਂ ਨੂੰ ਸ਼ੁਧ ਕਰ ਦਿੰਦੀ ਹੈ, ਇਸ ਲਈ ਕੁੰਭ ਦੌਰਾਨ ਡੁਬਕੀ ਲਾਉਣ ਦਾ ਮਹਾਤਮ ਹੈ। 'ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ॥' (ਭਗਤ ਨਾਮਦੇਵ) ਕੁੰਭਾਂ ਦਾ ਜ਼ਿਕਰ ਪੁਰਾਣਾਂ ਵਿਚ ਹੀ ਮਿਲਦਾ ਹੈ, ਇਸ ਲਈ ਵਿਸ਼ਵਾਸ ਹੈ ਕਿ ਇਹ ਮੇਲੇ ਪੁਰਾਣਾਂ ਦੇ ਯੁੱਗ ਅਰਥਾਤ ਮੱਧਕਾਲ ਵਿਚ ਹੀ ਸ਼ੁਰੂ ਹੋਏ।

ਕੁਝ ਵੀ ਹੋਵੇ, ਕੁੰਭ ਮੇਲੇ ਦਾ ਸਬੰਧ ਕੁੰਭ ਨਾਲ ਹੈ, ਜਿਸ ਦਾ ਅਰਥ ਕਲਸ਼, ਘੜਾ, ਮਟਕਾ ਅਰਥਾਤ ਪਾਣੀ ਰੱਖਣ ਵਾਲਾ ਪਾਤਰ ਹੈ। ਇਸ ਤਰ੍ਹਾਂ ਕੁੰਭ ਇੱਕ ਤਰ੍ਹਾਂ ਪਾਣੀ ਦਾ ਪ੍ਰਤੀਕ ਬਣਦਾ ਹੈ। ਪਾਣੀ, ਜੋ ਸਾਡੇ ਸਰੀਰ ਦੀ ਮੈਲ ਦੇ ਨਾਲ ਨਾਲ ਪਾਪ ਵੀ ਧੋਂਦਾ ਹੈ। ਗੁਰੂ ਨਾਨਕ ਦੇਵ ਫੁਰਮਾਉਂਦੇ ਹਨ, "ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥"

ਇਹ ਠੀਕ ਹੈ ਕਿ ਅੱਜ ਕਲ੍ਹ ਅਸੀਂ ਆਮ ਬੋਲਚਾਲ ਵਿਚ ਕੁੰਭ ਸ਼ਬਦ ਨੂੰ ਘੜੇ ਦੇ ਅਰਥਾਂ ਵਿਚ ਨਹੀਂ ਵਰਤਦੇ। ਇਸ ਦੀ ਅਜਿਹੀ ਵਰਤੋਂ ਧਾਰਮਕ ਪ੍ਰਸੰਗ ਵਿਚ ਹੀ ਹੁੰਦੀ ਹੈ। ਕੁੰਭ ਦੇ ਅਰਥਾਂ ਦਾ ਵਿਸਥਾਰ ਹੋਇਆ ਹੈ। ਇਸ ਦਾ ਸਭ ਤੋਂ ਵਧ ਵਰਤਿਆ ਜਾਂਦਾ ਅਰਥ ਹੈ, ਕੁੰਭ ਰਾਸ਼ੀ, ਕਿਉਂਕਿ ਇਸ ਦੇ ਨਛੱਤਰਾਂ ਦਾ ਆਕਾਰ ਕੁੰਭ ਜਿਹਾ ਬਣਦਾ ਹੈ। ਦਿਲਚਸਪ ਗੱਲ ਹੈ ਕਿ ਇਸ ਰਾਸ਼ੀ ਲਈ ਵਰਤੇ ਜਾਂਦੇ ਅੰਗਰੇਜ਼ੀ ਸ਼ਬਦ Aquarius ਦਾ ਅਰਥ 'ਜਲ-ਵਾਹਕ' (ਝੀਵਰ) ਹੈ। ਇਹ ਲਾਤੀਨੀ ਸ਼ਬਦ ਹੈ, ਜੋ ਅੱਗੋਂ ਇਕ ਗਰੀਕ ਸ਼ਬਦ Hydrokhoos ਦਾ ਸਿੱਧਾ ਅਨੁਵਾਦ ਹੈ। ਲਾਤੀਨੀ Aqua ਅਤੇ ਗਰੀਕ Hydro ਸਜਾਤੀ ਸ਼ਬਦ ਹਨ, ਜਿਨ੍ਹਾਂ ਦਾ ਅਰਥ ਪਾਣੀ ਹੈ ਤੇ ਇਹ ਸ਼ਬਦ ਸੰਸਕ੍ਰਿਤ 'ਅਪ' ਅਤੇ ਫਾਰਸੀ 'ਆਬ' ਦੇ ਵੀ ਸਜਾਤੀ ਹਨ। ਗਰੀਕ ਜਲ-ਵਾਹਕ ਪਿੱਛੇ ਵੀ ਇਕ ਗਰੀਕ ਮਿਥ ਹੈ।



ਹਾਥੀ ਦੇ ਮੱਥੇ 'ਤੇ ਘੜੇ ਜਿਹੇ ਡੂੰਘ ਨੂੰ ਵੀ ਕੁੰਭ ਆਖਦੇ ਹਨ, 'ਕਟ ਕਟ ਗਿਰੇ ਗਜਨ ਕੁੰਭਸਥਲ।' ਪਹਿਲੀਆਂ ਵਿਚ ਕੁੰਭ ਸ਼ਬਦ ਦੀ ਵਰਤੋਂ ਦੋ ਦ੍ਰੋਣ (ਚੌਂਹਠ ਸੇਰ) ਭਾਰ ਦੇ ਅੰਨ ਲਈ ਇੱਕ ਪੈਮਾਨੇ ਵਜੋਂ ਵੀ ਕੀਤੀ ਜਾਂਦੀ ਸੀ। ਸਪੱਸ਼ਟ ਹੈ ਕਿ ਏਨਾ ਅੰਨ ਮਿਣਨ ਲਈ ਇੱਕ ਕੁੰਭ (ਮਟਕੇ) ਦੀ ਵਰਤੋਂ ਕੀਤੀ ਜਾਂਦੀ ਹੋਵੇਗੀ। ਸਾਡੇ ਘਰ ਅਜਿਹਾ ਹੀ ਇੱਕ ਮਿੱਟੀ ਦਾ ਵੱਡਾ ਸਾਰਾ ਕੁੰਭ ਹੁੰਦਾ ਸੀ, ਜਿਸ ਵਿਚ ਕਣਕ ਸੰਭਾਲੀ ਜਾਂਦੀ ਸੀ, ਪਰ ਅਸੀਂ ਇਸ ਨੂੰ ਭੜੋਲਾ ਕਹਿੰਦੇ ਸਾਂ।

ਯੋਗ ਵਿਚ ਪ੍ਰਾਣਾਯਾਮ ਦੀ ਇਕ ਰੀਤੀ ਨੂੰ ਵੀ ਕੁੰਭ ਕਿਹਾ ਜਾਂਦਾ ਹੈ, ਜਿਸ ਵਿਚ ਨਾਸਾਂ ਅਤੇ ਮੂੰਹ ਨੂੰ ਇਕੋ ਵੇਲੇ ਬੰਦ ਕੀਤਾ ਜਾਂਦਾ ਹੈ। ਇਸ ਲਈ ਕੁੰਭਕ ਸ਼ਬਦ ਵੀ ਚਲਦਾ ਹੈ। ਵੱਡੇ ਪੱਧਰ 'ਤੇ ਮਨਾਏ ਜਾ ਰਹੇ ਕਿਸੇ ਜਸ਼ਨ ਨੂੰ ਵੀ ਕੁੰਭ ਜਾਂ ਮਹਾਂ ਕੁੰਭ ਕਹਿ ਦਿੱਤਾ ਜਾਂਦਾ ਹੈ, ਜਿਵੇਂ ਕਬੱਡੀ ਦਾ ਮਹਾਂ ਕੁੰਭ। ਸੰਸਕ੍ਰਿਤ ਕੁੰਭਮੰਡੂਕ ਦਾ ਅਰਥ ਹੈ, ਘੜੇ ਦਾ ਡੱਡੂ। ਵਾਰਿਸ ਸ਼ਾਹ ਦੀ ਹੀਰ ਵਿਚ ਜਦ ਕੁੜੀਆਂ ਰਾਂਝੇ ਕੋਲ ਜਾਂਦੀਆਂ ਹਨ ਤਾਂ ਇਸ ਨੂੰ ਵੀ ਕੁੰਭ ਆਖਦੀਆਂ ਹਨ,

ਵੱਡੀ ਮਿਹਰ ਹੋਈ ਏਸ ਦੇਸ ਉਤੇ
ਵਿਹੜੇ ਹੀਰ ਦੇ ਨੂੰ ਚਲ ਤਾਰੀਏ ਨੀ।
ਮੰਗ ਨਗਰ ਅਤੀਤ ਨੇ ਅਜੇ ਖਾਣਾ
ਬਾਤਾਂ ਸ਼ੌਕ ਦੀਆਂ ਚਾਇ ਵਸਾਰੀਏ ਨੀ।
ਮੇਲੇ ਕੁੰਭ ਦੇ ਹਮੀਂ ਅਤੀਤ ਚੱਲੇ
ਨਗਰ ਜਾਇਕੇ ਭੀਖ ਚਤਾਰੀਏ ਨੀ।
ਵਾਰਿਸ ਸ਼ਾਹ ਤੁਮਹੀਂ ਘਰੋਂ ਖਾਇ ਆਈਆਂ
ਨਾਲ ਚਾਵੜਾਂ ਲਉ ਘਮਕਾਰੀਏ ਨੀ।

ਕੁੰਭ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਵਿਚ ਇਸ ਦਾ ਮੁਖ ਅਰਥ ਘੜਾ, ਕਲਸ਼ ਹੀ ਹੈ। ਹੋਰ ਹਿੰਦ-ਆਰਿਆਈ ਭਾਸ਼ਾਵਾਂ ਵਿਚ ਵੀ ਕੁੰਭ ਨਾਲ ਮਿਲਦੇ-ਜੁਲਦੇ ਰੁਪਾਂਤਰ ਉਪਲਭਦ ਹਨ। ਕੁਝ ਵਿਚ ਸਬੰਧਤ ਸ਼ਬਦਾਂ ਦੇ ਅਰਥ ਟੋਭਾ, ਬਾਲਟੀ, ਜਾਰ, ਖੇਤਾਂ ਨੂੰ ਸਿੰਜਣ ਲਈ ਤਲਾਬ ਵਿਚੋਂ ਕੱਢੇ ਜਾਂਦੇ ਪਾਣੀ ਦਾ ਜੁਗਾੜ ਆਦਿ ਹਨ। ਲਹਿੰਦੇ ਪਾਸੇ ਇਸ ਤੋਂ ਬਣੇ ਸ਼ਬਦ ਖੂੰਭ/ਖੂੰਬ ਉਸ ਭੱਠੀ ਨੂੰ ਕਹਿੰਦੇ ਹਨ, ਜਿਸ 'ਤੇ ਧੋਬੀ ਕੱਪੜਿਆਂ ਨੂੰ ਭਾਫ ਲਵਾਉਂਦੇ ਹਨ। ਪੰਜਾਬੀ ਵਿਚ ਤਾਂਬੇ ਦੇ ਬਣੇ ਉਸ ਮਟਕੇ ਨੂੰ ਖੂੰਭ ਆਖਦੇ ਹਨ, ਜਿਸ ਵਿਚ ਧੋਬੀ ਕੱਪੜੇ ਉਬਾਲਦੇ ਹਨ। ਉਬਾਲਣ ਦੀ ਇਸ ਕ੍ਰਿਆ ਦੌਰਾਨ ਕੱਪੜਿਆਂ ਨੂੰ ਖੂਬ ਪਲਟਿਆ, ਕੁੱਟਿਆ ਵੀ ਜਾਂਦਾ ਹੈ। ਗੁਰੂ ਨਾਨਕ ਨੇ ਇਹ ਸ਼ਬਦ ਵਰਤਿਆ ਹੈ, "ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥"

ਕਰੜੀ ਆਲੋਚਨਾ ਲਈ ਵਰਤਿਆ ਜਾਂਦਾ ਮੁਹਾਵਰਾ 'ਖੂੰਬ ਠੱਪਣਾ' ਇਥੋਂ ਹੀ ਬਣਿਆ ਹੈ, ਵਰਨਾ ਖਾਣ ਵਾਲੀਆਂ ਖੁੰਬਾਂ ਨੂੰ ਠੱਪਣ ਦਾ ਕੋਈ ਤੁਕ ਨਹੀਂ ਬਣਦਾ। ਕੁੰਭ ਸ਼ਬਦ ਦਾ ਫਾਰਸੀ ਸਜਾਤੀ ਸ਼ਬਦ ਹੈ, 'ਖੁਮ' ਜੋ ਪਲੈਟਸ ਅਨੁਸਾਰ ਜ਼ੰਦ ਦੇ ਖੁੰਬ ਸ਼ਬਦ ਦਾ ਵਿਉਤਪਤ ਰੂਪ ਹੈ। ਇਸ ਦਾ ਅਰਥ ਵੀ ਘੜਾ ਹੀ ਹੈ। ਫੈਜ਼ ਦੀ ਸ਼ਾਇਰੀ ਵਿਚ ਸ਼ਰਾਬ ਦੇ ਮਟਕੇ ਲਈ ਇਹ ਸ਼ਬਦ ਆਇਆ ਹੈ,

ਦੋਨੋਂ ਜਹਾਂ ਤੇਰੀ ਮੁਹੱਬਤ ਮੇਂ ਹਾਰ ਕੇ
ਵੋਹ ਜਾ ਰਹਾ ਹੈ ਕੋਈ
ਸ਼ਬ-ਏ-ਗਮ ਗੁਜਾਰ ਕੇ।
ਵੀਰਾਂ ਹੈ ਮਯਕਦਾ
ਖੁਮ-ਓ-ਸਾਗਰ ਉਦਾਸ ਹੈ
ਤੁਮ ਕਿਆ ਗਏ ਕਿ ਰੂਠ ਗਏ ਦਿਨ ਬਹਾਰ ਕੇ।



ਵਾਰਿਸ ਸ਼ਾਹ ਨੇ ਆਪਣੇ 'ਅਸ਼ਲੀਲ' ਰੰਗ ਵਿਚ ਇਸ ਸ਼ਬਦ ਨੂੰ ਵਰਤਿਆ ਹੈ,

ਕੋਈ ਧੋਬੀ ਵਲਾਇਤੋਂ ਆਣ ਲੱਥਾ
ਸਿਰੀ ਸਾਫ ਦੇ ਥਾਨ ਚੜ੍ਹ ਖੁੰਮ ਗਏ।
ਤੇਰੀ ਚੋਲੀ ਵਲੂੰਧਰੀ ਸਣੇ ਸੀਨੇ
ਪੇਂਜੇ ਤੂੰਬਿਆਂ ਨੂੰ ਜਿਵੇਂ ਤੁੰਮ ਗਏ।
ਖੇੜੇ ਕਾਬਲੀ ਕੁੱਤਿਆਂ ਵਾਂਗ ਨੱਠੇ
ਵਢਵਾਇ ਕੇ ਕੰਨ ਤੇ ਦੁੰਮ ਗਏ।
ਵਾਰਿਸ ਸ਼ਾਹ ਅਚੰਭੜਾ ਨਵਾਂ ਹੋਇਆ
ਸੁੱਤੇ ਪਾਹਰੂ ਨੂੰ ਚੋਰ ਟੁੰਮ ਗਏ।

ਕੁੰਭ ਤੋਂ ਬਣੇ ਕੁੰਭੀ ਦਾ ਅਰਥ ਹੈ- ਘਰੋਟੀ, ਮਟਕੀ, ਹਾਂਡੀ। ਇੱਕ ਨਰਕ ਨੂੰ 'ਕੁੰਭੀ ਨਰਕ' ਕਿਹਾ ਜਾਂਦਾ ਹੈ। ਮਾਤਾ ਦੇ ਪੇਟ ਵਿਚਲੇ ਬੱਚੇ ਲਈ ਵੀ ਇਹ ਉਕਤੀ ਵਰਤੀ ਜਾਂਦੀ ਹੈ, ਕਿਉਂਕਿ ਇਸ ਵਿਚ ਬੱਚਾ ਪੁੱਠਾ ਲਟਕਿਆ ਰਹਿੰਦਾ ਹੈ। ਰਾਵਣ ਦੇ ਇਕ ਭਰਾ ਦਾ ਨਾਂ ਕੁੰਭਕਰਣ ਹੈ, ਜੋ ਛੇ ਮਹੀਨੇ ਸੌਂਦਾ ਤੇ ਕੇਵਲ ਇੱਕ ਦਿਨ ਜਾਗਦਾ ਸੀ। ਸਾਡੇ ਪਿੰਡ ਹੁੰਦੇ ਦੁਸਹਿਰੇ ਵਿਚ ਸੁੱਤੇ ਪਏ ਕੁੰਭਕਰਣ ਨੂੰ ਜਗਾਉਣ ਲਈ ਢੋਲ ਵਜਾਏ ਜਾਂਦੇ ਸਨ। ਕੁੰਭਕਰਣ ਬਣਿਆ ਹੈ, ਕੁੰਭ+ਕਰਣ ਤੋਂ, ਜਿਸ ਦਾ ਸ਼ਾਬਦਿਕ ਅਰਥ ਹੋਇਆ, ਘੜੇ ਜਿੱਡੇ ਕੰਨਾਂ ਵਾਲਾ। ਸੰਸਕ੍ਰਿਤ ਵਿਚ ਮਿੱਟੀ ਦੇ ਭਾਂਡੇ ਅਰਥਾਤ ਕੁੰਭ, ਮਟਕੇ ਆਦਿ ਬਣਾਉਣ ਵਾਲੇ ਨੂੰ ਕੁੰਭਕਾਰ ਕਿਹਾ ਜਾਂਦਾ ਹੈ। ਕੁੰਭਕਾਰ ਦੇ ਘੁਮਾਰ ਵਿਚ ਪਲਟਣ ਨੂੰ ਇਸ ਤਰ੍ਹਾਂ ਉਲੀਕਿਆ ਜਾ ਸਕਦਾ ਹੈ: ਕੁੰਭਕਾਰ> ਕੁੰਭਾਰ> ਕੁਮਹਾਰ> ਘੁਮਾਰ (ਘੁਮਿਆਰ)। ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਰੂਪ ਕੁਮਿਆਰ ਜਿਹਾ ਵੀ ਆਇਆ ਹੈ, "ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮਿਆਰਿ ਭਵਾਇਆ॥" (ਗੁਰੂ ਰਾਮ ਦਾਸ); ਕੁੰਭਾਰ ਵੀ ਆਇਆ ਹੈ, "ਕੁੰਭਾਰ ਕੈ ਘਰਿ ਹਾਂਡੀ ਆਛੈ॥" (ਭਗਤ ਨਾਮਦੇਵ); "ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥" (ਭਗਤ ਕਬੀਰ) ਅਤੇ ਕੁੰਭਕ ਵੀ।

# ਹਾਨੀਕਾਰਕ ਹੈ ਅਗਰਬੱਤੀ ਦਾ ਧੂੰਆਂ

ਸ਼ਮਿੰਦਰ ਕੌਰ
ਫੋਨ: 91-75268-08047

ਹਰ ਸਮਾਜ ਦੀਆਂ ਅਨੇਕ ਪਰੰਪਰਾਵਾਂ ਅਤੇ ਰਸਮਾਂ-ਰਿਵਾਜ ਹੁੰਦੇ ਹਨ, ਜੋ ਮਨੁੱਖ ਆਪਣੇ ਵਡੇਰਿਆਂ ਤੋਂ ਪ੍ਰਾਪਤ ਕਰਦਾ ਹੈ। ਹਰ ਰਸਮ-ਰਿਵਾਜ ਪਿੱਛੇ ਕੋਈ ਵਿਸ਼ਵਾਸ ਜ਼ਰੂਰ ਹੁੰਦਾ ਹੈ। ਧਾਰਮਕ ਕਾਰਜਾਂ ਵਿਚ ਫੁੱਲਾਂ, ਸੁਗੰਧਾਂ ਅਤੇ ਧੂਫਾਂ ਦੀ ਵਰਤੋਂ ਪੁਰਾਤਨ ਸਮੇਂ ਤੋਂ ਹੀ ਕੀਤੀ ਜਾ ਰਹੀ ਹੈ। ਸਮੇਂ ਦੇ ਨਾਲ-ਨਾਲ ਸਾਡੇ ਜੀਵਨ ਦੇ ਹਰ ਪੱਖ ਨੂੰ ਆਧੁਨਿਕਤਾ ਪ੍ਰਭਾਵਿਤ ਕਰਦੀ ਹੈ।

ਸਮੇਂ ਦੀ ਘਾਟ ਅਤੇ ਸਹੂਲਤਾਂ ਦੇ ਵਾਧੇ ਕਰ ਕੇ ਹਰ ਚੀਜ਼ ਰੈਡੀਮੇਡ ਮਿਲਣ ਲੱਗ ਪਈ ਹੈ, ਜਿਸ ਵਿਚ ਧਾਰਮਕ ਸਮਾਗਮਾਂ ਵਿਚ ਵਰਤੀ ਜਾਣ ਵਾਲੀ ਸਮੱਗਰੀ ਵੀ ਸ਼ਾਮਲ ਹੈ। ਅੱਜ ਕਲ੍ਹ ਮਸ਼ੀਨਾਂ ਨਾਲ ਤਿਆਰ ਕੀਤੀਆਂ ਅਗਰਬੱਤੀਆਂ ਦਾ ਨਿਰਮਾਣ ਤੇ ਖਪਤ ਦਾ ਕੰਮ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਭਾਰਤ ਵਿਚ ਅਗਰਬੱਤੀ ਦਾ ਕਾਰੋਬਾਰ ਬਹੁਤ ਪ੍ਰਫੁਲਿਤ ਹੋ ਰਿਹਾ ਹੈ। ਇਸ ਲਈ ਕਿਸੇ ਖਾਸ ਡਿਗਰੀ ਦੀ ਲੋੜ ਨਹੀਂ ਹੁੰਦੀ।

ਅਗਰਬੱਤੀ ਬਣਾਉਣ ਲਈ ਬਾਂਸ ਦੀਆਂ ਤੀਲੀਆਂ ਉਤੇ ਮਸ਼ੀਨ ਨਾਲ ਚਾਰਕੋਲ ਪਾਊਡਰ, ਜੌਸ ਪਾਊਡਰ, ਜਿੱਗਤ ਪਾਊਡਰ, ਨੁੜਵਾ ਪਾਊਡਰ, ਸੰਦਲ ਪਾਊਡਰ ਆਦਿ ਦਾ ਮਿਸ਼ਰਣ ਚੜ੍ਹਾਇਆ ਜਾਂਦਾ ਹੈ। ਸੁੱਕ ਜਾਣ ਪਿਛੋਂ ਇਨ੍ਹਾਂ ਤੀਲੀਆਂ ਨੂੰ ਪਰਫਿਊਮ ਵਿਚ ਡੁਬੋ ਕੇ ਸੁਕਾ ਲਿਆ ਜਾਂਦਾ ਹੈ। ਇਕ ਅਨੁਭਵੀ ਕਾਮਾ ਦਿਨ 'ਚ 4000 ਤੀਲੀਆਂ ਤਿਆਰ ਕਰ ਲੈਂਦਾ ਹੈ। ਭਾਰਤ 'ਚ ਕੋਈ 5 ਹਜ਼ਾਰ ਕੰਪਨੀਆਂ ਅਗਰਬੱਤੀਆਂ ਬਣਾਉਂਦੀਆਂ ਹਨ। ਅਗਰਬੱਤੀਆਂ ਦੀ ਖਪਤ ਵੀ ਵੱਡੀ ਪੱਧਰ ਉਤੇ ਹੁੰਦੀ ਹੈ। ਲੋਕ ਅਗਰਬੱਤੀ ਦੇ ਇਸ ਕਦਰ ਆਦੀ ਹੋ ਚੁਕੇ ਹਨ ਕਿ ਲਗਦਾ ਹੈ, ਜੇ ਅਗਰਬੱਤੀ ਨਹੀਂ ਬਾਲੀ ਤਾਂ ਪੂਜਾ ਨਹੀਂ ਹੋਈ।

ਅਨੇਕਾਂ ਲੋਕ ਅਜਿਹੇ ਵੀ ਹਨ, ਜੋ ਕੇਵਲ ਸਵੇਰੇ-ਸ਼ਾਮ ਅਗਰਬੱਤੀ ਬਾਲ ਕੇ ਹੀ ਪਾਠ-ਪੂਜਾ, ਭਗਤੀ ਸੰਪੰਨ ਹੋਈ ਸਮਝਦੇ ਹਨ। ਨਿਤਨੇਮ ਦਾ ਹਿੱਸਾ ਹੋਣ ਕਰਕੇ ਅਗਰਬੱਤੀ ਨੂੰ ਇਕ ਦਿਨ ਵੀ ਗੈਰਹਾਜ਼ਰ ਨਹੀਂ ਹੋਣ ਦਿੱਤਾ ਜਾਂਦਾ। ਧਾਰਮਕ ਅਸਥਾਨਾਂ ਤੋਂ ਇਲਾਵਾ ਸਵੇਰੇ-ਸ਼ਾਮ



ਘਰਾਂ, ਬੱਸਾਂ, ਦੁਕਾਨਾਂ, ਹੋਟਲਾਂ ਵਿਚ ਅਗਰਬੱਤੀਆਂ ਬਾਲੀਆਂ ਜਾਂਦੀਆਂ ਹਨ। ਇਹ ਮਨੁੱਖੀ ਸਿਹਤ ਲਈ ਬੇਹੱਦ ਖਤਰਨਾਕ ਹੈ।

ਖੋਜ ਵਿਚ ਪਾਇਆ ਗਿਆ ਹੈ ਕਿ ਅਗਰਬੱਤੀ ਵਿਚ ਮਿਊਟਜੈਨਿਕ, ਜੈਨੋਟੌਕਸਿਕ, ਸਾਈਟੋਟੌਕਸਿਕ ਵਰਗੇ ਜ਼ਹਿਰੀਲੇ ਤੱਤ ਪਾਏ ਜਾਂਦੇ ਹਨ, ਜੋ ਕੈਂਸਰ ਦਾ ਕਾਰਨ ਬਣਦੇ ਹਨ। ਅਗਰਬੱਤੀ ਦੇ ਧੂੰਏ ਨਾਲ ਜੀਨ ਪਰਿਵਰਤਨ ਹੁੰਦਾ ਹੈ, ਜੋ ਕੈਂਸਰ ਦੀ ਪਹਿਲੀ ਲੋੜ ਹੈ। ਅਗਰਬੱਤੀ ਦੇ ਧੂੰਏ ਵਿਚ ਕਾਰਬਨ-ਮੋਨੋਆਕਸਾਈਡ, ਸਲਫਰ-ਡਾਇਆਕਸਾਈਡ, ਫਾਰਮੈਲਡੀਸਾਈਡ ਵਰਗੇ ਕੈਮੀਕਲ ਹੁੰਦੇ ਹਨ। ਅਗਰਬੱਤੀ ਦੇ ਧੂੰਏ ਵਿਚ ਮੌਜੂਦ ਉਡਣਸ਼ੀਲ ਕਣ ਸਿਹਤ ਲਈ ਗੰਭੀਰ ਖਤਰੇ ਪੈਦਾ ਕਰਦੇ ਹਨ।

ਅਗਰਬੱਤੀ ਦਾ ਧੂੰਆਂ ਸਿਗਰਟ ਦੇ ਧੂੰਏ ਤੋਂ ਦੋ-ਗੁਣਾ ਖਤਰਨਾਕ ਹੈ। ਇਸ ਧੂੰਏ ਨਾਲ ਕੈਂਸਰ, ਬਰੇਨ ਸਟ੍ਰੋਕ, ਸਿਰਦਰਦ, ਮਾਈਗ੍ਰੇਨ, ਕਮਜ਼ੋਰ ਯਾਦਦਾਸ਼ਤ, ਚਮੜੀ ਦੇ ਰੋਗ, ਅਲਰਜੀ, ਹਾਰਟ-ਅਟੈਕ ਹੋ ਸਕਦੇ ਹਨ। ਅਗਰਬੱਤੀ ਦੇ ਧੂੰਏ ਨਾਲ ਫੇਫੜਿਆਂ ਨੂੰ ਹਵਾ ਪਹੁੰਚਾਉਣ ਵਾਲੀਆਂ ਬ੍ਰਾਗਕਿਆਲ ਟਿਊਬਾਂ ਵਿਚ ਸੋਜਿਸ਼ ਹੋ ਜਾਂਦੀ ਹੈ। ਨਤੀਜੇ ਵਜੋਂ ਦਮਾ, ਫੇਫੜਿਆਂ ਦੇ ਰੋਗ ਅਤੇ ਸਾਹ ਨਾੜੀ ਦਾ ਕੈਂਸਰ ਪੈਦਾ ਹੋ ਸਕਦਾ ਹੈ।

ਘਰੇਲੂ ਪ੍ਰਦੂਸ਼ਣ ਬਾਹਰੀ ਪ੍ਰਦੂਸ਼ਣ ਤੋਂ ਵੱਧ ਖਤਰਨਾਕ ਹੈ, ਕਿਉਂਕਿ ਵੱਧ ਸਮਾਂ ਅਸੀਂ ਘਰਾਂ ਵਿਚ ਵੀ ਬਿਤਾਉਂਦੇ ਹਾਂ। ਦਿੱਲੀ ਦੇ ਵੱਲਭ ਭਾਈ ਪਟੇਲ ਚੈਸਟ ਇੰਸਟੀਚਿਊਟ ਨੇ ਦਿੱਲੀ ਵਿਚ ਘਰਾਂ ਦੇ ਪ੍ਰਦੂਸ਼ਣ ਉਤੇ ਖੋਜ ਕੀਤੀ, ਜਿਸ ਵਿਚ ਪਾਇਆ ਕਿ ਇਥੇ 14% ਬੱਚੇ ਦਮੇ ਦੇ ਸ਼ਿਕਾਰ ਹੋ ਚੁਕੇ ਹਨ। ਅਗਰਬੱਤੀ ਨਾਲ ਘਰਾਂ ਅੰਦਰ ਪ੍ਰਦੂਸ਼ਣ ਸੁਰੱਖਿਅਤ ਸੀਮਾ ਤੋਂ 15 ਗੁਣਾ ਵਧ ਜਾਂਦਾ ਹੈ। ਤੈਅ ਮਾਪਦੰਡਾਂ ਅਨੁਸਾਰ ਪੀ. ਐਮ 2.5 ਕਣਾਂ ਦਾ ਪੱਧਰ 60 ਮਾਈਕਰੋਗ੍ਰਾਮ ਹੋਣਾ ਚਾਹੀਦਾ ਹੈ, ਜੋ ਅਗਰਬੱਤੀ ਧੁਖਾਉਣ ਪਿਛੋਂ 1879.7 ਮਾਈਕਰੋਗ੍ਰਾਮ ਪਾਇਆ ਗਿਆ। ਇਸੇ ਤਰ੍ਹਾਂ ਪੀ. ਐਮ. 10 ਦਾ ਪੱਧਰ 100 ਮਾਈਕਰੋਗ੍ਰਾਮ ਹੋਣਾ ਚਾਹੀਦਾ ਹੈ, ਉਹ 1775 ਮਾਈਕਰੋਗ੍ਰਾਮ ਪਾਇਆ ਗਿਆ। ਅਗਰਬੱਤੀ ਧੁਖਾਉਣ ਤੋਂ ਕਾਫੀ ਦੇਰ ਪਿਛੋਂ ਤੱਕ ਇਸ ਦਾ ਅਸਰ ਬਣਿਆ ਰਹਿੰਦਾ ਹੈ।

# ਸੁਰਾਂ ਦੀ ਰਾਣੀ ਸੁਰਿੰਦਰ ਕੌਰ

**ਕਲਾ ਪਰਿਕਰਮਾ**

20ਵੀਂ ਸਦੀ ਦੀ ਮਕਬੂਲ ਲੋਕ ਫਨਕਾਰਾ ਵਜੋਂ ਲੱਖਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਸੁਰਿੰਦਰ ਕੌਰ ਦੀ ਪੰਜਾਬੀ ਲੋਕ ਸੰਗੀਤ ਅਤੇ ਫਿਲਮ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਸੁਰਿੰਦਰ ਕੌਰ ਦੀ ਪੈਦਾਇਸ਼ 25 ਨਵੰਬਰ 1929 ਨੂੰ ਸਾਂਝੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਸਿੱਖ ਪਰਿਵਾਰ ਵਿਚ ਹੋਈ। ਉਨ੍ਹਾਂ ਦੇ ਪਿਤਾ ਬਿਸ਼ਨ ਦਾਸ ਚੌਹਾਨ ਸਰਕਾਰੀ ਕਾਲਜ ਲਾਹੌਰ ਵਿਖੇ ਕੈਮਿਸਟਰੀ ਦੇ ਪ੍ਰੋਫੈਸਰ ਸਨ ਅਤੇ ਮਾਤਾ ਮਾਇਆ ਦੇਵੀ ਘਰੇਲੂ ਔਰਤ ਸੀ। ਸੁਰਿੰਦਰ ਕੌਰ ਤੋਂ ਪਹਿਲਾਂ ਤਿੰਨ ਧੀਆਂ ਪ੍ਰਕਾਸ਼ ਕੌਰ, ਨਰਿੰਦਰ ਕੌਰ, ਮਹਿੰਦਰ ਕੌਰ ਦੀ ਆਮਦ ਹੋ ਚੁੱਕੀ ਸੀ ਅਤੇ ਉਸ ਤੋਂ ਬਾਅਦ ਮਨਜੀਤ ਕੌਰ ਨੇ ਜਨਮ ਲਿਆ। ਸੁਰਿੰਦਰ ਕੌਰ ਦੇ ਪੰਜ ਭਰਾ ਸਨ। 10 ਭੈਣ-ਭਰਾਵਾਂ ਦੀ ਲਾਡਲੀ ਸੀ

**ਮਨਦੀਪ ਸਿੰਘ ਸਿੱਧੂ**
**ਫੋਨ: +91-97805-09545**

'ਛਿੰਦੋ' ਉਰਫ ਸੁਰਿੰਦਰ ਕੌਰ ਨੂੰ ਸੰਗੀਤ ਦੀ ਗੁੜ੍ਹਤੀ ਬਚਪਨ ਵਿਚ ਘਰੋਂ ਮਿਲੀ ਸੀ। ਉਸ ਤੋਂ 10 ਵਰ੍ਹੇ ਵੱਡੀ ਪ੍ਰਕਾਸ਼ ਕੌਰ (1919) ਪਹਿਲਾਂ ਹੀ ਗਾਇਕੀ ਦੇ ਪਿੜ ਵਿਚ ਨਿੱਤਰ ਚੁੱਕੀ ਸੀ।

ਸੁਰਿੰਦਰ ਕੌਰ ਨੇ ਚੌਬੁਰਜੀ ਹਾਈ ਸਕੂਲ ਲਾਹੌਰ ਤੋਂ ਦਸਵੀਂ ਕੀਤੀ। ਸੰਗੀਤ ਦੀ ਤਾਲੀਮ ਬੜੇ ਗ਼ੁਲਾਮ ਅਲੀ ਖਾਨ ਸਾਹਿਬ ਅਤੇ ਫਿਰ ਇਨ੍ਹਾਂ ਦੇ ਭਾਣਜੇ ਮਾਸਟਰ ਇਨਾਇਤ ਹੁਸੈਨ ਤੋਂ ਕਲਾਸਕੀ ਸੰਗੀਤ ਦੀ ਸਿੱਖਿਆ ਹਾਸਲ ਕੀਤੀ। ਇਨ੍ਹਾਂ ਸੰਗੀਤ ਮਾਹਰੀਨਾਂ ਤੋਂ ਇਲਾਵਾ ਉਸ ਨੇ ਉਸਤਾਦ ਨਿਆਜ਼ ਹੁਸੈਨ, ਅਬਦੁੱਲ ਰਹਿਮਾਨ ਖਾਨ, ਰਾਮ ਸ਼ਰਨ ਦਾਸ, ਸਤੀਸ਼ ਭਾਟੀਆ, ਕੁੰਦਨ ਲਾਲ ਘੋਸ਼, ਸੁਰਿੰਦਰ ਸੋਨੀ ਅਤੇ ਮਨੀ ਪ੍ਰਸ਼ਾਦ ਪਾਸੋਂ ਵੀ ਇਲਮ ਹਾਸਲ ਕੀਤਾ। ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਵਿਚ ਅਨੋਖੀ ਕਸ਼ਿਸ਼ ਸੀ ਜੋ ਸਰੋਤਿਆਂ ਨੂੰ ਰੂਹ ਦੀ ਗਹਿਰਾਈ ਤਕ ਅਸਰ ਕਰਦੀ ਸੀ। ਇਹ ਦੋਵੇਂ ਭੈਣਾਂ ਮਾਪਿਆਂ ਤੋਂ ਚੋਰੀ ਲੋਕ ਗੀਤ ਗਾਉਂਦੀਆਂ ਰਹਿੰਦੀਆਂ ਸਨ। ਇੰਜ ਇਨ੍ਹਾਂ ਦੀ ਆਵਾਜ਼ ਦਾ ਜਾਦੂ ਰੇਡੀਓ ਸਟੇਸ਼ਨ ਤਕ ਵੀ ਜਾ ਪਹੁੰਚਿਆ।



ਸੁਰਿੰਦਰ ਕੌਰ ਨੇ ਰੇਡੀਓ ਆਡੀਸ਼ਨ ਟੈਸਟ ਬੜੀ ਆਸਾਨੀ ਨਾਲ ਪਾਸ ਕਰ ਲਿਆ। 13 ਸਾਲਾਂ ਦੀ ਉਮਰ 'ਚ ਉਸ ਦੀ ਆਵਾਜ਼ 30 ਅਗਸਤ 1943 ਨੂੰ ਪਹਿਲੀ ਵਾਰ ਆਲ ਇੰਡੀਆ ਰੇਡੀਓ ਲਾਹੌਰ ਦੀਆਂ ਫਿਜ਼ਾਵਾਂ ਵਿਚ ਗੂੰਜੀ। ਮਾਸਟਰ ਇਨਾਇਤ ਹੁਸੈਨ ਦੀਆਂ ਦਿਲਕਸ਼ ਧੁਨਾਂ 'ਤੇ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਗਾਏ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਕੋਈ ਕਰਦੀਆਂ ਗੱਲੜੀਆਂ' ਨੇ ਹਰ ਪਾਸੇ ਧੁੰਮਾਂ ਪਾ ਦਿੱਤੀਆਂ। ਇਸ ਤੋਂ ਬਾਅਦ ਸੁਰਿੰਦਰ ਕੌਰ ਨੇ ਤਕਰੀਬਨ 2000 ਲੋਕ ਗੀਤ, ਗ਼ਜ਼ਲਾਂ, ਧਾਰਮਿਕ ਗੀਤ ਤੇ ਸ਼ਬਦ ਗਾਏ। ਉਸ ਦੇ ਗਾਏ ਮਕਬੂਲ ਲੋਕ ਗੀਤਾਂ ਦੇ ਬੋਲ ਹਨ: 'ਛੱਤੇ 'ਤੇ ਦੋ ਮੱਖੀਆਂ ਨੀ ਮਾਂ', 'ਆ ਮਿਲ ਮੇਰਿਆ ਮਾਹੀਆ ਵੇ', 'ਉਏ ਕਾਵਾਂ ਰੁੜ੍ਹ-ਪੁੜ ਜਾਣਿਆਂ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ', 'ਮੇਰੇ ਲੌਂਗ ਨੂੰ ਲਵਾਦੇ ਹੀਰਾ', 'ਚੰਨ ਕਿੱਥਾਂ ਗੁਜ਼ਾਰੀ ਆਈ ਰਾਤ ਵੇ', 'ਇਕ ਮੇਰੀ ਅੱਖ ਕਾਸ਼ਨੀ', 'ਮਧਾਣੀਆਂ ਹਾਏ ਓਏ ਮੇਰੇ ਡਾਢਿਆ ਰੱਬਾ', 'ਮੈਨੂੰ ਹੀਰੇ-ਹੀਰੇ ਆਖੇ', 'ਖਤ ਆਇਆ ਸੋਹਣੇ ਸੱਜਣਾ ਦਾ' (ਗ਼ਜ਼ਲ), 'ਦਿਓਰ ਦੀ ਜਵਾਨੀ ਨੇ' (ਗ਼ਜ਼ਲ) ਆਦਿ ਤੋਂ ਇਲਾਵਾ ਪ੍ਰਕਾਸ਼ ਕੌਰ ਨਾਲ 'ਹਾਏ ਨਾ ਵੱਸ ਓਏ ਨਾ ਵੱਸ ਬੱਦਲਾ', 'ਸੂਹੇ ਵੇ ਚੀਰੇ ਵਾਲਿਆ', 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ', 'ਬਾਜਰੇ ਦਾ ਸਿੱਟਾ', 'ਮਾਛੀਵਾੜੇ ਵਿਚ ਬੈਠਾ ਸ਼ਹਿਨਸ਼ਾਹ ਜਹਾਨ ਦਾ', 'ਸੂਲਾਂ 'ਤੇ ਸੌਂ ਗਿਆ ਆਣ ਕੇ' ਆਦਿ।

1947 ਵਿਚ ਮੁਲਕ ਤਕਸੀਮ ਹੋ ਗਿਆ ਅਤੇ ਇਨ੍ਹਾਂ ਦਾ ਪਰਿਵਾਰ ਲਾਹੌਰ ਤੋਂ ਦਿੱਲੀ ਆਣ ਵੱਸਿਆ। ਸੁਰਿੰਦਰ ਕੌਰ ਦਾ ਵਿਆਹ 19 ਸਾਲ ਦੀ ਉਮਰ ਵਿਚ ਪ੍ਰੋਫੈਸਰ ਜੋਗਿੰਦਰ ਸਿੰਘ ਸੋਢੀ ਨਾਲ 29 ਜਨਵਰੀ 1948 ਨੂੰ ਸਾਹਿਬਾਬਾਦ, ਦਿੱਲੀ ਵਿਖੇ ਹੋਇਆ।

ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨੂੰ ਮਿਲਣ ਜਦੋਂ ਸੁਰਿੰਦਰ ਕੌਰ ਬੰਬਈ ਗਈ ਤਾਂ ਉਥੇ ਉਸ ਦੀ ਮੁਲਾਕਾਤ ਭਾਈ ਗ਼ੁਲਾਮ ਹੈਦਰ, ਅੰਮ੍ਰਿਤਸਰੀ ਨਾਲ ਹੋਈ ਜੋ ਲਾਹੌਰ ਦੇ ਦਿਨਾਂ ਤੋਂ ਉਨ੍ਹਾਂ ਦੇ ਚੰਗੇ ਵਾਕਿਫ ਸਨ। ਉਨ੍ਹਾਂ ਸੁਰਿੰਦਰ ਕੌਰ ਨੂੰ ਆਪਣੀ ਫਿਲਮ 'ਸ਼ਹੀਦ' (1948) 'ਚ ਗਾਉਣ ਦਾ ਸੱਦਾ ਦਿੱਤਾ; ਹਾਲਾਂਕਿ ਇਸ ਤੋਂ ਪਹਿਲਾਂ ਵੀ ਲਾਹੌਰ 'ਚ ਰਹਿੰਦਿਆਂ ਸੁਰਿੰਦਰ ਕੌਰ ਭਾਈ ਗ਼ੁਲਾਮ ਹੈਦਰ ਦੇ ਸੰਗੀਤ ਵਿਚ ਫਜ਼ਲੀ ਫਿਲਮਜ਼, ਬੰਬੇ ਦੀ ਫਿਲਮ 'ਮਹਿੰਦੀ' (1947) ਵਿਚ ਮੁਨੱਵਰ ਸੁਲਤਾਨਾ ਨਾਲ ਦੋਗਾਣਾ 'ਚਾਂਦ ਰਾਤ ਆਈ' ਵੀ ਗਾ ਚੁੱਕੀ ਸੀ। ਫਿਲਮ 'ਸ਼ਹੀਦ' ਵਿਚ ਮਾਸਟਰ ਗ਼ੁਲਾਮ ਹੈਦਰ ਦੀਆਂ ਤਰਜ਼ਾਂ 'ਤੇ ਸੁਰਿੰਦਰ ਕੌਰ ਨੇ ਤਿੰਨ ਗੀਤ ਗਾਏ- 'ਤਕਦੀਰ ਕੀ ਆਂਧੀ', 'ਆਨਾ ਹੈ ਤੋ ਆ ਜਾਓ' ਤੇ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਅਫਸਾਨਾ'।

ਇਹ ਫਿਲਮ ਦੇ ਨੁਮਾਇਸ਼ ਹੁੰਦਿਆਂ ਹੀ ਉਸ ਦੇ ਗਾਏ ਗੀਤ ਗਲੀ-ਗਲੀ ਗੂੰਜੇ ਸਨ। ਬਹੁਤ ਸਾਰੇ ਸੰਗੀਤ ਪ੍ਰੇਮੀ ਇਸ ਗੱਲ ਤੋਂ ਨਾਵਾਕਿਫ ਹਨ ਕਿ ਸੁਰਿੰਦਰ ਕੌਰ ਨੇ ਪਿੱਠਵਰਤੀ ਗਾਇਕਾ ਵਜੋਂ ਪਹਿਲੀ ਵਾਰ ਫਿਲਮ 'ਸ਼ਹੀਦ' 'ਚ ਨਹੀਂ ਬਲਕਿ ਸੰਗੀਤੀਕਾਰ ਜੋੜੀ ਹੁਸਨਲਾਲ-ਭਗਤਰਾਮ ਦੀ ਸੰਗੀਤ ਨਿਰਦੇਸ਼ਨਾ ਵਿਚ ਫਿਲਮ 'ਪਿਆਰ ਕੀ ਜੀਤ' (1948) ਲਈ ਗੀਤ ਗਾਏ ਸਨ। ਇਸ ਫਿਲਮ ਵਿਚ ਸੁਰਿੰਦਰ ਕੌਰ ਨੇ ਚਾਰ ਗੀਤ ਗਾਏ, ਉਸ ਦਾ ਗਾਇਆ ਏਕਲ ਗੀਤ 'ਇਤਨੇ ਦੂਰ ਹੈਂ ਹਜ਼ੂਰ ਕੈਸੇ ਮੁਲਕਾਤ ਹੋ' ਅਤੇ ਦੋਗਾਣਾ 'ਮੈਂ ਅਪਨੇ ਦਿਲ ਕੇ ਹਾਥੋਂ ਬਦਨਾਮ ਹੋ ਰਹਾ ਹੂੰ' (ਰਾਮ ਕਮਲਾਨੀ ਨਾਲ) ਨੇ ਚੋਖੀ ਮਕਬੂਲੀਅਤ ਹਾਸਲ ਕੀਤੀ। ਇਸ ਫਿਲਮ ਤੋਂ ਬਾਅਦ ਸੁਰਿੰਦਰ ਕੌਰ ਨੇ ਫਿਲਮ 'ਸ਼ਹੀਦ' ਲਈ ਗੀਤ ਰਿਕਾਰਡ ਕਰਵਾਏ ਸਨ ਪਰ 'ਸ਼ਹੀਦ' ਪਹਿਲਾਂ ਰਿਲੀਜ਼ ਹੋ ਗਈ।

ਸੁਰਿੰਦਰ ਕੌਰ ਦੀ ਆਵਾਜ਼ ਦੀ ਖ਼ੂਬਸੂਰਤ ਵਰਤੋਂ ਪੰਜਾਬੀ ਫਿਲਮਾਂ ਵਿਚ ਸਭ ਤੋਂ ਪਹਿਲਾਂ ਸੰਗਤੀਕਾਰ ਅੱਲਾ ਰੱਖਾ ਕੁਰੈਸ਼ੀ ਨੇ ਕੀਤੀ। ਉਨ੍ਹਾਂ ਰਾਜਰੰਗ ਪਿਕਚਰਜ਼, ਬੰਬੇ ਦੀ ਫਿਲਮ 'ਮਦਾਰੀ' (1950) 'ਚ ਸੁਰਿੰਦਰ ਕੌਰ ਕੋਲੋਂ ਗੀਤ ਗਵਾਇਆ: 'ਕਦੇ ਉਠ-ਉਠ ਬਾਂਹ ਕਦੇ ਬਹਿ-ਬਹਿ ਰਾਂਹ, ਭੈੜੀ ਰਾਤ ਗ਼ਮਾਂ ਵਾਲੀ ਮੁੱਕਦੀ ਨਹੀਂ' (ਆਸ਼ਾ ਭੋਸਲੇ, ਜੀ.ਐਮ. ਦੁਰਾਨੀ ਨਾਲ)। ਇਸ ਤੋਂ ਬਾਅਦ ਸੰਗੀਤਕਾਰ ਵਿਨੋਦ ਨੇ 'ਮੁਟਿਆਰ' (1951) ਵਿਚ ਸੁਰਿੰਦਰ ਕੌਰ ਕੋਲੋਂ 7 ਗੀਤ ਗਵਾਏ। 'ਅੱਖੀਆਂ ਵਿਚ ਅੱਖੀਆਂ ਪਾ ਕੇ ਤਸਵੀਰ ਬਣਾ ਗਿਆ ਕੋਈ', 'ਮੇਰੇ ਹਉਕਿਆਂ ਤੋਂ ਪੁੱਛ ਮੇਰੇ ਹੰਝੂਆਂ ਤੋਂ ਪੁੱਛ', 'ਪੰਛੀ ਦੇ ਪਿੰਜਰੇ ਵਿਚ', ਤਿੰਨ ਗੀਤ ਆਸ਼ਾ ਭੋਸਲੇ ਨਾਲ 'ਮੇਰੇ ਦਿਲ ਦੀਆਂ ਰਮਜ਼ਾਂ ਜਾਣਦਾ', 'ਫੜ-ਫੜ ਮੂੰਹੋਂ ਬੋਲਦੀ' ਤੇ 'ਹਾਸਿਆਂ ਦੀ ਲੁੱਟ ਵੇਖ ਕੇ' ਪਸੰਦ ਕੀਤੇ ਗਏ ਪਰ ਇਸ ਫਿਲਮ 'ਚ ਸੁਰਿੰਦਰ ਕੌਰ ਦਾ ਤਲਤ ਮਹਿਮੂਦ ਨਾਲ ਗਾਇਆ ਗੀਤ 'ਆ ਚੰਨ ਵੇ ਬੱਦਲਾਂ ਦੇ ਪਿਛੋਂ ਚੋਰੀ ਝਾਤੀਆਂ ਨਾ ਪਾ' ਫਿਲਮ ਸੰਗੀਤ ਦਾ ਫਖਰ ਸੀ। ਸੰਗੀਤਕਾਰ ਐਨ. ਦੱਤਾ ਨੇ 'ਬਾਲੋ' (1951) ਵਿਚ ਸ਼ਾਇਰ ਸਾਹਿਰ ਲੁਧਿਆਣਵੀ ਦੇ ਲਿਖੇ 4 ਗੀਤ ਸੁਰਿੰਦਰ ਕੌਰ ਤੋਂ ਗਵਾਏ। ਦੋ ਦੋਗਾਣੇ ਕ੍ਰਿਸ਼ਨ ਗੋਇਲ ਨਾਲ 'ਕੋਈ ਜਾਦੂ ਕਰ ਗਿਆ ਨੀ', 'ਬੇੜੀ ਦਾ ਮੱਲਾਹ ਕੋਈ ਨਾ' ਅਤੇ ਦੋ ਏਕਲ ਗੀਤ 'ਖੜ੍ਹੀ ਰਹਿੰਨੀ ਆਂ ਬਨੇਰੇ 'ਤੇ ਵੇ ਮੁੰਡਿਆ' ਤੇ ਦੂਜਾ 'ਦੱਸ ਵੇ ਸੱਜਣ ਹੁਣ ਕੀ ਕਰੀਏ' ਗਾਏ। ਨੈਸ਼ਨਲ ਐਵਾਰਡ ਜੇਤੂ ਪੰਜਾਬੀ ਫਿਲਮ 'ਸਤਲੁਜ ਦੇ ਕੰਢੇ' (1964) ਵਿਚ ਸੁਰਿੰਦਰ ਕੌਰ ਨੇ ਤਿੰਨ ਗੀਤ ਗਾਏ। ਪੰਨਾ ਲਾਲ ਕੱਥਕ ਦੇ ਸੰਗੀਤ 'ਚ ਦੋ ਗੀਤ 'ਜਾ ਜਾ ਗੋਲਿਆ ਢੋਲਨਾ' (ਕੇ.ਐਲ. ਅਗਨੀਹੋਤਰੀ ਨਾਲ) ਦੂਸਰਾ 'ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਨੇ ਆਂਦਾ' (ਪ੍ਰਕਾਸ਼ ਕੌਰ ਨਾਲ) ਅਤੇ ਇਕ ਮਜ਼ਾਹੀਆ ਗੀਤ ਆਸਾ ਸਿੰਘ ਮਸਤਾਨਾ ਦੇ ਸੰਗੀਤ 'ਚ ਆਸਾ ਸਿੰਘ ਮਸਤਾਨਾ ਨਾਲ ਗਾਇਆ। ਇਹ ਗੀਤ ਸੀ: 'ਬੋਲ ਵੇ ਰੁਲਦੂ ਵਿਆਹ ਕਰੇਂਗਾ' ਜੋ ਬਹੁਤ ਮਕਬੂਲ ਹੋਇਆ।

1948 ਵਿਚ ਸੁਰਿੰਦਰ ਕੌਰ ਨੇ ਚਾਰ ਹਿੰਦੀ ਫਿਲਮਾਂ 'ਚ ਗੀਤ ਗਾਏ। ਸੰਗੀਤਕਾਰ ਗਿਆਨ ਦੱਤ ਦੀਆਂ ਧੁਨਾਂ 'ਚ ਫਿਲਮ 'ਲਾਲ ਦੁਪੱਟਾ' ਵਿਚ 5 ਅਤੇ ਫਿਲਮ 'ਨਾਓ' ਵਿਚ 6 ਗੀਤ ਗਾਏ। ਸੰਗਤੀਕਾਰ ਸੀ. ਰਾਮ ਚੰਦਰ ਨੇ ਫਿਲਮ 'ਨਦੀਆ ਕੇ ਪਾਰ' ਵਿਚ ਸੁਰਿੰਦਰ ਕੌਰ ਕੋਲੋਂ ਇਕ ਗੀਤ ਗਵਾਇਆ। ਫਿਲਮ 'ਰੂਪ ਰੇਖਾ' 'ਚ ਰਵੀ ਰਾਏ ਚੌਧਰੀ ਦੇ ਸੰਗੀਤ 'ਚ ਇਕ ਗੀਤ 'ਨੈਨ ਮਿਲਨ ਕੀ ਬਾਤ ਕਿਸੀ ਸੇ ਕਹੀਓ ਨਾ' (ਮੁਨੱਵਰ ਸੁਲਤਾਨਾ, ਵਿਦਿਆਨਾਥ ਸੇਠ ਨਾਲ) ਗਾਇਆ। 1949 ਵਿਚ ਉਹਨੇ 6 ਫਿਲਮਾਂ 'ਚ ਪਿੱਠਵਰਤੀ ਗਾਇਨ ਕੀਤਾ। ਫਿਲਮ 'ਦਾਦਾ' ਵਿਚ ਸੰਗੀਤਕਾਰ ਸ਼ੌਕਤ ਦੇਹਲਵੀ ਉਰਫ ਨੌਸ਼ਾਦ ਦੇ ਸੰਗੀਤ 'ਚ 5 ਗੀਤ ਦੋ ਏਕਲ ਅਤੇ ਤਿੰਨ ਦੋਗਾਣੇ ਗਾਏ। ਫਿਲਮ 'ਕਨੀਜ਼' 'ਚ ਮਾਸਟਰ ਗ਼ੁਲਾਮ ਹੈਦਰ ਨੇ ਸੁਰਿੰਦਰ ਕੌਰ ਕੋਲੋਂ ਇਕ ਗੀਤ 'ਉਮੀਦੋਂ ਪਰ ਉਦਾਸੀ ਛਾ ਗਈ, ਕਯਾ ਤੁਮ ਨਾ ਆਓਗੇ' ਗਵਾਇਆ ਜੋ ਬਹੁਤ ਹਿੱਟ ਹੋਇਆ। ਫਿਲਮ 'ਸਾਂਵਰੀਆ' 'ਚ ਸੀ. ਰਾਮ ਚੰਦਰ ਨੇ ਇਕ ਗੀਤ ਗਵਾਇਆ। ਫਿਲਮ 'ਰੂਪਲੇਖਾ' ਵਿਚ ਖਾਨ ਮਸਤਾਨਾ ਤੇ ਨਿਸਾਰ ਬਜਮੀ ਦੇ ਸੰਗੀਤ 'ਚ 2 ਗੀਤ ਗਾਏ। ਖਵਾਜ਼ਾ ਖੁਰਸ਼ੀਦ ਅਨਵਰ ਦੀ ਸੰਗੀਤਕਾਰੀ 'ਚ ਫਿਲਮ 'ਸਿੰਗਾਰ' ਵਿਚ 4 ਗੀਤ ਗਾਏ ਪਰ ਇਸ ਫਿਲਮ ਦਾ ਮਧੂਬਾਲਾ 'ਤੇ ਫਿਲਮਾਇਆ ਗੀਤ 'ਕੌਨ ਸਮਝੇਗਾ... ਦਿਲ ਆਨੇ ਕੇ ਢੰਗ ਨਿਰਾਲੇ ਹੈਂ" ਬੜਾ ਹਿੱਟ ਹੋਇਆ। ਫਿਲਮ 'ਸੁਨਹਿਰੇ ਦਿਨ' ਵਿਚ ਇਕ ਵਾਰ ਫਿਰ ਸੰਗੀਤਕਾਰ ਗਿਆਨ ਦੱਤ ਨੇ ਸੁਰਿੰਦਰ ਕੌਰ ਕੋਲੋਂ 3 ਗੀਤ ਗਵਾਏ। 1950 ਉਸ ਨੇ 4 ਹਿੰਦੀ ਫਿਲਮਾਂ ਲਈ ਗੀਤ ਗਾਏ। ਪ੍ਰਸਿਧ ਤਬਲਾ-ਨਵਾਜ਼ ਅਤੇ ਸੰਗੀਤਕਾਰ ਅੱਲਾ ਰੱਖਾ ਕੁਰੈਸ਼ੀ ਦੀ ਸੰਗੀਤਬੱਧ ਫਿਲਮ 'ਸਬਕ' ਵਿਚ 7 ਗੀਤ ਗਾਏ। ਸੰਗੀਤਕਾਰ ਹੰਸਰਾਜ ਬਹਿਲ ਨੇ 'ਖਾਮੋਸ਼ ਸਿਪਾਹੀ' ਵਿਚ 5 ਗੀਤ ਅਤੇ 'ਰਾਜਰਾਨੀ' ਵਿਚ 2 ਗੀਤ ਗਵਾਏ। ਫਿਲਮ 'ਸ਼ਾਦੀ ਕੀ ਰਾਤ' 'ਚ ਪੰਡਤ ਗੋਬਿੰਦਰਾਮ ਦੀ ਦਿਲਕਸ਼ ਮੌਸੀਕੀ 'ਚ ਤਲਤ ਮਹਿਮੂਦ ਨਾਲ ਇਕ ਮਜ਼ਾਹੀਆ ਗੀਤ ਗਾਇਆ, ਬੋਲ ਸਨ" 'ਪੂਛ ਰਹੇ ਥੇ ਯਾਰ ਕਿ ਬੀਵੀ ਕੈਸੀ ਹੋ'। 1951 'ਚ ਉਸ ਨੇ 3 ਫਿਲਮਾਂ ਲਈ ਗੀਤ ਗਾਏ। ਮੌਸੀਕਾਰ ਅਲੀ ਅਕਬਰ ਖਾਨ ਦੀ ਸੰਗੀਤ-ਨਿਰਦੇਸ਼ਨਾ ਹੇਠ ਬਣੀ ਫਿਲਮ 'ਆਂਧੀਆਂ' (1952) 'ਚ ਏਕਲ ਗੀਤ 'ਮੈਂ ਮੁਬਾਰਕਬਾਦ ਦੇਨੇ ਆਈ ਹੂੰ' ਗਾਇਆ।

ਸੁਰਿੰਦਰ ਕੌਰ ਨੇ 1950 ਤੋਂ ਲੈ ਕੇ 1967 ਤਕ ਬਣੀਆਂ 4 ਪੰਜਾਬੀ ਫਿਲਮਾਂ ਵਿਚ ਕੁਲ 15 ਗੀਤ ਗਾਏ। 1947 ਤੋਂ ਲੈ ਕੇ 1952 ਤਕ ਬਣੀਆਂ 22 ਹਿੰਦੀ/ਉਰਦੂ ਫਿਲਮਾਂ ਵਿਚ ਕੁਲ 87 ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਾਰਚ 2019 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-366



*ਵਕਤ ਦੇ ਪਹੀਏ ਉਤੇ ਘੁੰਮੀ, ਵਕਤਾਂ ਦੀ ਇਹ ਸ਼ਾਨ।*
*ਕਿੰਨਾ ਪੈਂਡਾ ਮਾਰ ਕੇ ਬੁੱਝਿਆ, ਧੀਆਂ ਸਾਡਾ ਮਾਣ।*

### ਕੈਪਸ਼ਨ ਮੁਕਾਬਲਾ-364



ਆ ਜੋ, ਖੜ੍ਹ ਜੋ, ਪਿੱਛੇ ਸਾਰੇ
ਘੈਂਟ ਜਿਹਾ ਇੱਕ ਪੋਜ਼ ਬਣਾਈਏ।
ਛਿੱਤਰ ਦੇ ਨਾਲ ਕੁੱਟੀਏ ਸੈਲਫੀ
ਆਓ ਨਵਾਂ ਰਿਵਾਜ਼ ਚਲਾਈਏ।
ਹਾਸੇ ਮੁੱਲ ਨਾ ਮਿਲਣ ਬਾਜ਼ਾਰੀਂ
ਪੱਲੇ ਭਰ ਅਸੀਂ ਵੰਡੀ ਜਾਈਏ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਨਟ-ਖਟ ਬੱਚਾ ਫੋਟੋ ਖਿੱਚੇ
ਜੁੱਤੀ ਨੂੰ ਮੋਬਾਈਲ ਬਣਾਇਆ।
ਸਿੱਧਾ ਝਾਕੋ, ਥੋੜ੍ਹਾ ਮੁਸਕਰਾਓ
ਛੋਟਿਆਂ ਨੂੰ ਹੁਕਮ ਚੜ੍ਹਾਇਆ।
ਨਵੀਆਂ ਖੇਡਾਂ, ਨਵੀਆਂ ਸੋਚਾਂ
ਸੈਲਫੀ ਲੈ ਕੇ ਮਨ ਪਰਚਾਇਆ।
*-ਦਵਿੰਦਰ ਕੌਰ*

---

ਅੱਜ ਤੱਕ ਅਮੀਰਾਂ ਨੇ ਸਦਾ
ਸਾਡਾ ਮਜ਼ਾਕ ਉਡਾਇਆ।
ਫੋਨ ਨਾਲ ਖਿੱਚ ਕੇ ਸੈਲਫੀਆਂ
ਸਾਨੂੰ ਖੂਬ ਚਿੜਾਇਆ।
ਇਕੱਠੇ ਹੋ ਕੇ ਕਤਾਰ 'ਚ ਖੜ੍ਹੋ
ਆਪਾਂ ਸੈਲਫੀ ਖਿੱਚੀਏ।
ਕੈਂਚੀ ਚਪਲ ਦਾ ਬਣੂੰ ਫੋਨ
ਜਰਾ ਨਵਾਂ ਪੋਜ਼ ਮਿੱਚੀਏ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਹਰੇਕ ਚੀਜ਼ ਦੇ ਦੋ ਪਾਸੇ ਹੁੰਦੇ
ਚੰਗਾ ਵੀ ਤੇ ਮਾੜਾ ਵੀ
ਫਾਇਦਾ ਵੀ ਤੇ ਨੁਕਸਾਨ ਵੀ।
ਫੋਨ ਹੈਗਾ ਸੁਨੇਹਾ ਝੱਟ ਪਹੁੰਚਦਾ
ਖੱਜਲ ਖੁਆਰੀ ਸਫਰ ਦੀ ਬਚਦੀ।
ਸੈਲਫੀ ਜਿੰਦਾ ਯਾਦ ਬਣਦੀ
ਪੂਰਾ ਰੁਝਾਨ ਬਣ ਚੁਕਾ ਅੱਜ ਕੱਲ।
ਐਪਰ ਸੈਲਫੀਆਂ ਲੈਂਦਿਆਂ
ਕਈ ਹਾਦਸੇ ਵਾਪਰ ਗਏ।
ਕਰੋ ਨਿਰਾਦਰੀ ਇਸ ਕਦਰ
ਖੇਹ ਹੋ ਜਾਵੇ ਉਸ ਚਾਲ ਦੀ
ਅੱਖਾਂ ਮੀਟੀ ਜੋ ਸੈਲਫੀਆਂ ਲੈ ਰਹੇ।
ਆਪਣੇ ਆਪ ਚਲਦੇ ਜਾਓ
ਹਰ ਡੰਡਾ ਪੌੜੀ ਦਾ ਸਰ ਕਰਦਿਆਂ
ਮੰਜ਼ਿਲ ਪੈਰ ਚੁੰਮਦੀ
ਮੁੱਦਾ ਜਥੇਬੰਦਕ ਹੈ ਜੇ।
*-ਦਰਸ਼ਨਪਾਲ ਦੋਸਾਂਝ*

---

ਸੈਲਫੀ ਦਾ ਜ਼ਮਾਨਾ ਭਾਈ
ਅਸੀਂ ਕਿਉਂ ਰਹੀਏ ਪਿੱਛੇ!
ਇਹੀ ਸੋਚ ਕੇ ਚੁੱਕ ਲਈ ਚਪਲ
ਮਸਤੀ ਕਰਦੇ ਬੱਚੇ।
ਪਹੁੰਚ ਨਹੀਂ ਸੈਲ ਫੋਨ ਲੈਣ ਦੀ
ਸਾਨੂੰ ਮਾਰੇ ਗਰੀਬੀ।
ਉਹ ਦਿਨ ਦੂਰ ਨਹੀਂ ਜਦੋਂ
ਸੈਲ ਫੋਨ ਵੀ ਹੋਊ ਸਾਡੇ ਨਸੀਬੀਂ।
ਖੇਲ ਖੇਲ ਵਿਚ ਅਸੀਂ ਵੀ
ਕਰਦੇ ਦੇਖੋ ਮਨ ਪਰਚਾਵਾ।
ਕਦੇ ਸਾਡੀਆਂ ਉਪਰ ਵਾਲਾ
ਪੂਰੀਆਂ ਕਰੂ ਇੱਛਾਵਾਂ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

## ਗ਼ਜ਼ਲ

ਸਾਜ਼ਗਾਰ ਆਸਾਰ ਸ਼ਹਿਰ ਦੇ।
ਡਾਕੂ ਚੌਕੀਦਾਰ ਸ਼ਹਿਰ ਦੇ।
ਕੈਂਸਰ ਵਾਲਾ ਜ਼ਹਿਰੀ ਪਾਣੀ,
ਵਗਦਾ ਏ ਵਿਚਕਾਰ ਸ਼ਹਿਰ ਦੇ।
ਚਿੱਟੇ ਚਾਨਣ ਵਿਚ ਨਹਾਉਂਦੇ,
ਕੁਝ ਕਾਲੇ ਬਾਜ਼ਾਰ ਸ਼ਹਿਰ ਦੇ।
ਉਚੇ ਮਹਿਲਾਂ ਦੇ ਨੇ ਵਾਸੀ,
ਪਰ ਘਟੀਆ ਕਿਰਦਾਰ ਸ਼ਹਿਰ ਦੇ।
ਪੀਵੀ ਜਾਂਦੇ ਖ਼ੂਨ ਅਸਾਡਾ,
ਡਾਕਟਰ ਹੀ ਔਜ਼ਾਰ ਸ਼ਹਿਰ ਦੇ।
ਮਿੱਠੀ ਜੇਲ੍ਹ 'ਚ ਰੌਣਕ ਲਾਉਂਦੇ,
ਲੋਕ ਨੇ ਕੁਝ ਖ਼ੁੱਦਾਰ ਸ਼ਹਿਰ ਦੇ।
'ਗਿੱਲ' ਨੂੰ ਵੇਖ ਕੇ ਸੜਦੇ-ਬਲਦੇ,
ਯਾਰ ਵੀ ਕੁਝ ਗੱਦਾਰ ਸ਼ਹਿਰ ਦੇ।
*-ਜੁਗਰਾਜ ਸਿੰਘ ਗਿੱਲ, ਯੌਰਕ*
*ਫੋਨ: 704-257-6693*

## ਬ੍ਰਹਮਪੁਰਾ ਤੇ ਫੂਲਕਾ ਨੇ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ 'ਚੋਂ ਬਾਹਰ ਕਰਨ ਲਈ ਹੱਥ ਮਿਲਾਇਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਵਿਧਾਇਕ ਐਚ.ਐਸ. ਫੂਲਕਾ ਨੇ ਸ਼੍ਰੋਮਣੀ ਕਮੇਟੀ ਤੋਂ ਬਾਦਲ ਪਰਿਵਾਰ ਦਾ ਗਲਬਾ ਤੋੜਨ ਲਈ ਹੱਥ ਮਿਲਾ ਲਿਆ ਹੈ। ਐਡਵੋਕੇਟ ਐਚ.ਐਸ ਫੂਲਕਾ ਨੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਚੰਡੀਗੜ੍ਹ ਸਥਿਤ ਬ੍ਰਹਮਪੁਰਾ ਦੇ ਨਿਵਾਸ ਸਥਾਨ 'ਤੇ ਮੀਟਿੰਗ ਕੀਤੀ।



ਇਹ ਮੀਟਿੰਗ ਕਰੀਬ ਦੋ ਘੰਟਿਆਂ ਤੱਕ ਚੱਲੀ, ਜਿਸ ਵਿਚ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਅਤੇ ਪੰਜਾਬ 'ਚੋਂ ਬਾਹਰ ਕੱਢਣ ਦੀ ਰਣਨੀਤੀ ਉਲੀਕੀ ਗਈ। ਮੀਟਿੰਗ ਵਿਚ ਜਥੇਦਾਰ ਸੇਵਾ ਸਿੰਘ ਸੇਖਵਾਂ ਅਤੇ ਕਰਨੈਲ ਸਿੰਘ ਪੀਰ ਮੁਹੰਮਦ ਵੀ ਹਾਜ਼ਰ ਸਨ। ਬ੍ਰਹਮਪੁਰਾ ਨੇ ਕਿਹਾ ਕਿ ਹਰ ਸੰਭਵ ਸਹਿਯੋਗ ਅਤੇ ਮਦਦ ਐਡਵੋਕੇਟ ਐਚ.ਐਸ. ਫੂਲਕਾ ਅਤੇ ਹੋਰ ਪੰਥਕ ਜਥੇਬੰਦੀਆਂ ਨੂੰ ਕੀਤੀ ਜਾਵੇਗੀ ਜੋ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਅਤੇ ਪੰਜਾਬ 'ਚੋਂ ਬਾਹਰ ਦਾ ਰਸਤਾ ਦਿਖਾਉਣਾ ਚਾਹੁੰਦੇ ਹਨ। ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਤੇ ਸਾਬਕਾ ਵਿਧਾਇਕ ਬੀਰ ਦਵਿੰਦਰ ਸਿੰਘ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰਾ ਨਿਯੁਕਤ ਕੀਤਾ ਹੈ।

## ਬਾਦਲਾਂ ਦੀ ਟਰਾਂਸਪੋਰਟ ਕੰਪਨੀ ਦੇ ਗੈਰਕਾਨੂੰਨੀ ਕੰਮਾਂ ਨੂੰ ਕੈਪਟਨ ਦੀ ਸ਼ਹਿ!

**ਚੰਡੀਗੜ੍ਹ :** ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਵਿਧਾਨ ਸਭਾ 'ਚ ਰਾਜਪਾਲ ਦੇ ਭਾਸ਼ਨ 'ਤੇ ਬਹਿਸ ਦੌਰਾਨ ਦਿੱਲੀ ਦੀ 'ਆਪ' ਸਰਕਾਰ ਦਾ ਬਚਾਅ ਕੀਤਾ ਅਤੇ ਕੈਪਟਨ ਸਰਕਾਰ 'ਤੇ ਬਾਦਲਾਂ ਦੀ ਟਰਾਂਸਪੋਰਟ ਕੰਪਨੀ ਨੂੰ ਗੈਰਕਾਨੂੰਨੀ ਕੰਮ ਕਰਨ ਦੀ ਸ਼ਹਿ ਦੇਣ ਦੇ ਦੋਸ਼ ਲਾਏ।

ਅਮਨ ਅਰੋੜਾ ਨੇ ਕਿਹਾ ਕਿ ਬਾਦਲ ਪਰਿਵਾਰ ਦੀ ਮਾਲਕੀ ਵਾਲੀ ਇੰਡੋ ਕੈਨੇਡੀਅਨ ਟਰਾਂਸਪੋਰਟ ਕੰਪਨੀ ਦੀਆਂ ਬੱਸਾਂ ਵੱਲੋਂ ਮੋਟਰ ਵਹੀਕਲ ਐਕਟ ਦੀ ਸੈਕਸ਼ਨ 73 ਤਹਿਤ ਜਾਰੀ ਹੁੰਦੇ ਕੰਟਰੈਕਟ ਕੈਰੇਜ ਪਰਮਿਟ ਅਧੀਨ ਪੰਜਾਬ ਦੇ ਅੰਮ੍ਰਿਤਸਰ, ਜ਼ੀਰਕਪੁਰ, ਮੁਹਾਲੀ ਅਤੇ ਹੋਰ ਸ਼ਹਿਰਾਂ ਤੋਂ ਦਿੱਲੀ ਅੰਤਰ ਰਾਸ਼ਟਰੀ ਏਅਰਪੋਰਟ ਤੱਕ ਪ੍ਰਤੀ ਸਵਾਰੀ 3000 ਰੁਪਏ ਤੱਕ ਦੇ ਕਿਰਾਏ 'ਤੇ ਬੱਸਾਂ ਚਲਾ ਰਹੇ ਹਨ ਜੋ ਗੈਰਕਾਨੂੰਨੀ ਹਨ। ਕੈਪਟਨ ਸਰਕਾਰ ਬਾਦਲਾਂ ਦੀ ਥਾਂ ਪੰਜਾਬ ਦੇ ਲੋਕਾਂ ਦੀ ਹਿਤੈਸ਼ੀ ਹੋਵੇ ਤਾਂ ਇੰਡੋ-ਕੈਨੇਡੀਅਨ ਸਮੇਤ ਸਾਰੀਆਂ ਪ੍ਰਾਈਵੇਟ ਬੱਸਾਂ ਨੂੰ ਬੰਦ ਕਰ ਸਕਦੀ ਹੈ, ਕਿਉਂਕਿ ਕੰਟਰੈਕਟ ਕੈਰੇਜ ਪਰਮਿਟ ਅਧੀਨ ਇਹ ਨਾ ਇੱਕ-ਇੱਕ ਸਵਾਰੀ ਦੀ ਟਿਕਟ ਕੱਟ ਸਕਦੇ ਹਨ ਅਤੇ ਨਾ ਰਾਹ ਵਿਚੋਂ ਸਵਾਰੀ ਚੁੱਕ ਸਕਦੇ ਹਨ ਅਤੇ ਨਾ ਹੀ ਦਿੱਲੀ ਏਅਰਪੋਰਟ ਤੋਂ ਪਹਿਲਾਂ ਕੋਈ ਸਵਾਰੀ ਰਾਹ ਵਿਚ ਉਤਾਰ ਸਕਦੇ ਹਨ, ਕਿਉਂਕਿ ਇਹ ਪੂਰੀ ਦੀ ਪੂਰੀ ਬੱਸ ਬੁੱਕ ਹੁੰਦੀ ਹੈ, ਜਿੰਨੀਆਂ ਸਵਾਰੀਆਂ ਜਿਸ ਥਾਂ ਤੋਂ ਚੁੱਕੀਆਂ ਹੁੰਦੀਆਂ ਹਨ, ਓਨੀਆਂ ਹੀ ਵਾਪਸ ਉਸੇ ਥਾਂ 'ਤੇ ਲਿਆਉਣੀਆਂ ਹੁੰਦੀਆਂ ਹਨ। ਨਿਯਮਾਂ ਅਨੁਸਾਰ ਹਰੇਕ ਸਵਾਰੀ ਦੇ ਨਾਮ ਦੀ ਸੂਚੀ ਡਰਾਈਵਰ ਕੋਲ ਲਾਜ਼ਮੀ ਹੁੰਦੀ ਹੈ। ਇਸ ਲਈ ਜੇਕਰ ਸਰਕਾਰ ਚਾਹੇ ਤਾਂ ਡਰਾਈਵਰ ਦੀ ਸੂਚੀ ਤੋਂ ਹੀ ਫਸ ਜਾਣਗੇ ਕਿਉਂਕਿ ਇਹ ਨਾ ਸਿਰਫ ਜਗ੍ਹਾ-ਜਗ੍ਹਾ ਤੋਂ ਅਲੱਗ-ਅਲੱਗ ਸਵਾਰੀਆਂ ਇੱਕ ਪਾਸੇ ਲਈ ਚੁੱਕਦੇ ਹਨ ਸਗੋਂ ਇੱਕ-ਇੱਕ ਸਵਾਰੀ ਦੀ ਦੇਸ਼-ਵਿਦੇਸ਼ ਤੋਂ ਆਨਲਾਈਨ ਬੁਕਿੰਗ ਕਰਦੇ ਹਨ।



ਅਮਨ ਅਰੋੜਾ ਨੇ ਕਿਹਾ ਕਿ ਕਿ ਜੇਕਰ ਕੈਪਟਨ ਸਰਕਾਰ ਸੱਚਮੁੱਚ ਸੁਹਿਰਦ ਹੈ ਤਾਂ ਅੰਮ੍ਰਿਤਸਰ ਤੋਂ ਅੰਬਾਲੇ ਤੱਕ ਪੰਜਾਬ ਅੰਦਰ 300 ਕਿਲੋਮੀਟਰ ਤੱਕ ਗੈਰ-ਕਾਨੂੰਨੀ ਚੱਲਦੀਆਂ ਬਾਦਲਾਂ ਦੀਆਂ ਬੱਸਾਂ ਨੂੰ ਨਕੇਲ ਪਾਉਣ, ਦਿੱਲੀ 'ਚ ਸਿਰਫ 25-30 ਕਿਲੋਮੀਟਰ ਹੀ ਚੱਲਦੀਆਂ ਹਨ, ਕਿਉਂਕਿ ਦਿੱਲੀ ਸਰਕਾਰ ਦੇ ਅਧਿਕਾਰੀ ਕੇਜਰੀਵਾਲ ਦੀ ਥਾਂ ਐਲਜੀ ਅਧੀਨ ਹਨ, ਜਿਸ ਕਰਕੇ ਕੇਜਰੀਵਾਲ ਕੋਸ਼ਿਸ਼ ਕਰਨ ਦੇ ਬਾਵਜੂਦ ਬਾਦਲਾਂ ਦੀਆਂ ਬੱਸਾਂ 'ਤੇ ਕਾਰਵਾਈ ਨਹੀਂ ਕਰ ਸਕਿਆ।

ਅਮਨ ਅਰੋੜਾ ਨੇ ਇਨ੍ਹਾਂ ਦੋਸ਼ਾਂ ਦਾ ਤੱਥਾਂ ਦੇ ਆਧਾਰ 'ਤੇ ਖੰਡਨ ਕੀਤਾ ਕਿ ਕੇਜਰੀਵਾਲ ਸਰਕਾਰ ਪੰਜਾਬ ਸਰਕਾਰ ਦੀਆਂ ਬੱਸਾਂ ਨੂੰ ਏਅਰਪੋਰਟ ਤੱਕ ਚੱਲਣ ਨਹੀਂ ਦਿੰਦੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਬੱਸਾਂ ਮੋਟਰ ਵਹੀਕਲ ਐਕਟ 72 ਅਧੀਨ ਸਟੇਜ ਕੈਰੀਅਰ ਪਰਮਿਟ 'ਤੇ ਦਿੱਲੀ ਦੇ ਅੰਤਰਰਾਸ਼ਟਰੀ ਬੱਸ ਅੱਡੇ ਤੱਕ ਹੀ ਜਾ ਸਕਦੀਆਂ ਹਨ। ਜੇਕਰ ਲੋਕਾਂ ਦੇ ਹਿਤਾਂ ਲਈ ਪੰਜਾਬ ਸਰਕਾਰ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਇਨ੍ਹਾਂ ਹੀ ਲਿਖ ਕੇ ਭੇਜ ਦੇਵੇ ਕਿ ਦਿੱਲੀ ਏਅਰਪੋਰਟ ਨੇੜੇ ਅੰਤਰਰਾਜੀ ਬੱਸ ਅੱਡਾ ਸਥਾਪਿਤ ਕੀਤਾ ਜਾਵੇ ਤਾਂ ਦਿੱਲੀ ਸਰਕਾਰ ਦੇਰ ਨਹੀਂ ਕਰੇਗੀ।

## ਸਮਾਗਮ ਨੂੰ ਲੈ ਕੇ ਨਾਮਧਾਰੀ ਧੜੇ ਭਿੜੇ

**ਮੁਕੇਰੀਆਂ:** ਸਥਾਨਕ ਨਾਮਧਾਰੀ ਧਰਮਸ਼ਾਲਾ ਵਿਚ ਸੰਤ ਉਦੈ ਸਿੰਘ ਪੱਖੀ ਧਿਰ ਦੇ ਸਮਾਗਮ ਨੂੰ ਲੈ ਕੇ ਠਾਕੁਰ ਦਲੀਪ ਸਿੰਘ ਤੇ ਸੰਤ ਉਦੈ ਸਿੰਘ ਦੇ ਸਮਰਥਕਾਂ ਦਰਮਿਆਨ ਤਕਰਾਰ ਹੋ ਗਿਆ। ਇਸ ਦੌਰਾਨ ਦੋਵੇਂ ਧੜਿਆਂ ਦਰਮਿਆਨ ਗੋਲੀਬਾਰੀ ਹੋਣ ਦੀ ਖ਼ਬਰ ਹੈ, ਜਿਸ ਸਬੰਧੀ ਪੁਲਿਸ ਨੇ ਤਿੰਨ ਜਣਿਆਂ ਨੂੰ ਹਿਰਾਸਤ ਵਿਚ ਲਿਆ ਹੈ। ਮੌਕੇ ਦੀ ਨਜ਼ਾਕਤ ਨੂੰ ਦੇਖਦਿਆਂ ਪੁਲਿਸ ਨੇ ਧਰਮਸ਼ਾਲਾ ਖਾਲੀ ਕਰਵਾ ਕੇ ਸੁਰੱਖਿਆ ਵਧਾ ਦਿੱਤੀ ਹੈ।

ਜਾਣਕਾਰੀ ਅਨੁਸਾਰ ਨਾਮਧਾਰੀ ਸੰਪਰਦਾ ਭੈਣੀ ਸਾਹਿਬ ਤੋਂ ਸੰਤ ਉਦੈ ਸਿੰਘ ਦੇ ਸਮਰਥਕਾਂ ਵਲੋਂ 16 ਫਰਵਰੀ ਨੂੰ ਮੁਕੇਰੀਆਂ ਦੀ ਖਿੱਚੀਆਂ ਰੋਡ 'ਤੇ ਪੈਂਦੀ ਦੋਹਾਂ ਧਿਰਾਂ ਦੀ ਸਾਂਝੀ ਨਾਮਧਾਰੀ ਧਰਮਸ਼ਾਲਾ ਵਿਚ ਸਮਾਗਮ ਕਰਵਾਇਆ ਜਾਣਾ ਸੀ। ਇਸ ਸਬੰਧੀ ਠਾਕੁਰ ਦਲੀਪ ਸਿੰਘ ਪੱਖੀ ਧਿਰ ਦੇ ਆਗੂ ਜਸਵੰਤ ਸਿੰਘ ਕਲਸੀ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਸੀ ਕਿ ਵਿਰੋਧੀ ਧਿਰ ਸਮਾਗਮ ਦੀ ਆੜ ਵਿਚ ਧਰਮਸ਼ਾਲਾ 'ਤੇ ਕਬਜ਼ਾ ਕਰਨਾ ਚਾਹੁੰਦੀ ਹੈ। ਇਸ ਮਾਮਲੇ ਨੂੰ ਲੈ ਕੇ ਦੋਹਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ ਸੀ, ਪੁਲਿਸ ਨੂੰ ਸਮਾਗਮ ਕਰਾਉਣ ਵਾਲੀ ਧਿਰ ਨੇ ਭਰੋਸਾ ਦਿੱਤਾ ਸੀ ਕਿ ਉਹ ਕੇਵਲ ਸਮਾਗਮ ਕਰਾਉਣਗੇ ਕਥਿਤ ਕਬਜ਼ਾ ਕਰਨ ਦੀ ਉਨ੍ਹਾਂ ਦੀ ਕੋਈ ਮਨਸ਼ਾ ਨਹੀਂ ਹੈ।

ਸੰਤ ਉਦੈ ਸਿੰਘ ਦੇ ਸਮਰਥਕ ਸਮਾਗਮ ਦੀ ਤਿਆਰੀ ਸਬੰਧੀ ਜਸਵੰਤ ਸਿੰਘ ਰੰਧਾਵਾ ਦੀ ਅਗਵਾਈ ਵਿਚ ਧਰਮਸ਼ਾਲਾ ਵੱਲ ਆਏ ਤਾਂ ਪਹਿਲਾਂ ਤੋਂ ਹੀ ਅੰਦਰ ਦਾਖ਼ਲ ਦੂਜੀ ਧਿਰ ਦੇ ਸਮਰਥਕਾਂ ਨੇ ਕਥਿਤ ਹਵਾਈ ਫਾਇਰ ਕਰਨੇ ਸ਼ੁਰੂ ਕਰ ਦਿੱਤੇ ਤੇ ਇੱਟਾਂ ਪੱਥਰ ਵੀ ਚਲਾਏ। ਸੂਚਨਾ ਮਿਲਣ 'ਤੇ ਪੁਲਿਸ ਪਾਰਟੀ ਨੇ ਜਸਵੰਤ ਸਿੰਘ ਕਲਸੀ ਸਣੇ ਦੋ ਹੋਰਾਂ ਨੂੰ ਹਿਰਾਸਤ 'ਚ ਲੈ ਲਿਆ ਹੈ। ਪੁਲਿਸ ਨੇ ਮੌਕੇ 'ਤੇ ਧਰਮਸ਼ਾਲਾ ਖਾਲੀ ਕਰਵਾ ਕੇ ਸੁਰੱਖਿਆ ਵਧਾ ਦਿੱਤੀ ਹੈ। ਉੱਧਰ ਜਸਵੰਤ ਸਿੰਘ ਕਲਸੀ, ਤੀਰਥ ਸਿੰਘ, ਬਿੱਟੂ ਨਾਮਧਾਰੀ ਆਦਿ ਨੇ ਦੱਸਿਆ ਕਿ ਉਨ੍ਹਾਂ ਪਹਿਲਾਂ ਹੀ ਅਜਿਹੇ ਤਣਾਅ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਹੋਇਆ ਸੀ ਤੇ ਝਗੜਾ ਦੂਜੀ ਧਿਰ ਵੱਲੋਂ ਗਾਲੀ ਗਲੋਚ ਕਰਨ ਕਰਕੇ ਹੀ ਵਧਿਆ ਹੈ।

## 4.12 ਲੱਖ ਤੋਂ ਵੱਧ ਸਰਕਾਰੀ ਅਸਾਮੀਆਂ ਖਾਲੀ

**ਨਵੀਂ ਦਿੱਲੀ:** ਲੋਕ ਸਭਾ ਅੰਦਰ ਕੇਂਦਰ ਸਰਕਾਰ ਨੇ ਲਿਖਤੀ ਜਵਾਬ ਵਿਚ ਕਿਹਾ ਕਿ ਸਾਲ 2016 ਕੇਂਦਰ ਸਰਕਾਰ ਦੇ ਵੱਖ ਵੱਖ ਵਿਭਾਗਾਂ ਵਿਚ 4.12 ਲੱਖ ਤੋਂ ਵਧ ਪੋਸਟਾਂ ਖਾਲੀ ਪਈਆਂ ਸਨ। ਇਨ੍ਹਾਂ ਕੁੱਲ 4,12,752 ਪੋਸਟਾਂ ਵਿਚ 15,284 ਗਰੁੱਪ ਏ, 76,050 ਗਰੁੱਪ ਬੀ ਤੇ 3,21,418 ਗਰੁੱਪ ਸੀ ਸ਼੍ਰੇਣੀ ਨਾਲ ਸਬੰਧਤ ਸਨ। ਅਮਲਾ ਵਿਭਾਗ ਵਿਚ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਲਿਖਤੀ ਜਵਾਬ ਵਿਚ ਕਿਹਾ ਕਿ ਉਪਰੋਕਤ ਪੋਸਟਾਂ ਕੇਂਦਰ ਸਰਕਾਰ ਦੇ ਸਿਵਲੀਅਨ ਮੁਲਾਜ਼ਮਾਂ ਨੂੰ ਵਿੱਤੀ ਸਾਲ 2016-17 ਵਿਚ ਮਿਲਦੀ ਤਨਖਾਹ ਤੇ ਭੱਤਿਆਂ ਅਤੇ ਪਹਿਲੀ ਮਾਰਚ 2016 ਨੂੰ ਤਨਖਾਹ ਖੋਜ ਯੂਨਿਟ, ਖਰਚਾ ਵਿਭਾਗ, ਵਿੱਤ ਮੰਤਰਾਲੇ ਵੱਲੋਂ ਪ੍ਰਕਾਸ਼ਿਤ ਸੂਚਨਾ ਦੇ ਆਧਾਰ 'ਤੇ ਹੈ।

ਗੈਰਨਿਯਮਤ ਡਿਪੋਜ਼ਿਟ ਸਕੀਮਾਂ 'ਤੇ ਪਾਬੰਦੀ ਲਈ ਬਿੱਲ ਪਾਸ: ਲੋਕ ਸਭਾ ਨੇ ਗੈਰਨਿਯਮਤ ਡਿਪੋਜ਼ਿਟ ਸਕੀਮਾਂ 'ਤੇ ਪਾਬੰਦੀ ਦੀ ਮੰਗ ਕਰਦਾ ਬਿੱਲ ਪਾਸ ਕਰ ਦਿੱਤਾ। ਇਸ ਬਿੱਲ ਦਾ ਮੁੱਖ ਮਕਸਦ ਨਿਵੇਸ਼ਕਾਂ ਨੂੰ ਚਿਟ ਫੰਡ ਸਕੀਮਾਂ ਵਿਚ ਨਿਵੇਸ਼ ਕਰਨ ਤੋਂ ਸੁਰੱਖਿਆ ਪ੍ਰਦਾਨ ਕਰਨਾ ਹੈ। ਵਿੱਤ ਮੰਤਰੀ ਪਿਯੂਸ਼ ਗੋਇਲ ਨੇ ਕਿਹਾ ਕਿ ਅਨਰੈਗੂਲੇਟਿਡ ਡਿਪੋਜ਼ਿਟ ਸਕੀਮਜ਼ ਬਿੱਲ 2018 ਲਈ ਸਰਕਾਰ ਅਜਿਹੀ ਵਿਵਸਥਾ ਕਰੇਗੀ ਕਿ ਨੁਕਸਾਨ ਹੋਣ ਦੀ ਸਥਿਤੀ ਵਿਚ ਨਿਵੇਸ਼ਕਾਂ ਨੂੰ ਯੋਗ ਮੁਆਵਜ਼ਾ ਮਿਲੇ। ਬਿੱਲ ਵਿਚ ਵਿੱਤ ਬਾਰੇ ਸਟੈਂਡਿੰਗ ਕਮੇਟੀ ਵੱਲੋਂ ਕੀਤੀਆਂ ਸਿਫ਼ਾਰਿਸ਼ਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਇਸ ਦੌਰਾਨ ਲੋਕ ਸਭਾ ਵਿਚ ਪੱਛਮੀ ਬੰਗਾਲ ਚਿਟ ਫੰਡ ਘੁਟਾਲੇ ਦਾ ਮਾਮਲਾ ਵੀ ਗੂੰਜਿਆ। ਖੱਬੇਪੱਖੀ ਤੇ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਤ੍ਰਿਣਮੂਲ ਕਾਂਗਰਸ 'ਤੇ ਨਿਵੇਸ਼ਕਾਂ ਦਾ ਪੈਸਾ ਲੁੱਟਣ ਦਾ ਦੋਸ਼ ਲਾਇਆ।

4100 ਸਰਕਾਰੀ ਮੁਲਾਜ਼ਮਾਂ ਖਿਲਾਫ਼ ਭ੍ਰਿਸ਼ਟਾਚਾਰ ਦੇ ਕੇਸ ਦਰਜ: ਅਮਲਾ ਮੰਤਰਾਲੇ ਵਿਚ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਲਿਖਤੀ ਜਵਾਬ ਵਿਚ ਦੱਸਿਆ ਕਿ ਸੀਬੀਆਈ ਨੇ ਪਿਛਲੇ ਤਿੰਨ ਸਾਲਾਂ ਵਿਚ 4100 ਸਰਕਾਰੀ ਮੁਲਾਜ਼ਮਾਂ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ 1767 ਕੇਸ ਦਰਜ ਕੀਤੇ ਗਏ ਹਨ। ਇਨ੍ਹਾਂ ਕੇਸਾਂ ਵਿਚੋਂ 900 ਕੇਸਾਂ ਵਿਚ ਚਾਰਜਸ਼ੀਟ ਦਾਇਰ ਹੋ ਚੁੱਕੀ ਹੈ ਜਦੋਂਕਿ 59 ਕੇਸਾਂ ਵਿਚ ਨਿਯਮਤ ਵਿਭਾਗੀ ਕਾਰਵਾਈ ਦੀ ਸਿਫਾਰਿਸ਼ ਕੀਤੀ ਗਈ ਹੈ। ਸਪਾ ਮੈਂਬਰਾਂ ਨੇ ਅਖਿਲੇਸ਼ ਦਾ ਮਾਮਲਾ ਚੁੱਕਿਆ: ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਵਿਚ ਪਾਰਟੀ ਪ੍ਰਧਾਨ ਅਖਿਲੇਸ਼ ਯਾਦਵ ਨਾਲ ਸਬੰਧਤ ਮਾਮਲਾ ਚੁੱਕਿਆ। ਅਖਿਲੇਸ਼ ਨੂੰ ਅਲਾਹਾਬਾਦ ਵਿਚ ਵਿਦਿਆਰਥੀ ਸਮਾਗਮ ਵਿਚ ਸ਼ਿਰਕਤ ਕਰਨ ਲਈ ਜਾਣ ਮੌਕੇ ਲਖਨਊ ਹਵਾਈ ਅੱਡੇ 'ਤੇ ਜਹਾਜ਼ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਸਿਫ਼ਰ ਕਾਲ ਦੌਰਾਨ ਧਰਮਿੰਦਰ ਯਾਦਵ ਤੇ ਹੋਰਨਾਂ ਐਸਪੀ ਮੈਂਬਰਾਂ ਨੇ ਸਦਨ ਵਿਚ ਤਖ਼ਤੀਆਂ ਵਿਖਾ ਕੇ ਆਪਣਾ ਰੋਸ ਜਤਾਇਆ।

ਸੀਬੀਆਈ ਵੱਲੋਂ 67 ਕੇਸ ਦਰਜ: ਸਰਕਾਰ ਨੇ ਇਕ ਲਿਖਤੀ ਜਵਾਬ ਵਿਚ ਦੱਸਿਆ ਕਿ ਕੇਂਦਰੀ ਜਾਂਚ ਏਜੰਸੀ ਦੇ ਸਿਖਰਲੇ ਅਧਿਕਾਰੀਆਂ ਵਿਚਾਲੇ ਜਾਰੀ ਖਿੱਚੋਤਾਣ ਦੇ ਬਾਵਜੂਦ ਸੀਬੀਆਈ ਨੇ ਜਨਵਰੀ ਮਹੀਨੇ ਵਿਚ 67 ਦੇ ਕਰੀਬ ਕੇਸ ਦਰਜ ਕੀਤੇ ਹਨ। ਅਮਲਾ ਵਿਭਾਗ ਵਿਚ ਰਾਜ ਮੰਤਰੀ ਜਿਤੇਂਦਰ ਸਿੰਘ ਨੇ ਦੱਸਿਆ ਕਿ ਸੀਬੀਆਈ ਨੇ ਸਾਲ 2018 ਤੇ 2017 ਵਿਚ ਕ੍ਰਮਵਾਰ 765 ਤੇ 940 ਕੇਸ ਦਰਜ ਕੀਤੇ ਹਨ। ਸਾਲ 2016 ਵਿਚ ਇਹ ਅੰਕੜਾ 925 ਕੇਸ ਸੀ।

## ਜਗਦੀਸ਼ ਭੋਲਾ ਤੇ ਹੋਰਨਾਂ ਨੂੰ 12 ਸਾਲ ਦੀ ਕੈਦ

**ਮੁਹਾਲੀ:** ਮੁਹਾਲੀ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਸੂਬੇ ਦੇ ਬਹੁ-ਚਰਚਿਤ ਡਰੱਗ ਤਸਕਰੀ ਕੇਸਾਂ ਦਾ ਨਿਬੇੜਾ ਕਰਦਿਆਂ ਪੰਜਾਬ ਪੁਲਿਸ ਦੇ ਬਰਖਾਸਤ ਡੀ.ਐਸ.ਪੀ. ਅਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਨੂੰ ਦੋਸ਼ੀ ਕਰਾਰ ਦਿੰਦਿਆਂ ਇਕ ਕੇਸ 'ਚ 12 ਸਾਲ ਅਤੇ ਹੋਰ ਵੱਖ-ਵੱਖ ਕੇਸਾਂ 'ਚ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਇਕ ਹੋਰ ਕੇਸ ਵਿਚ ਦੋ ਸਾਲ ਦੀ ਸਜ਼ਾ ਸੁਣਾਈ ਗਈ ਹੈ। ਜਦਕਿ ਦੋ ਕੇਸਾਂ ਵਿਚ ਭੋਲਾ ਸਣੇ ਸਾਰੇ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ ਹੈ। ਬਿੱਟੂ ਔਲਖ ਤੇ ਪਰਮਜੀਤ ਚਾਹਲ ਨੂੰ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਨਸ਼ਾ ਤਸਕਰੀ ਦੇ ਇਕ ਕੇਸ ਨੂੰ ਬਕਾਇਆ ਰੱਖਿਆ ਗਿਆ ਹੈ। ਇਹ ਸਾਰੇ ਕੇਸ ਵੱਖ-ਵੱਖ ਥਾਣਿਆਂ ਵਿਚ ਦਰਜ ਕੀਤੇ ਗਏ ਸਨ। ਭੋਲਾ ਦੇ ਵਕੀਲਾਂ ਨੇ ਕਿਹਾ ਕਿ ਸੀ.ਬੀ.ਆਈ. ਅਦਾਲਤ ਦੇ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ। ਵੇਰਵਿਆਂ ਮੁਤਾਬਕ ਬਨੂੜ ਥਾਣੇ ਵਿਚ 2013 'ਚ ਦਰਜ ਕੇਸ ਵਿਚ ਜਗਦੀਸ਼ ਭੋਲਾ, ਸਤਿੰਦਰ ਸਿੰਘ ਧਾਮਾ, ਜਗਜੀਤ ਸਿੰਘ ਚਾਹਲ, ਸਰਬਜੀਤ ਸਿੰਘ ਸਾਬਾ, ਬਲਜਿੰਦਰ ਸਿੰਘ ਸੋਨੂੰ ਨੂੰ 10-10 ਸਾਲ ਦੀ ਕੈਦ, ਫਤਹਿਗੜ੍ਹ ਸਾਹਿਬ ਵਿਚ ਦਰਜ ਮਾਮਲੇ ਵਿਚ ਦਵਿੰਦਰ ਸਿੰਘ ਤੇ ਸੁਰੇਸ਼ ਕੁਮਾਰ ਨੂੰ 12-12 ਸਾਲ ਦੀ ਕੈਦ ਅਤੇ ਜੁਰਮਾਨਾ ਅਤੇ ਦੋਸ਼ੀ ਬਸਾਵਾ ਸਿੰਘ ਤੇ ਸੁਖਜੀਤ ਸਿੰਘ, ਸਚਿਨ ਸਰਦਾਨਾ ਨੂੰ 10-10 ਸਾਲ ਦੀ ਕੈਦ ਅਤੇ ਜੁਰਮਾਨਾ, ਜਦਕਿ ਜਗਦੀਸ਼ ਭੋਲਾ ਨੂੰ ਦੋ ਸਾਲ ਦੀ ਕੈਦ ਅਤੇ ਜੁਰਮਾਨਾ, ਗੁਰਜੀਤ ਸਿੰਘ ਨੂੰ ਇਕ ਸਾਲ ਦੀ ਕੈਦ ਅਤੇ ਜੁਰਮਾਨਾ, ਦਵਿੰਦਰ ਸ਼ਰਮਾ ਨੂੰ ਇੱਕ ਸਾਲ ਦੀ ਕੈਦ ਤੇ ਜੁਰਮਾਨਾ, ਰਾਕੇਸ਼ ਸਾਧੂ ਤੇ ਦੇਵਰਾਜ ਬਹਿਲ ਨੂੰ 2-2 ਸਾਲ ਦੀ ਕੈਦ ਅਤੇ ਜੁਰਮਾਨਾ ਕੀਤਾ ਗਿਆ ਹੈ।

ਇਸੇ ਤਰ੍ਹਾਂ ਮੰਡੀ ਗੋਬਿੰਦਗੜ੍ਹ ਵਿਚ ਦਰਜ ਕੇਸ 'ਚ ਮਨਪ੍ਰੀਤ ਸਿੰਘ 12 ਸਾਲ ਦੀ ਕੈਦ ਅਤੇ ਜੁਰਮਾਨਾ, ਗੱਬਰ ਸਿੰਘ ਨੂੰ 10 ਸਾਲ ਦੀ ਕੈਦ ਤੇ ਜੁਰਮਾਨਾ ਕੀਤਾ ਗਿਆ ਹੈ। ਸਰਹਿੰਦ ਥਾਣੇ

**ਡਰੱਗ ਤਸਕਰੀ**



ਵਿਚ ਦਰਜ ਕੇਸ ਵਿਚ ਹਰਪ੍ਰੀਤ ਸਿੰਘ ਨੂੰ ਇੱਕ ਸਾਲ ਦੀ ਕੈਦ ਤੇ ਜੁਰਮਾਨਾ, ਕੁਲਬੀਰ ਸਿੰਘ ਨੂੰ ਦੋ ਸਾਲ ਦੀ ਕੈਦ ਤੇ ਜੁਰਮਾਨਾ, ਫਤਹਿਗੜ੍ਹ ਸਾਹਿਬ ਵਿਚ ਦਰਜ ਇਕ ਹੋਰ ਮਾਮਲੇ ਵਿਚ ਅਨੂਪ ਸਿੰਘ ਕਾਹਲੋਂ ਨੂੰ 15 ਸਾਲ ਅਤੇ 10 ਸਾਲ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਇਸੇ ਤਰ੍ਹਾਂ ਕੁਲਵਿੰਦਰ ਸਿੰਘ ਨੂੰ 10 ਸਾਲ, 12 ਸਾਲ ਅਤੇ 2 ਸਾਲ ਦੀਆਂ ਤਿੰਨ ਸਜ਼ਾਵਾਂ, ਸਤਿੰਦਰ ਸਿੰਘ ਧਾਮਾ ਨੂੰ 15 ਸਾਲ ਅਤੇ ਇੱਕ ਸਾਲ ਦੀਆਂ ਦੋ ਸਜ਼ਾਵਾਂ ਦਿੱਤੀਆਂ ਗਈਆਂ ਹਨ। ਜਗਦੀਸ਼ ਸਿੰਘ ਨੂੰ 10 ਸਾਲ ਅਤੇ 12 ਸਾਲ ਦੀਆਂ ਦੋ ਸਜ਼ਾਵਾਂ ਸੁਣਾਈਆਂ ਗਈਆਂ ਹਨ। ਸਾਰੇ ਦੋਸ਼ੀ ਇਕੱਠੀਆਂ ਸਜ਼ਾਵਾਂ ਭੁਗਤਣਗੇ। ਇਸੇ ਮਾਮਲੇ 'ਚ ਨਾਮਜ਼ਦ ਕੁਲਦੀਪ ਸਿੰਘ ਅਤੇ ਸੰਦੀਪ ਠਾਕਰ ਨੂੰ 1-1 ਸਾਲ ਦੀ ਸਜ਼ਾ ਸੁਣਾਈ ਗਈ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਜਗਦੀਸ਼ ਭੋਲਾ ਤੇ ਹੋਰਨਾਂ ਖ਼ਿਲਾਫ਼ ਦਰਜ ਵੱਖਰੇ ਕੇਸ ਦੀ ਸੁਣਵਾਈ ਸੀ.ਬੀ.ਆਈ. ਅਦਾਲਤ ਵਿਚ ਜਾਰੀ ਰਹੇਗੀ।

### ਅਦਾਲਤ 'ਚ ਭੋਲਾ ਤੇ ਧਾਮਾ ਨੇ ਪੁਲਿਸ ਅਫਸਰਾਂ ਵੱਲ ਚੁੱਕੀ ਉਂਗਲ

**ਮੁਹਾਲੀ:** ਜਗਦੀਸ਼ ਭੋਲਾ ਨੇ ਅਦਾਲਤ 'ਚ ਦਲੀਲ ਦਿੱਤੀ ਸੀ ਕਿ ਉਸ ਨੂੰ ਪੁਲਿਸ ਨੇ ਪੁਰਾਣੀ ਰੰਜਿਸ਼ ਦੇ ਤਹਿਤ ਗਲਤ ਢੰਗ ਨਾਲ ਫਸਾਇਆ ਹੈ ਕਿਉਂਕਿ ਉਸ ਨੇ ਪੰਜਾਬ ਦੇ 2 ਅਫਸਰਾਂ ਖਿਲਾਫ਼ ਬਠਿੰਡਾ 'ਚ ਕੇਸ ਪਾਇਆ ਹੋਇਆ ਹੈ, ਜੋ ਕਿ ਵਿਚਾਰ ਅਧੀਨ ਹੈ। ਭੋਲਾ ਦਾ ਕਹਿਣਾ ਹੈ ਕਿ ਉਸ ਖਿਲਾਫ਼ ਬਠਿੰਡਾ 'ਚ ਸਾਲ 2002 'ਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਗਿਆ ਸੀ। ਕੇਸ 'ਚ ਸਾਲ 2007 ਵਿਚ ਉਸ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ।

ਅਦਾਲਤ ਵੱਲੋਂ ਭੋਲੇ ਦੀ ਇਸ ਦਲੀਲ 'ਤੇ ਕਿਹਾ ਗਿਆ ਸੀ ਕਿ ਪੁਲਿਸ ਵੱਲੋਂ ਇੰਨੀ ਵੱਡੀ ਮਾਤਰਾ 'ਚ ਡਰੱਗ ਮੁਹੱਈਆ ਕਰਨਾ ਮੁਮਕਿਨ ਹੀ ਨਹੀਂ ਹੈ। ਦੂਜੇ ਦੋਸ਼ੀ ਸਤਿੰਦਰ ਧਾਮਾ ਨੇ ਅਦਾਲਤ ਨੂੰ ਆਪਣੇ ਬਚਾਅ 'ਚ ਦਲੀਲ ਦਿੰਦਿਆਂ ਦੱਸਿਆ ਕਿ ਉਸ ਦਾ ਉਸ ਦੀ ਪਤਨੀ ਨਾਲ ਘਰੇਲੂ ਝਗੜਾ ਸੀ। ਉਸ ਦੀ ਪਤਨੀ ਪੰਜਾਬ ਪੁਲਿਸ ਦੇ ਇਕ ਐਸ.ਐਸ.ਪੀ. ਰੈਂਕ ਦੇ ਅਫਸਰ ਦੀ ਰਿਸ਼ਤੇਦਾਰ ਹੈ, ਜਿਸ ਕਾਰਨ ਉਸ ਨੂੰ ਗਲਤ ਫਸਾਇਆ ਗਿਆ ਹੈ। ਅਦਾਲਤ ਨੇ ਧਾਮਾ ਦੀ ਦਲੀਲ 'ਤੇ ਦਿੱਤੇ ਆਪਣੇ ਹੁਕਮਾਂ 'ਚ ਕਿਹਾ ਹੈ ਕਿ ਧਾਮਾ ਦਾ ਤਲਾਕ 2008 'ਚ ਹੋ ਗਿਆ ਸੀ, ਜਦਕਿ ਧਾਮਾ 'ਤੇ 2013 ਵਿਚ ਨਸ਼ਾ ਤਸਕਰੀ ਦਾ ਮਾਮਲਾ ਦਰਜ ਕੀਤਾ ਗਿਆ ਸੀ। ਧਾਮਾ ਦੀ ਪਤਨੀ ਦੇ ਰਿਸ਼ਤੇਦਾਰ ਪੁਲਿਸ ਅਫਸਰ ਦੀ ਧਾਮਾ ਖਿਲਾਫ਼ ਨਸ਼ਾ ਤਸਕਰੀ ਦੇ ਦਰਜ ਮਾਮਲੇ 'ਚ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਮੂਲੀਅਤ ਸਾਹਮਣੇ ਨਹੀਂ ਆਈ ਹੈ।

## ਵਿੱਤ ਮੰਤਰਾਲੇ ਨੇ ਬਿਨਾਂ ਅਗਾਊਂ ਮਨਜ਼ੂਰੀ ਦੇ ਖਰਚੇ 1157 ਕਰੋੜ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ 2017-18 ਦੌਰਾਨ ਵੱਖ ਵੱਖ ਮੱਦਾਂ ਤਹਿਤ ਵੰਡੇ ਗਏ ਬਜਟ ਤੋਂ 1157 ਕਰੋੜ ਰੁਪਏ ਵੱਧ ਖਰਚ ਕੀਤੇ ਹਨ। ਇਨ੍ਹਾਂ ਖਰਚਿਆਂ ਲਈ ਸੰਸਦ ਤੋਂ ਅਗੇਤੀ ਮਨਜ਼ੂਰੀ ਵੀ ਨਹੀਂ ਲਈ ਗਈ, ਇਹ ਗੱਲ ਕੈਗ (ਕੰਪਟਰੋਲਰ ਐਂਡ ਆਡਿਟਰ ਜਨਰਲ) ਦੀ ਸੰਸਦ 'ਚ ਪੇਸ਼ ਕੀਤੀ ਰਿਪੋਰਟ 'ਚ ਕਹੀ ਹੈ। ਕੇਂਦਰ ਸਰਕਾਰ ਦੇ ਖਾਤਿਆਂ ਦੇ ਵਿੱਤੀ ਆਡਿਟ ਸਬੰਧੀ ਕੈਗ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ 2017-18 ਦੌਰਾਨ ਸੰਸਦ ਦੀ ਅਗੇਤੀ ਮਨਜ਼ੂਰੀ ਲਏ ਬਿਨਾਂ 1,156.80 ਕਰੋੜ ਰੁਪਏ ਖਰਚ ਕੀਤੇ ਗਏ ਹਨ। ਰਿਪੋਰਟ 'ਚ ਕਿਹਾ ਗਿਆ ਕਿ ਵਿੱਤ ਮੰਤਰਾਲੇ ਨੇ ਨਵੀਆਂ ਸੇਵਾਵਾਂ ਜਾਂ ਨਵੇਂ ਸੇਵਾ ਸੋਮਿਆਂ ਦੇ ਸਬੰਧ 'ਚ ਮੁਕੰਮਲ ਢਾਂਚਾ ਤਿਆਰ ਨਹੀਂ ਕੀਤਾ, ਜਿਸ ਕਾਰਨ ਜ਼ਿਆਦਾ ਖਰਚਾ ਹੋਇਆ ਹੈ। ਵਿੱਤ ਮੰਤਰਾਲੇ ਅਧੀਨ ਆਉਣ ਵਾਲਾ ਆਰਥਿਕ ਮਾਮਲਿਆਂ ਦਾ ਵਿਭਾਗ ਵਧੇਰੇ ਖਰਚਿਆਂ ਲਈ ਤਜਵੀਜ਼ ਵਧਾਉਣ ਲਈ ਮਨਜ਼ੂਰੀ ਲੈਣ ਤੋਂ ਨਾਕਾਮ ਰਿਹਾ ਹੈ।

ਕੈਗ ਦੀ ਰਿਪੋਰਟ 'ਚ ਕਿਹਾ ਗਿਆ ਕਿ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਬਸਿਡੀ ਤੇ ਹੋਰਨਾਂ ਕੰਮਾਂ ਲਈ ਨਵੀਂ ਸੇਵਾ ਦੀ ਤਜਵੀਜ਼ ਵਧਾਉਣ ਲਈ ਪਹਿਲਾਂ ਸੰਸਦ ਤੋਂ ਪ੍ਰਵਾਨਗੀ ਲੈਣ ਦੀ ਲੋੜ ਹੁੰਦੀ ਹੈ। ਪੀਏਸੀ ਨੇ ਇਸ ਸਬੰਧੀ ਆਪਣੀ 83ਵੀਂ ਰਿਪੋਰਟ 'ਚ ਗੰਭੀਰਤਾ ਨਾਲ ਵਿਚਾਰ ਕੀਤਾ ਸੀ। ਪੀਏਸੀ ਨੇ ਕਿਹਾ ਸੀ ਕਿ ਇਹ ਖਾਮੀਆਂ ਸਬੰਧਤ ਮੰਤਰਾਲਿਆਂ ਤੇ ਵਿਭਾਗਾਂ ਦੀਆਂ ਕਮੀਆਂ ਵੱਲ ਇਸ਼ਾਰਾ ਕਰਦੀਆਂ ਹਨ।

# ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਈ ਸਿਆਸਤ

ਭਾਰਤੀ ਚੋਣ ਕਮਿਸ਼ਨ ਨੇ ਛੋਟੇ ਵਿਧਾਨ ਸਭਾ ਹਲਕੇ ਦੀ ਚੋਣ ਲਈ 16 ਲੱਖ ਅਤੇ ਵੱਡੇ ਹਲਕੇ ਲਈ 20 ਲੱਖ ਰੁਪਏ ਤੱਕ ਖਰਚਣ ਦੀ ਇਜਾਜ਼ਤ ਦੇ ਦਿੱਤੀ ਹੋਈ ਹੈ। ਇਸੇ ਤਰ੍ਹਾਂ ਛੋਟੇ ਲੋਕ ਸਭਾ ਹਲਕੇ ਲਈ 54 ਲੱਖ ਅਤੇ ਵੱਡੇ ਹਲਕੇ ਲਈ 70 ਲੱਖ ਰੁਪਏ ਤੱਕ ਖਰਚ ਕੋਈ ਵੀ ਉਮੀਦਵਾਰ ਕਰ ਸਕਦਾ ਹੈ ਪਰ ਉਸ ਦੇਸ਼, ਜਿਥੇ 22 ਫੀਸਦੀ ਜਾਂ 30 ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਹੋਣ, ਉਥੇ ਕੋਈ ਆਮ ਬੰਦਾ ਸਾਰੀ ਉਮਰ ਵੀ ਵਿਧਾਨ ਸਭਾ ਹਲਕੇ ਵਿਚ ਖਰਚਣ ਜੋਗੇ ਪੈਸੇ ਨਹੀਂ ਕਮਾ ਸਕਦਾ। ਗਰੀਬੀ ਦੀ ਰੇਖਾ ਦੀ ਪ੍ਰੀਭਾਸ਼ਾ ਇਹ ਦਿਤੀ ਜਾਂਦੀ ਹੈ ਕਿ ਪਿੰਡਾਂ ਵਿਚ ਜਿਸ ਬੰਦੇ ਦੀ ਰੋਜ਼ਾਨਾ 27 ਰੁਪਏ ਅਤੇ ਸ਼ਹਿਰਾਂ ਵਿਚ 32 ਰੁਪਏ ਆਮਦਨ ਹੈ, ਉਹ ਗਰੀਬੀ ਦੀ ਰੇਖਾ ਤੋਂ ਉਪਰ ਹੈ। ਜ਼ਾਹਿਰ ਹੈ ਕਿ ਲੋਕ ਸਭਾ ਚੋਣ ਲਈ ਆਮ ਬੰਦੇ ਦਾ ਪੂਰਾ

**ਡਾ. ਸ. ਸ. ਛੀਨਾ**

ਪਰਿਵਾਰ ਵੀ ਸਾਰੀ ਜ਼ਿੰਦਗੀ ਓਨੀ ਕਮਾਈ ਨਹੀਂ ਕਰ ਸਕਦਾ। ਇਸ ਹਾਲਤ ਵਿਚ ਚੋਣ ਵਿਚ ਖੜ੍ਹੇ ਹੋਣ ਅਤੇ ਚੋਣਾਂ ਦੌਰਾਨ ਹਰ ਇਕ ਲਈ ਬਰਾਬਰ ਦੇ ਮੌਕੇ ਕਿਸ ਤਰ੍ਹਾਂ ਕਹੇ ਜਾ ਸਕਦੇ ਹਨ?


ਕਿਸੇ ਵੀ ਲੋਕਤੰਤਰ ਦੀ ਸਫਲਤਾ ਲਈ ਦੋ ਮੁੱਢਲੇ ਤੱਤ ਹਨ: ਵਿਦਿਆ ਅਤੇ ਖੁਸ਼ਹਾਲੀ, ਜਿਨ੍ਹਾਂ ਦੇ ਆਧਾਰ 'ਤੇ ਵੋਟ ਪਾਉਣ ਵਾਲਾ ਸ਼ਖਸ ਠੀਕ ਉਮੀਦਵਾਰ ਦੀ ਚੋਣ ਕਰ ਸਕਦਾ ਹੈ। ਖੁਸ਼ਹਾਲੀ ਜਾਂ ਗਰੀਬੀ ਬਾਰੇ ਤਾਂ ਉਤੇ ਦਿੱਤੀ ਪ੍ਰੀਭਾਸ਼ਾ ਰਾਹੀਂ ਦੱਸਿਆ ਹੀ ਗਿਆ ਹੈ; ਵਿਦਿਆ ਦੇ ਪੱਖ ਤੋਂ ਅਜੇ ਵੀ ਦੇਸ਼ ਦੀ ਸਾਖਰਤਾ ਦਰ 72 ਫੀਸਦੀ ਹੈ। ਇਸ ਦਾ ਅਰਥ ਹੈ ਕਿ 100 ਵਿਚੋਂ 28 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਸਕੂਲ ਛੱਡ ਜਾਂਦੇ ਹਨ, ਤੇ 8ਵੀਂ ਜਮਾਤ ਪੜ੍ਹੇ ਬੱਚੇ ਨੂੰ ਪੜ੍ਹਿਆਂ-ਲਿਖਿਆਂ ਵਿਚ ਗਿਣ ਲਿਆ ਜਾਂਦਾ ਹੈ। ਬਹੁਤ ਸਾਰੀਆਂ ਰਿਪੋਰਟਾਂ ਵਿਚ ਇਹ ਗੱਲ ਦੱਸੀ ਗਈ ਹੈ ਕਿ ਚੋਣਾਂ ਵਿਚ ਪੈਸੇ ਨਾਲ ਵੋਟਰਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ।

ਪਿੱਛੇ ਜਿਹੇ ਔਕਸਫਾਮ ਨੇ ਦੇਸ਼ ਵਿਚ ਆਮਦਨ ਦੀ ਨਾਬਰਾਬਰੀ ਦੀ ਜਿਹੜੀ ਰਿਪੋਰਟ ਦਿੱਤੀ ਹੈ, ਉਸ ਅਨੁਸਾਰ ਸਿਰਫ਼ ਇਕ ਫੀਸਦੀ ਲੋਕਾਂ ਕੋਲ ਦੇਸ਼ ਦੇ ਕੁੱਲ ਧਨ ਵਿਚੋਂ 51.55 ਫੀਸਦੀ ਹੈ, ਜਦੋਂਕਿ 10 ਫੀਸਦੀ ਕੋਲ 77.4 ਫੀਸਦੀ ਧਨ ਹੈ। ਫਿਰ ਦੇਸ਼ ਦੇ ਸਿਰਫ਼ 9 ਅਮੀਰ ਆਦਮੀਆਂ ਕੋਲ ਓਨਾ ਧਨ ਹੈ, ਜਿੰਨਾ ਦੇਸ਼ ਦੀ ਅੱਧੀ ਆਬਾਦੀ ਜਾਂ 65 ਕਰੋੜ ਲੋਕਾਂ ਕੋਲ ਹੈ। ਦੇਸ਼ ਦੇ 10 ਫੀਸਦੀ ਜਾਂ 13.6 ਕਰੋੜ ਲੋਕ, ਜਿਹੜੇ 2004 ਤੋਂ ਲਗਾਤਾਰ ਗਰੀਬੀ ਭੋਗ ਰਹੇ ਹਨ, ਉਹ ਕਰਜ਼ੇ ਦੇ ਬੋਝ ਥੱਲੇ ਦੱਬੇ ਹੋਏ ਹਨ। ਵਧਦੀ ਹੋਈ ਨਾਬਰਾਬਰੀ ਬਾਰੇ ਜਿਹੜੇ ਹਾਲਾਤ ਦੱਸੇ ਗਏ ਹਨ, ਉਸ ਅਨੁਸਾਰ ਪਿਛਲੇ ਸਾਲ ਇਕ ਫੀਸਦੀ ਅਮੀਰਾਂ ਨੇ ਰੋਜ਼ਾਨਾ 2200 ਕਰੋੜ ਰੁਪਏ ਕਮਾਏ ਅਤੇ ਉਨ੍ਹਾਂ ਦੀ ਜਾਇਦਾਦ ਵਿਚ 39 ਫੀਸਦੀ ਵਾਧਾ ਹੋਇਆ। ਦੂਜੇ ਪਾਸੇ 50 ਫੀਸਦੀ ਆਬਾਦੀ ਦੀ ਜਾਇਦਾਦ ਵਿਚ ਸਿਰਫ਼ 3 ਫੀਸਦੀ ਦਾ ਵਾਧਾ ਹੋਇਆ ਹੈ।

ਅਸਾਵੇਂ ਵਿਕਾਸ ਵਿਚ ਖੇਤੀ 'ਤੇ ਅਜੇ ਵੀ ਅੱਧੀ ਤੋਂ ਵੱਧ ਵਸੋਂ ਨੂੰ ਨਿਰਭਰ ਕਰਨਾ ਪੈ ਰਿਹਾ ਹੈ, ਜਦੋਂਕਿ ਉਨ੍ਹਾਂ ਦਾ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ 14 ਫੀਸਦੀ ਤੋਂ ਵੀ ਥੱਲੇ ਹੋ ਗਿਆ ਹੈ। ਬਾਕੀ ਦੀ ਤਕਰੀਬਨ 40 ਫੀਸਦੀ ਵਸੋਂ ਦੇ ਹਿੱਸੇ 86 ਫੀਸਦੀ ਆਮਦਨ ਆਉਂਦੀ ਹੈ। ਦੇਸ਼ ਵਿਚ ਗ਼ੈਰ-ਜਥੇਬੰਦ ਖੇਤਰ, ਜਿਸ ਵਿਚ ਹੁਣ ਤਕਰੀਬਨ 93 ਫੀਸਦੀ ਕਿਰਤ ਸ਼ਕਤੀ ਲੱਗੀ ਹੋਈ ਹੈ, ਦੇ ਵਧਣ ਕਰਕੇ ਉਨ੍ਹਾਂ ਦੀ ਸਮਾਜਿਕ ਸੁਰੱਖਿਆ ਜਿਵੇਂ ਪੈਨਸ਼ਨ, ਪ੍ਰਾਵੀਡੈਂਟ ਫੰਡ, ਬੀਮਾ ਆਦਿ ਸਹੂਲਤਾਂ ਵਿਚ ਵੱਡੀ ਕਮੀ ਆਈ ਹੈ।

ਭਾਰਤੀ ਰਾਜਨੀਤੀ ਵਿਚ ਪਰਿਵਾਰਕ ਨੇਤਾਗਿਰੀ ਪੀੜ੍ਹੀ-ਦਰ-ਪੀੜ੍ਹੀ ਚਲਦੀ ਆ ਰਹੀ ਹੈ ਅਤੇ ਚੱਲ ਰਹੀ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਅਸਾਵੇਂ ਵਿਕਾਸ ਕਰਕੇ ਗਰੀਬੀ ਦੀ ਰੇਖਾ ਤੋਂ ਥੱਲੇ ਲੋਕਾਂ ਦੀ ਜ਼ਿਆਦਾ ਗਿਣਤੀ ਪਿੰਡਾਂ ਵਿਚ ਹੈ। ਪਿੰਡਾਂ ਵਿਚ ਸਿਹਤ ਅਤੇ ਵਿਦਿਅਕ ਸਹੂਲਤਾਂ ਪਛੜੀਆਂ ਰਹਿਣ ਕਰਕੇ ਇਕ ਰਿਪੋਰਟ ਅਨੁਸਾਰ, ਯੂਨੀਵਰਸਿਟੀਆਂ ਅਤੇ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿਚ ਪਿੰਡਾਂ ਦੇ ਸਿਰਫ਼ 4 ਫੀਸਦੀ ਵਿਦਿਆਰਥੀ ਹਨ। ਪਿੰਡਾਂ ਅਤੇ ਸ਼ਹਿਰਾਂ ਦੀ ਰਹਿਣੀ ਦੇ ਫ਼ਰਕ ਨੂੰ ਇਸ ਤੱਥ ਤੋਂ ਹੀ ਵਾਚਿਆ ਜਾ ਸਕਦਾ ਹੈ ਕਿ ਅਸੈਂਬਲੀ ਅਤੇ ਪਾਰਲੀਮੈਂਟ ਵਿਚ ਪ੍ਰਤੀਨਿਧਤਾ ਕਰਨ ਵਾਲਿਆਂ ਵਿਚੋਂ ਸ਼ਾਇਦ ਹੀ ਕਿਸੇ ਦੀ ਰਿਹਾਇਸ਼ ਪਿੰਡ ਵਿਚ ਹੋਵੇ ਹਾਲਾਂਕਿ ਜ਼ਿਆਦਾਤਰ ਪਾਰਲੀਮੈਂਟ ਤੇ ਅਸੈਂਬਲੀ ਹਲਕਿਆਂ ਵਿਚ ਵੋਟਰਾਂ ਦੀ ਵਧੇਰੇ ਗਿਣਤੀ ਪਿੰਡਾਂ ਵਿਚ ਰਹਿੰਦੀ ਹੈ, ਇਉਂ ਇਹ ਲੋਕ ਇਕ ਤਰ੍ਹਾਂ ਨਾਲ ਪਿੰਡਾਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ।

ਰਾਜਨੀਤੀ ਵਿਚ ਮਜ਼ਬੂਤ ਆਰਥਿਕਤਾ ਦੀ ਭੂਮਿਕਾ ਦਾ ਬੜਾ ਬੋਲਬਾਲਾ ਹੈ, ਫਿਰ ਇਹ ਮਜ਼ਬੂਤ ਹਾਲਤ ਹੀ ਬਾਕੀ ਤੱਤਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਪ੍ਰਕਾਰ ਆਮਦਨ ਅਤੇ ਧਨ ਦੀ ਨਾਬਰਾਬਰੀ ਹੋਰ ਵਧ ਰਹੀ ਹੈ। ਰਾਜਨੀਤਕ ਸੀਮਾ ਵੀ ਲਗਾਤਾਰ ਸੁੰਗੜ ਰਹੀ ਹੈ ਅਤੇ ਘਟ ਰਹੀ ਹੈ। ਲੈ-ਦੇ ਕੇ




ਸਿਰਫ਼ ਵੋਟ ਪਾਉਣ ਤੱਕ ਹੀ, ਹਰ ਇਕ ਦੀ ਬਰਾਬਰ ਭਾਗੀਦਾਰ ਸੀਮਤ ਹੋ ਗਈ ਹੈ ਅਤੇ ਇਸ ਨੂੰ ਪੈਸਾ, ਤੋਹਫੇ ਅਤੇ ਵਾਅਦੇ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਢੰਗ-ਤਰੀਕਿਆਂ ਨਾਲ ਲਗਾਤਾਰ ਵਿਕਾਸ ਅਤੇ ਖੁਸ਼ਹਾਲੀ ਦੇ ਵਾਅਦੇ ਤਾਂ ਭਾਵੇਂ ਕੀਤੇ ਜਾਂਦੇ ਹਨ ਪਰ ਖੁਸ਼ਹਾਲੀ ਬਣਨ ਵਾਲੇ ਆਧਾਰ ਦੀ ਕੋਈ ਵਿਆਖਿਆ ਨਹੀਂ ਕੀਤੀ ਜਾਂਦੀ। ਜਿਵੇਂ ਪਿਛੇ ਜਿਹੇ ਹੋਈਆਂ ਚੋਣਾਂ ਦੌਰਾਨ ਕਰਜ਼ਾ ਮੁਆਫ਼ੀ ਦੇ ਵਾਅਦੇ ਨਾਲ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਜ਼ਿਆਦਾਤਰ ਵਾਅਦੇ ਆਰਥਿਕਤਾ ਨਾਲ ਹੀ ਸਬੰਧਤ ਹੁੰਦੇ ਹਨ, ਜਿਨ੍ਹਾਂ ਵਿਚ ਰੁਜ਼ਗਾਰ ਪੈਦਾ ਕਰਨਾ ਮੁੱਖ ਹੈ ਜਦੋਂ ਕਿ ਰੁਜ਼ਗਾਰ-ਰਹਿਤ ਵਿਕਾਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਸਗੋਂ ਹੋਰ ਗੰਭੀਰ ਹੋਈ ਹੈ।

ਲੋਕਤੰਤਰ ਰਾਜ ਪ੍ਰਬੰਧ ਦੀ ਸਭ ਤੋਂ ਚੰਗੀ ਪ੍ਰਣਾਲੀ ਹੈ ਪਰ ਇਸ ਵਿਚ ਇਹ ਬਹੁਤ ਜ਼ਰੂਰੀ ਹੈ ਕਿ ਇਸ ਵਿਚ ਹਰ ਕੋਈ ਬਰਾਬਰ ਦਾ ਹਿੱਸੇਦਾਰ ਹੋਵੇ; ਰਾਜਨੀਤੀ ਜਾਂ ਵੋਟ ਨੂੰ ਪੈਸੇ ਨਾਲ ਜਾਂ ਕਿਸੇ ਲਾਲਚ ਵਿਚ ਪ੍ਰਭਾਵਿਤ ਨਾ ਕੀਤਾ ਜਾ ਸਕੇ। ਦੁਨੀਆਂ ਦੇ ਵਿਕਸਿਤ ਦੇਸ਼ਾਂ ਦਾ ਲੋਕਤੰਤਰ ਦਾ ਮਾਡਲ ਸਫ਼ਲ ਲੋਕਤੰਤਰ ਦੀ ਵਧੀਆ ਮਿਸਾਲ ਹੈ। ਉਨ੍ਹਾਂ ਦੇਸ਼ਾਂ ਵਿਚ ਕਦੇ ਵੀ ਵੋਟਰਾਂ ਨੂੰ ਪੈਸੇ ਨਾਲ ਪ੍ਰਭਾਵਿਤ ਕਰਨ ਜਾਂ ਲਾਲਚ ਦੇ ਕੇ ਪ੍ਰਭਾਵਿਤ ਕਰਨ ਦੀਆਂ ਖ਼ਬਰਾਂ ਜਾਂ ਮਿਸਾਲਾਂ ਨਹੀਂ ਮਿਲਦੀਆਂ।

ਉਨ੍ਹਾਂ ਦੇਸ਼ਾਂ ਵਿਚ ਧਨ ਦੀ ਨਾਬਰਾਬਰੀ ਤਾਂ ਹੈ ਪਰ ਆਮਦਨ ਦੀ ਨਾਬਰਾਬਰੀ ਘੱਟ ਹੈ। ਘੱਟੋ-ਘੱਟ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਿ ਵੋਟਾਂ ਨੂੰ ਧਨ ਦੇ ਲਾਲਚ ਨਾਲ ਪ੍ਰਭਾਵਿਤ ਕੀਤਾ ਜਾ ਸਕੇ। ਫਿਰ ਉਨ੍ਹਾਂ ਦੇਸ਼ਾਂ ਵਿਚ ਸਾਖਰਤਾ ਦੀ ਦਰ ਵੀ 100 ਫੀਸਦੀ ਹੈ, ਠੀਕ ਚੋਣ ਦੀ ਸਮੱਸਿਆ ਨਹੀਂ। ਇਸ ਦੇ ਉਲਟ ਭਾਰਤ ਵਿਚ ਆਮਦਨ ਦੀ ਨਾਬਰਾਬਰੀ ਹੈ ਜਿਹੜੀ ਸਗੋਂ ਹੋਰ ਵਧ ਰਹੀ ਹੈ ਅਤੇ 100 ਵਿਚੋਂ 72 ਸ਼ਖ਼ਸਾਂ ਦੇ ਅਨਪੜ੍ਹ ਹੋਣ ਕਰਕੇ ਫਿਰ ਦੇਸ਼ ਦੇ 3 ਕਰੋੜ ਬੱਚੇ ਕਿਰਤ ਕਰਨ ਲਈ ਮਜਬੂਰ ਹੋਣੇ ਅਤੇ ਉਨ੍ਹਾਂ ਦੀ ਗਿਣਤੀ ਵਿਚ ਹਰ ਸਾਲ ਹੋ ਰਿਹਾ ਵਾਧਾ, ਲੋਕਤੰਤਰ ਦੀ ਰੁਕਾਵਟ ਬਣਦਾ ਹੈ। ਇਸੇ ਕਰਕੇ ਲੋਕਤੰਤਰ ਵਿਚ ਹਰ ਇਕ ਦੀ ਹਿੱਸੇਦਾਰੀ ਨਹੀਂ ਬਣਦੀ ਅਤੇ ਰਾਜਨੀਤੀ ਦਾ ਇਕ ਹੀ ਪਰਿਵਾਰ ਵਿਚ ਸੁੰਗੜ ਕੇ ਰਹਿ ਜਾਣ ਦਾ ਕਾਰਨ ਵੀ ਬਣਦਾ ਹੈ।

ਆਮਦਨ ਦੀ ਨਾਬਰਾਬਰੀ ਆਪਣੇ ਆਪ ਹੀ ਖੁਸ਼ਹਾਲੀ ਦੀ ਸਭ ਤੋਂ ਵੱਡੀ ਰੁਕਾਵਟ ਹੈ। ਜ਼ਿਆਦਾ ਗਿਣਤੀ ਕੋਲ ਘੱਟ ਆਮਦਨ ਹੋਣ ਕਰਕੇ ਉਨ੍ਹਾਂ ਦੀ ਖਰੀਦ ਸ਼ਕਤੀ ਘੱਟ ਹੈ, ਜਿਸ ਕਰਕੇ ਉਹ ਘੱਟ ਵਸਤੂਆਂ ਅਤੇ ਸੇਵਾਵਾਂ ਖਰੀਦਦੇ ਹਨ। ਨਵੀਆਂ ਵਸਤੂਆਂ ਅਤੇ ਸੇਵਾਵਾਂ ਦੇ ਪੈਦਾ ਹੋਣ ਦੀ ਇਸ ਕਰਕੇ ਲੋੜ ਨਹੀਂ ਪੈਂਦੀ ਕਿਉਂ ਜੋ ਪਹਿਲੀਆਂ ਹੀ ਨਹੀਂ ਵਿਕਦੀਆਂ। ਇਸ ਕਰਕੇ ਜਿਸ ਤਰ੍ਹਾਂ ਰਾਜਨੀਤੀ ਸੁੰਗੜ ਕੇ ਕੁਝ ਕੁ ਲੋਕਾਂ ਤੱਕ ਸੀਮਤ ਰਹਿ ਜਾਂਦੀ ਹੈ, ਉਸ ਤਰ੍ਹਾਂ ਹੀ ਆਮਦਨ ਤੇ ਧਨ ਵੀ ਕੁਝ ਲੋਕਾਂ ਤੱਕ ਸੀਮਤ ਹੋ ਜਾਂਦਾ ਹੈ ਜੋ ਅਗਾਂਹ ਰਾਜਨੀਤੀ ਨੂੰ ਪ੍ਰਭਾਵਿਤ ਕਰਦਾ ਹੈ।

ਪਿਛਲੇ 70 ਸਾਲਾਂ ਤੋਂ ਚੋਣਾਂ ਦੇ ਇਹ ਨਾਅਰੇ ਲਗਾਤਾਰ ਚਰਚਿਤ ਰਹੇ ਹਨ: ਗਰੀਬੀ ਹਟਾਓ ਅਤੇ ਰੋਟੀ, ਕੱਪੜਾ ਤੇ ਮਕਾਨ। ਇਹ ਨਾਅਰੇ ਇਕ ਨਹੀਂ, ਹਰ ਪਾਰਟੀ ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਵਰਤਦੀ ਹੈ। ਚੋਣਾਂ ਦੇ ਦਿਨਾਂ ਵਿਚ ਇਨ੍ਹਾਂ ਨਾਅਰਿਆਂ ਦੀ ਵਰਤੋਂ ਵਧ ਜਾਂਦੀ ਹੈ। ਵੋਟਰਾਂ ਨੂੰ ਉਨ੍ਹਾਂ ਸਾਰੀਆਂ ਆਰਥਿਕ ਸਮੱਸਿਆਵਾਂ ਦੇ ਖਾਤਮੇ ਦਾ ਸੁਪਨਾ ਦਿਖਾਇਆ ਜਾਂਦਾ ਹੈ; ਇਸ ਗੱਲ ਦੀ ਵਿਆਖਿਆ ਤੋਂ ਬਗੈਰ ਕਿ ਵੱਡੀਆਂ ਪ੍ਰਾਪਤੀਆਂ, ਜਿਨ੍ਹਾਂ ਦੇ ਵਾਅਦੇ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਕੀਤਾ ਜਾ ਸਕੇਗਾ। ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਨਾਬਰਾਬਰੀਆਂ ਦੂਰ ਕਰਕੇ ਖੁਸ਼ਹਾਲ ਆਰਥਿਕਤਾ ਸਥਾਪਤ ਕਰਨ ਲਈ ਢਾਂਚੇ ਵਿਚ ਤਬਦੀਲੀਆਂ ਦੀ ਵਿਆਖਿਆ ਕਿਤੇ ਨਹੀਂ ਕੀਤੀ ਜਾਂਦੀ। ਫਿਰ ਜਦੋਂ ਉਸ ਗੱਲ ਦੀ ਵਿਆਖਿਆ ਨਹੀਂ ਕੀਤੀ ਜਾਂਦੀ ਤਾਂ ਚੋਣਾਂ ਤੋਂ ਬਾਅਦ ਉਸ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨ ਦੀ ਕੀ ਜ਼ਰੂਰਤ ਹੁੰਦੀ ਹੈ? ਇਸ ਤਰ੍ਹਾਂ ਇਨ੍ਹਾਂ ਲੋਕ ਲੁਭਾਊ ਨਾਅਰਿਆਂ ਅਤੇ ਵਾਅਦਿਆਂ ਦਾ ਦੌਰ ਇਕ ਚੋਣ ਤੋਂ ਬਾਅਦ ਦੂਸਰੀ ਚੋਣ ਤੱਕ ਚਲਦਾ ਜਾ ਰਿਹਾ ਹੈ।

# ਪੁਲਵਾਮਾ ਘਟਨਾ ਦੀ ਸਿਆਸੀ ਕੀਮਤ

2016 ਵਿਚ ਉੜੀ ਬ੍ਰਿਗੇਡ 'ਤੇ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਮੋਦੀ ਸਰਕਾਰ ਨੇ ਸਰਜੀਕਲ ਸਟ੍ਰਾਈਕ ਕਰਕੇ ਆਮ ਲੋਕਾਂ ਵਿਚ ਪਾਕਿਸਤਾਨ ਤੋਂ ਬਦਲਾ ਲੈਣ ਦੇ ਸਮਰੱਥ ਪ੍ਰਧਾਨ ਮੰਤਰੀ ਦਾ ਅਕਸ ਸਥਾਪਿਤ ਕਰਨ ਦਾ ਯਤਨ ਕੀਤਾ ਸੀ। ਇਸ ਸਾਲ ਪਹਿਲੀ ਤਾਰੀਕ ਨੂੰ ਦਿੱਤੇ ਗਏ ਆਪਣੇ ਇੰਟਰਵਿਊ ਵਿਚ ਮੋਦੀ ਨੇ ਸਰਜੀਕਲ ਸਟ੍ਰਾਈਕ ਵਿਚ ਆਪਣੀ ਨਿੱਜੀ ਭੂਮਿਕਾ ਦਾ ਵਿਸਥਾਰ ਨਾਲ ਵਰਨਣ ਵੀ ਕੀਤਾ ਸੀ। ਇਸ ਸਰਜੀਕਲ ਸਟ੍ਰਾਈਕ 'ਤੇ ਬਣੀ ਫ਼ਿਲਮ ਨੂੰ ਭਾਜਪਾ ਵਲੋਂ ਆਪਣੇ ਖ਼ਰਚ 'ਤੇ ਰਾਹੁਲ ਗਾਂਧੀ ਦੇ ਚੋਣ ਖੇਤਰ ਅਮੇਠੀ ਵਿਚ ਦਿਖਾਇਆ ਗਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਥਲ ਸੈਨਾ ਨੂੰ ਨਵੀਂ

**ਅਭੈ ਕੁਮਾਰ ਦੂਬੇ**

ਤੋਪ ਦਿੰਦੇ ਸਮੇਂ ਉਸ ਵਿਚ ਬੈਠ ਕੇ ਆਪਣੀ ਤਸਵੀਰ ਵੀ ਖਿਚਾਈ ਤਾਂ ਕਿ ਰਾਸ਼ਟਰ ਦੇ ਮੁਸਤੈਦ ਰੱਖਿਅਕ ਵਜੋਂ ਉਨ੍ਹਾਂ ਦਾ ਅਕਸ ਹੋਰ ਪੁਖਤਾ ਹੋ ਸਕੇ। ਅਕਸ ਨਿਰਮਾਣ ਦੇ ਇਸ ਅਮਲ ਨੂੰ ਪੁਲਵਾਮਾ ਦੀ ਘਟਨਾ ਨੇ ਗੜਬੜਾ ਦਿੱਤਾ ਹੈ। ਇਸ ਵਾਰ ਜਵਾਬੀ ਫ਼ੌਜੀ ਕਾਰਵਾਈ ਕਰਨ ਵਿਚ ਕਈ ਅੜਿੱਕੇ ਹਨ। ਜਿਵੇਂ ਇਲਾਕੇ ਵਿਚ ਬਹੁਤ ਜ਼ਿਆਦਾ ਬਰਫ਼ ਜੰਮੀ ਹੋਈ ਹੈ। ਇਸ ਸਮੇਂ ਪਾਕਿਸਤਾਨ ਦਾ ਅਸਲ ਸ਼ਾਸਨ ਪੂਰੀ ਤਰ੍ਹਾਂ ਨਾਲ ਉਥੋਂ ਦੀ ਫ਼ੌਜ ਦੇ ਹੱਥਾਂ ਵਿਚ ਹੈ ਜਿਹੜੀ ਸਰਜੀਕਲ ਸਟ੍ਰਾਈਕ ਦੀ ਘਟਨਾ ਤੋਂ ਬਾਅਦ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਚੌਕਸ ਹੋਵੇਗੀ। ਉਸ ਸਮੇਂ ਉਥੇ ਨਵਾਜ਼ ਸ਼ਰੀਫ਼ ਦੀ ਸਰਕਾਰ ਸੀ ਅਤੇ ਫ਼ੌਜ ਮੁਖੀ ਨਾਲ ਉਸ ਦੀ ਅਦਾਵਤ ਚੱਲ ਰਹੀ ਸੀ। ਇਸ ਸਮੇਂ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਸਬੰਧੀ ਸਮਝਿਆ ਜਾਂਦਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਫ਼ੌਜ ਦੀ ਗੋਦੀ ਵਿਚ ਬੈਠੇ ਹੋਏ ਹਨ। ਉਪਰੋਂ ਪਾਕਿਸਤਾਨ ਕੋਲ ਚੀਨ ਦਾ ਅਟੱਲ ਸਮਰਥਨ ਹੈ। ਚੀਨ ਮਸੂਦ ਅਜ਼ਹਰ ਨੂੰ ਕੌਮਾਂਤਰੀ ਮੰਚਾਂ 'ਤੇ ਦਹਿਸ਼ਤੀ ਐਲਾਨ ਹੀ ਨਹੀਂ ਕਰਨ ਦੇ ਰਿਹਾ। ਇਸ ਲਈ ਖ਼ਤਰਾ ਇਹ ਹੈ ਕਿ ਕਿਸੇ ਵੀ ਫ਼ੌਜੀ ਹੌਸਲੇ ਦੇ ਨਤੀਜੇ ਵਿਰੋਧੀ ਵੀ ਹੋ ਸਕਦੇ ਹਨ।

ਸ਼ਾਇਦ ਇਹੀ ਹਨ ਉਹ ਕਾਰਨ ਜਿਨ੍ਹਾਂ ਦੀ ਵਜ੍ਹਾ ਨਾਲ ਪੁਲਵਾਮਾ ਦੀ ਘਟਨਾ ਉਤੇ ਭਾਜਪਾ ਦੇ ਬੁਲਾਰੇ ਸ਼ੁਰੂ ਵਿਚ ਥੋੜ੍ਹਾ ਹਿਚਕਿਚਾਉਣ ਲੱਗੇ ਸਨ। ਦੂਜੇ ਪਾਸੇ, ਰਾਹੁਲ ਗਾਂਧੀ ਦੀ ਅਗਵਾਈ ਵਿਚ ਵਿਰੋਧੀ ਧਿਰ ਨੇ ਵੀ ਉਨ੍ਹਾਂ ਨੂੰ ਹਮਲਾਵਰ ਹੋਣ ਦਾ ਕੋਈ ਮੌਕਾ ਨਹੀਂ ਦਿੱਤਾ। ਕਾਂਗਰਸ ਨੇ ਇਸ ਮੁੱਦੇ 'ਤੇ ਰਾਜਨੀਤਕ ਹੋੜ ਵਿਚ ਉਤਰਨ ਤੋਂ ਇਨਕਾਰ ਕਰਕੇ ਇਹ ਦਿਖਾਇਆ ਕਿ ਉਹ ਇਸ ਘਟਨਾ ਦਾ ਸਸਤਾ ਰਾਜਨੀਤਕ ਲਾਭ ਨਾ



ਚੁੱਕਣਾ ਚਾਹੁੰਦੀ ਹੈ ਅਤੇ ਨਾ ਹੀ ਚੁੱਕਣ ਦੇਣਾ ਚਾਹੁੰਦੀ ਹੈ। ਇਸ ਦੀ ਤੁਲਨਾ ਜੇ ਪਿਛਲੀ ਚੋਣ ਮੁਹਿੰਮ ਦੌਰਾਨ ਨਰਿੰਦਰ ਮੋਦੀ, ਗਿਰੀਰਾਜ ਸਿੰਘ, ਸੁਸ਼ਮਾ ਸਵਰਾਜ ਅਤੇ ਰਵੀਸ਼ੰਕਰ ਪ੍ਰਸਾਦ ਸਮੇਤ ਹੋਰ ਭਾਜਪਾ ਨੇਤਾਵਾਂ ਦੇ ਬਿਆਨਾਂ ਨਾਲ ਕੀਤੀ ਜਾਵੇ ਤਾਂ ਸੁਖਦ ਜਿਹਾ ਅਹਿਸਾਸ ਹੁੰਦਾ ਹੈ। ਉਸ ਸਮੇਂ ਭਾਜਪਾ ਨੇਤਾਵਾਂ ਦੀਆਂ ਬਿਆਨਬਾਜ਼ੀਆਂ ਅਨੁਸਾਰ ਤਾਂ ਪੁਲਵਾਮਾ ਦੀ ਘਟਨਾ ਦੇ ਬਾਅਦ ਭਾਰਤੀ ਫ਼ੌਜ ਨੂੰ ਇਸ ਸਮੇਂ ਲਾਹੌਰ ਕੋਲ ਹੋਣਾ ਚਾਹੀਦਾ ਸੀ। ਇਹ ਕਹਿਣ ਦੀ ਲੋੜ ਨਹੀਂ ਹੋਵੇਗੀ ਕਿ ਸਰਕਾਰ ਦੀਆਂ ਮੁਸ਼ਕਿਲਾਂ ਤਾਂ ਹਨ ਹੀ, ਵਿਰੋਧੀ ਧਿਰ ਵੀ ਦੁਚਿਤੀ ਵਿਚ ਹੈ। ਉਸ ਦੀ ਆਦਰਸ਼ ਸਥਿਤੀ ਤਾਂ ਇਹ ਹੋਵੇਗੀ ਕਿ ਇਸ ਮੁੱਦੇ ਉਤੇ ਉਹ ਇਸ ਤਰ੍ਹਾਂ ਨਾਲ ਰਾਜਨੀਤੀ ਕਰੇ ਕਿ ਰਾਜਨੀਤੀ ਕਰਦੀ ਹੋਈ ਨਾ ਦਿਸੇ ਅਤੇ ਨਾ ਹੀ ਮੰਨੀ ਜਾਵੇ।

ਜਿਵੇਂ-ਜਿਵੇਂ ਲੰਘਦੇ ਸਮੇਂ ਦੇ ਨਾਲ ਪੁਲਵਾਮਾ ਵਿਚ ਸੀ.ਆਰ.ਪੀ.ਐਫ. 'ਤੇ ਹੋਏ ਆਤਮਘਾਤੀ ਹਮਲੇ ਦਾ ਸਦਮਾ ਘੱਟ ਹੋਵੇਗਾ, ਉਵੇਂ-ਉਵੇਂ ਰਾਜਨੀਤਕ ਪਾਰਟੀਆਂ ਇਹ ਅੰਦਾਜ਼ਾ ਲਗਾਉਣ ਵੱਲ ਵਧਣਗੀਆਂ ਕਿ ਇਸ ਭਿਆਨਕ ਦਹਿਸ਼ਤੀ ਕਾਰਵਾਈ ਦੀ ਰਾਜਨੀਤਕ ਕੀਮਤ ਕੀ ਹੋਵੇਗੀ ਅਤੇ ਉਸ ਨੂੰ ਕੌਣ ਕਿੰਨਾ ਕੁ ਚੁਕਾਏਗਾ? ਇੰਤਜ਼ਾਰ ਕਰਨ ਦਾ ਸਮਾਂ ਕਿਸੇ ਦੇ ਕੋਲ ਨਹੀਂ ਹੈ। 15-20 ਦਿਨਾਂ ਦੇ ਅੰਦਰ-ਅੰਦਰ ਚੋਣ ਕਮਿਸ਼ਨ ਆਗਾਮੀ ਆਮ ਚੋਣਾਂ ਦੀ ਕਾਰਵਾਈ ਸ਼ੁਰੂ ਕਰ ਸਕਦਾ ਹੈ (ਇਕ ਚਰਚਾ ਇਹ ਵੀ ਹੈ ਕਿ ਇਸ ਘਟਨਾ ਕਾਰਨ ਚੋਣਾਂ ਕੁਝ ਅੱਗੇ ਖਿਸਕਾਉਣ ਦੇ ਪ੍ਰਸਤਾਵ 'ਤੇ ਵਿਚਾਰ ਕੀਤਾ ਜਾਵੇ। ਇਹ ਅਸਾਧਾਰਨ ਗੱਲ ਹੋਵੇਗੀ, ਇਸ ਲਈ ਜਿਸ ਤਰ੍ਹਾਂ ਦੀ ਆਮ ਸਹਿਮਤੀ ਦੀ ਲੋੜ ਹੋਵੇਗੀ, ਉਹ ਹਾਸਲ ਕਰਨੀ ਅਸੰਭਵ ਹੀ ਹੈ)।

ਸੱਤਾ ਲਈ ਹੋਣ ਵਾਲੀ ਦੌੜ 'ਤੇ ਪੁਲਵਾਮਾ ਦੀ ਘਟਨਾ ਲਾਜ਼ਮੀ ਤੌਰ 'ਤੇ ਆਪਣਾ ਅਸਰ ਪਾਵੇਗੀ। ਵੋਟਰ ਇਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ 'ਤੇ ਪਾਉਣਗੇ? ਜੇ 10 ਦਿਨਾਂ ਦੇ ਅੰਦਰ-ਅੰਦਰ ਪਾਕਿਸਤਾਨ ਵਿਰੁਧ ਕੋਈ ਜਵਾਬੀ ਫ਼ੌਜੀ ਕਾਰਵਾਈ ਹੁੰਦੀ ਹੈ (ਕਿਸੇ ਅਤਿਵਾਦੀ ਟਿਕਾਣੇ 'ਤੇ ਹਵਾਈ ਹਮਲਾ ਜਾਂ ਇਕ ਹੋਰ ਸਰਜੀਕਲ ਸਟ੍ਰਾਈਕ ਜਾਂ ਕੋਈ ਹੋਰ ਕਾਰਵਾਈ) ਤਾਂ ਕੀ ਉਸ ਦਾ ਸਿਹਰਾ ਮੌਜੂਦਾ ਸਰਕਾਰ ਨੂੰ ਇਸ ਤਰਜ਼ 'ਤੇ ਦਿੱਤਾ ਜਾ ਸਕਦਾ ਹੈ ਕਿ ਉਸ ਨੇ ਪੁਲਵਾਮਾ ਵਿਚ ਹੋਏ ਕੌਮੀ ਨਿਰਾਦਰ ਦਾ ਬਦਲਾ ਲੈ ਲਿਆ ਹੈ? ਨਿਸ਼ਚਿਤ ਤੌਰ 'ਤੇ ਸਰਕਾਰ ਇਹ ਦਾਅਵਾ ਕਰੇਗੀ ਅਤੇ ਪ੍ਰਧਾਨ ਮੰਤਰੀ ਨੂੰ ਇਸ ਦਾ ਸਿਹਰਾ ਦਿੱਤਾ ਜਾਵੇਗਾ। ਜਿਵੇਂ ਹੀ ਅਜਿਹਾ ਹੋਵੇਗਾ, ਵਿਰੋਧੀ ਧਿਰ ਵੀ ਆਪਣੀਆਂ ਉਨ੍ਹਾਂ ਆਲੋਚਨਾਵਾਂ ਨਾਲ ਨਿਕਲ ਕੇ ਸਾਹਮਣੇ ਆ ਜਾਵੇਗੀ, ਜਿਹੜੀਆਂ ਉਸ ਨੇ ਫਿਲਹਾਲ ਸੰਜਮ ਨਾਲ ਰੋਕ ਕੇ ਰੱਖੀਆਂ ਹੋਈਆਂ ਹਨ। ਨਤੀਜੇ ਵਜੋਂ ਸ਼ਲਾਘਾਯੋਗ ਪ੍ਰਤੀਤ ਹੋ ਰਹੀ ਇਹ ਰਾਜਨੀਤਕ ਆਮ ਸਹਿਮਤੀ ਭੰਗ ਹੋ ਜਾਵੇਗੀ, ਜਿਹੜੀ ਇਸ ਸਮੇਂ ਦਿਖਾਈ ਦੇ ਰਹੀ ਹੈ।

ਇਹ ਕਹਿਣ ਦੀ ਲੋੜ ਨਹੀਂ ਹੋਵੇਗੀ ਕਿ ਵਿਰੋਧੀ ਧਿਰ ਕੋਲ ਕਹਿਣ ਲਈ ਕਈ ਗੱਲਾਂ ਹਨ। ਜੇ ਅਜਿਹੀ ਘਟਨਾ ਕੋਈ 10 ਮਹੀਨੇ ਪਹਿਲਾਂ ਹੋਈ ਹੁੰਦੀ ਤਾਂ ਜਿਸ ਤਰ੍ਹਾਂ ਦੀ ਰਾਜਨੀਤੀ ਹੁਣ ਹੋਈ ਹੈ, ਉਸ ਤਰ੍ਹਾਂ ਦੀ ਕਦੇ ਵੀ ਨਹੀਂ ਹੁੰਦੀ। ਦੋਵੇਂ ਧਿਰਾਂ ਕੋਲ ਕਹਿਣ ਅਤੇ ਕਰਨ ਲਈ ਸਮਾਂ ਹੁੰਦਾ। ਜੇ ਮੌਜੂਦਾ ਆਮ ਸਹਿਮਤੀ ਥੋੜ੍ਹਚਿਰੀ ਹੀ ਹੋਈ ਤਾਂ ਵਿਰੋਧੀ ਧਿਰ ਸਰਕਾਰ 'ਤੇ ਕੁਝ ਖਰੇ-ਖਰੇ ਸਵਾਲ ਪੁੱਛ ਸਕਦੀ ਹੈ। ਜਿਵੇਂ ਸਵਾਲ ਕੀਤਾ ਜਾ ਸਕਦਾ ਹੈ ਕਿ ਸਰਕਾਰ ਇਸ ਤਰ੍ਹਾਂ ਦੀ ਜਾਂ ਕਿਸੇ ਹੋਰ ਤਰ੍ਹਾਂ ਦੀ ਸੰਭਾਵਿਤ ਅਤਿਵਾਦੀ ਕਾਰਵਾਈ ਵਿਰੁਧ ਦੂਰਗਾਮੀ ਸੋਚ ਨਾਲ ਕੋਈ ਪੇਸ਼ਬੰਦੀ ਕਰਨ ਵਿਚ ਨਾਕਾਮ ਕਿਉਂ ਰਹੀ? ਇਹ ਕਾਰਵਾਈ ਭਾਵੇਂ ਜੈਸ਼-ਏ-ਮੁਹੰਮਦ ਨੇ ਕੀਤੀ ਹੋਵੇ ਪਰ ਅਜਿਹਾ ਵੀ ਤਾਂ ਹੋ ਸਕਦਾ ਹੈ ਕਿ ਸੀਰੀਆ ਵਿਚ ਆਈ.ਐਸ.ਆਈ.ਐਸ. ਦੇ ਹਾਰ ਕੇ ਬਿਖਰਨ ਅਤੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਵਲੋਂ ਸ਼ਾਂਤੀ ਵਾਰਤਾ ਪ੍ਰਤੀ ਹਾਂ-ਪੱਖੀ ਰੁਝਾਨ ਦਿਖਾਉਣ ਕਾਰਨ ਬੇਰੁਜ਼ਗਾਰ ਹੋਏ ਪੇਸ਼ੇਵਰ ਅਤਿਵਾਦੀਆਂ ਦੀ ਟੋਲੀ ਵੀ ਕਸ਼ਮੀਰ ਵਰਗੀ ਅਤਿਵਾਦ ਲਈ ਅਨੁਕੂਲ ਜ਼ਮੀਨ ਵੱਲ ਅਕਰਸ਼ਕ ਹੋ ਜਾਵੇ। ਕੀ ਭਾਰਤ ਸਰਕਾਰ ਦੀਆਂ ਖੁਫ਼ੀਆ ਏਜੰਸੀਆਂ ਕੋਲ ਇਹ ਸਮਝਦਾਰੀ ਅਤੇ ਨਜ਼ਰ ਸੀ? ਆਖ਼ਰਕਾਰ ਕਸ਼ਮੀਰ ਵਿਚ ਚੁਣੀ ਹੋਈ ਸਰਕਾਰ ਵਿਚ ਵੀ ਭਾਜਪਾ ਦੀ ਹਿੱਸੇਦਾਰੀ ਸੀ ਅਤੇ ਰਾਜਪਾਲ ਸ਼ਾਸਨ ਤਾਂ ਸਿੱਧਾ-ਸਿੱਧਾ ਕੇਂਦਰ ਦਾ ਹੀ ਸ਼ਾਸਨ ਹੈ। ਮਾਹਿਰਾਂ ਦਾ ਵਿਚਾਰ ਹੈ ਕਿ ਕਸ਼ਮੀਰ ਵਿਚ ਕੁਝ ਸਾਲਾਂ ਤੋਂ ਅਤਿਵਾਦੀ ਕਾਰਵਾਈਆਂ ਦਾ ਖਾਸਾ ਬਦਲਾਓ ਵੱਲ ਹੈ। ਮਾਰੇ ਜਾਣ ਵਾਲੇ ਅਤਿਵਾਦੀਆਂ ਵਿਚ ਸਥਾਨਕ ਨੌਜਵਾਨਾਂ ਦੀ ਗਿਣਤੀ ਵਧ ਰਹੀ ਹੈ ਅਤੇ ਵਿਦੇਸ਼ੀ ਅਤਿਵਾਦੀ ਘਟ ਰਹੇ ਹਨ। ਇਹ ਵੀ ਪੁੱਛਿਆ ਜਾ ਸਕਦਾ ਹੈ: ਕੀ ਸਰਕਾਰ ਦੀ ਰਣਨੀਤਕ ਸੋਚ ਉਤੇ ਕਸ਼ਮੀਰੀ ਅਤਿਵਾਦ ਦੇ ਢਾਂਚੇ ਵਿਚ ਹੋ ਰਿਹਾ ਇਹ ਬਦਲਾਓ ਦਰਜ ਹੋਇਆ ਹੈ, ਤੇ ਜੇ ਹੋਇਆ ਹੈ ਤਾਂ ਇਸ ਦੇ ਹੱਲ ਲਈ ਸਰਕਾਰ ਨੇ ਆਪਣੀਆਂ ਨੀਤੀਆਂ ਵਿਚ ਕੀ ਬਦਲਾਓ ਕੀਤੇ ਹਨ?

ਕਸ਼ਮੀਰ ਦੀ ਸਥਾਨਕ ਰਾਜਨੀਤੀ ਵਿਚ ਪੀ.ਡੀ.ਪੀ. ਅਤੇ ਨੈਸ਼ਨਲ ਕਾਨਫਰੰਸ ਦੇ ਨਜ਼ਦੀਕ ਆਉਣ ਦੀਆਂ ਸੰਭਾਵਨਾਵਾਂ ਨਾਲ ਨਵੀਂ ਹਲਚਲ ਪੈਦਾ ਹੋਈ ਹੈ। ਉਥੇ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਇਕੱਠੀਆਂ ਹੋ ਸਕਦੀਆਂ ਹਨ। ਜ਼ਾਹਰ ਹੈ ਕਿ ਪੀ.ਡੀ.ਪੀ. ਅਤੇ ਭਾਜਪਾ ਦੇ ਗੱਠਜੋੜ ਦਾ ਪ੍ਰਯੋਗ ਇਤਿਹਾਸ ਦੇ ਕੂੜੇਦਾਨ ਵਿਚ ਜਾ ਚੁੱਕਾ ਹੈ। ਭਾਜਪਾ ਵਾਲੇ ਤਾਂ ਹੁਣ ਇਸ ਦੀ ਚਰਚਾ ਵੀ ਪਸੰਦ ਨਹੀਂ ਕਰਦੇ। ਹੁਣ ਇਹ ਦੇਖਣਾ ਹੋਵੇਗਾ ਕਿ ਭਾਰਤੀ ਫ਼ੌਜ ਕੀ ਕਰਦੀ ਹੈ ਅਤੇ ਹਾਲਾਤ ਉਸ ਨੂੰ ਕਿਸ ਹੱਦ ਤੱਕ ਕਾਰਵਾਈ ਕਰਨ ਦੀ ਇਜਾਜ਼ਤ ਦਿੰਦੇ ਹਨ। ਅਗਲੀ ਲੋਕ ਸਭਾ ਦਾ ਭਵਿਖ ਇਨ੍ਹਾਂ ਘਟਨਾਵਾਂ 'ਤੇ ਨਿਰਭਰ ਕਰਦਾ ਹੈ।

# ਮੁਸ਼ਕਿਲ, ਨਹੀਂ ਹੈ ਮੁਸ਼ਕਿਲ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਆਪਣੀ ਕਾਵਿ ਸੰਵੇਦਨਾ ਅਤੇ ਕਾਵਿ ਰੀਝਾਂ ਦਾ ਪਾਠਕਾਂ ਦੇ ਸਨਮੁੱਖ ਖੁਲਾਸਾ ਕਰਦਿਆਂ ਤਮੰਨਾ ਜਾਹਰ ਕੀਤੀ ਸੀ, ਇਕ ਕਵਿਤਾ ਉਜੜੇ ਖੂਹਾਂ, ਮੌਤ ਨਾਲ ਮਣਸੀਆਂ ਮੌਣਾਂ, ਔਂਤਰੇ ਔਲੂਆਂ, ਗੁਆਚੀਆਂ ਗਾਟੀਆਂ ਅਤੇ ਚੇਤਿਆਂ ਵਿਚ ਵੱਸੇ ਬੋਹੜਾਂ ਤੇ ਪਿੱਪਲਾਂ ਬਾਰੇ ਲਿਖਣਾ ਚਾਹੁੰਨਾਂ, ਜਿਨ੍ਹਾਂ ਦੀ ਮਿੱਠੜੀ ਯਾਦ ਹੁਣ ਵੀ ਚੇਤਿਆਂ ਨੂੰ ਤਰੋਤਾਜ਼ਾ ਕਰ ਜਾਂਦੀ। ਹਥਲੇ ਲੇਖ ਵਿਚ ਉਨ੍ਹਾਂ ਮੁਸ਼ਕਿਲਾਂ ਦੀ ਗੱਲ ਕੀਤੀ ਹੈ ਕਿ ਜ਼ਿੰਦਗੀ ਵਿਚ ਮੁਸ਼ਕਿਲਾਂ ਤਾਂ ਹੁੰਦੀਆਂ ਹੀ ਹਨ, ਇਨ੍ਹਾਂ ਨਾਲ ਸਿੱਝਣ ਵਾਲੇ ਹੀ ਜ਼ਿੰਦਗੀ ਵਿਚ ਅੱਗੇ ਤੁਰਦੇ ਹਨ। ਉਹ ਕਹਿੰਦੇ ਹਨ, "ਜਦ ਕਿਸੇ ਦੇ ਮਨ ਵਿਚ ਆ ਜਾਵੇ, 'ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ ਨੇ' ਤਾਂ ਤਵਾਰੀਖ ਦੇ ਮੁਹਾਂਦਰੇ ਨੂੰ ਨਵੀਂਆਂ ਤਸ਼ਬੀਹਾਂ ਦੇਣ ਤੋਂ ਕੌਣ ਰੋਕ ਸਕਦਾ?...ਮੁਸ਼ਕਿਲਾਂ ਨੂੰ ਜ਼ਿੰਦਗੀ ਵਿਚੋਂ ਕਦੀ ਵੀ ਮਨਫੀ ਨਹੀਂ ਕੀਤਾ ਜਾ ਸਕਦਾ। ਮੁਸ਼ਕਿਲਾਂ ਤੋਂ ਬਿਨਾ ਅਰਥਹੀਣ ਹੁੰਦੀ ਏ ਜ਼ਿੰਦਗੀ। ਮੁਸ਼ਕਿਲਾਂ ਹੀ ਜ਼ਿੰਦਗੀ ਨੂੰ ਨਿਖਾਰਦੀਆਂ ਅਤੇ ਸੰਵਾਰਦੀਆਂ, ਜਿਸ ਨਾਲ ਅੰਤਰੀਵ ਵਿਚ ਛੁਪੀਆਂ ਸ਼ਕਤੀਆਂ ਨੂੰ ਸਮਰੱਥਾ ਦਿਖਾਉਣ ਦਾ ਸੁਹੰਢਣਾ ਮੌਕਾ ਮਿਲਦਾ।" ਡਾ. ਭੰਡਾਲ ਦੀ ਨਸੀਹਤ ਹੈ, "ਮੁਸ਼ਕਿਲਾਂ ਤੋਂ ਮੁੱਖ ਨਾ ਮੋੜੋ। ਸਗੋਂ ਜ਼ਿੰਦਾਦਿਲੀ ਨਾਲ ਸਾਹਮਣਾ ਕਰੋ। ਇਸ ਦੇ ਨੈਣਾਂ ਵਿਚ ਝਾਕੋ ਅਤੇ ਕਾਮਯਾਬੀ ਦੇ ਮਾਰਗ ਦੀ ਲੋਚਾ ਬਣਾਓ। ਜ਼ਿੰਦਗੀ ਤੁਹਾਡੀ ਹਿੰਮਤ ਅਤੇ ਹੌਸਲੇ ਦਾ ਨਗਮਾ ਗੁਣਗਣਾਏਗੀ।" -ਸੰਪਾਦਕ***

ਮੁਸ਼ਕਿਲ, ਸੋਚ-ਅਸਮਰੱਥਾ, ਮਾਨਸਿਕ ਅਪੰਗਤਾ, ਸਮਰੱਥਾ ਦਾ ਅਧੂਰਾਪਣ, ਆਤਮ ਵਿਸ਼ਵਾਸ ਦੀ ਘਾਟ ਅਤੇ ਇੱਛਾ-ਪੂਰਤੀ ਦਾ ਊਣਾਪਣ। ਅਜਿਹੀ ਮਾਨਸਿਕ ਅਵਸਥਾ, ਜੋ ਸੰਭਵ ਨੂੰ ਅਸੰਭਵ ਬਣਾ, ਮਨੁੱਖ ਲਈ ਪ੍ਰਸ਼ਨ ਚਿੰਨ ਬਣਦੀ।

ਮੁਸ਼ਕਿਲ, ਮਨ ਦੀਆਂ ਕਮਜ਼ੋਰੀਆਂ ਦਾ ਜੱਗ-ਜਾਹਰ ਹੋਣਾ, ਹੀਣਤਾ ਨੂੰ ਪੂਰਨਤਾ ਵੰਨੀਂ ਤੋਰਨ ਤੋਂ ਮੁਨਕਰੀ, ਖੁਦ ਵੰਨੀਂ ਝਾਕਣ ਦੀ ਥਾਂ ਦੂਜਿਆਂ ਦੇ ਨੁਕਸ ਚਿਤਾਰਨਾ ਜਾਂ ਕਾਰਜ ਵਿਚ ਪੈਦਾ ਹੋਣ ਵਾਲੀਆਂ ਅੜਚਣਾਂ ਦਾ ਬੇਲੋੜਾ ਤੌਖਲਾ।

ਬੋਲਬਾਣੀ ਵਿਚਲਾ ਮੁਸ਼ਕਿਲ ਹਰਫ, ਕਮਜ਼ੋਰੀ ਦਾ ਜ਼ਖੀਰਾ ਅਤੇ ਕਰਮਹੀਣਾਂ ਲਈ ਬਹਾਨਾ। ਉਹ ਇਸ ਬਹਾਨੇ ਦੀ ਓਟ ਵਿਚ ਆਪਣੇ ਆਪ ਤੋਂ ਵੀ ਹੀਣੇ ਤੇ ਬੌਣੇ ਹੋ ਜਾਂਦੇ।

ਮੁਸ਼ਕਿਲ ਕਦੇ ਵੀ ਮੁਸ਼ਕਿਲ ਨਹੀਂ ਹੁੰਦੀ। ਮੁਸ਼ਕਿਲ ਤਾਂ ਇਹ ਹੁੰਦੀ ਕਿ ਅਸੀਂ ਮੁਸ਼ਕਿਲ ਨੂੰ ਬੇਲੋੜਾ ਹੀ ਹੋਰ ਮੁਸ਼ਕਿਲ ਬਣਾ ਦਿੰਦੇ। ਮੁਸ਼ਕਿਲ-ਮੌਕਿਆਂ 'ਤੇ ਜਦ ਮੁਸ਼ਕਿਲ ਦੀਆਂ ਪਰਤਾਂ ਖੁੱਲ੍ਹਦੀਆਂ ਤਾਂ ਹਰੇਕ ਮੁਸ਼ਕਿਲ ਹੀ ਅਸਾਨ ਹੋ ਜਾਂਦੀ।

ਮੁਸ਼ਕਿਲ ਵਿਚੋਂ ਗੁਜ਼ਰਦਿਆਂ ਹੀ ਰਾਹ ਬਣਦੇ, ਜੋ ਪੈੜਾਂ ਜਨਮਦੇ। ਇਹ ਪੈੜਾਂ ਜਦ ਸੁਪਨਿਆਂ ਦੀ ਪਗਡੰਡੀ 'ਤੇ ਆਪਣੀ ਹੋਂਦ ਉਕਰਦੀਆਂ ਤਾਂ ਮੰਜ਼ਿਲਾਂ ਦੀ ਪੂਰਨ-ਪ੍ਰਾਪਤੀ ਸਿਰੜੀ ਇਨਸਾਨਾਂ ਦਾ ਸ਼ਰਫ ਬਣਦਾ।

ਕਦੇ ਮੁਸ਼ਕਿਲ ਸੀ ਅੰਬਰ ਵਿਚ ਉਡਣਾ, ਸਮੁੰਦਰਾਂ ਵਿਚ ਰਾਹ-ਰਵਾਨਗੀ ਬਣਨਾ, ਮਾਰੂਥਲਾਂ ਨੂੰ ਗਾਹੁਣਾ ਅਤੇ ਜੰਗਲਾਂ ਵਿਚ ਜਾਂਗਲੀ ਮਾਨਸਿਕਤਾ ਨਾਲ ਰਾਬਤਾ ਬਣਾਉਣਾ, ਪਰ ਇਹ ਮਨੁੱਖ ਦੀ ਹਿੰਮਤ, ਦਲੇਰੀ ਅਤੇ ਪ੍ਰਤੀਬੱਧਤਾ ਹੀ ਸੀ ਕਿ ਮਨੁੱਖ ਨੇ ਅਸੰਭਵ ਨੂੰ ਸੰਭਵ ਕਰ ਵਿਖਾਇਆ।

ਮੁਸ਼ਕਿਲ ਨੂੰ ਹੱਲ ਕਰਨ ਲਈ ਕਿਸੇ ਨੂੰ ਤਾਂ ਪਹਿਲ ਕਰਨੀ ਪੈਂਦੀ। ਪਹਿਲ ਕਰਨ ਵਾਲੇ ਹੀ ਸਮਿਆਂ ਦੇ ਸ਼ਾਹ-ਅਸਵਾਰ। ਪਹਿਲਾ ਕਦਮ ਹੀ ਕਠਿਨ ਹੁੰਦਾ। ਫਿਰ ਤਾਂ ਕਦਮ ਨਾਲ ਮਿਲਦੇ ਕਦਮ ਕਾਫਲਿਆਂ ਦਾ ਰੂਪ ਧਾਰਦੇ। ਕਾਫਲੇ ਹੀ ਹੁੰਦੇ ਕੀਰਤੀਆਂ ਦੀ ਕਰਮ-ਭੂਮੀ।

ਮੁਸ਼ਕਿਲਾਂ ਨਾਲ ਆਢਾ ਲਾਉਣ ਵਾਲੇ ਜਰਵਾਣੇ ਤੇ ਜੰਗਜੂ। ਉਨ੍ਹਾਂ ਦੀ ਦਲੇਰੀ ਸਾਹਵੇਂ ਜਮਰੌਦ ਦਾ ਕਿਲਾ ਫਤਿਹ ਹੋਣ ਲਈ ਉਤਾਵਲਾ। ਮੁਸ਼ਕਿਲ ਮੁਹਿੰਮਾਂ ਨੂੰ ਸਰ ਕਰਨ ਵਾਲੇ ਹੀ ਇਤਿਹਾਸ ਨੂੰ ਆਪਣੇ ਨਾਮ ਲਿਖਵਾਂਦੇ। ਦਰਅਸਲ ਇਤਿਹਾਸ ਹੁੰਦਾ ਹੀ ਅਜਿਹੇ ਵਿਅਕਤੀਆਂ ਦਾ, ਜੋ ਕੁਝ ਵਿਲੱਖਣ ਤੇ ਵਿਕੋਲਿਤਰਾ ਕਰ, ਸਮਾਜ ਨੂੰ ਨਵੀਂਆਂ ਬੁਲੰਦੀਆਂ ਦਾ ਅਹਿਸਾਸ ਕਰਵਾਉਂਦੇ।

ਜੀਵਨ ਵਿਚ ਕੁਝ ਵੀ ਮੁਸ਼ਕਿਲ ਨਹੀਂ ਹੁੰਦਾ ਅਤੇ ਨਾ ਹੀ ਅਸੰਭਵ ਹੁੰਦਾ, ਪਰ ਜਦ ਅਸੰਭਵ ਸ਼ਬਦ ਸਾਡੀ ਮਾਨਸਿਕਤਾ ਵਿਚ ਘਰ ਕਰਦਾ ਤਾਂ ਉਹ ਸਾਡੀਆਂ ਸੀਮਾਵਾਂ ਨੂੰ ਵਲਗਣਾਂ 'ਚ ਸੀਮਤ ਕਰਦਾ, ਜੋ ਅਸੀਮਤ ਹੁੰਦੀਆਂ। ਮਨ ਨੂੰ ਕਿਸੇ ਵੀ ਕਾਰਜ ਲਈ ਤਿਆਰ ਕਰਨ 'ਤੇ, ਹਰ ਕੰਮ ਤੁਹਾਡੀ ਸੇਧ, ਸੁਭਾਅ ਅਤੇ ਸਰੂਪ ਅਨੁਸਾਰ ਪੂਰਨ ਹੋ, ਰੂਹ-ਤ੍ਰਿਪਤੀ ਦਾ ਸਬੱਬ ਬਣਦਾ। ਇਹੀ ਤੁਹਾਡੀ ਸਮਰੱਥਾ ਅਤੇ ਸੋਝੀ ਨੂੰ ਸਿੰਜਦਾ।

ਜਦ ਕਿਸੇ ਦੇ ਮਨ ਵਿਚ ਆ ਜਾਵੇ, "ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ ਨੇ" ਤਾਂ ਤਵਾਰੀਖ ਦੇ ਮੁਹਾਂਦਰੇ ਨੂੰ ਨਵੀਂਆਂ ਤਸ਼ਬੀਹਾਂ ਦੇਣ ਤੋਂ ਕੌਣ ਰੋਕ ਸਕਦਾ?

ਅਤਿ ਮੁਸ਼ਕਿਲ ਵਿਚ ਜਦ ਕੋਈ ਢੋਈ ਨਾ ਮਿਲੇ ਤਾਂ ਕੁਝ ਕੁ ਰੂਹ ਦੇ ਹਾਣੀ ਤੁਹਾਡੀ ਹੌਸਲਾ-ਅਫਜ਼ਾਈ ਕਰਦੇ, ਬਾਹਾਂ ਦੀ ਤਾਕਤ ਬਣ, ਤੁਹਾਡੀਆਂ ਮੁਸ਼ਕਿਲਾਂ ਨੂੰ ਸੁਖਾਲਾ ਕਰਦੇ ਤਾਂ ਤੁਹਾਡੀ ਝੋਲੀ ਵਿਚ ਸਫਲਤਾ ਦਾ ਨਿਉਂਦਾ ਪੈਂਦਾ।

ਮੁਸ਼ਕਿਲ ਦੇ ਬਹੁਤ ਰੂਪ। ਇਹ ਮਨ ਦੀ, ਤਨ ਦੀ ਜਾਂ ਧਨ ਦੀ ਵੀ ਹੁੰਦੀ। ਹਰੇਕ ਰੂਪ ਵਿਚ ਜਦ ਮਨੁੱਖ ਨੂੰ ਟਕਰਦੀ ਤਾਂ ਮਨੁੱਖੀ ਪਰਖ ਨੂੰ ਸਾਣ 'ਤੇ ਚਾੜ੍ਹਦੀ। ਤੁਸੀਂ ਇਸ ਨੂੰ ਕਿਵੇਂ ਲੈਂਦੇ ਹੋ? ਇਸ ਦੀ ਕਠਿਨ ਪ੍ਰੀਖਿਆ ਵਿਚੋਂ ਕਿਹੜੀਆਂ ਜੁਗਤਾਂ ਤੇ ਤਰਕੀਬਾਂ ਨਾਲ ਸਫਲ ਹੁੰਦੇ ਹੋ, ਇਹ ਸੋਚ ਦੀ ਬਾਰੀਕੀ, ਬਿਹਤਰੀ ਅਤੇ ਬਾਖੂਬੀ 'ਤੇ ਨਿਰਭਰ ਕਰਦਾ।

ਮੁਸ਼ਕਿਲਾਂ ਨੂੰ ਜ਼ਰਨ ਅਤੇ ਇਨ੍ਹਾਂ ਨੂੰ ਹਰਾਉਣ ਵਾਲੇ, ਅੰਗਹੀਣ ਹੋ ਕੇ ਪੂਰਨ-ਅੰਗੇ। ਉਨ੍ਹਾਂ ਦੇ ਕਾਰਨਾਮਿਆਂ ਸਾਹਵੇਂ ਸਿਰ ਝੁਕਦਾ ਕਿਉਂਕਿ ਉਨ੍ਹਾਂ ਦੀਆਂ ਕਮੀਆਂ, ਹਿੰਮਤ ਬਣ ਨਵੀਂਆਂ ਸੰਭਾਵਨਾਵਾਂ ਅਤੇ ਸੁਪਨਿਆਂ ਦਾ ਪੈਗਾਮ ਬਣਦੀਆਂ। ਅਜਿਹੇ ਵਿਅਕਤੀ ਅਰਥਹੀਣ ਸਮਾਜ ਲਈ ਰੋਲ ਮਾਡਲ। ਉਨ੍ਹਾਂ ਲਈ ਦੁਸ਼ਵਾਰੀਆਂ ਦਾ ਕੋਈ ਡਰ, ਖੌਫ ਜਾਂ ਭੈਅ ਨਹੀਂ ਹੁੰਦਾ। ਅਜਿਹੇ ਲੋਕਾਂ ਲਈ ਖਤਰਿਆਂ ਨਾਲ ਖੇਡਦਿਆਂ, ਸੋਚ-ਬੀਹੀ ਨੂੰ ਸਥਿਰ, ਸਾਵੇਂ ਅਤੇ ਸਾਬਤ ਕਦਮੀਂ ਮਾਪਣਾ, ਜੀਵਨੀ-ਕਸਬ ਹੁੰਦਾ।

ਹਰ ਕੰਮ ਉਨ੍ਹਾਂ ਲਈ ਮੁਸ਼ਕਿਲ ਹੁੰਦਾ, ਜੋ ਪਰ ਹੁੰਦਿਆਂ ਵੀ ਬੇ-ਪਰੇ ਹੁੰਦੇ। ਦਿਲ-ਗੁਰਦਾ ਰੱਖਦਿਆਂ ਵੀ ਕਮ-ਦਿਲੇ ਹੁੰਦੇ। ਦਿਮਾਗ ਹੁੰਦਿਆਂ ਵੀ ਮੰਦ-ਬੁੱਧੀ ਦਾ ਪ੍ਰਗਟਾਵਾ ਕਰਦੇ। ਰਾਹਾਂ ਦੀ ਸਪੱਸ਼ਟਤਾ ਦੌਰਾਨ ਵੀ ਦੀਦਿਆਂ ਵਿਚ ਬੇਆਸ




***ਮੁਸ਼ਕਿਲਾਂ ਨੂੰ ਮਨ-ਮੀਤਾਂ ਨਾਲ ਸਾਂਝੀਆਂ ਕਰੋ, ਪਰ ਇਸ ਦਾ ਹੋਕਾ ਨਾ ਦਿਓ ਕਿਉਂਕਿ ਵੀਹ ਪ੍ਰਤੀਸ਼ਤ ਲੋਕ ਤਾਂ ਇਸ ਵੰਨੀਂ ਧਿਆਨ ਹੀ ਨਹੀਂ ਦੇਣਗੇ ਅਤੇ ਅੱਸੀ ਪ੍ਰਤੀਸ਼ਤ ਲੋਕ ਇਸ ਗੱਲ ਤੋਂ ਖੁਸ਼ ਹੋਣਗੇ ਕਿ ਤੁਸੀਂ ਮੁਸ਼ਕਿਲਾਂ ਵਿਚ ਘਿਰ ਗਏ ਹੋ।***

***ਜਦ ਤੁਸੀਂ ਹਰ ਵੇਲੇ ਮੁਸ਼ਕਿਲਾਂ 'ਤੇ ਹੀ ਧਿਆਨ ਕੇਂਦ੍ਰਿਤ ਕਰਦੇ ਹੋ ਤਾਂ ਮੁਸ਼ਕਿਲਾਂ ਗੁੰਝਲਦਾਰ ਹੋ ਜਾਂਦੀਆਂ। ਸਗੋਂ ਮੁਸ਼ਕਿਲ ਵੱਲ ਧਿਆਨ ਦੇਣ ਦੀ ਥਾਂ ਇਸ ਦੇ ਹੱਲ ਵੱਲ ਧਿਆਨ ਧਰਨ 'ਤੇ, ਇਸ ਦੀਆਂ ਪਰਤਾਂ ਵਿਚੋਂ ਹੱਲ ਵੀ ਦਿਖਾਈ ਦੇਣ ਲੱਗਦਾ।***

ਦਾ ਧੁੰਦਲਕਾ ਹੁੰਦਾ। ਪੜ੍ਹੇ-ਲਿਖੇ ਹੋ ਕੇ ਵੀ ਗਿਆਨ-ਜੋਤ ਤੋਂ ਵਿਰਵੇ ਹੁੰਦੇ। ਸਮਾਜ ਵਿਚ ਵਿਚਰਦਿਆਂ ਅਸਮਾਜਕ ਵਰਤਾਰਿਆਂ ਤੋਂ ਅਣਜਾਣ ਰਹਿੰਦੇ।

ਮੁਸ਼ਕਿਲ ਤਾਂ ਉਨ੍ਹਾਂ ਲਈ ਸਭ ਤੋਂ ਵੱਧ ਹੁੰਦੀ, ਜੋ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਦੇਖਣ ਤੇ ਸਮਝਣ ਤੋਂ ਕੋਰੇ। ਜਦ ਉਹ ਅਜਿਹੇ ਵਰਤਾਰਿਆਂ ਦੇ ਰੂਬਰੂ ਹੁੰਦੇ ਤਾਂ ਉਨ੍ਹਾਂ ਲਈ ਇਹ ਅੜਾਉਣੀ ਬਣ ਜਾਂਦੀ। ਇਨ੍ਹਾਂ ਵਰਤਾਰਿਆਂ ਤੋਂ ਭਾਂਜ, ਬੌਣੀ ਮਾਨਸਿਕਤਾ ਦਾ ਬਿੰਬ। ਅਗਰ ਬੱਚੇ ਮਾਪਿਆਂ ਦੀ ਨਿਗਰਾਨੀ ਹੇਠ ਕੁਝ ਫੈਸਲੇ ਲੈਣ, ਇਨ੍ਹਾਂ ਨੂੰ ਖੁਦ 'ਤੇ ਲਾਗੂ ਕਰਨ ਅਤੇ ਇਸ ਦੇ ਸਿੱਟਿਆਂ 'ਚੋਂ ਖੁਦ ਦੀ ਸਮਰੱਥਾ ਨੂੰ ਪਰਖਣਗੇ ਤਾਂ ਉਨ੍ਹਾਂ ਦੇ ਵਿਅਕਤੀਤਵ ਵਿਕਾਸ ਨੂੰ ਨਵੀਂ ਦਿਸ਼ਾ ਮਿਲੇਗੀ।

ਮੁਸ਼ਕਿਲ ਕੋਈ ਵੀ ਵੱਡੀ ਜਾਂ ਛੋਟੀ ਨਹੀਂ ਹੁੰਦੀ। ਮਨੁੱਖੀ ਸੋਚ ਤੇ ਨਜ਼ਰੀਆ ਹੀ ਇਸ ਨੂੰ ਵੱਡੀ ਜਾਂ ਛੋਟੀ ਬਣਾਉਂਦਾ। ਜਦ ਕੋਈ ਮੁਸ਼ਕਿਲ ਹਊਆ ਬਣਦੀ ਤਾਂ ਮੁਸ਼ਕਿਲ ਮੁਸੀਬਤ ਬਣਦੀ, ਪਰ ਜਦ ਮੁਸ਼ਕਿਲ ਮਾਣਨ ਦੀ ਅਦਾ ਹੁੰਦੀ ਤਾਂ ਮਾਣ ਬਣਦੀ।

ਮੁਸ਼ਕਿਲ ਨੂੰ ਤਿੰਨ ਤਰੀਕਿਆਂ ਨਾਲ ਹੱਲ ਕੀਤਾ ਜਾ ਸਕਦਾ। ਇਸ ਨੂੰ ਸਵੀਕਾਰ ਕਰੋ ਅਤੇ ਇਸ ਦਾ ਸਾਹਮਣਾ ਕਰਕੇ ਇਸ ਨੂੰ ਹਰਾਓ। ਮੁਸ਼ਕਿਲ ਦਾ ਮੁਹਾਂਦਰਾ ਬਦਲੋ, ਜੋ ਤੁਹਾਡੀ ਸੋਚ ਸਾਹਵੇਂ ਨਿਸਲ ਹੋ ਜਾਵੇ। ਜਾਂ ਤੁਸੀਂ ਇਸ ਮੁਸ਼ਕਿਲ ਤੋਂ ਪਾਸਾ ਵੱਟ ਲਓ ਅਤੇ ਆਪਣਾ ਸਮਾਂ ਅਜਾਈਂ ਨਾ ਗਵਾਓ। ਇਸ ਸਮੇਂ ਨੂੰ ਕਿਸੇ ਹੋਰ ਸਾਰਥਕ ਕਾਰਜ ਵਿਚ ਲਾਓ।

ਮੁਸ਼ਕਿਲਾਂ ਨੂੰ ਜ਼ਿੰਦਗੀ ਵਿਚੋਂ ਕਦੀ ਵੀ ਮਨਫੀ ਨਹੀਂ ਕੀਤਾ ਜਾ ਸਕਦਾ। ਮੁਸ਼ਕਿਲਾਂ ਤੋਂ ਬਿਨਾ ਅਰਥਹੀਣ ਹੁੰਦੀ ਏ ਜ਼ਿੰਦਗੀ। ਮੁਸ਼ਕਿਲਾਂ ਹੀ ਜ਼ਿੰਦਗੀ ਨੂੰ ਨਿਖਾਰਦੀਆਂ ਅਤੇ ਸੰਵਾਰਦੀਆਂ, ਜਿਸ ਨਾਲ ਅੰਤਰੀਵ 'ਚ ਛੁਪੀਆਂ ਸ਼ਕਤੀਆਂ ਨੂੰ ਸਮਰੱਥਾ ਦਿਖਾਉਣ ਦਾ ਸੁਹੰਢਣਾ ਮੌਕਾ ਮਿਲਦਾ।

ਜ਼ਿੰਦਗੀ ਦੇ ਹਰ ਮੁਕਾਮ 'ਤੇ, ਮੁਸ਼ਕਿਲਾਂ ਦੇ ਦੋ ਕਾਰਨ। ਕੁਝ ਲੋਕ ਬਿਨਾ ਸੋਚਣ ਤੋਂ ਹੀ ਕਿਸੇ ਕਾਰਜ ਨੂੰ ਹੱਥ ਪਾ ਬਹਿੰਦੇ। ਪਰ ਕੁਝ ਲੋਕ ਸਿਰਫ ਸੋਚਦੇ ਹੀ ਰਹਿੰਦੇ। ਉਨ੍ਹਾਂ ਦੇ ਮਨ 'ਚ ਕਦਮ ਉਠਾਉਣ ਦਾ ਹੀਆ ਹੀ ਨਹੀਂ ਪੈਂਦਾ।

ਮੁਸ਼ਕਿਲ ਦਾ ਧੀਰਜ, ਸਿਰੜ, ਠਰੰਮੇ ਅਤੇ ਸਹਿਜ ਨਾਲ ਸਾਹਮਣਾ ਕਰਦਿਆਂ ਮੁਸ਼ਕਿਲ ਦੇ ਮੱਥੇ 'ਤੇ ਮਾਣਮੱਤਾ ਸਿਰਨਾਵਾਂ ਖੁਣਨ ਦੀ ਤਮੰਨਾ ਬਣ ਜਾਂਦੀ।

ਜ਼ਿੰਦਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। ਕਦੇ ਵੀ ਸੁੱਖਾਂ ਦੀ ਸੇਜ ਨਹੀਂ ਹੁੰਦੀ। ਮੁਸ਼ਕਿਲਾਂ ਦੇ ਮੁਹਾਂਦਰੇ ਵਿਚੋਂ ਹੀ ਮੰਜ਼ਿਲਾਂ ਨੂੰ ਤਸ਼ਬੀਹ ਮਿਲਦੀ। ਦਿਸਹੱਦੇ ਬਲਾਵਾਂ ਲੈਂਦੇ ਅਤੇ ਮਸਤਕ ਰੇਖਾਵਾਂ ਨੂੰ ਉਕਰੇ ਜਾਣ ਦੀ ਕਾਹਲ ਹੁੰਦੀ।

ਮੁਸ਼ਕਿਲ ਇਹ ਨਹੀਂ ਹੁੰਦੀ ਕਿ ਵਿਅਕਤੀ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ। ਦਰਅਸਲ ਮੁਸ਼ਕਿਲ ਇਹ ਹੁੰਦੀ ਕਿ ਮਨੁੱਖ ਇਹੀ ਸੋਚਦਾ ਕਿ ਮੇਰੇ ਰਸਤੇ ਵਿਚ ਹੀ ਮੁਸ਼ਕਿਲਾਂ ਨੇ ਡੇਰੇ ਕਿਉਂ ਲਾਏ?

ਮੁਸ਼ਕਿਲਾਂ ਨੂੰ ਮਨ-ਮੀਤਾਂ ਨਾਲ ਸਾਂਝੀਆਂ ਕਰੋ, ਪਰ ਇਸ ਦਾ ਹੋਕਾ ਨਾ ਦਿਓ ਕਿਉਂਕਿ ਵੀਹ ਪ੍ਰਤੀਸ਼ਤ ਲੋਕ ਤਾਂ ਇਸ ਵੰਨੀਂ ਧਿਆਨ ਹੀ ਨਹੀਂ ਦੇਣਗੇ ਅਤੇ ਅੱਸੀ ਪ੍ਰਤੀਸ਼ਤ ਲੋਕ ਇਸ ਗੱਲ ਤੋਂ ਖੁਸ਼ ਹੋਣਗੇ ਕਿ ਤੁਸੀਂ ਮੁਸ਼ਕਿਲਾਂ ਵਿਚ ਘਿਰ ਗਏ ਹੋ।

ਜਦ ਤੁਸੀਂ ਹਰ ਵੇਲੇ ਮੁਸ਼ਕਿਲਾਂ 'ਤੇ ਹੀ ਧਿਆਨ ਕੇਂਦ੍ਰਿਤ ਕਰਦੇ ਹੋ ਤਾਂ ਮੁਸ਼ਕਿਲਾਂ ਗੁੰਝਲਦਾਰ ਹੋ ਜਾਂਦੀਆਂ। ਸਗੋਂ ਮੁਸ਼ਕਿਲ ਵੱਲ ਧਿਆਨ ਦੇਣ ਦੀ ਥਾਂ ਇਸ ਦੇ ਹੱਲ ਵੱਲ ਧਿਆਨ ਧਰਨ 'ਤੇ, ਇਸ ਦੀਆਂ ਪਰਤਾਂ ਵਿਚੋਂ ਹੱਲ ਵੀ ਦਿਖਾਈ ਦੇਣ ਲੱਗਦਾ।

ਬਹੁਤ ਸਾਰੇ ਸਬਕ ਲੈ ਕੇ ਮੁਸ਼ਕਿਲਾਂ ਸੋਚ-ਬਰੂਹਾਂ 'ਤੇ ਦਸਤਕ ਦਿੰਦੀਆਂ। ਇਹ ਸਬਕ ਹੀ ਜੀਵਨ-ਜੁਗਤ ਦਾ ਆਧਾਰ ਬਣਦੇ, ਜਿਸ 'ਤੇ ਜੀਵਨ ਦੇ ਸੁਚੱਜ ਦਾ ਅਜੂਬਾ ਸਿਰਜਿਆ ਜਾਂਦਾ।

ਮੁਸ਼ਕਿਲਾਂ ਪ੍ਰਤੀ ਮਿਕਨਾਤੀਸੀ ਸੋਚ ਰੱਖ, ਇਨ੍ਹਾਂ ਨੂੰ ਹੱਲ ਕਰਨ ਦੀ ਤਰਕੀਬ ਤੇ ਤਦਬੀਰ ਜਦ ਵਿਅਕਤੀ ਦੀ ਮੁਹਾਰਤ ਬਣਦੀ ਤਾਂ ਮੁਸ਼ਕਿਲਾਂ ਨੂੰ ਆਪਣੀ ਬੌਣੀ ਹੋਂਦ ਦਾ ਅਹਿਸਾਸ ਹੁੰਦਾ। ਫਿਰ ਇਸ ਦੇ ਹੱਲ ਵਿਚੋਂ ਹੀ ਅਸੀਮ ਤੇ ਅਨੰਤ ਖੁਸ਼ੀ ਦਾ ਅਹਿਸਾਸ ਮਨ 'ਤੇ ਤਾਰੀ ਹੁੰਦਾ।

ਕੁਝ ਲੋਕ ਜ਼ਿੰਦਗੀ ਨੂੰ ਹੀ ਮੁਸ਼ਕਿਲ ਸਮਝਦੇ। ਉਨ੍ਹਾਂ ਲਈ ਜ਼ਿੰਦਗੀ ਦਾ ਹਰ ਕਦਮ ਪੀੜ ਪਰੁੱਚਾ ਹੁੰਦਾ। ਯਾਦ ਰਹੇ! ਮੁਸ਼ਕਿਲਾਂ ਜੀਵਨ ਦਾ ਸਦੀਵੀ ਸੱਚ। ਇਸ ਨੂੰ ਹੰਢਾਉਣਾ, ਆਪੇ ਨੂੰ ਅਜਮਾਉਣਾ, ਜੀਵਨ-ਝੋਲੀ ਵਿਚ ਅਨੰਦ ਦਾ ਸ਼ਗਨ ਅਤੇ ਖੁਦ ਨੂੰ ਪਾਉਣਾ ਹੀ ਸਾਹ-ਸਾਰਥਕਤਾ ਦਾ ਨੇਮ।

ਮੁਸ਼ਕਿਲਾਂ ਤੋਂ ਮੁੱਖ ਨਾ ਮੋੜੋ। ਸਗੋਂ ਜ਼ਿੰਦਾਦਿਲੀ ਨਾਲ ਸਾਹਮਣਾ ਕਰੋ। ਇਸ ਦੇ ਨੈਣਾਂ ਵਿਚ ਝਾਕੋ ਅਤੇ ਕਾਮਯਾਬੀ ਦੇ ਮਾਰਗ ਦੀ ਲੋਚਾ ਬਣਾਓ। ਜ਼ਿੰਦਗੀ ਤੁਹਾਡੀ ਹਿੰਮਤ ਅਤੇ ਹੌਸਲੇ ਦਾ ਨਗਮਾ ਗੁਣਗਣਾਏਗੀ।

ਜ਼ਿੰਦਗੀ ਦੀ ਤੋਰ ਕਦੇ ਵੀ ਸੁਖਾਂਵੀਂ ਨਹੀਂ ਹੁੰਦੀ। ਊਬੜ-ਖਾਬੜ ਰਾਹਾਂ ਵਿਚੋਂ ਹੀ ਮੰਜ਼ਿਲ ਤਲਾਸ਼ਣੀ ਪੈਂਦੀ। ਮੁਸ਼ਕਿਲਾਂ ਨਾਲ ਦਸਤਪੰਜਾ ਲੈਂਦਿਆਂ, ਮਨ ਨੂੰ ਚੜ੍ਹਦੀ ਕਲਾ ਵਿਚ ਰੱਖੋ, ਤੁਸੀਂ ਦੂੱਗਣੀ ਤਾਕਤ ਨਾਲ ਮੁਸ਼ਕਿਲਾਂ 'ਤੇ ਕਾਬੂ ਪਾਉਣ ਦੇ ਯੋਗ ਹੋਵੋਗੇ।

ਜ਼ਿੰਦਗੀ ਸਾਨੂੰ ਮੁਸ਼ਕਿਲ ਤੇ ਮਾਣ, ਮੋਹ-ਭੰਗਤਾ ਤੇ ਮਿੱਤਰਤਾ, ਮੰਦਬੋਲ ਤੇ ਮਿੱਠ-ਬੋਲੜੀ ਗੁਫਤਗੂ, ਮਰਿਆਦਾ ਤੇ ਮਾਨਵਤਾ ਅਤੇ ਮਾਸੂਮੀਅਤ ਤੇ ਮਹਿਰਮੀਅਤ ਨਾਲ ਨਿਵਾਜ਼ਦੀ। ਜ਼ਿੰਦਗੀ ਦੇ ਕਿਸ ਰੰਗ ਨਾਲ ਖੁਦ ਨੂੰ ਰੰਗਣਾ, ਇਹ ਖੁਦ 'ਤੇ ਨਿਰਭਰ।

ਕਿਸੇ ਵੀ ਮੁਸ਼ਕਿਲ ਦੇ ਰੂਬਰੂ ਹੁੰਦਿਆਂ, ਮਨ ਦੇ ਸ਼ੀਸ਼ੇ ਵਿਚ ਖੁਦ ਨੂੰ ਨਿਹਾਰਨਾ। ਤਾਕਤ, ਤੰਦਰੁਸਤੀ, ਤਰਜ਼ੀਹ ਅਤੇ ਤਮੰਨਾਵਾਂ ਨੂੰ ਮੁਸ਼ਕਿਲ ਦੀ ਤੱਕੜੀ ਵਿਚ ਤੋਲਣਾ। ਸਾਵੇਂ ਤੁਲਣ ਵਾਲੇ ਮੁਸ਼ਕਿਲਾਂ ਨੂੰ ਹਰਾ ਦਿੰਦੇ ਜਦ ਕਿ ਪਾਸਕੂੰ ਵਾਲੇ ਮੁਸ਼ਕਿਲਾਂ ਸਾਹਵੇਂ ਹਾਰ ਜਾਂਦੇ। ਮੁਸ਼ਕਿਲਾਂ ਦੀ ਰੰਗਰੇਜ਼ਤਾ ਮਾਣਨ ਵਾਲੇ, ਜੀਵਨੀ ਦੁਸ਼ਵਾਰੀਆਂ ਨੂੰ ਕੀਰਤੀਮਾਨ ਬਣਾ ਲੈਂਦੇ।

ਹਰ ਵਿਅਕਤੀ ਜ਼ਿੰਦਗੀ ਦੇ ਹਰ ਪੜਾਅ 'ਤੇ ਨਿੱਤ ਨਵੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦਾ। ਬੱਚੇ ਲਈ ਬੈਠਣ, ਉਠਣ, ਤੁਰਨ, ਸਾਈਕਲ ਚਲਾਉਣ, ਪੂਰਨਿਆਂ 'ਤੇ ਉਕਰਨ, ਇਮਤਿਹਾਨਾਂ ਵਿਚੋਂ ਸਫਲ ਹੋਣ, ਨੌਕਰੀ ਲੈਣ ਪਿਛੋਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਪੂਰਨ ਨਿਸ਼ਠਾ ਅਤੇ ਸਮਰਪਣ ਨਾਲ ਨਿਭਾਉਣ ਆਦਿ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ। ਮਨੁੱਖ ਹਰੇਕ ਮੁਸ਼ਕਿਲ ਦੀ ਦੀਵਾਰ ਉਲੰਘਦਾ, ਉਚੇਰੀਆਂ ਤੇ ਲੰਮੇਰੀਆਂ ਛਲਾਂਘਾਂ ਰਾਹੀਂ ਜੀਵਨ-ਰਾਹਾਂ ਦੀ ਨਿਸ਼ਾਨਦੇਹੀ ਕਰਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਨਵੀਨਤਮ ਰਾਹਾਂ ਦੀ ਪਹਿਲ ਵੀ ਬਣਦਾ।

ਮੁਸ਼ਕਿਲਾਂ ਬੇਮਾਅਨੀਆਂ ਹੁੰਦੀਆਂ ਜਦ ਤੁਹਾਡੀ ਸੋਚ, ਮੁਸ਼ਕਿਲਾਂ ਤੋਂ ਵਡੇਰੀ ਹੁੰਦੀ। ਤੁਹਾਡੀ ਸੋਚ-ਉਡਾਣ ਦੇ ਪਰਾਂ ਦੀ ਬੇਬਹਾ ਤਾਕਤ, ਮਨ ਦੀਆਂ ਅੰਬਰ-ਉਡਾਰੀਆਂ ਦੀ ਚੇਸ਼ਟਾ ਨੂੰ ਉਸਾਰੂ ਬਿਰਤੀ ਬਣਾ ਦਿੰਦੀ।

ਕੁਝ ਮੁਸ਼ਕਿਲਾਂ ਜਨਮ, ਜਾਤ ਜਾਂ ਜ਼ਹਾਲਤ ਕਾਰਨ ਵਿਰਾਸਤ ਵਿਚ ਮਿਲਦੀਆਂ। ਕੁਝ ਆਲਾ-ਦੁਆਲਾ ਆਪਣੀ ਕਮੀਨਗੀ, ਕਰਤੂਤਾਂ, ਕੋਹਝ ਅਤੇ ਕਮ-ਅਕਲੀ ਕਾਰਨ ਮਨੁੱਖ ਨੂੰ ਦਿੰਦਾ। ਪਰ ਕੁਝ ਮੁਸ਼ਕਿਲਾਂ ਮਨੁੱਖ ਖੁਦ ਆਪਣੀ ਮਨਮਾਨੀ, ਮੂਰਖਤਾ ਅਤੇ ਮੰਦ-ਸੋਚ ਕਾਰਨ ਸਹੇੜਦਾ। ਹੱਥੀਂ ਸਹੇੜੀਆਂ ਮੁਸ਼ਕਿਲਾਂ ਨੂੰ ਨਜਿੱਠਣਾ ਅਸਾਨ ਨਹੀਂ ਹੁੰਦਾ, ਜਦਕਿ ਬਾਕੀ ਮੁਸ਼ਕਿਲਾਂ ਨੂੰ ਮਨੁੱਖ ਆਪਣੀ ਦ੍ਰਿੜਤਾ, ਦੂਰ-ਦ੍ਰਿਸ਼ਟੀ ਅਤੇ ਦਬੰਗਪੁਣੇ ਨਾਲ ਸਹਿਜੇ ਹੀ ਸਰ ਕਰ ਲੈਂਦਾ।

ਮੁਸ਼ਕਿਲਾਂ ਦੇ ਸੰਘਣੇ ਹਨੇਰੇ ਵਿਚ ਇਕ ਹੀ ਆਸ-ਜੁਗਨੂੰ ਹਨੇਰੇ ਦੀ ਵੱਖੀ ਵਿਚ ਛੇਕ ਪਾ ਦਿੰਦਾ। ਮੁਸ਼ਕਿਲਾਂ ਦੀ ਔੜ ਹਮੇਸ਼ਾ ਨਹੀਂ ਰਹਿੰਦੀ। ਆਖਰ ਨੂੰ ਹਿੰਮਤ ਅਤੇ ਸਾਧਨਾ ਨਾਲ ਹਾਲਾਤ ਬਦਲਦੇ, ਰੁੱਤਾਂ ਰੂਪ ਵਟਾਉਂਦੀਆਂ। ਪੁਰਾ ਵੱਗਦਾ ਅਤੇ ਸਾਵਣ ਦੀ ਘਟਾ ਮਨ-ਬਸਤੀ ਨੂੰ ਮੁਅੱਤਰ ਕਰ ਜਾਂਦੀ।

ਮੁਸ਼ਕਿਲ ਦੀ ਬੀਹੀ ਵਿਚ ਹੌਸਲੇ ਦਾ ਹੋਕਾ ਦਿਓ। ਇਸ ਦੀ ਤਲੀ 'ਤੇ ਤੀਖਣਤਾ, ਤੀਬਰਤਾ ਅਤੇ ਤਤਪਰਤਾ ਦੀ ਮਹਿੰਦੀ ਲਾਓ। ਇਸ ਦੇ ਪਿੰਡੇ 'ਤੇ ਪ੍ਰਣ ਤੇ ਪ੍ਰਤੀਬੱਧਤਾ ਦਾ ਪੈਗਾਮ ਖੁਣੋ, ਮੁਸ਼ਕਿਲ ਦੀ ਮਮਟੀ 'ਤੇ ਜਸ਼ਨ ਦੀਆਂ ਝੂਮਰਾਂ ਪੈਣਗੀਆਂ।

ਆਸਹੀਣ ਲੋਕਾਂ ਲਈ ਮੁਸ਼ਕਿਲ ਇਕ ਹਊਆ, ਡਰਾਉਣਾ ਖਾਬ। ਇਸ ਤੋਂ ਡਰਦੇ ਉਹ ਅੱਖਾਂ ਖੋਲ੍ਹਣ ਤੋਂ ਤ੍ਰਹਿੰਦੇ, ਪਰ ਹਿੰਮਤੀ ਲੋਕ ਮੁਸ਼ਕਿਲ ਦੇ ਪਲਾਂ ਵਿਚ ਮਾਨਸਿਕ ਦਬਾਅ ਤੋਂ ਬੇਖੌਫ ਇਸ ਨੂੰ ਹੱਲ ਕਰਨ ਦੀ ਯੋਜਨਾ 'ਤੇ ਖੁਦ ਨੂੰ ਕੇਂਦ੍ਰਿਤ ਕਰਦੇ। ਉਨ੍ਹਾਂ ਲਈ ਮੁਸ਼ਕਿਲਾਂ, ਸੁਹਾਵਣੇ ਸਫਰ ਦਾ ਆਗਾਜ਼, ਗਾਉਂਦਾ ਜ਼ਿੰਦ-ਸਾਜ਼, ਰੂਹ-ਤ੍ਰਿਪਤੀ ਦੀ ਆਵਾਜ਼ ਅਤੇ ਜੀਵਨ ਨਾਂਵੇਂ ਅਦਬੀ ਤੇ ਅਜ਼ਲੀ ਅੰਦਾਜ਼।

ਮੁਸ਼ਕਿਲ ਦੀ ਘੜੀ ਵਿਚ ਸਾਥੀ ਵੀ ਸਾਥ ਛੱਡ ਜਾਂਦੇ। ਸਿਰਫ ਇਕ ਪ੍ਰਛਾਵਾਂ ਹੀ ਤੁਹਾਡਾ ਸਾਥੀ ਬਣਦਾ। ਛੋਟੇ ਹੋ ਰਹੇ ਜਾਂ ਲੰਮੇਰੇ ਹੁੰਦੇ ਪ੍ਰਛਾਵਿਆਂ ਦੇ ਵਕਤ ਵੀ ਨਾਲ ਤੁਰਦਾ। ਰਾਤ ਦੇ ਹਨੇਰੇ ਵਿਚ ਤਾਂ ਪ੍ਰਛਾਵਾਂ ਅਤੇ ਵਿਅਕਤੀ ਆਪਸ ਵਿਚ ਅਭੇਦ ਹੋ ਜਾਂਦੇ।

ਮੁਸ਼ਕਿਲਾਂ ਨੂੰ ਮੁਸਕਰਾਹਟ ਵਿਚ ਛੁਪਾਉਣ, ਜਖਮਾਂ ਦੀ ਰੁੱਤ ਵਿਚ ਹਾਸਿਆਂ ਨਾਲ ਜੀਅ ਪਰਚਾਉਣ, ਹਨੇਰੀਆਂ ਰਾਤਾਂ ਵਿਚ ਅੰਤਰੀਵ-ਚਿਰਾਗ ਜਗਾਉਣ, ਬਰੇਤਾ ਰੂਪੀ ਮਨ ਦੀ ਜੂਹ ਵਿਚ ਆਸ ਦੀ ਨੈਂਅ ਵਹਾਉਣ ਅਤੇ ਕੋਰੇ ਵਰਕਿਆਂ 'ਤੇ ਅੱਖਰਾਂ ਨੂੰ ਉਗਾਉਣ ਦਾ ਵੱਲ ਆ ਜਾਵੇ ਤਾਂ ਜ਼ਿੰਦਗੀ ਦੀ ਇਬਾਰਤ ਵਿਚੋਂ ਹੀ ਇਬਾਦਤ ਦੀਆਂ ਤਰੰਗਾਂ ਮਨ ਦਾ ਸਕੂਨ ਬਣਦੀਆਂ। ਮਨੁੱਖ, ਇਨਸਾਨੀਅਤ ਵੰਨੀ ਸਫਰ ਦਾ ਆਗਾਜ਼ ਕਰਦਾ।

ਆਓ! ਅਜਿਹਾ ਆਗਾਜ਼ ਬਣੀਏ।

# ਗੁਰਦੁਆਰਾ ਰਕਾਬ ਗੰਜ: ਅਕਾਲੀ ਲਹਿਰ ਦੀ ਪਹਿਲੀ ਸ਼ਾਨਦਾਰ ਜਿੱਤ

*ਗਿਆਨੀ ਹੀਰਾ ਸਿੰਘ ਦਰਦ (30 ਸਤੰਬਰ 1889-22 ਜੂਨ 1965) ਪੰਜਾਬੀ ਦੇ ਉਘੇ ਲਿਖਾਰੀ ਅਤੇ ਪੱਤਰਕਾਰ ਸਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੋਢੀਆਂ ਵਿਚੋਂ ਸਨ ਅਤੇ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਵਿਚ ਚੋਖਾ ਯੋਗਦਾਨ ਪਾਇਆ। 'ਗੁਰਦੁਆਰਾ ਰਕਾਬ ਗੰਜ: ਅਕਾਲੀ ਲਹਿਰ ਦੀ ਪਹਿਲੀ ਸ਼ਾਨਦਾਰ ਜਿੱਤ' ਲੇਖ ਵਿਚ ਉਨ੍ਹਾਂ ਅੰਗਰੇਜ਼ ਹਾਕਮਾਂ ਵੱਲੋਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਤੋਂ ਬਾਅਦ ਦੇ ਹਾਲਾਤ ਬਿਆਨ ਕੀਤੇ ਹਨ। -ਸੰਪਾਦਕ*

1920 ਵਿਚ 'ਅਕਾਲੀ' ਅਖਬਾਰ ਜਾਰੀ ਹੋਣ ਮਗਰੋਂ ਗੁਰਦੁਆਰਾ ਰਕਾਬ ਗੰਜ ਦਾ ਸੁਆਲ ਲਹਿਰ ਦੇ ਅੰਦੋਲਨ ਦਾ ਧੁਰਾ ਬਣ ਗਿਆ ਸੀ। ਇਹ ਪ੍ਰਸ਼ਨ ਕਿਸ ਤਰ੍ਹਾਂ ਖੜ੍ਹਾ ਹੋਇਆ ਅਤੇ ਇਸ ਨੇ ਅਕਾਲੀ ਲਹਿਰ ਦੇ ਅੰਦੋਲਨ ਨੂੰ ਤੇਜ਼ ਕਰਨ ਵਿਚ ਕਿਤਨਾ ਸਟੀਮ ਭਰਿਆ? ਇਸ ਨੂੰ ਵਿਸਥਾਰ ਨਾਲ ਦੱਸਣ ਤੋਂ ਪਹਿਲਾਂ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਇਸ ਦੇ ਅਰੰਭਕ ਇਤਿਹਾਸ ਦੇ ਕੁਝ ਇਸ਼ਾਰੇ ਵੀ ਦੱਸ ਦਿੱਤੇ ਜਾਣ।

ਗੁਰਦੁਆਰਾ ਰਕਾਬ ਗੰਜ ਦੀ ਨੀਂਹ ਵਿਚ ਉਸ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਲਹੂ ਡੁਲ੍ਹਿਆ ਹੋਇਆ ਹੈ, ਜਿਨ੍ਹਾਂ ਨੇ ਭਾਰਤ ਦੀ ਦੁਖੀ ਜਨਤਾ ਨੂੰ ਬਚਾਉਣ ਲਈ, ਔਰੰਗਜ਼ੇਬੀ ਅਨਿਆਂ ਤੇ ਜ਼ੁਲਮ ਵਿਰੁਧ ਰੋਸ ਪ੍ਰਗਟ ਕਰਦਿਆਂ ਚਾਂਦਨੀ ਚੌਕ ਵਿਚ ਆਪਣਾ ਸੀਸ ਬਲੀਦਾਨ ਕੀਤਾ ਸੀ।

ਔਰੰਗਜ਼ੇਬ ਨੂੰ ਆਪਣੇ ਰਾਜਸੀ ਬਲ, ਫੌਜਾਂ ਤੇ ਸ਼ਹਿਨਸ਼ਾਹੀ ਉਤੇ ਬੜਾ ਮਾਣ ਸੀ। ਉਸ ਨੇ ਖਿਆਲ ਕੀਤਾ ਸੀ ਕਿ ਉਸ ਦੀ ਜ਼ੁਲਮੀ ਰਾਜਨੀਤੀ ਦਾ ਵਿਰੋਧ ਕਰਨ ਵਾਲੇ ਗੁਰੂ ਤੇਗ ਬਹਾਦਰ ਨੂੰ

**ਹੀਰਾ ਸਿੰਘ ਦਰਦ**

ਖੁੱਲ੍ਹੇ ਮੈਦਾਨ ਚਾਂਦਨੀ ਚੌਕ ਵਿਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਕਤਲ ਕਰਕੇ ਲੋਕਾਂ ਨੂੰ ਭੈਤੀਤ ਕਰ ਦਏਗਾ ਤੇ ਆਪਣੀ ਵਿਰੋਧਤਾ ਨੂੰ ਕੁਚਲ ਦਏਗਾ, ਪਰ ਉਹ ਬਹੁਤ ਭੁਲੇਖੇ ਵਿਚ ਸੀ। ਉਸ ਨੂੰ ਪਵਿਤਰ ਸ਼ਹੀਦੀ ਖੂਨ ਦੀ ਅਮਰ ਸ਼ਕਤੀ ਦਾ ਕੋਈ ਅਨੁਮਾਨ ਨਹੀਂ ਸੀ। ਉਸ ਦੇ ਫੌਜੀ ਪਹਿਰਿਆਂ ਦੀਆਂ ਲਿਸ਼ਕਦੀਆਂ ਤਲਵਾਰਾਂ ਤੇ ਬੀੜੀਆਂ ਹੋਈਆਂ ਬੰਦੂਕਾਂ ਵਿਚੋਂ ਹੀ ਸ਼ਹੀਦੀ ਖੂਨ ਦੇ ਪੈਦਾ ਕੀਤੇ ਜੋਧੇ ਗੁਰੂ ਤੇਗ ਬਹਾਦਰ ਜੀ ਦਾ ਸੀਸ ਅਤੇ ਧੜ ਸਤਿਕਾਰ ਨਾਲ ਸਸਕਾਰ ਕਰਨ ਵਾਸਤੇ ਉਠਾ ਕੇ ਲੈ ਗਏ। ਭਾਈ ਜੀਵਨ ਸਿੰਘ, ਰੰਗਰੇਟੇ ਗੁਰੂ ਕੇ ਬੇਟੇ ਨੇ ਗੁਰੂ ਜੀ ਦਾ ਸੀਸ ਕੀਰਤਪੁਰ ਵਿਚ ਗੁਰੂ ਗੋਬਿੰਦ ਸਿੰਘ ਪਾਸ ਜਾ ਪਹੁੰਚਾਇਆ ਅਤੇ ਪਿੰਡ ਰਕਾਬ ਗੰਜ ਦੇ ਰਹਿਣ ਵਾਲੇ ਇਕ ਗਰੀਬ ਸਿੱਖ ਲੱਖੀ ਵਣਜਾਰੇ ਨੇ ਪਹਿਰੇਦਾਰਾਂ ਦੇ ਅੱਖੀਂ ਘੱਟਾ ਪਾ ਕੇ ਗੁਰੂ ਸਾਹਿਬ ਦੀ ਲੋਥ ਉਠਾ ਲਿਆਂਦੀ ਸੀ ਤੇ ਆਪਣੇ ਮਕਾਨ ਨੂੰ ਅੱਗ ਲਾ ਦਿੱਤੀ ਸੀ, ਜਿਸ ਗੱਲ ਦਾ ਭੇਦ (ਭੇਤ) ਬਹੁਤ ਚਿਰ ਮਗਰੋਂ ਖੁਲ੍ਹਿਆ। ਇਹ ਦਲੇਰੀ ਤੇ ਅਦੁੱਤੀ ਕੁਰਬਾਨੀ ਸ਼ਹੀਦੀ ਲਹੂ ਦੀ ਹੀ ਬਰਕਤ ਸੀ।

1707 ਵਿਚ ਔਰੰਗਜ਼ੇਬ ਦੀ ਮੌਤ ਮਗਰੋਂ ਬਹਾਦਰ ਸ਼ਾਹ ਦੀ ਜਿੱਤ ਸਮੇਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਿੱਲੀ ਪਧਾਰੇ ਤਾਂ ਆਪਣੇ ਸ਼ਹੀਦ ਪਿਤਾ ਦਾ ਅੰਤਮ ਸਸਕਾਰ-ਅਸਥਾਨ ਪਿੰਡ ਰਕਾਬ ਗੰਜ ਵਿਚ ਲੱਭ ਕੇ ਮੰਜੀ ਸਾਹਿਬ ਬਣਵਾ ਦਿੱਤੀ।

ਮਗਰੋਂ ਫਰੁਖਸੀਅਰ ਵਰਗੇ ਅਤਿਆਚਾਰੀ ਪਾਤਸ਼ਾਹਾਂ ਦੇ ਵੇਲੇ ਜਦੋਂ ਸਿੱਖਾਂ ਦਾ ਖੁਰਾ ਖੋਜ ਮੁਕਾਉਣ ਦੀ ਮੁਹਿੰਮ ਚੱਲੀ ਤਾਂ ਇਸ ਸਥਾਨ ਉਤੇ ਵੀ ਮਸੀਤ ਬਣਾ ਦਿੱਤੀ ਗਈ।

ਸ਼ਾਹ ਆਲਮ ਸਾਨੀ ਦੇ ਸਮੇਂ ਇਕ ਵੇਰਾਂ ਸਿੱਖ ਮਿਸਲਾਂ ਨੇ ਆਪਣੀ ਚੜ੍ਹਦੀ ਕਲਾ ਸਮੇਂ ਦਿੱਲੀ ਨੂੰ ਜਾ ਘੇਰਿਆ। ਉਸ ਸਮੇਂ ਇਕ ਪਾਸੇ ਅੰਗਰੇਜ਼ ਤਾਕਤ ਪਕੜ ਰਹੇ ਸਨ, ਦੂਜੇ ਪਾਸੇ ਮਰਹੱਟੇ ਦਿੱਲੀ ਉਤੇ ਅੱਖ ਰੱਖਦੇ ਸਨ। ਸਾਰੀ ਰਾਜਨੀਤਕ ਅਵਸਥਾ ਨੂੰ ਸਾਹਮਣੇ ਰੱਖ ਕੇ ਸਿੱਖ ਸਰਦਾਰਾਂ ਨੇ ਪਾਤਸ਼ਾਹ ਨਾਲ ਇਸ ਗੱਲ ਉਤੇ ਸਮਝੌਤਾ ਕਰ ਲਿਆ ਕਿ ਦਿੱਲੀ ਵਿਚ ਸਿੱਖ ਇਤਿਹਾਸਕ ਗੁਰਦੁਆਰਿਆਂ ਨੂੰ ਲੱਭ ਕੇ ਉਥੇ ਇਮਾਰਤਾਂ ਬਣਾਉਣ ਦੀ ਖੁਲ੍ਹ ਦਿੱਤੀ ਜਾਵੇ। ਸਰਦਾਰ ਬਘੇਲ ਸਿੰਘ ਕਰੋੜੀ ਮਿਸਲ ਦੇ ਸਰਦਾਰ ਨੂੰ ਇਹ ਕੰਮ ਸਪੁਰਦ ਕੀਤਾ ਗਿਆ। ਉਸ ਨੇ ਗੁਰੂ ਤੇਗ ਬਹਾਦਰ ਦਾ ਸਸਕਾਰ-ਅਸਥਾਨ ਲੱਭ ਕੇ ਮਸੀਤ ਗਿਰਵਾ ਦਿੱਤੀ ਤੇ ਗੁਰਦੁਆਰਾ ਬਣਵਾ ਦਿੱਤਾ। ਗੁਰਦੁਆਰੇ ਦੇ ਉਦਾਲੇ ਇਕ ਉਚੀ ਕੰਧ ਉਸਾਰ ਦਿੱਤੀ। ਸ਼ਹੀਦ ਗੁਰੂ ਜੀ ਦੇ ਸਰੀਰ ਦੇ ਸਿਵੇ ਉਤੇ ਉਸਰਿਆ ਹੋਇਆ ਗੁਰਦੁਆਰਾ ਰਕਾਬ ਗੰਜ ਸਿੱਖ ਜਨਤਾ ਨੂੰ ਸਦਾ ਇਨਕਲਾਬੀ ਇਸ਼ਾਰੇ ਦੇਣ ਵਾਲਾ ਅਸਥਾਨ ਬਣ ਗਿਆ। ਅਜਿਹੇ ਅਸਥਾਨ ਤੋਂ ਹਾਕਮ ਜਮਾਤਾਂ ਸਦਾ ਡਰਦੀਆਂ ਰਹਿੰਦੀਆਂ ਹਨ, ਇਸ ਵਾਸਤੇ ਇਨ੍ਹਾਂ ਨੂੰ ਆਪਣੇ ਅਧੀਨ ਰੱਖਣ ਜਾਂ ਇਨ੍ਹਾਂ ਦੀ ਮਹਾਨਤਾ ਘਟਾਉਣ ਤੇ ਯਤਨ ਕਰਦੀਆਂ ਰਹਿੰਦੀਆਂ ਹਨ।

*(2)*

1911 ਵਿਚ ਬਰਤਾਨਵੀ ਹਕੂਮਤ ਨੇ ਫੈਸਲਾ ਕੀਤਾ ਕਿ ਹਿੰਦ ਦੀ ਰਾਜਧਾਨੀ ਕਲਕੱਤੇ ਦੀ ਥਾਂ ਦਿੱਲੀ ਵਿਚ ਬਣਾਈ ਜਾਵੇ। ਨਵੀਂ ਦਿੱਲੀ ਵਿਚ ਸੈਕੇਟਰੀਏਟ ਤੇ ਅਸੈਂਬਲੀ ਹਾਲ ਦੇ ਨਾਲ ਹੀ ਜਿਥੇ ਵਾਇਸਰਾਏ ਵਾਸਤੇ ਕੋਠੀ ਬਣਾਉਣ ਦੀ ਥਾਂ ਤਜਵੀਜ਼ ਕੀਤੀ ਗਈ, ਉਥੇ ਬਿਲਕੁਲ ਥੋੜ੍ਹੀ ਵਿੱਥ ਉਤੇ ਗੁਰਦੁਆਰਾ ਰਕਾਬ ਗੰਜ ਸੀ। ਇਹ ਗੱਲ ਹਕੂਮਤ ਨੂੰ ਬੜੀ ਚੁਭਦੀ ਸੀ।

ਸਰਕਾਰ ਨੇ ਦਿੱਲੀ ਦੇ ਠੇਕੇਦਾਰਾਂ ਤੇ ਮਹੰਤ ਨੂੰ ਕਿਹਾ ਕਿ ਦੇਖੋ ਸੁੰਦਰ ਸਰਕਾਰੀ ਇਮਾਰਤਾਂ ਦੇ ਕੋਲ ਇਹ ਪੁਰਾਣੇ ਨਮੂਨੇ ਦੀ ਕੰਧ ਬੜੀ ਕੋਝੀ ਲੱਗਦੀ ਹੈ। ਅਸੀਂ ਆਪਣੇ ਖਰਚ ਉਤੇ ਇਹ ਕੰਧ ਗਿਰਾ ਕੇ ਸੁੰਦਰ ਨੂਮਨੇ ਦੀ ਕੰਧ ਬਣਾ ਦਿਆਂਗੇ ਤੇ ਅੰਦਰ ਬਾਗ ਲਵਾ ਦਿਆਂਗੇ। ਉਹ ਰਾਜ਼ੀ ਹੋ ਗਏ। ਉਨ੍ਹਾਂ ਦੇ ਲਾਭ ਅੰਗਰੇਜ਼ੀ ਸਰਕਾਰ ਨਾਲ ਜੁੜੇ ਹੋਏ ਸਨ। 1912 ਵਿਚ ਸਰਕਾਰ ਨੇ ਲੈਂਡ ਐਕਵੀਜ਼ੇਸ਼ਨ ਐਕਟ (ਜਮੀਨਾਂ ਪ੍ਰਾਪਤ ਕਰਨ ਦੇ ਕਾਨੂੰਨ) ਅਨੁਸਾਰ ਗੁਰਦੁਆਰੇ ਦੇ ਮਹੰਤ ਪਾਸੋਂ ਬਾਹਰਲੀ ਕੰਧ ਤੇ ਗੁਰਦੁਆਰੇ ਵਿਚਕਾਰਲੀ ਵਿਹੜੇ ਦੀ ਸਾਰੀ ਜਮੀਨ ਪ੍ਰਾਪਤ ਕਰ ਲਈ। ਇਉਂ ਸਮਝੋ ਕਿ ਗੁਰਦੁਆਰੇ ਨੂੰ ਇਕ ਤਰ੍ਹਾਂ ਸਰਕਾਰੀ ਘੇਰੇ ਵਿਚ ਲੈ ਲਿਆ। 1913 ਦੇ ਅਰੰਭ ਵਿਚ ਸਰਕਾਰ ਨੇ ਆਪਣੇ ਨਕਸ਼ੇ ਮੁਤਾਬਕ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣੀ ਸ਼ੁਰੂ ਕਰ ਦਿੱਤੀ। ਇਹ ਖਬਰ ਅਖਬਾਰਾਂ ਵਿਚ ਛਪ ਗਈ। ਮਾਨੋ ਬਾਰੂਦ ਵਿਚ ਚੰਗਿਆੜੀ ਡਿੱਗ ਪਈ। ਸਿੱਖ ਜਨਤਾ ਦੇ ਦਿਲ ਵਿਚ ਇਕ ਤਾਂ ਅੰਗਰੇਜ਼ਾਂ ਵਿਰੁਧ ਸਿੱਖ ਰਾਜ ਖੋਹਣ ਦੀ ਪੁਰਾਣੀ ਦੱਬੀ ਹੋਈ ਅੱਗ ਸੀ, ਦੂਜੇ ਖਾਲਸਾ ਕਾਲਜ ਤੇ ਗੁਰਦੁਆਰਿਆਂ ਦੇ ਪ੍ਰਬੰਧ ਉਪਰ ਸਰਕਾਰੀ ਕਬਜ਼ੇ ਦੀ ਤਾਜ਼ੀ ਨਾਰਾਜ਼ਗੀ ਸੀ।

ਸਰਦਾਰ ਹਰਚੰਦ ਸਿੰਘ ਲਾਇਲਪੁਰੀ ਦਿੱਲੀ ਗਏ। ਢੱਠੀ ਹੋਈ ਕੰਧ ਅੱਖੀਂ ਵੇਖੀ। ਇਕ ਉਰਦੂ ਪੈਂਫਲਟ ਵਿਚ ਸਾਰਾ ਹਾਲ ਲਿਖਿਆ ਕਿ ਸਰਕਾਰ ਨੇ ਇਹ ਕੰਧ ਤੇ ਗੁਰਦੁਆਰੇ ਦੀ ਕੁਝ ਜਮੀਨ ਮਹੰਤ ਤੋਂ ਲੈ ਲਈ ਹੈ। ਗੁਰਦੁਆਰੇ ਦੀ ਢੱਠੀ ਕੰਧ ਦਾ ਤੇ ਸਰਕਾਰੀ ਤਜਵੀਜ਼ ਦਾ ਨਕਸ਼ਾ ਵੀ ਦਰਜ ਕੀਤਾ ਅਤੇ ਸਿੱਖਾਂ ਨੂੰ ਵੰਗਾਰ ਕੇ ਆਖਿਆ, "ਇਹ ਸਾਡੇ ਧਰਮ ਵਿਚ ਨਾਜਾਇਜ਼ ਸਰਕਾਰੀ ਦਖਲਅੰਦਾਜ਼ੀ ਹੈ। ਇਹ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਇਹ ਸਿੱਖ ਪੰਥ ਦਾ ਆਪਣਾ ਹੱਕ ਹੈ ਕਿ ਉਹ ਗੁਰਦੁਆਰੇ ਦਾ ਨਵਾਂ ਨਕਸ਼ਾ ਬਣਾਵੇ, ਉਸ ਵਿਚ ਅਦਲਾ-ਬਦਲੀ ਕਰੇ। ਹਕੂਮਤ ਜਾਂ ਕਿਸੇ ਹੋਰ ਦਾ ਕੋਈ ਹੱਕ ਨਹੀਂ। ਜੇ ਹਕੂਮਤ ਅੱਜ ਸਿੱਖ ਪੰਥ ਦੀ ਰਾਇ ਤੋਂ ਬਿਨਾ ਇਕ ਇਤਿਹਾਸਕ ਗੁਰਦੁਆਰੇ ਦੀ ਕੰਧ ਢਾਹ ਸਕਦੀ ਹੈ, ਜਮੀਨ ਕਬਜ਼ੇ ਵਿਚ ਲੈ ਸਕਦੀ ਹੈ ਤਾਂ ਕੱਲ੍ਹ ਨੂੰ ਗੁਰਦੁਆਰਾ ਵੀ ਢਾਹ ਦੇਵੇਗੀ। ਸੁਆਲ ਸਹੇ ਦਾ ਨਹੀਂ, ਪਹੇ ਦਾ ਹੈ।" ਇਸ ਲਈ ਮੰਗ ਕੀਤੀ ਕਿ ਸਰਕਾਰ ਕੰਧ ਨਾ ਢਾਹੇ ਬਲਕਿ ਢਾਹੀ ਹੋਈ ਕੰਧ ਉਸੇ ਤਰ੍ਹਾਂ ਉਸਾਰ ਦੇਵੇ।


ਇਸ ਪੈਂਫਲਟ ਦੇ ਨਿਕਲਣ ਮਗਰੋਂ ਸਿੱਖ ਅਖਬਾਰਾਂ 'ਚ ਅੰਦੋਲਨ ਛਿੜ ਪਿਆ। ਸਿੱਖ ਜਨਤਾ ਨੇ ਮਹਿਸੂਸ ਕੀਤਾ ਕਿ ਦਰਬਾਰ ਸਾਹਿਬ ਤੇ ਕੁਝ ਹੋਰ ਗੁਰਦੁਆਰਿਆਂ ਵਾਂਗ ਇਸ ਸ਼ਹੀਦੀ ਅਸਥਾਨ ਉਤੇ ਵੀ ਸਰਕਾਰ ਆਪਣਾ ਅਧਿਕਾਰ ਜਮਾਣਾ ਚਾਹੁੰਦੀ ਹੈ। ਮਹੰਤ ਨੂੰ ਉਸ ਨੇ ਕਾਬੂ ਕਰ ਹੀ ਲਿਆ ਹੈ। ਸਿੱਖ ਜਨਤਾ ਨੇ ਅਖਬਾਰਾਂ ਵਿਚ ਜਲਸਿਆਂ 'ਚ ਆਪਣਾ ਰੋਸ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ, ਉਨ੍ਹੀਂ ਦਿਨੀਂ ਮੈਂ ਰਾਵਲਪਿੰਡੀ ਸਾਂ।

ਮੈਨੂੰ ਯਾਦ ਹੈ, ਇਕ ਗੁਰਦੁਆਰੇ ਵਿਚ ਮੈਂ, ਮਾਸਟਰ ਹਰਨਾਮ ਸਿੰਘ ਐਮ. ਏ. (ਹੁਣ ਰਿਟਾਇਰਡ ਸਬ ਜੱਜ), ਸ. ਬੁੱਧ ਸਿੰਘ ਬਜਾਜ, ਸੁਰਗਵਾਸੀ ਭਾਈ ਜਗਤ ਸਿੰਘ ਪਰਦੇਸੀ ਤੇ ਸ. ਜਵੰਦ ਸਿੰਘ ਅਤੇ ਕੁਝ ਹੋਰ ਸੱਜਣ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਬੰਧੀ ਹਕੂਮਤ ਵਿਰੁਧ ਰੋਸ ਪ੍ਰਗਟ ਕਰਨ ਲਈ ਦੀਵਾਨ ਕਰਨ ਵਾਸਤੇ ਇਕੱਠੇ ਹੋਏ ਸਾਂ। ਇਕ ਸਥਾਨਕ ਸਰਕਾਰ ਭਗਤ ਸਿੱਖ ਸਰਦਾਰ ਬੜੇ ਗੁੱਸੇ ਵਿਚ ਭੱਜਾ ਭੱਜਾ ਆਇਆ ਤੇ ਰੌਲਾ ਪਾ ਦਿੱਤਾ ਕਿ ਅਜਿਹਾ ਜਲਸਾ ਕਰਨਾ ਸਰਕਾਰ ਵਿਰੁਧ ਬਗਾਵਤ ਹੈ! ਇਹ ਸਰਕਾਰ ਦੇ ਬਾਗੀਆਂ ਦਾ ਕੰਮ ਹੈ। ਸਿੱਖ ਸਰਕਾਰ ਦੇ ਵਫਾਦਾਰ ਹਨ। ਉਹ ਇਸ ਤਰ੍ਹਾਂ ਨਹੀਂ ਕਰਦੇ ਹੁੰਦੇ।

ਅਸਾਂ ਉਸ ਦੀ ਗੱਲ ਦੀ ਪ੍ਰਵਾਹ ਨਾ ਕੀਤੀ। ਦੀਵਾਨ ਜਾਰੀ ਰਖਿਆ, ਉਹ ਗੁਰਦੁਆਰੇ ਦੇ ਮਹੰਤ ਨੂੰ ਵਰਗਲਾਉਣ ਲਈ ਬਾਹਰ ਲੈ ਗਿਆ। ਉਸ ਨੂੰ ਆਖ ਕੇ ਡਰਾਇਆ ਕਿ ਇਹ ਸ਼ਰਾਰਤੀ ਲੋਕ ਸਰਕਾਰ ਵਿਰੁਧ ਕਾਰਵਾਈ ਕਰਦੇ ਹਨ, ਇਨ੍ਹਾਂ ਨੂੰ ਰੋਕ ਦਿਉ। ਇਥੋਂ ਉਠਾ ਦਿਉ।

ਅਸਾਂ ਮਹੰਤ ਦੇ ਆਉਣ ਤੋਂ ਪਹਿਲਾਂ ਤੁਰਤ ਸੰਖੇਪ ਜਿਹਾ ਦੀਵਾਨ ਕਰਕੇ ਸਰਕਾਰ ਵਿਰੁਧ ਰੋਸ ਦਾ ਮਤਾ ਪਾਸ ਕਰ ਲਿਆ ਅਤੇ ਅਖਬਾਰਾਂ ਤੇ ਸਰਕਾਰ ਨੂੰ ਭੇਜ ਦਿੱਤਾ।

ਗੁਰਦੁਆਰਾ ਰਕਾਬ ਗੰਜ ਦੀ ਕੰਧ ਦਾ ਇਹ ਸੁਆਲ ਸਿੱਖ ਜਨਤਾ ਅਤੇ ਸਰਕਾਰ ਤੇ ਸਰਕਾਰ ਭਗਤ ਸਿੱਖ ਆਗੂਆਂ ਵਿਚਾਲੇ ਵਿਰੋਧਤਾ ਦਾ ਸੁਆਲ ਬਣਦਾ ਗਿਆ। ਕਾਰਨ ਇਹ ਸੀ ਕਿ ਜਿਥੇ ਵੀ ਕੋਈ ਜਲਸਾ ਇਸ ਸਬੰਧੀ ਹੁੰਦਾ, ਉਥੇ ਹੀ ਚੀਫ ਖਾਲਸਾ ਦੀਵਾਨ ਦੇ ਆਗੂ ਤੇ ਹੋਰ ਸਰਕਾਰ ਪੱਖੀ ਲੋਕ ਵਿਰੋਧ ਕਰਦੇ। ਉਹ ਕਹਿੰਦੇ, ਇਸ ਤਰ੍ਹਾਂ ਅੰਦੋਲਨ ਕਰਕੇ ਸਰਕਾਰ ਨੂੰ ਨਾਰਾਜ਼ ਨਾ



*ਗੁਰਦੁਆਰਾ ਰਕਾਬ ਗੰਜ*

ਕਰੋ, ਅਸੀਂ ਮਿਲ ਕੇ ਗੱਲਬਾਤ ਨਾਲ ਕੋਈ ਸਮਝੌਤੇ ਦਾ ਰਾਹ ਕੱਢ ਲਵਾਂਗੇ, ਸਿੱਖ ਲੀਡਰਾਂ ਉਤੇ ਭਰੋਸਾ ਕਰੋ। ਪਰ ਆਮ ਸਿੱਖਾਂ ਵਿਚ ਵਿਰੋਧ ਤੇ ਅੰਦੋਲਨ ਦੀ ਅੱਗ ਤੇਜ਼ ਹੁੰਦੀ ਗਈ।

ਮਾਰਚ 1914 ਵਿਚ ਸਿੱਖ ਵਿਦਿਅਕ ਕਾਨਫਰੰਸ ਦਾ ਸਮਾਗਮ ਜਲੰਧਰ ਵਿਚ ਹੋਇਆ। ਇਨ੍ਹੀਂ ਦਿਨੀਂ ਸਿੱਖ ਵਿਦਿਅਕ ਕਾਨਫਰੰਸ ਦਾ ਸਮਾਗਮ ਸਿੱਖਾਂ ਦਾ ਸਭ ਤੋਂ ਵੱਡਾ ਇਕੱਠ ਹੁੰਦਾ ਸੀ। ਇਸ ਵਿਚ ਹਜ਼ਾਰਾਂ ਸਿੱਖ ਸ਼ਾਮਲ ਹੁੰਦੇ ਸਨ। ਧਾਰਮਕ ਸਮਾਗਮ ਦਾ ਪੰਡਾਲ ਕਾਨਫਰੰਸ ਤੋਂ ਵੱਖਰਾ ਬਣਾਇਆ ਜਾਂਦਾ ਸੀ ਪਰ ਕੋਈ ਰਾਜਸੀ ਜਲਸਾ ਕਾਨਫਰੰਸ ਦੇ ਨੇੜੇ-ਤੇੜੇ ਨਹੀਂ ਸੀ ਹੋ ਸਕਦਾ। ਰਾਜਸੀ ਜਲਸਾ ਤਾਂ ਕਿਤੇ ਰਿਹਾ, ਹਕੂਮਤ ਦੀ ਕਿਸੇ ਕਾਰਵਾਈ ਵਿਰੁਧ ਆਵਾਜ਼ ਉਠਾਉਣ ਦੀ ਵੀ ਆਗਿਆ ਨਹੀਂ ਸੀ ਹੁੰਦੀ। ਕਾਨਫਰੰਸ ਵਿਚ ਅੰਗਰੇਜ਼ੀ ਸਰਕਾਰ ਦਾ ਧੰਨਵਾਦ ਕਰਨਾ ਤੇ ਉਸ ਦੇ ਰਾਜ ਨੂੰ ਜੁਗੋ ਜੁਗ ਅਟਲ ਰੱਖਣ ਲਈ ਅਰਦਾਸ ਕਰਨੀ ਜ਼ਰੂਰੀ ਸਮਝੀ ਜਾਂਦੀ ਸੀ।

ਇਸ ਕਾਨਫਰੰਸ ਦੇ ਪੰਡਾਲ ਵਿਚ ਸ. ਹਰਚੰਦ ਸਿੰਘ ਨੇ ਖੜ੍ਹੇ ਹੋ ਕੇ ਬੜੇ ਜੋਸ਼ ਨਾਲ ਗੁਰਦੁਆਰਾ ਰਕਾਬ ਗੰਜ ਦਾ ਸੁਆਲ ਛੇੜਿਆ ਤੇ ਮਤਾ ਪੇਸ਼ ਕਰਨ ਦੀ ਆਗਿਆ ਮੰਗੀ। ਪ੍ਰਧਾਨ ਵਲੋਂ ਉਨ੍ਹਾਂ ਨੂੰ ਬੋਲਣ ਤੋਂ ਰੋਕਿਆ ਗਿਆ। ਸਰਦਾਰ ਜੀ ਨੇ ਫੇਰ ਕਿਹਾ ਕਿ ਇਹ ਜ਼ਰੂਰੀ ਪੰਥਕ ਸੁਆਲ ਹੈ, ਸਾਰੀ ਸਿੱਖ ਜਨਤਾ ਦੇ ਦਿਲ ਤੜਫ ਰਹੇ ਹਨ ਅਤੇ ਇਸ ਪੰਥਕ ਇਕੱਠ ਵਿਚ ਇਸ ਸੁਆਲ ਨੂੰ ਪੇਸ਼ ਕਰਕੇ ਇਸ ਬਾਰੇ ਪੰਥ ਦਾ ਫੈਸਲਾ ਲੈਣਾ ਚਾਹੀਦਾ ਹੈ। ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਜ਼ਬਰਦਸਤੀ ਬੋਲਣ ਤੋਂ ਰੋਕ ਕੇ ਬਿਠਾਉਣ ਦਾ ਜਤਨ ਕੀਤਾ ਗਿਆ। ਸ. ਹਰਚੰਦ ਸਿੰਘ ਇਕ ਦਲੇਰ ਨੌਜਵਾਨ ਸਿੱਖ ਸਰਦਾਰ ਸੀ। ਲਾਇਲਪੁਰ ਵਿਚ ਇਸ ਦੇ ਮੁਰੱਬੇ ਸਨ। 1920 ਹੱਕ ਬਾਰ ਦੇ ਅੰਦੋਲਨ ਦਾ ਇਸ ਉਪਰ ਅਸਰ ਸੀ। ਉਹ ਰੋਸ ਵਜੋਂ ਉਠ ਕੇ ਸਣੇ ਆਪਣੇ ਬਹੁਤ ਸਾਰੇ ਸਾਥੀਆਂ ਦੇ ਬਾਹਰ ਆ ਗਏ। ਉਨ੍ਹਾਂ ਨੇ ਬਾਹਰ ਆ ਕੇ ਕਿਸੇ ਹੋਰ ਜਗ੍ਹਾ ਖੁੱਲ੍ਹਾ ਸਮਾਗਮ ਲਾ ਦਿੱਤਾ, ਜਿਥੇ ਹਜ਼ਾਰਾਂ ਦਰਸ਼ਕ ਇਕੱਠੇ ਹੋ ਗਏ। ਜੋਸ਼ ਭਰੇ ਲੈਕਚਰਾਂ ਮਗਰੋਂ ਸਰਕਾਰ ਤੇ ਚੀਫ ਖਾਲਸਾ ਦੀਵਾਨ ਵਿਰੁਧ ਰੋਸ ਦੇ ਮਤੇ ਪਾਸ ਕਰਕੇ ਪੰਥਕ ਇਕੱਠ ਕਰਨ ਦੀ ਮੰਗ ਕੀਤੀ ਗਈ। ਇਸ ਤਰ੍ਹਾਂ ਇਸ ਸੁਆਲ ਉਤੇ ਸਿੱਖਾਂ ਵਿਚ ਮਤਭੇਦ ਵਧਦਾ ਗਿਆ, ਜਿਸ ਤੋਂ ਪ੍ਰਗਟ ਹੁੰਦਾ ਸੀ ਕਿ ਸਿੱਖ ਜਨਤਾ ਹੁਣ ਅੰਧਾ ਧੁੰਦ ਉਸ ਸਮੇਂ ਦੇ 'ਕੁਦਰਤੀ ਆਗੂਆਂ' ਮਗਰ ਨਹੀਂ ਲੱਗਣਾ ਚਾਹੁੰਦੀ। ਜਿਥੋਂ ਤਕ ਮੈਨੂੰ ਯਾਦ ਹੈ, ਸ. ਹਰਚੰਦ ਸਿੰਘ ਮੁੜ ਸਿੱਖ ਵਿਦਿਅਕ ਕਾਨਫਰੰਸ ਵਿਚ ਸ਼ਾਮਲ ਨਾ ਹੋਏ।

ਹਕੂਮਤ ਲਈ ਹੁਣ ਜ਼ਰੂਰੀ ਬਣ ਗਿਆ ਕਿ ਉਹ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹ ਕੇ ਆਪਣੇ ਨਕਸ਼ੇ ਮੁਤਾਬਕ ਬਣਾਉਣ ਲਈ ਸਿੱਖ ਪ੍ਰਤੀਨਿਧਾਂ ਦੀ ਪ੍ਰਵਾਨਗੀ ਪ੍ਰਾਪਤ ਕਰੇ। ਉਸ ਨੇ ਚੀਫ ਖਾਲਸਾ ਦੀਵਾਨ ਨੂੰ ਲਿਖਿਆ। ਚੀਫ ਖਾਲਸਾ ਦੀਵਾਨ ਲਈ ਵੀ ਔਖਾ ਹੋ ਗਿਆ ਕਿ ਉਹ ਕੋਈ ਪ੍ਰਤੀਨਿਧ ਇਕੱਠ ਕਰਕੇ ਆਪ ਸਿੱਖਾਂ ਦੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾ ਆਪਣੇ ਵਲੋਂ ਹੀ ਪ੍ਰਵਾਨਗੀ ਭੇਜ ਦੇਵੇ। ਸਿੱਖ ਜਨਤਾ ਦੀ ਆਵਾਜ਼ ਦਾ ਪ੍ਰਤੱਖ ਅਸਰ ਦਿਸ ਰਿਹਾ ਸੀ।

ਚੀਫ ਖਾਲਸਾ ਦੀਵਾਨ ਨੇ 3 ਮਈ 1914 ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਇਕ ਪੰਥਕ ਇਕੱਠ ਬੁਲਾਉਣ ਦਾ ਐਲਾਨ ਕੀਤਾ। ਸਭਾਵਾਂ ਤੇ ਜਥਿਆਂ ਦੇ ਪ੍ਰਤੀਨਿਧ ਸੱਦੇ ਗਏ। ਸਿੱਖ ਸਕੂਲਾਂ ਤੇ ਆਸ਼ਰਮਾਂ ਦੇ ਪ੍ਰਬੰਧਕ ਬੁਲਾਏ ਗਏ। ਫੌਜੀ, ਗੁਰਦੁਆਰਿਆਂ ਦੇ ਗ੍ਰੰਥੀ ਤੇ ਬਹੁਤ ਸਾਰੇ ਹੋਰ ਪ੍ਰਤਿਸ਼ਟਤ ਸਰਦਾਰ ਵੀ ਬੁਲਾਏ ਗਏ। ਇਹ ਪੰਥ ਦੀ ਸਹੀ ਪ੍ਰਤੀਨਿਧਤਾ ਦਾ ਢੰਗ ਮਾਲੂਮ ਨਹੀਂ ਸੀ ਹੁੰਦਾ। ਬਹੁਤ ਸਾਰੇ ਆਦਮੀ ਮਨ ਮਰਜ਼ੀ ਨਾਲ ਵਿਅਕਤੀਗਤ ਹੀ ਬੁਲਾ ਲਏ ਗਏ ਸਨ, ਪਰ ਉਸ ਸਮੇਂ ਹੋਰ ਕੁਝ ਹੋ ਵੀ ਨਹੀਂ ਸੀ ਸਕਦਾ। 3 ਮਈ ਨੂੰ ਸਾਰਾ ਹਾਲ ਨੱਕੋ ਨੱਕ ਭਰ ਗਿਆ। ਬਾਹਰ ਵੀ ਭੀੜ ਭੜੱਕਾ ਲੱਗ ਗਿਆ। ਸਮਾਗਮ ਵਿਚ ਬੜੇ ਇਤਰਾਜ਼ ਹੋਣ ਲੱਗ ਪਏ ਕਿ ਅੰਦਰ ਬਹੁਤ ਸਾਰੇ ਨਾਜਾਇਜ਼ ਆਦਮੀ ਦਾਖਲ ਹੋ ਗਏ ਹਨ। ਚੀਫ ਖਾਲਸਾ ਦੀਵਾਨ ਨੇ ਇਕ ਸਮਝੌਤੂ ਤੇ ਨਰਮ ਜਿਹਾ ਮਤਾ ਪੇਸ਼ ਕੀਤਾ, ਜਿਸ ਵਿਚ ਨਕਸ਼ੇ ਮੁਤਾਬਕ ਵਾਧੇ ਘਾਟੇ ਨਾਲ ਕੰਧ ਬਣਾਉਣ ਦੀ ਮੰਗ ਕੀਤੀ, ਜਿਸ ਦੀ ਵਿਰੋਧਤਾ ਤੇ ਹਮਾਇਤ ਵੀ ਹੋਈ। ਰੌਲੇ ਰੱਪੇ ਵਿਚ ਸਮਾਗਮ ਖਤਮ ਹੋ ਗਿਆ। ਚੀਫ ਖਾਲਸਾ ਦੀਵਾਨ ਦੇ ਮੁਖੀਆਂ ਦਾ ਕਹਿਣਾ ਸੀ ਕਿ ਮਤਾ ਪਾਸ ਹੋ ਗਿਆ।

ਸ. ਹਰਚੰਦ ਸਿੰਘ ਦੇ ਧੜੇ ਦੇ ਪ੍ਰਤੀਨਿਧਾਂ ਦਾ ਕਹਿਣਾ ਸੀ ਕਿ ਮਤਾ ਪਾਸ ਨਹੀਂ ਹੋਇਆ। ਉਹ ਮੰਗ ਕਰਦੇ ਸਨ ਕਿ ਕੰਧ ਪਹਿਲੇ ਵਰਗੀ ਉਸਾਰ ਦਿੱਤੀ ਜਾਵੇ। ਝਗੜਾ ਖਤਮ ਨਾ ਹੋਇਆ। ਇਸ ਸਮਾਗਮ ਦੇ ਮਗਰੋਂ ਅਖਬਾਰਾਂ ਵਿਚ ਤੇ ਜਲਸਿਆਂ ਵਿਚ ਇਹ ਝਗੜਾ ਹੋਰ ਤੇਜ਼ ਹੋ ਗਿਆ। ਸ. ਹਰਚੰਦ ਸਿੰਘ ਨੇ ਆਪਣੇ ਹੱਕ ਵਿਚ ਪ੍ਰਚਾਰ ਲਈ ਉਰਦੂ ਵਿਚ ਹਫਤੇਵਾਰ 'ਖਾਲਸਾ ਅਖਬਾਰ' ਵੀ ਜਾਰੀ ਕਰ ਦਿੱਤਾ। ਮੈਨੂੰ ਯਾਦ ਹੈ, ਇਸ ਦੇ ਪਹਿਲੇ ਐਡੀਟਰ ਸ. ਲਾਲ ਸਿੰਘ ਕਮਲਾ ਅਕਾਲੀ ਬਣੇ। ਇਹ ਇਕ ਗਰਮ ਖਿਆਲੀਆ ਅਖਬਾਰ ਸਮਝਿਆ ਜਾਣ ਲੱਗਾ। ਇਸ ਸੁਆਲ ਨੇ ਆਮ ਸਿੱਖਾਂ ਵਿਚ ਹਕੂਮਤ ਤੇ ਚੀਫ ਖਾਲਸਾ ਦੀਵਾਨ ਵਿਰੁਧ ਬੜੀ ਨਾਰਾਜ਼ਗੀ ਵਧਾ ਦਿੱਤੀ ਪਰ ਸਰਕਾਰ ਨੇ ਚੀਫ ਖਾਲਸਾ ਦੀਵਾਨ ਵਾਲਾ ਨਰਮ ਤੇ ਸਮਝੌਤੂ ਮਤਾ ਵੀ ਪ੍ਰਵਾਨ ਨਾ ਕੀਤਾ।

ਕਈ ਥਾਂਈਂ ਬੜੇ ਜੋਸ਼ ਭਰੇ ਜਲਸੇ ਹੋਏ। 31 ਮਈ ਨੂੰ ਲਾਹੌਰ ਵਿਚ ਹੋਇਆ ਜਲਸਾ ਖਾਸ ਤੌਰ 'ਤੇ ਬੜੀ ਮਹਾਨਤਾ ਰੱਖਦਾ ਹੈ। ਇਸ ਵਿਚ ਸੰਤ ਭਾਈ ਰਣਧੀਰ ਸਿੰਘ ਅਤੇ ਉਨ੍ਹਾਂ ਦਾ ਜਥਾ, ਨਾਮਧਾਰੀ ਆਗੂ ਮੰਗਲ ਸਿੰਘ, ਮਾਸਟਰ ਮੋਤਾ ਸਿੰਘ, ਸ. ਹਰਚੰਦ ਸਿੰਘ ਅਤੇ ਹੋਰ ਕਈ ਉਸ ਵੇਲੇ ਦੇ ਪ੍ਰਸਿਧ ਆਗੂ ਸ਼ਾਮਲ ਹੋਏ। ਮੈਂ ਕੁਝ ਹੋਰ ਸੱਜਣਾਂ ਨਾਲ ਉਚੇਚਾ ਰਾਵਲਪਿੰਡੀ ਤੋਂ ਇਸ ਜਲਸੇ ਵਿਚ ਸ਼ਾਮਲ ਹੋਣ ਲਈ ਗਿਆ। ਇਹ ਜਲਸਾ ਸ਼ਹਿਰ ਵਿਚ ਲੰਡੇ ਮੰਡੀ ਵਿਚ ਵਾਟਰ ਵਰਕਸ ਕੋਲ ਖਾਲੀ ਥਾਂ ਵਿਚ ਹੋਇਆ ਸੀ। ਇਸ ਮਗਰੋਂ ਪੱਟੀ, ਰੋਪੜ, ਗੋਜਰਾ ਆਦਿ ਕਈ ਥਾਂਈਂ ਸਰਕਾਰ ਤੇ ਚੀਫ ਖਾਲਸਾ ਦੀਵਾਨ ਦੇ ਰਵੱਈਏ ਵਿਰੁਧ ਬੜੇ ਜੋਸ਼ ਭਰੇ ਜਲਸੇ ਹੋਏ। ਇਸ ਤਰ੍ਹਾਂ ਥਾਂ-ਥਾਂ ਜਲਸਿਆਂ ਦੀ ਭਰਮਾਰ ਲੱਗ ਗਈ। ਇਹ ਅੰਦੋਲਨ 1907 ਦੇ ਅੰਦੋਲਨ ਨਾਲੋਂ ਵੀ ਤੇਜ਼ ਹੋ ਰਿਹਾ ਸੀ। ਪਰਦੇਸਾਂ ਵਲੋਂ ਵੀ ਰੋਸ ਦੇ ਮਤੇ ਤੇ ਤਾਰਾਂ ਆਉਣ ਲੱਗੀਆਂ। ਖਾਲਸਾ ਦੀਵਾਨ ਹਾਂਗ ਕਾਂਗ ਨੇ ਵਾਇਸਰਾਏ ਨੂੰ ਤਾਰ ਭੇਜੀ ਕਿ "ਸਰਕਾਰ ਗੁਰਦੁਆਰਾ ਰਕਾਬ ਗੰਜ ਦੀ ਕੰਧ ਤੁਰਤ ਉਸਾਰ ਦੇਵੇ, ਨਹੀਂ ਤਾਂ ਸਿੰਘ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਮਜਬੂਰ ਹੋਣਗੇ।"

ਇਹ ਵੇਖ ਕੇ ਸਰਕਾਰ ਘਬਰਾ ਉਠੀ। ਦੂਜੇ ਪਾਸੇ 4 ਅਗਸਤ 1914 ਨੂੰ ਪਹਿਲਾ ਸੰਸਾਰ ਯੁੱਧ ਅਰੰਭ ਹੋ ਗਿਆ। ਲਾਇਲਪੁਰ ਦੇ ਡੀ. ਸੀ. ਨੇ ਸ. ਹਰੰਚਦ ਸਿੰਘ ਨੂੰ ਬੁਲਾ ਕੇ ਆਖਿਆ, "ਹੁਣ ਜੰਗ ਸ਼ੁਰੂ ਹੋ ਗਿਆ ਹੈ, ਹਕੂਮਤ ਨੂੰ ਤੁਹਾਡੀ ਮਦਦ ਦੀ ਲੋੜ ਪੈ ਗਈ ਹੈ। ਤੁਸੀਂ ਰਕਾਬ ਗੰਜ ਦਾ ਅੰਦੋਲਨ ਹੁਣ ਬੰਦ ਕਰ ਦਿਉ, ਸਰਕਾਰ ਨੇ ਕੰਧ ਢਾਹੁਣੀ ਬੰਦ ਕਰ ਦਿੱਤੀ ਹੈ। ਇਸ ਨੂੰ ਮੁੜ ਕੇ ਕਿਵੇਂ ਚੜ੍ਹਾਉਣਾ ਹੈ? ਇਹ ਗੱਲ ਦਾ ਜੰਗ ਦੇ ਖਾਤਮੇ ਮਗਰੋਂ ਸਿੱਖ ਪ੍ਰਤੀਨਿਧਾਂ ਦੀ ਸਲਾਹ ਨਾਲ ਫੈਸਲਾ ਕਰ ਲਿਆ ਜਾਏਗਾ। ਸਿੱਖਾਂ ਦੀ ਪ੍ਰਵਾਨਗੀ ਬਿਨਾ ਸਰਕਾਰ ਕੁਝ ਨਹੀਂ ਕਰੇਗੀ।"

ਸ. ਹਰਚੰਦ ਸਿੰਘ ਮੰਨ ਗਏ। ਉਨ੍ਹਾਂ ਆਪਣੇ ਸਭ ਸਾਥੀਆਂ ਨੂੰ ਇਹ ਅੰਦੋਲਨ ਬੰਦ ਕਰ ਦੇਣ ਦੀ ਸਲਾਹ ਦਿੱਤੀ ਅਤੇ ਅੱਗੋਂ ਗੁਰਦੁਆਰਾ ਰਕਾਬ ਗੰਜ ਬਾਰੇ ਜਲਸਿਆਂ ਤੇ ਅਖਬਾਰਾਂ ਰਾਹੀਂ ਅੰਦੋਲਨ ਬੰਦ ਕਰ ਦਿੱਤਾ। ਆਮ ਸਿੱਖਾਂ ਦੀ ਇਸ ਗੱਲ ਨਾਲ ਤਸੱਲੀ ਤਾਂ ਨਾ ਹੋਈ ਪਰ ਅੰਦੋਲਨ ਹੁਣ ਬੰਦ ਗਿਆ ਸੀ।

**(3)**

ਹੁਣ ਜਦ 'ਅਕਾਲੀ' ਅਖਬਾਰ ਦੇ ਪਹਿਲੇ ਪਰਚੇ ਵਿਚ ਹੀ ਸਿੱਖਾਂ ਦੀਆਂ ਜ਼ਰੂਰੀ ਪੰਜ ਮੰਗਾਂ ਵਿਚੋਂ ਇਕ ਮੰਗ ਗੁਰਦੁਆਰਾ ਰਕਾਬ ਗੰਜ ਦੀ ਕੰਧ ਚੜ੍ਹਾਉਣ ਦੀ ਰੱਖੀ ਗਈ ਤਾਂ ਸਿੱਖ ਜਨਤਾ ਦੇ ਦਿਲਾਂ ਵਿਚ 1914 ਤੋਂ ਸਤ ਵਰ੍ਹੇ ਦੀ ਹਕੂਮਤ ਵਿਰੁਧ ਦੱਬੀ ਹੋਈ ਨਾਰਾਜ਼ਗੀ ਦੀ ਅੱਗ ਫਿਰ ਮਘ ਪਈ। ਬੁਨਿਆਦੀ ਪ੍ਰਸ਼ਨ ਇਹ ਸੀ ਕਿ ਇਤਿਹਾਸਕ ਗੁਰਦੁਆਰੇ ਤੇ ਇਸ ਦੀ ਜਮੀਨ ਉਤੇ ਹੱਕ ਕਿਸ ਦਾ ਹੈ? ਇਸ ਵਿਚ ਅਦਲਾ-ਬਦਲੀ ਕਰਨ ਤੇ ਪ੍ਰਬੰਧ ਕਰਨ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰ ਦਾ ਕੀ ਹੱਕ ਹੈ ਕਿ ਗੁਰਦੁਆਰੇ ਦੀ ਕੰਧ ਤੇ ਜਮੀਨ ਉਤੇ ਕਬਜ਼ਾ ਕਰਕੇ ਇਸ ਵਿਚ ਮਨ ਮਰਜ਼ੀ ਦੀ ਤਬਦੀਲੀ ਕਰੇ? ਸਿੱਖ ਜਨਤਾ ਦੀ ਖਾਹਸ਼ ਸੀ

*(ਅਗਲੇ ਸਫੇ 'ਤੇ ਜਾਰੀ)*

# ਭੰਗੀਆਂ ਵਾਲੀ ਤੋਪ ਤੇ ਕਿਪਲਿੰਗ

ਬ੍ਰਿਟਿਸ਼ ਰਾਜ ਦੀ ਸ਼ਾਨਦਾਰ ਅਤੇ ਪਿਆਰ ਨਾਲ ਚੇਤੇ ਕੀਤੀ ਜਾਂਦੀ ਸਥਾਈ ਵਿਰਾਸਤ ਹੈ ਰੁਡਯਾਰਡ ਕਿਪਲਿੰਗ ਅਤੇ ਉਸ ਦੇ ਕਿਰਦਾਰ ਕਿਮ ਦੀ ਵਿਰਾਸਤ, ਜੋ ਉਸ ਦੀ ਇਕ ਕਿਤਾਬ ਦਾ ਸਿਰਲੇਖ ਵੀ ਹੈ। ਲਾਹੌਰ ਦੀ ਮਾਲ ਰੋਡ ਉਤੇ ਹਾਲੇ ਵੀ ਕਿਮ ਦੀ ਤੋਪ ਲੱਗੀ ਹੈ। ਉਂਜ ਇਸ ਦਾ ਮਸ਼ਹੂਰ ਨਾਂ ਭੰਗੀਆਂ ਵਾਲੀ ਤੋਪ, ਭਾਵ ਭੰਗੀਆਂ ਦੀ ਤੋਪ ਹੀ ਹੈ।

ਰੁਡਯਾਰਡ ਕਿਪਲਿੰਗ ਜਿਵੇਂ ਅਸੀਂ ਸਾਰੇ ਜਾਣਦੇ ਹੀ ਹਾਂ, ਲਾਹੌਰ ਕਾਲਜ ਆਫ ਆਰਟਸ ਦੇ ਪ੍ਰਿੰਸੀਪਲ ਜੌਹਨ ਲੌਕਵੁਡ ਕਿਪਲਿੰਗ ਦਾ ਪੁੱਤਰ ਸੀ। ਇਸ ਕਾਲਜ ਦਾ ਨਾਂ ਹੁਣ ਨੈਸ਼ਨਲ ਕਾਲਜ ਆਫ ਆਰਟਸ ਹੈ, ਜਿਸ ਨੂੰ ਵਿਚਾਲੜੇ ਜਿਹੇ ਮੇਓ ਸਕੂਲ ਆਫ ਆਰਟਸ ਵੀ ਆਖਿਆ ਜਾਂਦਾ




ਮਜੀਦ ਸ਼ੇਖ

ਸੀ। ਕਾਲਜ ਦਾ ਇਹ ਨਾਂ ਲਾਰਡ ਮੇਓ ਤੋਂ ਪਿਆ ਸੀ, ਜਿਨ੍ਹਾਂ ਦੇ ਨਾਂ ਉਤੇ ਲਾਹੌਰ ਵਿਚ ਮੇਓ ਹਸਪਤਾਲ ਵੀ ਹੈ। ਸ਼ੁਰੂ ਵਿਚ ਰੁਡਯਾਰਡ ਕਿਪਲਿੰਗ ਨੂੰ ਵਾਲੰਟੀਅਰ ਕੋਰ ਵਿਚ ਵਾਲੰਟੀਅਰ ਬਣਾਇਆ ਗਿਆ। ਉਸ ਨੂੰ ਪਹਿਲੀ ਪੰਜਾਬ ਵਾਲੰਟੀਅਰਜ਼ ਦੀ 'ਬੀ' ਕੰਪਨੀ ਵਿਚ ਸ਼ਾਮਲ ਕੀਤਾ ਗਿਆ, ਪਰ ਨੌਜਵਾਨ ਕਿਪਲਿੰਗ ਕਦੇ ਵੀ ਪਰੇਡ ਵਿਚ ਸ਼ਾਮਲ ਨਹੀਂ ਹੋਇਆ।

ਉਸ ਨੇ ਹੋਰ ਕਈ ਨੌਕਰੀਆਂ ਲਈ ਵੀ ਹੱਥ ਅਜ਼ਮਾਇਆ ਪਰ ਉਸ ਨੂੰ 'ਨਜ਼ਰ ਦੀ ਖਰਾਬੀ ਕਾਰਨ ਸਰਕਾਰੀ ਸੇਵਾ ਲਈ ਅਯੋਗ' ਕਰਾਰ ਦੇ ਦਿੱਤਾ ਗਿਆ ਸੀ। ਇਸ ਕਾਰਨ ਉਸ ਦੇ ਪਿਤਾ ਨੇ ਸਰ ਡੇਵਿਡ ਮੈਸਨ ਤਕ ਪਹੁੰਚ ਕੀਤੀ ਜਿਹੜੇ ਉਦੋਂ 'ਸਿਵਿਲ ਐਂਡ ਮਿਲਿਟਰੀ ਗਜ਼ਟ' (ਸੀ. ਐਂਡ ਐਮ. ਜੀ.) ਲਾਹੌਰ ਨਾਮੀ ਪਰਚੇ ਦੇ ਪ੍ਰਬੰਧਕੀ ਮਾਲਕ ਸਨ। ਪਿਤਾ ਚਾਹੁੰਦੇ ਸਨ ਕਿ 'ਮੁੰਡਾ ਪੱਤਰਕਾਰੀ ਵਿਚ ਹੱਥ ਅਜ਼ਮਾ' ਕੇ ਦੇਖੇ, ਕਿਉਂਕਿ ਉਹ 'ਲੰਮੀਆਂ ਤੇ ਹੈਰਾਨਕੁਨ ਕਹਾਣੀਆਂ' ਲਿਖਣ ਦਾ ਸ਼ੌਕੀਨ ਸੀ।

ਉਸ ਨੂੰ 100 ਰੁਪਏ ਮਹੀਨਾ 'ਤੇ ਨਿਯੁਕਤ ਕੀਤਾ ਗਿਆ ਤੇ ਛੇਤੀ ਹੀ ਉਸ ਨੇ ਇਕ ਕਹਾਣੀ ਲਿਖੀ। ਕ੍ਰਿਸਮਸ ਦਾ ਸਮਾਂ ਸੀ, ਹੈਰਾਨੀ ਦੀ ਗੱਲ ਹੈ ਕਿ ਕ੍ਰਿਸਮਸ ਦੌਰਾਨ ਕਿਪਲਿੰਗ ਪਰਿਵਾਰ ਦੇ ਚਾਰੇ ਜੀਆਂ-ਪਿਤਾ, ਮਾਂ, ਪੁੱਤ ਤੇ ਧੀ ਨੇ ਇਕ-ਇਕ ਲਿਖਤ ਦਾ ਯੋਗਦਾਨ ਦਿੱਤਾ। ਐਚ. ਆਰ. ਗੂਲਡਿੰਗ ਦੇ ਹਵਾਲੇ ਮੁਤਾਬਿਕ ਸੀ. ਐਂਡ ਐਮ. ਜੀ. ਦਾ ਉਹ ਅੰਕ ਨਿਲਾਮੀਘਰ 'ਸੋਦਬੀ' ਵਿਖੇ ਚੰਗੀ ਕੀਮਤ 'ਤੇ ਵਿਕਿਆ, ਪਰ ਰੁਡਯਾਰਡ ਨੇ ਇਸ ਪਰਚੇ ਵਿਚ ਆਪਣੀ ਨਿਯੁਕਤੀ ਨੂੰ ਕਾਫੀ ਮਾੜੇ ਢੰਗ ਨਾਲ ਬਿਆਨਿਆ ਹੈ। ਉਸ ਦੀ ਪਹਿਲੀ ਲਿਖਤ ਪਿਛੋਂ ਇਕ ਪੁਰਾਣੇ ਅੰਗਰੇਜ਼ੀ ਪੱਤਰਕਾਰ



ਰੁਡਯਾਰਡ ਕਿਪਲਿੰਗ

ਨੇ ਉਸ ਨੂੰ ਦੱਸਿਆ ਕਿ ਪੱਤਰਕਾਰੀ ਦੀ ਸ਼ੁਰੂਆਤ 'ਟੈਲੀਗ੍ਰਾਮਜ਼ ਅਤੇ ਆਪਣੀਆਂ ਛਪੀਆਂ ਕਹਾਣੀਆਂ ਦੀ ਕਟਿੰਗ ਤੇ ਉਨ੍ਹਾਂ ਨੂੰ ਚਿਪਕਾਉਣ' ਰਾਹੀਂ ਕਰਨੀ ਪੈਂਦੀ ਹੈ। ਇਸ ਕਾਰਨ ਲਾਹੌਰ ਤੋਂ ਉਭਰਨ ਵਾਲੇ ਅੰਗਰੇਜ਼ੀ ਸਾਹਿਤ ਦੇ ਇਸ ਮਹਾਨ ਲੇਖਕ ਲਈ ਇਹ ਕੋਈ ਸੌਖਾ ਕੰਮ ਨਹੀਂ ਸੀ।

ਰੁਡਯਾਰਡ ਕਿਪਲਿੰਗ ਨੂੰ ਪੱਤਰਕਾਰ ਵਜੋਂ ਵਧੀਆ ਮੌਕਾ ਉਦੋਂ ਮਿਲਿਆ, ਜਦੋਂ ਅਫਗਾਨਿਸਤਾਨ ਦਾ ਅਮੀਰ 1885 ਵਿਚ ਭਾਰਤ ਦੇ ਦੌਰੇ 'ਤੇ ਆਇਆ। ਰੁਡਯਾਰਡ ਉਨ੍ਹਾਂ ਦੇ ਕਾਫਲੇ ਨਾਲ ਪਿਸ਼ਾਵਰ ਤੋਂ ਰਲਿਆ ਤੇ ਰਾਵਲਪਿੰਡੀ ਤਕ ਨਾਲ ਹੀ ਰਿਹਾ। ਅਫਗਾਨ ਬਾਦਸ਼ਾਹ ਬਾਰੇ ਉਸ ਦੀਆਂ ਮਸਾਲੇਦਾਰ ਤੇ ਕਲਪਨਾਸ਼ੀਲ ਲਿਖਤਾਂ ਨੇ ਪਹਿਲੀ ਵਾਰ ਧਿਆਨ ਖਿੱਚਿਆ ਤੇ ਫਿਰ ਉਸ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਫਿਰ ਉਸ ਨੇ ਅਫਗਾਨਿਸਤਾਨ ਨੂੰ ਲੈ ਕੇ ਬਰਤਾਨੀਆ ਤੇ ਰੂਸ ਦੀ ਦੁਸ਼ਮਣੀ ਉਤੇ ਆਧਾਰਤ 'ਗਰੇਟ ਗੇਮ' ਲਿਖਣੀ ਸ਼ੁਰੂ ਕੀਤੀ। ਇਸ ਦੁਸ਼ਮਣੀ ਬਾਰੇ ਉਸ ਦੀ ਪੇਸ਼ਕਾਰੀ ਨੇ ਅਜਿਹੀ ਲੀਹ ਪਾਈ ਕਿ ਯੂਰਪੀ ਲੋਕ ਹਾਲੇ ਵੀ ਇਸ ਖਿੱਤੇ ਬਾਰੇ ਸਿਆਸਤ ਨੂੰ ਉਸੇ ਨਜ਼ਰੀਏ ਤੋਂ ਦੇਖਦੇ ਹਨ।

ਨਾਵਲ 'ਕਿਮ' ਨੂੰ ਉਸ ਦੀਆਂ ਬਿਹਤਰੀਨ ਲਿਖਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਕਿਮ ਦੇ ਕਿਰਦਾਰ ਨੇ ਹਮੇਸ਼ਾ ਲੋਕਾਂ ਨੂੰ ਰੁਮਾਂਚਿਤ ਕੀਤਾ ਹੈ। ਕਿਮ ਅਸਲ ਵਿਚ ਕੌਣ ਸੀ? ਇਸ 'ਅੰਗਰੇਜ਼ ਮੁੰਡੇ' ਕਿਮ ਦੇ ਕਿਰਦਾਰ ਬਾਰੇ ਕਾਫੀ ਖੋਜ ਹੋਈ ਹੈ, ਜਿਹੜਾ ਅਨਾਰਕਲੀ ਬਾਜ਼ਾਰ ਵਿਚ ਘੁੰਮਦਾ ਰਹਿੰਦਾ ਅਤੇ ਉਥੇ ਲੱਗੀ ਵੱਡੀ ਤੋਪ ਉਤੇ ਖੇਡਦਾ। ਇਹ ਭੰਗੀਆਂ ਵਾਲੀ ਤੋਪ ਲਾਹੌਰ ਅਜਾਇਬਘਰ ਦੇ ਬਾਹਰਵਾਰ ਲੱਗੀ ਹੋਈ ਹੈ। ਇਕ ਕਹਾਣੀ ਮੁਤਾਬਕ ਕਿਮ ਅਸਲ ਵਿਚ ਮਿਸਟਰ ਐਫ. ਬੈਟੀ ਸੀ, ਜੋ ਪੁਲਿਸ ਅਫਸਰ ਸੀ ਅਤੇ 1922 ਵਿਚ ਕੋਇਟਾ (ਬਲੋਚਿਸਤਾਨ) ਤੋਂ ਸੇਵਾਮੁਕਤ ਹੋਇਆ। ਬੈਟੀ ਦਾ ਪਿਤਾ 1849 ਵਿਚ ਸਿੱਖ ਰਾਜ ਦੇ ਖਾਤਮੇ ਤੋਂ ਬਾਅਦ ਲਾਹੌਰ ਵਿਚ ਆਉਣ ਵਾਲੇ ਬਿਲਕੁਲ ਪਹਿਲੇ ਅੰਗਰੇਜ਼ਾਂ ਵਿਚੋਂ ਸੀ।

ਉਹ ਈਸਟ ਇੰਡੀਆ ਕੰਪਨੀ ਵਿਚ ਕਲਰਕ ਸੀ। ਉਹ ਉਨ੍ਹਾਂ ਬੈਰਕਾਂ ਵਿਚ ਰਹਿੰਦਾ ਸੀ, ਜਿਨ੍ਹਾਂ ਨੂੰ ਬਾਅਦ ਵਿਚ ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਪੁਰਾਣੇ ਕੈਂਪਸ ਦੀ ਇਮਾਰਤ ਉਸਾਰਨ ਲਈ ਢਾਹ ਦਿੱਤਾ ਗਿਆ। ਜਿਵੇਂ ਇਕ ਵੇਰਵਾ ਮਿਲਦਾ ਹੈ ਕਿ ਨਿੱਕੇ ਹੁੰਦਿਆਂ ਬੈਟੀ ਭਾਰਤੀ ਮੁੰਡਿਆਂ ਜਾਂ 'ਛੋਕਰਿਆਂ' ਨਾਲ ਖੇਡਦਾ। ਉਹ ਪੰਜਾਬੀਆਂ ਵਾਂਗ ਹੀ ਬੋਲਦਾ ਤੇ ਗਾਲੀ-ਗਲੋਚ ਕਰਦਾ। ਉਹ ਅਕਸਰ ਪੁਰਾਣੀ ਵੱਡੀ ਤੋਪ ਉਤੇ ਬੈਠਾ ਦੇਖਿਆ ਜਾਂਦਾ। ਦੂਜੇ ਪਾਸੇ ਰੁਡਯਾਰਡ ਇਸ ਤੋਪ ਦੇ ਐਨ ਸਾਹਮਣੇ ਸਥਿਤ ਕੁਆਰਟਰਾਂ ਵਿਚ ਰਹਿੰਦਾ ਸੀ। ਇਸ ਕਾਰਨ ਜਾਪਦਾ ਹੈ ਕਿ ਉਸ ਦੀ ਬੈਟੀ ਨਾਲ ਜਾਣ-ਪਛਾਣ ਹੋ ਗਈ। ਜੇ ਉਹ ਉਸ ਨੂੰ ਜ਼ਾਤੀ ਤੌਰ 'ਤੇ ਨਹੀਂ ਵੀ ਜਾਣਦਾ ਹੋਵੇਗਾ ਤਾਂ ਵੀ ਨਿੱਕੇ ਬੈਟੀ ਦੀਆਂ ਨਿਆਣੀ ਉਮਰ ਦੀਆਂ 'ਇੱਲਤਾਂ' ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਿਲ ਰਿਹਾ ਹੋਵੇਗਾ, ਜਿਵੇਂ ਬੈਟੀ ਬਾਰੇ ਆਖਿਆ ਜਾਂਦਾ ਹੈ।

ਜਦੋਂ ਐਫ. ਬੈਟੀ ਪੁਲਿਸ ਵਿਚ ਭਰਤੀ ਹੋਇਆ ਤਾਂ ਉਸ ਦੀ ਨਿਯੁਕਤੀ ਬਲੋਚਿਸਤਾਨ ਵਿਚ ਹੋਈ। ਉਸ ਨੇ ਸ਼ਾਨਦਾਰ ਢੰਗ-ਤਰੀਕਿਆਂ ਰਾਹੀਂ ਬਲੋਚਾਂ ਨੂੰ ਆਪਣੇ ਦੋਸਤ ਬਣਾ ਕੇ ਬਹੁਤ ਹੀ ਅੱਖੜ ਸਮਝੇ ਜਾਂਦੇ ਕੋਇਟਾ ਸ਼ਹਿਰ ਵਿਚ ਅਮਨ ਕਾਇਮ ਰੱਖਣ ਵਿਚ ਕਾਮਯਾਬੀ ਹਾਸਲ ਕੀਤੀ। ਉਸ ਦੇ 'ਭਾਰਤੀ ਤੌਰ ਤਰੀਕਿਆਂ' ਨੇ ਯਕੀਨਨ ਉਸ ਨੂੰ ਇਸ ਮੁਲਕ ਦੇ ਲੋਕਾਂ ਬਾਰੇ ਜਾਣਨ ਵਿਚ ਭਰਵੀਂ ਮਦਦ ਕੀਤੀ। ਬੈਟੀ ਦੇ ਇਹ ਕਾਰਨਾਮੇ ਯਕੀਨਨ ਰੁਡਯਾਰਡ ਕਿਪਲਿੰਗ ਕੋਲ ਪੁੱਜੇ ਹੋਣਗੇ ਅਤੇ ਇਸ ਤਰ੍ਹਾਂ ਉਸ ਨੂੰ ਇਸ 'ਤੇ ਕਹਾਣੀ ਬੁਣਨ ਲਈ ਕਾਫੀ ਸਮੱਗਰੀ ਮਿਲ ਗਈ ਹੋਵੇਗੀ। ਦਿਲਚਸਪ ਗੱਲ ਇਹ ਹੈ ਕਿ ਇਕ ਅਖਬਾਰ ਵਿਚ ਬੈਟੀ ਨੂੰ 'ਬਲੋਚਿਸਤਾਨ ਦਾ ਸੁਹੱਪਣ' ਕਰਾਰ ਦਿੱਤਾ ਗਿਆ ਸੀ।

ਇਸ ਦੇ ਨਾਲ ਹੀ ਇਥੇ ਇਕ ਹੋਰ ਕਿਰਦਾਰ ਪੇਸ਼ ਕਰਨਾ ਵੀ ਦਿਲਚਸਪ ਰਹੇਗਾ, ਜਿਸ ਦਾ ਨਾਂ ਸੀ ਬ੍ਰਾਇਨ। ਦੱਸਿਆ ਜਾਂਦਾ ਹੈ ਕਿ ਬ੍ਰਾਇਨ ਦਾ ਪਿਤਾ ਅੰਗਰੇਜ਼ ਅਤੇ ਮਾਂ ਲਾਹੌਰਨ ਸੀ। ਉਸ ਦਾ ਪਿਤਾ ਈਸਟ ਇੰਡੀਆ ਕੰਪਨੀ ਵਿਚ ਕਲਰਕ ਸੀ ਤੇ ਉਹ ਉਥੇ ਰਹਿੰਦੇ ਸਨ, ਜਿੱਥੇ ਅਜੋਕਾ ਕਪੂਰਥਲਾ ਹਾਊਸ ਹੈ। ਇਹ ਐਂਗਲੋ-ਇੰਡੀਅਨ ਬਹੁਤ ਗੋਰਾ ਸੀ, ਉਸ ਦੇ ਵਾਲ ਭੂਰੇ ਸਨ। ਉਹ ਪੈਰੋਂ ਵਾਹਣਾ ਗਲੀਆਂ ਵਿਚ ਘੁੰਮਦਾ ਰਹਿੰਦਾ। ਉਹ ਨਾ ਸਿਰਫ ਸ਼ੁੱਧ ਅੰਗਰੇਜ਼ੀ ਸਗੋਂ ਸ਼ੁੱਧ ਪੰਜਾਬੀ ਵੀ ਬੋਲ ਲੈਂਦਾ ਸੀ।

ਦਿਨ ਵਿਚ ਉਹ ਟਿੱਕਾ ਗੱਡੀ ਚਲਾਉਂਦਾ, ਜਿਹੜੀ ਉਸ ਦੀ ਵਿਧਵਾ ਮਾਤਾ ਦੀ ਸੀ। ਨਿੱਕਾ ਬ੍ਰਾਇਨ ਉਸੇ ਤਰ੍ਹਾਂ ਤੋਪ 'ਤੇ ਖੇਡਦਾ ਰਹਿੰਦਾ ਜਿਵੇਂ ਬੈਟੀ ਖੇਡਦਾ ਸੀ। ਇਸ ਤਰ੍ਹਾਂ ਇਹ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਦੋਹਾਂ ਵਿਚੋਂ ਅਸਲ 'ਚ ਕਿਮ ਕੌਣ ਸੀ। ਬ੍ਰਾਇਨ ਦੀ ਬਾਅਦ ਦੀ ਜ਼ਿੰਦਗੀ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ। ਉਂਜ, ਕਾਫੀ ਸੰਭਾਵਨਾ ਸੀ ਕਿ ਉਸ ਨੂੰ ਕੋਈ ਸਰਕਾਰੀ ਨੌਕਰੀ ਮਿਲ ਗਈ ਅਤੇ ਉਸ ਨੂੰ ਹਰ ਤਰ੍ਹਾਂ ਦੀਆਂ ਨਸਲਾਂ ਤੇ ਭਾਸ਼ਾਵਾਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਸ ਬਾਰੇ ਇੰਨਾ ਹੀ ਪਤਾ ਚੱਲਦਾ ਹੈ ਕਿ ਉਸ ਦੀ ਇਕ ਭੈਣ ਨੇ ਕੰਪਨੀ ਦੇ ਇਕ ਹਿੰਦੂ ਕਲਰਕ ਨਾਲ ਵਿਆਹ ਕਰਵਾਇਆ ਸੀ।

ਇਹ ਗੱਲ ਲਾਜ਼ਮੀ ਚੇਤੇ ਰੱਖੀ ਜਾਣੀ ਚਾਹੀਦੀ ਹੈ ਕਿ ਈਸਟ ਇੰਡੀਆ ਕੰਪਨੀ ਦੇ ਦੌਰ ਤਕ ਅੰਗਰੇਜ਼ ਲੋਕ ਸਥਾਨਕ ਵੱਸੋਂ ਨਾਲ ਕਾਫੀ ਘੁਲ-ਮਿਲ ਕੇ ਰਹਿੰਦੇ ਸਨ। ਜਦੋਂ 1857 ਦੇ ਵਿਦਰੋਹ ਤੋਂ ਬਾਅਦ ਬਰਤਾਨਵੀ ਤਾਜ ਨੇ ਮੁਲਕ ਦਾ ਪ੍ਰਸ਼ਾਸਨ ਸਿੱਧਾ ਆਪਣੇ ਹੱਥਾਂ ਵਿਚ ਲਿਆ, ਉਦੋਂ ਹੀ ਵੱਖੋ-ਵੱਖਰੇ ਵਿਕਾਸ ਨੂੰ ਸਰਕਾਰੀ ਨੀਤੀ ਵਜੋਂ ਅਪਨਾਇਆ ਗਿਆ। ਇਸ ਤਰ੍ਹਾਂ ਕਿਮ ਉਨ੍ਹਾਂ ਭਰਪੂਰ ਮੇਲ-ਜੋਲ ਵਾਲੇ ਦਿਨਾਂ ਦੀ ਪੈਦਾਵਾਰ ਸੀ। ਇਕ ਅਜਿਹਾ ਇਨਸਾਨ, ਜਿਸ ਨੇ ਆਉਣ



ਲਾਹੌਰ ਵਿਚ ਭੰਗੀਆਂਵਾਲੀ ਤੋਪ

ਵਾਲੇ ਦਿਨਾਂ ਦੌਰਾਨ ਅੰਗਰੇਜ਼ਾਂ ਦੀ ਇੰਨੀ ਵਧੀਆ ਢੰਗ ਨਾਲ ਮਦਦ ਕਰਨੀ ਸੀ।

ਕਿਪਲਿੰਗ ਤੇ ਕਿਮ ਦੀਆਂ ਕਹਾਣੀਆਂ ਆਪਣੇ ਆਪ ਵਿਚ ਬਹੁਤ ਦਿਲਕਸ਼ ਹਨ। ਇਸ ਖਿੱਚ ਦਾ ਪਤਾ ਲਾਉਣ ਲਈ ਤੁਹਾਨੂੰ ਲਾਹੌਰ ਆਉਣਾ ਪਵੇਗਾ। ਜਿਨ੍ਹਾਂ ਵੀ ਥਾਂਵਾਂ ਤੇ ਚੀਜ਼ਾਂ ਦੀ ਇਸ ਨਾਵਲ ਵਿਚ ਗੱਲ ਹੋਈ ਹੈ, ਉਹ ਸਾਰੀਆਂ ਲਾਹੌਰ ਵਿਚ ਮੌਜੂਦ ਹਨ। ਇਹੋ ਕਾਰਨ ਹੈ ਕਿ ਇਹ ਪੂਰੀ ਖਾਲਸ ਵਿਰਾਸਤ ਹੈ, ਅਜਿਹੀ ਵਿਰਾਸਤ ਜਿਸ ਨੂੰ ਹੋਰ ਚੰਗੀ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ।

# ਗੁਰਦੁਆਰਾ ਰਕਾਬ ਗੰਜ: ਅਕਾਲੀ ਲਹਿਰ ਦੀ ਪਹਿਲੀ ਸ਼ਾਨਦਾਰ ਜਿੱਤ

(ਪਿਛਲੇ ਸਫੇ ਦੀ ਬਾਕੀ)

ਕਿ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੰਥ ਦੇ ਕਿਸੇ ਪ੍ਰਤੀਨਿਧ ਜਥੇ ਦੇ ਹੱਥ ਵਿਚ ਹੋਣਾ ਚਾਹੀਦਾ ਹੈ ਤੇ ਉਸ ਗੁਰਦੁਆਰੇ ਦੀ ਸ਼ੋਭਾ ਵਧਾਉਣ ਦੇ ਆਸ਼ੇ ਨਾਲ ਇਸ ਵਿਚ ਕੋਈ ਅਦਲਾ-ਬਦਲੀ ਕਰਨੀ ਚਾਹੀਦੀ ਹੈ।

ਯੁੱਧ ਖਤਮ ਹੋਏ ਨੂੰ ਦੋ ਢਾਈ ਵਰ੍ਹੇ ਹੋ ਗਏ ਸਨ। ਸਰਕਾਰ ਨੇ 1914 ਵਿਚ ਕੀਤੇ ਇਕਰਾਰ ਮੂਜਬ ਅਜੇ ਕੰਧ ਨੂੰ ਮੁੜ ਉਸਾਰਨ ਦਾ ਸੁਆਲ ਨਹੀਂ ਸੀ ਛੇੜਿਆ।

ਸ. ਸਰਦੂਲ ਸਿੰਘ ਕਵੀਸ਼ਰ ਨੇ 1920 ਜੂਨ ਜਾਂ ਜੁਲਾਈ ਦੇ ਮਹੀਨੇ ਦੇ 'ਅਕਾਲੀ' ਦੇ ਕਿਸੇ ਪਰਚੇ ਵਿਚ ਇਕ ਚਿੱਠੀ ਛਪਵਾਈ, ਜਿਸ ਦਾ ਮਜ਼ਮੂਨ ਇਸ ਕਿਸਮ ਦਾ ਸੀ:

"ਅਗਸਤ 1914 ਵਿਚ ਜਰਮਨੀ ਨਾਲ ਯੁੱਧ ਸ਼ੁਰੂ ਹੋ ਜਾਣ ਕਰਕੇ ਅੰਗਰੇਜ਼ੀ ਸਰਕਾਰ ਨੇ ਇਹ ਇਕਰਾਰ ਕਰਕੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਸਬੰਧੀ ਅੰਦੋਲਨ ਮੁਲਤਵੀ ਕਰਵਾ ਦਿੱਤਾ ਸੀ ਕਿ ਹੁਣ ਸਾਡੇ ਸਿਰ ਉਤੇ ਬੜੀ ਮੁਸੀਬਤ ਆ ਪਈ ਹੈ, ਯੁੱਧ ਦੇ ਖਾਤਮੇ ਉਤੇ ਸਿੱਖ ਪ੍ਰਤੀਨਿਧਾਂ ਨਾਲ ਸਲਾਹ-ਮਸ਼ਵਰਾ ਕਰਕੇ ਕੰਧ ਚੜ੍ਹਾ ਦਿੱਤੀ ਜਾਏਗੀ ਪਰ ਸਰਕਾਰ ਨੇ ਇਹ ਇਕਰਾਰ ਪੂਰਾ ਨਾ ਕੀਤਾ। ਮੌਜੂਦਾ ਨੌਕਰਸ਼ਾਹੀ ਸਰਕਾਰ ਉਤੇ ਸਾਨੂੰ ਕੋਈ ਇਤਬਾਰ ਵੀ ਨਹੀਂ। ਇਹ ਆਪਣੇ ਕੀਤੇ ਕਈ ਇਕਰਾਰਾਂ ਤੋਂ ਫਿਰ ਜਾਂਦੀ ਹੈ। ਹੁਣ ਇਹ ਕਾਰਜ ਅਸਾਂ ਆਪ ਹੀ ਕਰਨਾ ਹੈ। 'ਆਪਣ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ॥' ਲੋੜ ਪੈਣ ਉਤੇ ਸਾਨੂੰ ਸੀਸ ਭੇਟ ਕਰਨ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ ਅਤੇ ਜਿਸ ਤਰ੍ਹਾਂ ਵੀ ਹੋ ਸਕੇ, ਇਹ ਕਾਰਜ ਹੁਣ ਅਸਾਂ ਨੇ ਹੀ ਕੁਰਬਾਨੀਆਂ ਕਰਕੇ ਸਿਰੇ ਚੜ੍ਹਾਉਣਾ ਹੈ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਵਿਤਰ ਗੁਰਦੁਆਰੇ ਦੀ ਸਰਕਾਰੀ ਜਬਰ ਨਾਲ ਢਾਹੀ ਗਈ ਕੰਧ ਨੂੰ ਮੁੜ ਚੜ੍ਹਾਉਣ ਲਈ ਸਾਨੂੰ ਸੀਸ ਭੇਟ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਕ ਸੌ ਅਜਿਹੇ ਸੂਰਬੀਰ ਸਿੱਖਾਂ ਦੀ ਲੋੜ ਹੈ, ਜੋ ਇਸ ਪਵਿਤਰ ਕੰਮ ਲਈ ਸੀਸ ਭੇਟ ਕਰਨ ਲਈ ਤਿਆਰ ਹੋਣ। ਜੋ ਸੱਜਣ ਇਸ ਕੰਮ ਵਿਚ ਹਿੱਸਾ ਲੈਣਾ ਚਾਹੁੰਦੇ ਹੋਣ, ਉਹ ਗੁਰੂ ਦੇ ਹਜ਼ੂਰ ਸੀਸ ਭੇਟ ਕਰਨ ਦਾ ਪ੍ਰਣ ਕਰਕੇ ਆਪੋ ਆਪਣੇ ਨਾਂ ਸਾਨੂੰ ਭੇਜ ਦੇਣ। 100 ਨਾਂ ਪੂਰੇ ਹੋਣ 'ਤੇ ਮੀਟਿੰਗ ਕਰਕੇ ਸਰਕਾਰ ਨੂੰ ਨੋਟਿਸ ਦਿੱਤਾ ਜਾਏਗਾ ਕਿ ਇੰਨੇ ਦਿਨਾਂ ਦੇ ਅੰਦਰ ਪਹਿਲਾਂ ਦੀ ਤਰ੍ਹਾਂ ਕੰਧ ਚੜ੍ਹਾ ਦਿੱਤੀ ਜਾਵੇ, ਨਹੀਂ ਤਾਂ ਇਹ ਸ਼ਹੀਦੀ ਜਥਾ ਦਿੱਲੀ ਪਹੁੰਚ ਕੇ ਆਪ ਕੰਧ ਦੀ ਉਸਾਰੀ ਸ਼ੁਰੂ ਕਰ ਦੇਏਗਾ ਅਤੇ ਜੇ ਹਕੂਮਤ ਰੋਕੇਗੀ ਤਾਂ ਛਾਤੀਆਂ ਤਾਣ ਕੇ ਗੋਲੀਆਂ ਖਾਣ ਲਈ ਤਿਆਰ ਰਹੇਗਾ, ਪਰ ਪਿੱਛੇ ਨਹੀਂ ਮੁੜੇਗਾ।"

ਇਸ ਚਿੱਠੀ ਦੇ ਆਧਾਰ ਉਤੇ 'ਅਕਾਲੀ' ਪਰਚੇ ਵਿਚ ਲੇਖ ਅਤੇ ਕਵਿਤਾਵਾਂ ਛਪਣੀਆਂ ਸ਼ੁਰੂ ਹੋ ਗਈਆਂ। ਪਹਿਲੇ ਕਵੀਸ਼ਰ ਜੀ ਨੇ ਤੇ ਅਸਾਂ 'ਅਕਾਲੀ' ਦੇ ਸਟਾਫ ਵਾਲਿਆਂ ਨੇ ਨਾਂ ਲਿਖਾਏ, ਫਿਰ ਸਿੱਖ ਜਨਤਾ ਵਲੋਂ ਸ਼ਹੀਦੀ ਜਥੇ ਵਾਸਤੇ ਦਬਾ ਦਬ ਨਾਂ ਆਉਣੇ ਸ਼ੁਰੂ ਹੋ ਗਏ। ਕਈਆਂ ਨੇ ਆਪਣੇ ਲਹੂ ਨਾਲ ਸੀਸ ਭੇਟ ਕਰਨ ਲਈ ਚਿੱਠੀਆਂ ਭੇਜੀਆਂ। ਗੁਰਦੁਆਰਾ ਰਕਾਬ ਗੰਜ ਦੀ ਕੰਧ ਚੜ੍ਹਾਉਣ ਦਾ ਸੁਆਲ ਸਭ ਤੋਂ ਮੂਹਰੇ ਆ ਗਿਆ ਤੇ ਇਸ ਦੇ ਸਿਰੇ ਚੜ੍ਹਾਉਣ ਦਾ ਇਕ ਪ੍ਰੋਗਰਾਮ ਵੀ ਬਣਾ ਲਿਆ। ਮੇਰਾ ਖਿਆਲ ਹੈ ਕਿ ਮਹੀਨੇ ਦੇ ਅੰਦਰ ਅੰਦਰ ਇਕ ਸੌ ਦੀ ਥਾਂ ਇਕ ਹਜ਼ਾਰ ਤੋਂ ਉਪਰ ਨਾਂ ਆ ਗਏ। ਅਸਾਂ ਨੇ ਹੋਰ ਨਾਂ ਲਿਖਣੇ ਬੰਦ ਕਰ ਦਿੱਤੇ। ਕੁਰਬਾਨੀ ਲਈ ਇਹ ਠਾਠਾਂ ਮਾਰਦਾ ਜੋਸ਼ ਵੇਖ ਕੇ ਸਾਨੂੰ ਨਿਸ਼ਚਾ ਹੋ ਗਿਆ ਕਿ ਸਿੱਖ ਜਨਤਾ ਹੁਣ ਜਾਗ ਪਈ ਹੈ ਅਤੇ ਇਹ ਮੋਰਚਾ ਅਸੀਂ ਜ਼ਰੂਰ ਜਿੱਤ ਲਵਾਂਗੇ ਕਿਉਂਕਿ ਗੁਰਦੁਆਰੇ ਦੀ ਕੰਧ ਚੜ੍ਹਾਉਣ ਤੋਂ ਸਰਕਾਰ ਸਾਨੂੰ ਕਿਵੇਂ ਰੋਕ ਸਕੇਗੀ?

ਅਸਾਂ ਐਲਾਨ ਕੀਤਾ ਕਿ ਅਕਤੂਬਰ ਵਿਚ ਦੂਜੀ ਸਿੱਖ ਲੀਗ ਦੇ ਸਾਲਾਨਾ ਸਮਾਗਮ ਸਮੇਂ ਇਸ ਸ਼ਹੀਦੀ ਜਥੇ ਦੀ ਮੀਟਿੰਗ ਹੋਵੇਗੀ ਅਤੇ ਹਕੂਮਤ ਨੂੰ ਕੰਧ ਚੜ੍ਹਾਉਣ ਲਈ ਕੁਝ ਦਿਨਾਂ ਦਾ ਨੋਟਿਸ ਦਿੱਤਾ ਜਾਏਗਾ।

ਅਕਤੂਬਰ ਵਿਚ ਸਿੱਖ ਲੀਗ ਦਾ ਦੂਜਾ ਸਮਾਗਮ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠਾਂ ਬੜੀ ਧੂਮਧਾਮ ਨਾਲ ਹੋਇਆ। ਹਕੂਮਤ ਤੇ ਹਕੂਮਤ ਪੱਖੀਆਂ ਵਲੋਂ ਹਰ ਤਰ੍ਹਾਂ ਨਾਲ ਵਿਰੋਧ ਦੇ ਬਾਵਜੂਦ ਬੜੀ ਭਾਰੀ ਬਹੁਸੰਮਤੀ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕੀਤਾ ਗਿਆ।

ਇਸ ਪਿਛੋਂ ਸ਼ਹੀਦੀ ਜਥੇ ਦੀ ਮੀਟਿੰਗ ਹੋਈ। ਠੀਕ ਯਾਦ ਨਹੀਂ ਪਰ ਸ਼ਾਇਦ 15 ਦਿਨਾਂ ਦਾ ਹਕੂਮਤ ਨੂੰ ਨੋਟਿਸ ਦੇ ਕੇ ਲਿਖਿਆ ਗਿਆ ਕਿ ਹੂਬਹੂ ਪਹਿਲੇ ਵਰਗੀ ਹੀ ਕੰਧ ਚੜ੍ਹਾ ਦਿੱਤੀ ਜਾਵੇ, ਨਹੀਂ ਤਾਂ ਸ਼ਹੀਦੀ ਜਥਾ ਆਪ ਆ ਕੇ ਚੜ੍ਹਾ ਲਏਗਾ।

ਹਕੂਮਤ ਦੀਆਂ ਹੁਣ ਅੱਖਾਂ ਖੁਲ੍ਹੀਆਂ। ਸਿੱਖਾਂ ਦੀ ਵਫਦਾਰੀ ਦਾ ਯਕੀਨ ਦਿਵਾਉਣ ਵਾਲੇ ਖੁਸ਼ਾਮਦਾਂ ਦਾ ਪਾਜ ਉਘੜ ਆਇਆ। ਹਿੰਦ ਦੀ ਰਾਜਧਾਨੀ ਵਿਚ ਸੈਕੇਟਰੀਏਟ ਦੇ ਸਾਹਮਣੇ ਵਾਇਸਰਾਏ ਦੀ ਕੋਠੀ ਦੇ ਬਿਲਕੁਲ ਕੋਲ ਹੀ ਸ਼ਹੀਦੀ ਮੋਰਚੇ ਦਾ ਹਵਨਕੁੰਡ ਇਕ ਪ੍ਰਤੱਖ ਹਕੀਕਤ ਨਜ਼ਰ ਆਉਣ ਲੱਗ ਪਿਆ।

ਜੋ ਕੰਮ ਛੇ ਸਾਲ ਦੇ ਮਤਿਆਂ, ਤਾਰਾਂ, ਡੈਪੂਟੇਸ਼ਨਾਂ ਤੇ ਬੇਨਤੀਆਂ ਨਾਲ ਨਹੀਂ ਸੀ ਹੋਇਆ, ਉਹ ਕੰਮ ਸਿੱਖ ਜਨਤਾ ਦੀ ਜਥੇਬੰਦੀ ਤੇ ਕੁਰਬਾਨੀ ਦੇ ਉਛਾਲ ਨੇ ਦਿਨਾਂ ਵਿਚ ਕਰ ਵਿਖਾਇਆ। ਹਫਤੇ ਵਿਚ ਹੀ ਦਿੱਲੀ ਤੋਂ ਪਤਾ ਆ ਗਿਆ ਕਿ ਹਕੂਮਤ ਨੇ ਕੰਧ ਚੜ੍ਹਾ ਦਿੱਤੀ ਹੈ।

ਹੋ ਸਕਦਾ ਹੈ ਕਿ ਹਕੂਮਤ ਨੇ ਇਹ ਵੀ ਆਸ ਰੱਖੀ ਹੋਵੇਗੀ ਕਿ ਇਹ ਚਿਰ ਦੀ ਮੰਗ ਪੂਰੀ ਕਰਕੇ ਉਹ ਸਿੱਖਾਂ ਨੂੰ ਪ੍ਰਸੰਨ ਕਰ ਲਏਗੀ, ਪਰ ਸਿੱਖ ਜਨਤਾ ਨੇ ਇਸ ਨੂੰ ਆਪਣੀ ਪਹਿਲੀ ਜਿੱਤ ਸਮਝਿਆ, ਉਸ ਨੇ ਹਕੂਮਤ ਦਾ ਇਸ ਵਿਚ ਕੋਈ ਅਹਿਸਾਨ ਖਿਆਲ ਨਹੀਂ ਕੀਤਾ ਅਤੇ ਵੱਖ-ਵੱਖ ਇਲਾਕਿਆਂ ਵਿਚ ਅਕਾਲੀ ਜਥੇਬੰਦੀਆਂ ਵਧੇਰੇ ਜੋਸ਼ ਨਾਲ ਬਣਨੀਆਂ ਅਰੰਭ ਹੋ ਗਈਆਂ। ਗੁਰਦੁਆਰਾ ਸੁਧਾਰ ਵਿਚ ਜਿੱਤਾਂ ਪ੍ਰਾਪਤ ਕਰਨ ਤੇ ਹੋਰ ਮੰਗਾਂ ਪੂਰੀਆਂ ਕਰਾਉਣ ਲਈ ਸਿੱਖ ਜਨਤਾ ਦੇ ਹੌਸਲੇ ਦੂਣੇ ਹੋ ਗਏ। ਮੇਰਾ ਖਿਆਲ ਹੈ, ਗੁਰਦੁਆਰਾ ਰਕਾਬ ਗੰਜ ਇਹਦੀ ਪਹਿਲੀ ਜਿੱਤ ਅਕਾਲੀ ਲਹਿਰ ਦੀਆਂ ਹੋਰ ਜਿੱਤਾਂ ਦੀ ਪੇਸ਼ੀਨਗੋਈ ਸੀ। ਇਸ ਲਈ ਬਹੁਤ ਸਾਰੀ ਮਹਾਨਤਾ ਰੱਖਦੀ ਹੈ।

ਅਕਾਲੀ ਲਹਿਰ ਪਹਿਲੇ ਸੰਸਾਰ ਯੁੱਧ ਤੋਂ ਮਗਰੋਂ ਗੁਲਾਮ ਦੇਸ਼ ਵਿਚ ਸਾਮਰਾਜ ਵਿਰੁਧ ਉਠੇ ਕੌਮੀ ਆਜ਼ਾਦੀ ਦੇ ਉਭਾਰ ਦਾ ਇਕ ਅੰਗ ਸੀ। ਬਰਤਾਨਵੀ ਸਾਮਰਾਜੀ ਹੁਣ ਇਹ ਚਾਹੁੰਦੇ ਸਨ ਕਿ ਅਕਾਲੀ ਲਹਿਰ ਨੂੰ ਕੌਮੀ ਆਜ਼ਾਦੀ ਦੇ ਅੰਦੋਲਨ ਨਾਲੋਂ ਨਿਖੇੜ ਕੇ ਮਜਹਬੀ-ਸੁਧਾਰਕ ਤੇ ਫਿਰਕੂ ਚੈਨਲ 'ਚ ਪਾ ਦਿੱਤਾ ਜਾਵੇ। ਗੁਰਦੁਆਰਾ ਰਕਾਬ ਗੰਜ ਦੀ ਮੰਗ ਤੁਰਤ ਮੰਨ ਲੈਣ ਵਿਚ ਵੀ ਮੈਨੂੰ ਇਹੋ ਭੇਦ (ਭੇਤ) ਨਜ਼ਰ ਆਉਂਦਾ ਹੈ ਪਰ ਉਸ ਵੇਲੇ ਦੇ ਸਿੱਖ ਜਨਤਕ ਤੇ ਇਨਕਲਾਬੀ ਆਗੂਆਂ ਨੇ ਇਸ ਜਿੱਤ ਤੋਂ ਲਾਭ ਉਠਾ ਕੇ ਸਿੱਖ ਜਨਤਾ ਨੂੰ ਸਾਮਰਾਜ ਵਿਰੋਧੀ ਕੌਮੀ ਤੇ ਇਨਕਲਾਬੀ ਘੋਲ ਵਿਚ ਜੁਟਣ ਦੇ ਜਤਨ ਸ਼ੁਰੂ ਕਰ ਦਿੱਤੇ।

## ਬਰਕਤ

ਦਾਦੇ-ਪੜਦਾਦੇ ਤੋਂ ਹੀ ਰੀਤ ਸੀ ਕਿ ਸੰਗਰਾਂਦ ਵਾਲੇ ਦਿਨ ਦੇਸੀ ਘਿਉ ਦਾ ਪ੍ਰਸ਼ਾਦ ਬਣਾ ਕੇ ਗੁਰਦੁਆਰੇ ਚੜ੍ਹਾਉਣਾ ਹੈ, ਦਸਵੀਂ ਵਾਲੇ ਦਿਨ ਸੱਜਰੇ ਦੁੱਧ ਦੀ ਖੀਰ ਬਣਾ ਕੇ ਸ਼ਹੀਦ ਸਿੰਘਾਂ ਦੀ ਸਮਾਧ 'ਤੇ ਚੜ੍ਹਾ ਕੇ ਆਉਣੀ ਹੈ ਅਤੇ ਖੇਤ ਵਿਚ ਬਣੀ ਵਡੇਰਿਆਂ ਦੀ ਮਟੀ 'ਤੇ ਅੱਗ ਰੱਖ ਕੇ ਮੱਥਾ ਟੇਕ ਕੇ ਆਉਣਾ ਹੈ। ਇਹ ਸ਼ਰਧਾ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਸੀ। ਮੈਂ ਗੱਭਰੂ ਹੋਇਆ ਤਾਂ ਇਹ ਸੇਵਾ ਮੈਨੂੰ ਸੌਂਪ ਦਿੱਤੀ ਗਈ। ਮੈਂ ਘਰੋਂ ਪ੍ਰਸ਼ਾਦ ਲੈ ਕੇ ਤੁਰਦਾ ਤੇ ਰਾਹ ਵਿਚ ਹੀ ਲੋੜਵੰਦਾਂ ਦੇ ਘਰਾਂ ਵਿਚ ਵਰਤਾ ਆਉਂਦਾ। ਇਸੇ ਤਰ੍ਹਾਂ ਹੀ ਦਸਵੀਂ ਵਾਲੇ ਦਿਨ ਖੀਰ ਵੰਡ ਆਉਂਦਾ। ਖਾਲੀ ਡੱਬੇ ਨਾਲ ਹੀ ਗੁਰਦੁਆਰੇ ਮੱਥਾ ਟੇਕ ਕੇ ਪਤਾਸਿਆਂ ਦਾ ਪ੍ਰਸ਼ਾਦ ਲੈ ਆਉਂਦਾ। ਉਹ ਗੁਰਦੁਆਰੇ ਦੀ ਲੱਗੀ ਹਾਜ਼ਰੀ ਦੀ ਗਵਾਹੀ ਭਰ ਜਾਂਦੇ। ਮੇਰੇ ਇਸ ਤਰ੍ਹਾਂ ਕਰਨ ਨਾਲ ਘਰ ਵਿਚ ਬਰਕਤ ਆਉਣ ਲੱਗੀ। ਮੱਝਾਂ ਹਰ ਸਾਲ ਸੂਅ ਪੈਂਦੀਆਂ ਤੇ ਘਰੋਂ ਦੁੱਧ ਨਾ ਮੁੱਕਦਾ। ਪੰਦਰਾਂ ਸਾਲ ਇਹ ਸੇਵਾ ਕਰਕੇ ਮੈਂ ਅਮਰੀਕਾ ਆ ਗਿਆ।

ਪਿਛੋਂ ਇਹ ਸੇਵਾ ਛੋਟੇ ਭਾਈ ਨੇ ਸਾਂਭ ਲਈ ਪਰ ਉਹ ਮੇਰੇ ਪੈਰਾਂ 'ਤੇ ਨਾ ਤੁਰਿਆ। ਇਕ ਦਿਨ ਮਾਤਾ ਜੀ ਫੋਨ 'ਤੇ ਕਹਿੰਦੇ, ਪੁੱਤ! ਜਿੰਨਾ ਚਿਰ ਤੂੰ ਸੰਗਰਾਂਦ, ਦਸਵੀਂ 'ਤੇ ਜਾਂਦਾ ਰਿਹਾ, ਓਨਾ ਚਿਰ ਹੀ ਬਰਕਤ ਰਹੀ ਹੈ। ਹੁਣ ਤਾਂ ਦੁੱਧ ਅਤੇ ਘਰ ਵਿਚ ਬਰਕਤ ਨਹੀਂ।

ਮੈਂ ਦਿਲ ਵਿਚ ਸੋਚਿਆ, ਮਾਤਾ ਜੀ! ਦਸਵੀਂ ਅਤੇ ਸੰਗਰਾਂਦ ਲੋੜ ਵਾਲੀ ਥਾਂ 'ਤੇ ਨਹੀਂ ਪਹੁੰਚਦੀ।

-ਮੇਜਰ ਕੁਲਾਰ, ਬੋਪਾਰਾਏ ਕਲਾਂ
ਫੋਨ: 916-273-2856

# ਪਿਆਰ ਨਾਲ ਦਿੱਤੀ ਜ਼ਹਿਰ ਖਾਣ ਵਾਲੀ

## ਅੰਮ੍ਰਿਤਾ ਦੀਆਂ ਬਾਤਾਂ

**ਪੰਜਾਬੀ ਸਾਹਿਤ ਜਗਤ ਵਿਚ ਅੰਮ੍ਰਿਤਾ ਪ੍ਰੀਤਮ ਦਾ ਆਪਣਾ ਮੁਕਾਮ ਹੈ। ਸ਼ਖਸੀਅਤ ਦੇ ਪੱਖ ਤੋਂ ਵੀ ਉਹਦੇ ਹਿੱਸੇ ਬੁਲੰਦੀ ਆਈ। ਇਸ ਸ਼ਖਸੀਅਤ ਬਾਰੇ ਵੱਖ-ਵੱਖ ਵਿਚਾਰ ਸਾਹਿਤ ਵਿਚ ਗਾਹੇ-ਬਗਾਹੇ ਸਾਹਮਣੇ ਆਉਂਦੇ ਰਹੇ ਹਨ-ਹੱਕ ਵਿਚ ਵੀ ਅਤੇ ਵਿਰੋਧ ਵਿਚ ਵੀ; ਬਹੁਤ ਤਿੱਖੇ ਤੇ ਤੁਰਸ਼ ਵੀ, ਬਹੁਤ ਮੁਲਾਇਮ ਤੇ ਨਰਮ ਵੀ। ਉਂਜ, ਇਹ ਸੱਚ ਹੈ ਕਿ ਅੰਮ੍ਰਿਤਾ ਨੇ ਲੇਖਕਾਂ ਦਾ ਭਰਵਾਂ ਪੂਰ ਸਾਹਿਤ ਦੇ ਵਿਹੜੇ ਵਿਚ ਲਿਆਂਦਾ। ਅਜਿਹੇ ਲੇਖਕਾਂ ਵਿਚੋਂ ਇਕ ਕਿਰਪਾਲ ਕਜ਼ਾਕ ਨੇ ਅੰਮ੍ਰਿਤਾ ਨਾਲ ਕੁਝ ਗੱਲਾਂ-ਬਾਤਾਂ ਆਪਣੇ ਇਸ ਲੇਖ ਵਿਚ ਸਾਂਝੀਆਂ ਕੀਤੀਆਂ ਹਨ। -ਸੰਪਾਦਕ**

ਅੰਮ੍ਰਿਤਾ ਅਤੇ 'ਨਾਗਮਣੀ' ਤੋਂ ਮਿਲੇ ਪਿਆਰ ਸਤਿਕਾਰ ਬਾਰੇ ਅਨੇਕ ਸਿਮਰਤੀਆਂ ਚੇਤੇ ਹਨ। ਇਨ੍ਹਾਂ ਸਤਰਾਂ ਦੀ ਸੀਮਾ ਗੋੜ੍ਹੇ 'ਚੋਂ ਪੂਣੀ ਕੱਤਣ ਤੁੱਲ ਹੈ।

ਕਿਸੇ ਦਾਨਿਸ਼ਵਰ ਦੀ ਪਰਿਭਾਸ਼ਾ ਬਾਰੇ ਸੰਸਾਰ ਵਿਚ ਬਹੁਤ ਕੁਝ ਕਿਹਾ ਗਿਆ ਹੈ। ਖਲੀਲ ਜ਼ਿਬਰਾਨ ਨੇ ਕਿਹਾ, "ਕੋਈ ਅਜਿਹੀ ਸ਼ਖਸੀਅਤ ਜਿਸ ਦੀ ਸੰਗਤ ਵਿਚ ਕਿਸੇ ਅਦਨੇ ਨੂੰ ਛੋਟੇਪਣ ਦਾ ਅਹਿਸਾਸ ਨਾ ਹੋਵੇ।" ਸੁਕਰਾਤ ਨੇ ਕਿਹਾ, "ਜੋ ਮਿਕਨਾਤੀਸੀ ਖਿੱਚ ਦਾ ਮੁਜੱਸਮਾ ਹੋਵੇ।" ਮੌਲਾਨਾ ਰੂਮੀ ਨੇ ਕਿਹਾ, "ਜੋ ਲੋਹੇ ਨੂੰ ਛੋਹਣ 'ਤੇ ਸੋਨਾ ਬਣਾਉਣ ਦੇ ਗੁਣਾਂ ਵਾਲਾ ਪਾਰਸ ਹੋਵੇ।"

ਜੀਵਨ ਵਿਚ ਭਾਗ ਵੱਸ, ਮੈਨੂੰ ਇਕ ਤੋਂ ਵਧੇਰੇ ਅਜਿਹੇ ਦਾਨਿਸ਼ਵਰਾਂ ਦੀ ਸੁਹਬਤ ਦਾ ਸ਼ਰਫ ਹਾਸਿਲ ਹੋਇਆ, ਜਿਨ੍ਹਾਂ ਵਿਚ ਉਪਰੋਕਤ ਤਿੰਨਾਂ ਗੁਣਾਂ ਦੇ ਨਾਲ ਚੌਥਾ ਗੁਣ ਵੀ ਸੀ। ਪਾਰਸ ਲੋਹੇ ਨੂੰ ਸੋਨਾ ਬਣਾ ਸਕਦਾ ਹੈ ਪਰ ਇਹ ਦਾਨਿਸ਼ਵਰ ਲੋਹੇ ਨੂੰ ਪਾਰਸ ਹੀ ਬਣਾ ਦੇਣ ਦੇ ਸੁਆਮੀ



ਕਿਰਪਾਲ ਕਜ਼ਾਕ
ਫੋਨ: +91-98726-44428

ਸਨ। ਅੰਮ੍ਰਿਤਾ ਉਨ੍ਹਾਂ ਵਿਚੋਂ ਇਕ ਸੀ।

ਮੈਂ ਅਦਨਾ ਜਦੋਂ 'ਨਾਗਮਣੀ' ਅਤੇ ਅੰਮ੍ਰਿਤਾ ਦੇ ਸੰਪਰਕ ਵਿਚ ਆਇਆ ਤਾਂ ਜ਼ਿੰਦਗੀ ਬਹੁਤ ਬਦਤਰ ਸੀ। ਅੰਮ੍ਰਿਤਾ ਨੇ ਕਦੇ ਹੀਣਤਾ ਭਾਵ ਦਾ ਅਹਿਸਾਸ ਨਹੀਂ ਹੋਣ ਦਿੱਤਾ ਸਗੋਂ ਇਹ ਵਿਸ਼ਵਾਸ ਜਗਾਇਆ, 'ਗਰੀਬੀ ਗਦਾ ਹਮਾਰੀ'। ਦਿੱਲੀ ਵਿਚ ਮੇਰੇ ਕਈ ਸਕੇ-ਸਬੰਧੀ ਹਨ। ਇਕ ਵਾਰ ਕਿਸੇ ਪਰਿਵਾਰਕ ਕਾਜ ਲਈ ਅੰਮ੍ਰਿਤਾ ਨੂੰ ਮਿਲਣ ਚਲਾ ਗਿਆ। ਅੱਗੇ ਯੂਗੋਸਲਾਵੀਆ ਤੋਂ ਆਏ ਕੁਝ ਲੋਕ ਬੈਠੇ ਸਨ। ਗੋਰੇ ਚਿੱਟੇ ਲੋਕ। ਚਮਕਦਾ ਲਿਬਾਸ। ਮੈਂ ਮੁੜਨ ਲੱਗਾ ਤਾਂ ਉਹਨੇ ਕਾਰਨ ਪੁੱਛਿਆ। ਮੈਂ ਆਪਣੇ ਸਾਧਾਰਨ ਪਹਿਰਾਵੇ ਤੋਂ ਨੀਵੀਂ ਪਾਈ। ਉਹ ਮੁਸਕਰਾਈ ਤੇ ਮੈਨੂੰ ਫਖਰ ਨਾਲ ਉਨ੍ਹਾਂ ਲੋਕਾਂ ਵਿਚ ਕੇਵਲ ਲੈ ਕੇ ਹੀ ਨਾ ਗਈ ਸਗੋਂ ਮੇਰੇ ਜੀਵਨ ਅਤੇ ਕਹਾਣੀਆਂ ਬਾਰੇ ਇਸ ਕਦਰ ਹੁੱਬ ਕੇ ਜ਼ਿਕਰ ਕੀਤਾ; (ਜੇ ਮੈਂ ਭੁੱਲਦਾ ਨਹੀਂ ਤਾਂ) ਉਥੇ ਹਿੰਦ ਪਾਕਟ ਬੁੱਕਸ ਤੋਂ ਕੋਈ ਮੈਡਮ ਸੰਧੂ ਵੀ ਬੈਠੇ ਸਨ। ਉਨ੍ਹਾਂ ਮੇਰੇ ਸਿਧਾਂਤਕ ਨਜ਼ਰੀਏ ਬਾਰੇ ਪੁੱਛਿਆ। ਇਹ ਪਤਾ ਲੱਗਣ 'ਤੇ ਕਿ ਮੈਂ ਕਮਿਊਨਿਸਟ ਪਿਉ ਦਾ ਪੁੱਤਰ ਅਤੇ ਪਾਰਟੀ ਵਰਕਰ ਹੋਣ ਦੇ ਬਾਵਜੂਦ 'ਨਾਗਮਣੀ' ਵਿਚ ਛਪਦਾ ਸਾਂ, ਗੱਲਬਾਤ ਜਦੋਂ ਸਾਡੇ 'ਤੇ ਰੂਸੀ ਸਾਹਿਤ ਦੇ ਪ੍ਰਭਾਵ ਬਾਰੇ ਹੋ ਰਹੀ ਸੀ ਤਾਂ ਉਥੇ ਬੈਠੀ (ਰੂਸੀ)



ਇਮਰੋਜ਼ ਨਾਲ ਅੰਮ੍ਰਿਤਾ।

'ਪਰਾਵਦਾ' ਵਿਚ ਕੰਮ ਕਰਦੀ ਪੱਤਰਕਾਰ ਉਜ਼ਬੇਕ ਕੁੜੀ ਜ਼ਕਾਰੀਆ ਨੂੰ ਅੰਮ੍ਰਿਤਾ ਨੇ ਕਿਹਾ, ਉਹ ਗੱਲਬਾਤ ਰਿਕਾਰਡ ਕਰੇ ਅਤੇ ਛਾਪੇ। ਜੋ ਮੁਲਾਕਾਤ ਤੱਕ ਹੀ ਨਾ ਰੁਕੀ; ਕਹਾਣੀਆਂ ਛਾਪਣ ਤੱਕ ਵੀ ਗਈ। ਅਜਿਹੀ ਫਰਾਖਦਿਲੀ ਕੇਵਲ ਅੰਮ੍ਰਿਤਾ ਦੇ ਹਿੱਸੇ ਹੀ ਆਈ।

ਪੰਜਾਬੀ ਸਾਹਿਤ ਜਗਤ ਵਿਚ ਅੰਮ੍ਰਿਤਾ ਦਾ ਵਿਰੋਧ ਕਈ ਤਰ੍ਹਾਂ ਦਾ ਸੀ। ਕੁਝ ਲੋਕ ਉਹਦੀ ਨਿੱਜੀ ਜ਼ਿੰਦਗੀ 'ਤੇ ਕਿੰਤੂ-ਪ੍ਰੰਤੂ ਕਰਦੇ ਸਨ। ਆਲੋਚਕ ਇਸ ਲਈ ਦੁਖੀ ਸਨ ਕਿ ਉਹ ਉਨ੍ਹਾਂ ਦੀ ਨਹੀਂ ਸੀ ਮੰਨਦੀ। ਬਹੁਤੇ ਇਸ ਲਈ ਭੰਡਦੇ ਸਨ ਕਿ ਉਨ੍ਹਾਂ ਨੂੰ 'ਨਾਗਮਣੀ' ਵਿਚ ਨਹੀਂ ਸੀ ਛਾਪਦੀ। ਇਸ ਤਰ੍ਹਾਂ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਜੋ ਛਪਦੇ ਸਨ, ਮਿਲਦੇ ਸਨ, ਚਹੇਤੇ ਸਨ, ਥੋੜ੍ਹੀ ਜਿਹੀ ਗਾਜ ਉਨ੍ਹਾਂ 'ਤੇ ਵੀ ਡਿਗਦੀ ਸੀ। ਲੇਖਕਾਂ ਕੋਲ ਇਸ ਦੇ ਹਜ਼ਾਰਾਂ ਕਿੱਸੇ ਹਨ। ਇਨ੍ਹਾਂ ਕਿੱਸਿਆਂ ਦੀ ਇਕ ਵਿਡੰਬਨਾ ਇਹ ਵੀ ਸੀ ਕਿ ਅਨੇਕਾਂ ਵਿਰੋਧੀ ਮਿਲੇ, ਜੋ ਜਿਤਨੀ ਸ਼ਿੱਦਤ ਨਾਲ ਅੰਮ੍ਰਿਤਾ ਨੂੰ ਬੁਰਾ-ਭਲਾ ਕਹਿਣ ਲਈ ਉਗਲਦੇ ਸਨ, ਉਤਨੀ ਸ਼ਿੱਦਤ ਨਾਲ ਹਰ ਮਹੀਨੇ 'ਨਾਗਮਣੀ' ਉਡੀਕਦੇ ਸਨ। ਯੂਨੀਵਰਸਿਟੀਆਂ ਦੇ ਸਿਲੇਬਸਾਂ ਨੇ ਜਿਤਨਾ ਅੰਮ੍ਰਿਤਾ ਨੂੰ ਪਰ੍ਹਾਂ ਧੱਕ ਕੇ ਰੱਖਿਆ, ਉਤਨਾ ਉਹ ਪਾਠਕਾਂ ਦੇ ਦਿਲਾਂ ਵਿਚ ਬੈਠਦੀ ਗਈ ਅਤੇ ਦੁਨੀਆਂ ਦੀਆਂ ਕਈ ਜ਼ੁਬਾਨਾਂ ਤੱਕ ਫੈਲ ਗਈ ਪਰ 'ਨਾਗਮਣੀ' ਦੇ ਛੋਟੇ ਕੱਦ ਵਾਲੇ ਲੇਖਕਾਂ ਨੂੰ ਕਈ ਲੋਕ ਇੰਨੀ ਹਕਾਰਤ ਨਾਲ ਦੇਖਦੇ, ਉਨ੍ਹਾਂ ਦੀਆਂ ਲਿਖਤਾਂ ਲੰਪਨ ਕਿਸਮ ਦੀਆਂ ਜਾਪਦੀਆਂ। ਫਰਕ ਸਿਰਫ ਇੰਨਾ ਸੀ, ਮੂੰਹ-ਫੱਟ ਜਾਂ ਉਚੇ ਕੱਦ ਵਾਲਿਆਂ ਤੋਂ ਥੋੜ੍ਹਾ ਝਿਜਕ ਜਾਂਦੇ।

ਨਕਸਲਵਾਦ ਦਾ ਦੌਰ ਸੀ। ਪੁਲਿਸ ਪਿੰਡਾਂ 'ਚੋਂ ਫੜ-ਫੜ ਮੁੰਡੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਭੁੰਨ ਰਹੀ ਸੀ। ਮਾਨਸਾ ਕੋਈ ਸਮਾਗਮ ਸੀ। ਪਾਸ਼ ਅਤੇ ਸੰਤ ਰਾਮ ਉਦਾਸੀ ਨੇ ਜੇਲ੍ਹ 'ਚੋਂ ਛੁੱਟ ਕੇ ਆਉਣਾ ਸੀ। ਸਮਾਗਮ ਤੋਂ ਪਹਿਲਾਂ ਮੈਂ ਦਰਸ਼ਨ ਮਿਤਵੇ ਵੱਲ ਚਲਾ ਗਿਆ। ਅੱਗੋਂ ਹੇਮਜੋਤੀ ਵਾਲਾ ਸੁਰਿੰਦਰ ਬਹੁਤ ਹੁੱਬ ਕੇ ਮਿਲਿਆ। ਕੁਝ ਦਿਨ ਪਹਿਲਾਂ ਹੀ ਉਹ ਪਟਿਆਲੇ ਸਟੱਡੀ ਸਰਕਲ ਦੌਰਾਨ ਮਿਲਿਆ ਸੀ। ਜਦੋਂ ਅਸੀਂ ਧਰਮਸ਼ਾਲਾ ਵਿਚ ਹੋ ਰਹੇ ਸਮਾਗਮ ਦੌਰਾਨ ਮੂਹਰਲੀਆਂ ਸੀਟਾਂ 'ਤੇ ਬੈਠੇ ਤਾਂ ਮੈਨੂੰ ਅਤੇ ਮਿਤਵੇ ਨੂੰ ਕਿਸੇ ਨੇ ਕੰਨ 'ਚ ਕਿਹਾ, 'ਜਾਨ ਚਾਹੀਦੀ ਐ ਤਾਂ ਖਿਸਕ ਜਾਓ।' ਅਸੀਂ ਕਿਹਾ, 'ਕਿਉਂ?' ਤਾਂ ਕਿਹਾ, 'ਜਦੋਂ ਇਨਕਲਾਬ ਆਇਆ, ਪਹਿਲੀ ਗੋਲੀ 'ਨਾਗਮਣੀ' ਵਾਲਿਆਂ ਦੇ ਠੋਕਾਂਗੇ।' ਅਸੀਂ ਪਿੱਛੇ ਜਾ ਕੇ ਬੈਠ ਗਏ। ਉਸੇ ਸ਼ਾਮ ਮਾਨਸਾ ਬੱਸ ਅੱਡੇ ਵਿਚ ਕਵੀ ਦਰਬਾਰ ਅਤੇ ਵੱਡਾ ਇਕੱਠ ਸੀ। ਨਾਹਰੇ, ਧੂੰਆਂ-ਧਾਰ ਤਕਰੀਰਾਂ ਤੇ ਮੱਚਦੀਆਂ ਕਵਿਤਾਵਾਂ। ਮੈਂ ਪੰਡਾਲ ਦੇ ਪਿੱਛੇ ਲੰਗਰ ਵਾਲੀ ਥਾਂ ਭੋਜਨ ਲਈ ਜਾ ਬੈਠਾ। ਵਰਤਾਵਿਆਂ ਵਿਚ ਕੁਝ ਘੁਸਰ-ਮੁਸਰ ਹੋਈ। ਕਿਸੇ ਨੇ ਮੇਰਾ ਨਾਂ ਪੁੱਛਿਆ। ਦੁਬਾਰਾ ਪੁੱਛਿਆ, 'ਨਾਗਮਣੀ ਵਾਲਾ।' ਮੇਰੇ 'ਹਾਂ' ਕਹਿਣ 'ਤੇ ਇਕ ਲੜਕਾ ਆਇਆ ਅਤੇ ਮੇਰੇ ਮੂਹਰੇ ਪਈ ਥਾਲੀ ਚੁੱਕ ਕੇ ਲੈ ਗਿਆ। ਇਹ ਵੱਖਰੀ ਗੱਲ ਹੈ, ਉਸੇ ਸਮੇਂ ਗੁਰਚਰਨ ਚਾਹਲ ਭੀਖੀ ਮਿਲ ਗਿਆ ਅਤੇ ਅੱਗੇ ਕੁਝ ਹੋਣ ਤੋਂ ਟਲ ਗਿਆ।

ਇਹ ਮਾਮੂਲੀ ਘਟਨਾ ਅਧੂਰੀ ਹੈ। ਪੂਰੀ ਹੋਣ ਨੂੰ ਚਾਰ ਸਾਲ ਲੱਗ ਗਏ। ਮਾਲਵਾ ਮੇਰੀਆਂ ਦੋਸਤੀਆਂ ਦਾ ਗੜ੍ਹ ਸੀ ਅਤੇ ਮਾਨਸਾ ਆਉਣ-ਜਾਣ ਸੀ। ਇਸੇ ਦੌਰਾਨ ਅਜਮੇਰ ਔਲਖ ਨੇ ਪਰਚਾ ਕੱਢਿਆ 'ਨਾਗ ਨਿਵਾਸ' ਜਿਸ ਦੇ ਕੁਝ ਅੰਕਾਂ ਵਿਚ ਅੰਮ੍ਰਿਤਾ ਬਾਰੇ ਬੜਾ ਅਸ਼ਲੀਲ ਲਿਖਿਆ ਗਿਆ; ਜਿਵੇਂ ਨਿੰਦਾ ਦੀ ਉਮਰ ਬਹੁਤ ਲੰਮੀ ਨਹੀਂ ਹੁੰਦੀ; ਪਰਚਾ ਬੰਦ ਹੋ ਗਿਆ। ਇਸ ਦੌਰਾਨ ਔਲਖ ਨੇ ਕੁਝ ਕਹਾਣੀਆਂ ਲਿਖੀਆਂ ਜੋ 'ਨਾਗ ਨਿਵਾਸ' ਵਿਚ ਵੀ ਛਪੀਆਂ। ਪਰਚਾ ਬੰਦ ਹੋਇਆ। 'ਨਾਗਮਣੀ' ਵਿਚ ਛਪਣ ਵਾਲੇ ਨੂੰ ਲੋਕ ਲੇਖਕ ਮੰਨ ਲੈਂਦੇ ਹਨ। ਮੈਨੂੰ ਮਾਨਸਾ ਗਏ ਨੂੰ ਉਨ੍ਹਾਂ ਇਕ ਕਹਾਣੀ ਪੜ੍ਹਾਈ ਅਤੇ 'ਨਾਗਮਣੀ' ਵਿਚ ਛਪਵਾਉਣ ਨੂੰ ਕਿਹਾ। ਮੈਂ 'ਨਾਗ ਨਿਵਾਸ' ਵਿਚਲੀ ਅੰਮ੍ਰਿਤਾ ਦੀ ਨਿੰਦਾ ਦਾ ਜ਼ਿਕਰ ਕੀਤਾ, ਔਲਖ ਸਾਹਿਬ ਨੇ ਕੁਝ ਸਮਾਂ ਪਾ ਕੇ ਔਲਖ ਫਰਮਾਹੀ ਵਾਲੇ ਦੇ ਨਾਂ ਹੇਠ 'ਨਾਗਮਣੀ' ਨੂੰ ਉਹੋ ਕਹਾਣੀ ਭੇਜ ਦਿੱਤੀ, ਜੋ ਛਪ ਗਈ।

ਮੈਂ ਅੰਮ੍ਰਿਤਾ ਨੂੰ 'ਨਾਗ ਨਿਵਾਸ' ਵਾਲੀ ਨਿੰਦਾ ਦੀ ਤਫਸੀਲ ਅਤੇ ਨਾਂ ਬਦਲ ਕੇ ਕਹਾਣੀ ਛਪਵਾਉਣ ਬਾਰੇ ਖਤ ਲਿਖਿਆ। ਮੁੜਦੀ ਡਾਕ ਅੰਮ੍ਰਿਤਾ ਦਾ ਖਤ ਆਇਆ, "ਪਿਆਰੇ ਕਜ਼ਾਕ! ਜੋ ਤੂੰ ਲਿਖਿਆ, ਮੇਰੀ ਜਾਣਕਾਰੀ ਨਹੀਂ ਸੀ। ਹੁੰਦਾ, ਤਦ ਵੀ ਫਰਕ ਨਹੀਂ ਸੀ ਪੈਣਾ; ਕਿਉਂਕਿ ਮੈਂ 'ਨਾਗ ਨਿਵਾਸ' ਵਾਲੇ ਔਲਖ ਨੂੰ ਜਾਣਦੀ ਹੀ ਨਹੀਂ। ਮੈਂ ਔਲਖ ਫਰਮਾਹੀ ਵਾਲੇ ਨੂੰ ਜਾਣਦੀ ਹਾਂ, ਜੋ ਮੇਰਾ ਤੇ 'ਨਾਗਮਣੀ' ਦਾ ਚਹੇਤਾ ਲੇਖਕ ਹੈ।"

ਮੈਂ ਅੰਮ੍ਰਿਤਾ ਵਾਲੀ ਚਿੱਠੀ ਲੈ ਕੇ ਔਲਖ ਸਾਹਿਬ ਨੂੰ ਮਿਲਿਆ। ਆਪਣੀ ਲਿਖੀ ਚਿੱਠੀ ਬਾਰੇ ਵੀ ਦੱਸਿਆ। ਔਲਖ ਅੱਖਾਂ ਭਰ ਆਏ। ਕਿਹਾ, "ਐਨੀ ਚੰਗਿਆਈ ਦੱਸ ਕੇ ਤਾਂ ਤੈਂ ਯਾਰ ਜਾਨ ਜੀ ਕੱਢ ਲਈ। ਲੈ ਹੁਣ ਸਾਰੀ ਉਮਰ ਮੈਥੋਂ ਅੰਮ੍ਰਿਤਾ ਦੇ ਮੱਥੇ ਨੀ ਲੱਗਿਆ ਜਾਣਾ।"

ਅੰਮ੍ਰਿਤਾ ਨੂੰ ਇਕ ਪਾਸੇ ਲੋਕ ਬੁਰਾ-ਭਲਾ ਕਹਿਣ ਵਾਲੇ ਸਨ; ਦੂਜੇ ਪਾਸੇ ਲੋਕ ਸਿਰ 'ਤੇ ਬਿਠਾਉਣ ਵਾਲੇ ਵੀ ਸਨ। ਇਕ ਸਮੇਂ ਮੈਂ ਡੀ. ਡੀ. ਏ. ਦਿੱਲੀ ਦੀ ਕੰਸਟਰਕਸ਼ਨ ਕੰਪਨੀ 'ਦੁੱਗਲ ਐਂਡ ਕੰਪਨੀ' ਵਿਚ ਕਲੇਮਰ ਵਜੋਂ ਕੰਮ ਕਰਦਾ ਸਾਂ। ਮਲਟੀਸਟੋਰੀ ਬਿਲਡਿੰਗ ਨਿਰਮਾਣ ਵਿਚ ਅਜਿਹੇ ਕੰਮਾਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ, ਜੋ ਨਕਸ਼ੇ (ਡਿਜ਼ਾਈਨ) ਤੋਂ ਬਾਹਰੀ ਕੀਤੇ ਗਏ ਹੁੰਦੇ। ਸਰਕਾਰੀ ਅਮਲਾ ਕਾਫੀ ਕੁਝ ਕੱਟ ਦਿੰਦਾ, ਇਸ ਲਈ ਕਲੇਮ ਵਧਾ-ਚੜ੍ਹਾ ਕੇ ਲੱਖਾਂ ਵਿਚ ਕੀਤੇ ਜਾਂਦੇ। ਇਕ ਵਾਰ ਕੋਈ ਐਸ. ਡੀ. ਓ. ਮੈਡਮ, ਸਾਈਟ 'ਤੇ ਕਲੇਮ ਅਤੇ ਕੀਤੇ ਕੰਮਾਂ ਦੀ ਤਫਸੀਲ ਚੈਕ ਕਰਨ ਆਈ। ਮੇਰੇ ਟੇਬਲ 'ਤੇ ਅੰਮ੍ਰਿਤਾ ਵਲੋਂ ਭੇਟਾ ਕੀਤਾ ਹਿੰਦੀ ਨਾਵਲ 'ਡਾ. ਦੇਵ' ਦੇਖ ਕੇ ਹੈਰਾਨ ਹੋਈ। ਪਹਿਲਾਂ ਤਾਂ ਉਸ ਨੂੰ ਇਤਬਾਰ ਹੀ ਨਾ ਆਇਆ, ਮੇਰੇ ਜਿਹੇ ਸਾਧਾਰਨ ਬੰਦੇ ਨੂੰ ਅੰਮ੍ਰਿਤਾ ਨੇ ਨਾਵਲ ਭੇਟ ਕੀਤਾ ਹੋਵੇਗਾ; ਯਕੀਨ ਹੋ ਗਿਆ ਤਾਂ ਉਹ ਮੇਰੇ ਵਲੋਂ ਕੀਤੇ ਕਲੇਮ ਇੰਨ-ਬਿੰਨ ਪਾਸ ਕਰ ਗਈ। ਮੇਰੇ ਹੋਸ਼ ਉਡ ਗਏ। ਅਗਲੇ ਦਿਨ ਮੈਂ ਉਸ ਮਹਿਲਾ ਅਫਸਰ ਨੂੰ ਇਕ ਵਾਰੀ ਕਲੇਮ ਅਤੇ ਮੌਕੇ 'ਤੇ ਕੀਤੇ ਕੰਮ ਚੈਕ ਕਰਨ ਦੀ ਬਿਨੈ ਕੀਤੀ। ਕਹਿਣ ਲੱਗੀ, "ਦੇਖੀਏ ਮੈਨੇ ਅੰਮ੍ਰਿਤਾ ਜੀ ਕੋ ਪੜ੍ਹਾ ਹੈ। ਵੋਹ ਬਹੁਤ ਬੜੀ ਹੈਂ। ਜਿਸੇ ਵੋਹ ਐਸੇ ਸ਼ਬਦ ਲਿਖ ਕਰ ਦੇ ਸਕਤੀ ਹੈ, ਵੋਹ ਆਦਮੀ ਗਲਤ ਲਿਖ ਹੀ ਨਹੀਂ ਸਕਤਾ। ਮੈਨੇ ਉਨਕਾ ਲਿਖਾ ਦੇਖ ਕਰ ਪਾਸ ਕਰ ਦੀਏ।" ਜਦ ਕਿ ਸਥਿਤੀ ਇਸ ਤੋਂ ਉਲਟ ਸੀ।

ਇਹ ਇਕ ਇਕ-ਤਰਫਾ ਸੱਚ ਸੀ। ਇਸ ਤੋਂ ਵਿਪਰੀਤ ਸੱਚ ਵੀ ਸੀ।

ਇਕ ਵਾਰ ਮੈਂ ਤੇ ਦਲਬੀਰ ਚੇਤਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਗਏ। ਕੁਝ ਲੇਖਕ ਦੋਸਤਾਂ ਨੂੰ ਮਿਲਣ 'ਤੇ ਪਤਾ ਲੱਗਾ, 'ਨਾਗਮਣੀ' ਵਲੋਂ ਯੂਨੀਵਰਸਿਟੀ ਦੇ ਇਕ ਵਿਦਵਾਨ ਦੀ ਰਚਨਾ ਵਾਪਿਸ ਆ ਜਾਣ 'ਤੇ ਯੂਨੀਵਰਸਿਟੀ ਦੇ ਕਈ ਬੁੱਧੀਜੀਵੀਆਂ ਨੇ ਅੰਮ੍ਰਿਤਾ ਅਤੇ 'ਨਾਗਮਣੀ' ਦਾ ਬਾਈਕਾਟ ਕੀਤਾ ਹੋਇਆ ਸੀ।

ਬਾਈਕਾਟ ਵਿਚ ਸ਼ਰਤ ਰੱਖੀ ਗਈ ਸੀ, ਜੋ ਲੇਖਕ ਜਾਂ ਅਧਿਆਪਕ ਯੂਨੀਵਰਸਿਟੀ ਦੀ ਚਾਰ ਦੀਵਾਰੀ ਅੰਦਰ ਹੋਣ ਵਾਲੀ ਕਿਸੇ ਸਾਹਿਤਕ ਮਹਿਫਿਲ ਵਿਚ ਅੰਮ੍ਰਿਤਾ ਜਾਂ 'ਨਾਗਮਣੀ' ਦਾ ਨਾਂ ਲਵੇਗਾ, ਉਹ ਮੁਜ਼ਰਿਮ ਸਮਝਿਆ ਜਾਵੇਗਾ ਅਤੇ ਜੁਰਮਾਨੇ ਵਜੋਂ ਹਾਜ਼ਰ ਬੰਦਿਆਂ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਚਾਹ ਪਾਣੀ ਪਿਆਏਗਾ।

ਇਹ ਵੀ ਪਤਾ ਲੱਗਾ ਕਿ ਪਿਛਲੇ ਦਿਨਾਂ ਵਿਚ ਡਾ. ਜੁਗਿੰਦਰ ਕੈਰੋਂ, ਪ੍ਰਮਿੰਦਰਜੀਤ ਅਤੇ ਇਕ-ਦੋ ਹੋਰ ਸੱਜਣ ਸਜ਼ਾ ਭੁਗਤ ਚੁਕੇ ਸਨ। ਸਭ ਸਮਝ-ਸੋਚ ਕੇ ਬੋਲ ਰਹੇ ਸਨ। ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ, ਦਲਬੀਰ ਚੇਤਨ ਨੱਚਣ ਲੱਗ ਪਿਆ। ਕਹਿਣ ਲੱਗਾ, "ਜੇ ਇਹ ਗੱਲ ਹੈ ਤਾਂ ਮੈਂ ਤੇ ਕਜ਼ਾਕ ਇਸ਼ਤਿਹਾਰੀ ਮੁਜ਼ਰਿਮ ਹਾਂ।" ਸਭ ਨੇ ਪੁੱਛਿਆ, 'ਕਿਵੇਂ?' ਕਹਿਣ ਲੱਗਾ, "ਇਕ ਤਾਂ ਮੈਂ ਹੁਣ ਦਸ ਵਾਰ ਅੰਮ੍ਰਿਤਾ ਦਾ ਨਾਂ ਲੈਣ ਵਾਲਾ ਹਾਂ। ਦੂਜਾ, ਮੈਂ ਤੇ ਕਜ਼ਾਕ ਤਾਂ ਕੱਲ੍ਹ



ਅੰਮ੍ਰਿਤਾ ਦੀ ਪੇਂਟਿੰਗ।

ਹੀ ਆਪਣੀਆਂ ਕਿਤਾਬਾਂ ਦੇ ਪਿਛਲੇ ਸਰਵਰਕ 'ਤੇ ਅੰਮ੍ਰਿਤਾ ਦੀ ਰਾਇ ਹੱਥ-ਲਿਖਤ ਰੂਪ ਵਿਚ ਛਾਪਣ ਲਈ ਕਿਤਾਬਾਂ ਦੇ ਖਰੜੇ ਦੇ ਕੇ ਆਏ ਹਾਂ। ਤੁਸੀਂ ਚਾਹ ਪਾਣੀ ਦਾ ਆਰਡਰ ਦਿਉ...।"

ਨਾਗਮਣੀ ਦੀ ਪ੍ਰਕਾਸ਼ਨਾ ਤੇ ਸੰਪਾਦਨਾ ਨੂੰ ਲੈ ਕੇ ਅੰਮ੍ਰਿਤਾ ਨੇ ਕਈ ਹੈਰਾਨੀਜਨਕ ਪਿਰਤਾਂ ਪਾਈਆਂ। ਇਸ਼ਤਿਹਾਰ ਤੇ ਰਿਵਿਊ ਨਹੀਂ ਛਪਣਗੇ। ਪਰਚੇ ਦਾ ਮੈਟਰ ਹੀ ਪਾਠਕਾਂ ਦੀ ਤਲਬ ਬਣੇਗਾ। 'ਸੰਪਾਦਕ' ਦੀ ਥਾਂ ਅੰਮ੍ਰਿਤਾ ਇਮਰੋਜ਼- 'ਕਾਮੇ' ਛਪਦਾ ਰਿਹਾ। ਮੁੱਖ ਪੰਨਾ ਤੇ ਅਖੀਰਲਾ ਸਰਵਰਕ ਵੀ ਰਚਨਾ ਨੂੰ ਲੈ ਕੇ ਛਪਦਾ। ਲੇਖਕਾਂ ਦੇ ਸਕੈਚ 'ਨਾਗਮਣੀ' ਖੁਦ ਬਣਾਉਂਦੀ। ਇਕ ਪਾਠਕ ਨੇ ਖਤ ਲਿਖਿਆ, "ਦੀਦੀ! ਤੁਸੀਂ ਰਿਵਿਊ ਕਿਉਂ ਨਹੀਂ ਛਾਪਦੇ?" ਅੰਮ੍ਰਿਤਾ ਨੇ ਲਿਖਿਆ, "ਰਿਵਿਊ ਕੀ? ਕਿਤਾਬ ਚੰਗੀ ਹੋਵੇ, ਪੂਰੀ ਕਿਤਾਬ ਹੀ ਛਾਪ ਦਿੰਦੇ ਹਾਂ।" ਮੁਹੰਮਦ ਮਨਸ਼ਾ ਯਾਦ ਦੀ ਪੂਰੀ ਕਿਤਾਬ ਦੀਆਂ ਕਹਾਣੀਆਂ ਛਾਪ ਦਿੱਤੀਆਂ ਸਨ।

ਕੁਸ਼ਲ ਸੰਪਾਦਕ ਵਜੋਂ ਚੰਗੀ ਰਚਨਾ ਦੀ ਤਲਬ ਵਿਚ ਜਿਸ ਸ਼ਿੱਦਤ, ਪਿਆਰ ਅਤੇ ਸਤਿਕਾਰ ਨਾਲ ਅੰਮ੍ਰਿਤਾ ਨੇ ਲੇਖਕਾਂ ਨੂੰ ਖਤ ਲਿਖੇ, ਅਜਿਹੀ ਮਿਸਾਲ ਪੰਜਾਬੀ ਸਾਹਿਤ ਜਗਤ ਵਿਚ ਨਹੀਂ ਮਿਲਦੀ। ਖਤ ਦੋ ਸਤਰੇ ਹੁੰਦੇ ਪਰ ਅਪਣੱਤ, ਸਤਿਕਾਰ ਅਤੇ ਮੋਹ ਨਾਲ ਭਰੇ ਹੁੰਦੇ। ਮੈਨੂੰ ਵੀ ਆਉਂਦੇ। ਇਸ ਵਾਰ ਬੜਾ ਤੜਫਦਾ ਖਤ ਮਿਲਿਆ, "ਪਿਆਰੇ ਕਜ਼ਾਕ, ਇਤਨਾ ਲੰਮਾ ਸਮਾਂ ਗੈਰ-ਹਾਜ਼ਰ ਰਹਿਣ ਦਾ ਕਾਰਨ? ਤੈਨੂੰ ਤੇ ਤੇਰੀ ਕਹਾਣੀ ਨੂੰ 'ਨਾਗਮਣੀ' ਤੇ ਅਸੀਂ ਸ਼ਿੱਦਤ ਨਾਲ ਉਡੀਕ ਰਹੇ ਹਾਂ।" ਖਤ ਮੇਰੇ ਅੰਦਰ ਉਤਰ ਗਿਆ। ਕਹਾਣੀ ਲਿਖੀ ਹੋਈ ਸੀ, ਸੋਚਿਆ ਮੋੜਵੇਂ ਮੋਹ ਨੂੰ ਡਾਕ ਵਿਚ ਕਿਉਂ ਪਾਇਆ ਜਾਵੇ। ਪ੍ਰੇਮ ਗੋਰਖੀ ਨੂੰ ਖਤ ਲਿਖਿਆ, "ਚੱਲਣਾ ਹੈ, ਜਾਂ ਕੋਈ ਸੁਨੇਹਾ ਹੈ ਤਾਂ ਦੱਸੋ।" ਦੂਜੇ-ਚੌਥੇ ਪ੍ਰੇਮ ਗੋਰਖੀ ਵਲੋਂ ਫਕੀਰ ਚੰਦ ਤੁਲੀ ਹੱਥ ਰੁੱਕਾ ਅਤੇ ਕਹਾਣੀ ਆ ਗਈ, "ਨਾਗਮਣੀ ਲਈ ਕਹਾਣੀ ਭੇਜ ਰਿਹਾ ਹਾਂ। ਲੈ ਜਾਣੀ।"

ਦਿੱਲੀ ਗਿਆ। ਮਿਲਿਆ। ਕਿਹਾ, "ਦੀਦੀ! ਕਹਾਣੀ ਮੈਂ ਮਿਹਨਤ ਨਾਲ ਲਿਖੀ ਹੈ। ਆਸ ਹੈ ਪਸੰਦ ਆਵੇਗੀ। ਨਾਲ ਗੋਰਖੀ ਦੀ ਵੀ ਹੈ। ਦੇਖ ਲੈਣਾ, ਜੇ ਛਪਣ ਲਾਇਕ ਹੋਈ ਤਾਂ ਛਾਪ ਲੈਣਾ।" ਕਾਫੀ ਚਿਰ ਬਾਅਦ ਗਿਆ ਸਾਂ। ਦੇਰ ਰਾਤ ਤੱਕ ਗੱਲਾਂ ਕਰਦੇ ਰਹੇ। ਅਗਲੀ ਸਵੇਰ ਪਰਤਣ ਲੱਗੇ ਤਾਂ ਮੈਂ ਫਿਰ ਕਿਹਾ, ਗੋਰਖੀ ਨੂੰ ਛਪਣ ਨਾ ਛਪਣ ਬਾਰੇ ਖਤ ਲਿਖ ਦੇਣਾ।

ਅੰਮ੍ਰਿਤਾ ਹੱਸਣ ਲੱਗੀ ਤੇ ਇਮਰੋਜ਼ ਨੂੰ ਕਿਹਾ, "ਇਮੂ ਦੱਸ ਇਹਨੂੰ।" ਇਮਰੋਜ਼ ਨੇ ਕਿਹਾ, "ਕਜ਼ਾਕ ਪਿਆਰੇ, ਤੇਰੇ ਸੌਂ ਜਾਣ ਤੋਂ ਬਾਅਦ ਅੰਮ੍ਰਿਤਾ ਨੇ ਦੋਵੇਂ ਕਹਾਣੀਆਂ ਪੜ੍ਹੀਆਂ। ਗੋਰਖੀ ਦੀ ਕਹਾਣੀ ਇਤਨੀ ਚੰਗੀ ਲੱਗੀ, ਉਸੇ ਵੇਲੇ ਮੈਥੋਂ ਕਾਰ ਕਢਵਾਈ, ਜਮਨਾ ਪਾਰ ਲੋਕ ਪ੍ਰਿੰਟਰ ਵਾਲੇ ਨੂੰ 'ਨਾਗਮਣੀ' ਦੇ ਫਾਈਨਲ ਅੰਕ ਵਿਚੋਂ ਆਪਣੀ ਲੰਮੀ ਨਜ਼ਮ 'ਤਿੜਕੇ ਘੜੇ ਦਾ ਪਾਣੀ' ਦੀਆਂ ਗੇਲੀਆਂ ਕਢਾ ਕੇ ਗੋਰਖੀ ਦੀ ਕਹਾਣੀ ਛਪਣ ਲਈ ਦੇ ਕੇ ਆਈ। ਮੁੜ ਕੇ ਮੈਂ ਕਿਹਾ, ਮਾਜਾ, ਕਹਾਣੀ ਅਗਲੇ ਮਹੀਨੇ ਛਪ ਜਾਂਦੀ, ਤਾਂ ਅੰਮ੍ਰਿਤਾ ਨੇ ਕਿਹਾ, ਨਹੀਂ, ਮੈਂ ਇਤਨੀ ਚੰਗੀ ਕਹਾਣੀ ਤੋਂ 'ਨਾਗਮਣੀ' ਦੇ ਪਾਠਕਾਂ ਨੂੰ ਇਕ ਮਹੀਨਾ ਵਿਰਵਾ ਨਹੀਂ ਸੀ ਰੱਖ ਸਕਦੀ।"

ਸਾਡੇ ਜਿਹੇ ਮਾਮੂਲੀ ਲੇਖਕਾਂ ਨੂੰ ਕਿਤਨਾ ਪਿਆਰ ਸਤਿਕਾਰ ਮਿਲਦਾ ਸੀ, ਇਸ ਦਾ ਪ੍ਰਮਾਣ ਇਸ ਘਟਨਾ 'ਚੋਂ ਤਲਾਸ਼ ਕੀਤਾ ਜਾ ਸਕਦਾ ਹੈ। ਮੈਂ ਤੇ ਪ੍ਰੇਮ ਗੋਰਖੀ ਇਕ ਵਾਰ ਮਿਲਣ ਗਏ। ਸੋਚਿਆ ਇਤਨੀ ਪ੍ਰਸਿਧ ਲੇਖਿਕਾ ਨੂੰ ਮਿਲਣ ਗਏ ਲੋਕ ਪਤਾ ਨਹੀਂ ਕਿਸ ਤਰ੍ਹਾਂ ਦੇ ਤੋਹਫੇ ਲੈ ਕੇ ਜਾਂਦੇ ਹੋਣਗੇ। ਮੈਂ ਵਾਹੀ ਕਰਦਾ ਸਾਂ। ਗੋਰਖੀ ਪਿੰਡ ਆਇਆ ਹੋਇਆ ਸੀ। ਅਸਾਂ ਮਲ੍ਹਿਆਂ ਦੇ ਬੇਰ ਅਤੇ ਘਲਾੜੀ ਤੋਂ ਤਾਜ਼ਾ ਗੁੜ ਲੈ ਲਿਆ। ਆਪਣੀ ਗਰੀਬੀ ਅਤੇ ਸੀਮਾ ਬਾਰੇ ਦੱਸਦਿਆਂ ਬਿਨੈ ਕੀਤੀ, "ਸਾਡੀ ਨਿਗੂਣੀ ਚੀਜ਼ ਦਾ ਬੁਰਾ ਨਾ ਮਨਾਉਣਾ।" ਅੰਮ੍ਰਿਤਾ ਕਣ ਵਾਲਾ ਗੁੜ ਖਾ ਕੇ ਖੁਸ਼ ਹੋ ਗਈ। ਅਸਾਂ ਮਲ੍ਹਿਆਂ ਦੇ ਬੇਰ ਖਾਣ ਲਈ ਕਿਹਾ। ਬੇਰ ਖਟ-ਮਿੱਠੇ ਅਤੇ ਸਵਾਦੀ ਸਨ। ਸਾਨੂੰ ਇਲਮ ਨਹੀਂ ਸੀ, ਬੇਰ ਗਲ-ਘੋਟੂ ਸਨ। ਥੋੜ੍ਹੇ ਚਿਰ ਬਾਅਦ ਹੀ ਅੰਮ੍ਰਿਤਾ ਦਾ ਗਲਾ ਫੁੱਲ ਕੇ ਰੁੰਦ ਗਿਆ ਅਤੇ ਪਿਆਸ ਲੱਗਣ ਲੱਗੀ। ਥੋੜ੍ਹੇ ਚਿਰ ਪਿਛੋਂ ਖੰਘ ਤੇ ਗਲੇ ਦੀ ਸੋਜ਼ਿਸ਼ ਕਾਰਨ ਸਾਹ ਲੈਣਾ ਮੁਸ਼ਕਿਲ ਹੋ ਗਿਆ। ਆਖਰ ਡਾਕਟਰ ਬੁਲਾਉਣ ਤੱਕ ਦੀ ਨੌਬਤ ਆ ਗਈ।

ਇਮਰੋਜ਼ ਨੇ ਪੁੱਛਿਆ, "ਪਤਾ ਨਹੀਂ ਲੱਗਿਆ ਬੇਰ ਗਲਾ ਫੜ ਰਹੇ ਹਨ?" ਅੰਮ੍ਰਿਤਾ ਨੇ ਕਿਹਾ, "ਪਤਾ ਤਾਂ ਪਹਿਲੇ ਦੂਜੇ ਬੇਰ ਵੇਲੇ ਹੀ ਲੱਗ ਗਿਆ ਸੀ।"

"ਕਮਾਲ ਐ! ਫਿਰ ਵੀ ਦੇਰ ਤੱਕ ਖਾਂਦੀ ਰਹੀ।"

ਉਤਰ ਵਿਚ ਅੰਮ੍ਰਿਤਾ ਨੇ ਇਮਰੋਜ਼ ਦਾ ਹੱਥ ਫੜ ਕੇ ਜੋ ਕਿਹਾ, ਉਹਨੇ ਸਾਡੀਆਂ ਭੁੱਬਾਂ ਹੀ ਕਢਾ ਦਿੱਤੀਆਂ।

"ਇਮੂ ਮੈਂ ਨਹੀਂ ਚਾਹੁੰਦੀ, ਮੇਰੀ ਨਿੱਕੀ ਜਿਹੀ ਤਕਲੀਫ ਬਦਲੇ, ਇਨ੍ਹਾਂ ਦੋਸਤਾਂ ਦਾ ਪਿਆਰ ਨਾਲ ਲਿਆਂਦਾ ਤੋਹਫਾ ਛੋਟਾ ਹੋ ਜਾਵੇ।"

ਅੰਮ੍ਰਿਤਾ ਨੂੰ 'ਨਾਗਮਣੀ' ਦੇ ਲੇਖਕਾਂ ਬਹੁਤ ਨੇੜਿਉਂ ਦੇਖਿਆ। ਉਸ ਦਾ ਜਿੰਨਾ ਵਿਰੋਧ ਸੀ, ਉਸ ਤੋਂ ਹਜ਼ਾਰ ਗੁਣਾ ਵੱਧ ਉਸ ਦੇ ਪ੍ਰਸ਼ੰਸਕ ਸਨ ਕਿਉਂਕਿ ਉਹ ਆਪਣੀਆਂ ਸ਼ਰਤਾਂ 'ਤੇ ਜੀਵੀ। ਮੈਨੂੰ ਅੰਮ੍ਰਿਤਾ ਰਾਹੀਂ ਬਿਰਲਾ ਫਾਊਂਡੇਸ਼ਨ ਅਤੇ ਆਦਿਵਾਸੀ ਸੰਸਥਾਨ ਕੇਂਦਰ ਦੇ ਵੱਡੇ ਪ੍ਰਾਜੈਕਟ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਇਕ ਵਾਰ ਉਨ੍ਹਾਂ ਪੰਜਾਬੀ ਅਕਾਦਮੀ ਦਿੱਲੀ ਤੋਂ ਮੇਰੇ ਲਈ ਪ੍ਰਾਜੈਕਟ ਪਾਸ ਕਰਵਾਇਆ। ਮੇਰੀ ਆਰਥਕ ਤੰਗੀ ਬਾਰੇ ਅੰਮ੍ਰਿਤਾ ਨੂੰ ਪਤਾ ਸੀ। ਪ੍ਰਾਜੈਕਟ ਸੌਂਪਣ ਦਾ ਸਮਾਂ ਆਇਆ ਤਾਂ ਟੈਕਨੀਕਲ ਅੜਿੱਕਾ ਪੈ ਗਿਆ। ਫਾਈਲ 'ਚ ਮੇਰਾ ਲਿਖਿਆ ਬੇਨਤੀ ਪੱਤਰ ਨਹੀਂ ਸੀ। ਮੈਂ ਕਿਹਾ, 'ਦੋ ਅੱਖਰ ਲਿਖ ਦਿੰਨਾਂ।' ਜਵਾਬ ਮਿਲਿਆ, "ਇਸ ਤਰ੍ਹਾਂ ਤਾਂ ਖੈਰਾਇਤ ਮੰਗਣ ਵਾਲੀ ਗੱਲ ਹੋ ਜਾਏਗੀ।" ਦੂਜੀ ਵਾਰ ਜਦੋਂ ਡਾ. ਅਮਰੀਕ ਸਿੰਘ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ, ਉਦੋਂ ਉਨ੍ਹਾਂ ਤਿੰਨ ਸਾਲ ਲਈ ਫੈਲੋਸ਼ਿਪ ਪਾਸ ਕਰਵਾਈ। ਉਦੋਂ ਵੀ ਗੱਲ ਇਥੇ ਅੜ ਗਈ, ਲੇਖਕ ਲਿਖ ਕੇ ਦੇਵੇ। ਅੰਮ੍ਰਿਤਾ ਨੇ ਕਿਹਾ, "ਮੈਥੋਂ ਜੋ ਮਰਜ਼ੀ ਲਿਖਵਾ ਲਵੋ; ਲੇਖਕ ਦਾ ਸਿਰ ਉਚਾ ਰਹਿਣ ਦਿਉ।"

ਇਕ ਸਮੇਂ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਿਚ ਸਾਂ ਤਾਂ ਸਥਾਈ ਕਮੇਟੀ ਨੇ ਅੰਮ੍ਰਿਤਾ ਨਾਲ ਸਬੰਧਤ ਦੋ ਪ੍ਰਾਜੈਕਟ ਪਾਸ ਕੀਤੇ। ਪ੍ਰਤੀਨਿਧ

(ਅਗਲੇ ਸਫੇ 'ਤੇ ਜਾਰੀ)

# ਮਿਰਜ਼ਾ ਗ਼ਾਲਿਬ

ਮਿਰਜ਼ਾ ਅਸਦ ਉਲਾ ਖਾਂ ਗ਼ਾਲਿਬ ਦਾ ਜਨਮ 27 ਦਸੰਬਰ 1797 ਨੂੰ ਆਗਰਾ ਵਿਖੇ ਮਿਰਜ਼ਾ ਅਬਦੁੱਲਾ ਬੇਗ ਖਾਨ ਦੇ ਘਰ ਹੋਇਆ। ਅਬਦੁੱਲਾ ਖਾਨ ਨੇ ਅਲਵਰ ਦੇ ਰਾਜਾ ਬਖਤਾਵਰ ਸਿੰਘ ਕੋਲ ਨੌਕਰੀ ਕਰ ਲਈ। ਰਾਜਾ ਬਖਤਾਵਰ ਵਲੋਂ ਜਿਮੀਂਦਾਰਾਂ ਦੀ ਬਗਾਵਤ ਦਬਾਉਣ ਦੇ ਸਿਲਸਿਲੇ ਵਿਚ ਅਬਦੁਲ ਖਾਨ ਲੜਦਿਆਂ ਮਾਰੇ ਗਏ। ਇਹ ਘਟਨਾ ਸੰਨ 1802 ਦੀ ਹੈ, ਜਦੋਂ ਅਸਲ ਉਲਾ ਖਾਂ ਕੇਵਲ 5 ਕੁ ਸਾਲ ਦਾ ਸੀ। ਬਾਅਦ 'ਚ ਅਸਦ ਉਲਾ ਖਾਂ ਦਾ ਪਾਲਣ-ਪੋਸ਼ਣ ਉਸ ਦੇ ਚਾਚੇ ਨਸਰ ਉਲਾ ਖਾਂ ਬੇਗ ਨੇ ਕੀਤਾ, ਪਰ ਚਾਰ ਕੁ ਸਾਲ ਪਿਛੋਂ ਉਹ ਵੀ ਚਲ ਵਸੇ। ਫੇਰ ਅਸਦ ਉਲਾ ਖਾਂ ਆਪਣੇ ਨਾਨੇ ਕੋਲ ਚਲਾ ਗਿਆ। 13 ਸਾਲ ਦੀ ਉਮਰ ਵਿਚ ਉਸ ਦਾ ਵਿਆਹ ਦਿੱਲੀ ਦੇ ਇਕ ਖਾਨਦਾਨੀ ਨਵਾਬ ਇਲਾਹੀ ਬਖਸ਼ ਮਾਰੂਫ ਦੀ ਬੇਟੀ ਉਮਰਾਓ ਬੇਗਮ ਨਾਲ ਹੋਇਆ। ਪਹਿਲਾਂ ਉਹ ਅਸਦ ਦੇ ਤਖੱਲਸ ਨਾਲ ਮਸ਼ਹੂਰ ਹੋਏ, ਪਰ ਚਾਰ ਕੁ ਸਾਲ ਪਿਛੋਂ ਉਨ੍ਹਾਂ ਆਪਣੇ ਨਾਂ ਨਾਲ ਗ਼ਾਲਿਬ ਲਿਖਣਾ ਸ਼ੁਰੂ ਕਰ ਦਿੱਤਾ।



ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਉਰਦੂ ਸ਼ਾਇਰੀ ਵਿਚ ਮਨੁੱਖੀ ਮਨ ਦੇ ਸਾਰੇ ਸੂਖਮ ਭਾਵਾਂ ਤੇ ਜੀਵਨ ਦੇ ਸਾਰੇ ਪਲਾਂ ਨੂੰ ਆਪਣੇ ਅੰਦਰ ਸਮੇਟਣ, ਸੰਜੋਣ ਤੇ ਵਿਅਕਤ ਕਰਨ ਦੀ ਅਪਾਰ ਸ਼ਕਤੀ ਹੈ। ਸ਼ਾਇਰੀ ਨਾਲ ਦਿਲਚਸਪੀ ਰੱਖਣ ਵਾਲੇ ਚਾਹੇ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਵਸੇ ਹੋਣ ਗ਼ਾਲਿਬ ਦੇ ਸ਼ੇਅਰ ਕਹਿਣ ਵਿਚ ਫਖਰ ਮਹਿਸੂਸ ਕਰਦੇ ਹਨ। ਗ਼ਾਲਿਬ ਆਪਣੇ ਸ਼ੇਅਰਾਂ ਬਾਰੇ ਲਿਖਦੇ ਹਨ,

ਹੈਂ ਔਰ ਭੀ ਦੁਨੀਆਂ ਮੇਂ
ਸੁਖਨਵਰ ਬਹੁਤ ਅੱਛੇ
ਕਹਿਤੇ ਹੈਂ ਕਿ ਗ਼ਾਲਿਬ ਕਾ ਹੈ
ਅੰਦਾਜ਼-ਏ-ਬਿਆਂ ਔਰ।

ਕਿੰਨਾ ਸੱਚ ਹੈ। ਸਚਮੁੱਚ ਹੀ ਉਸ ਦਾ ਅੰਦਾਜ਼-ਏ-ਬਿਆਂ ਦੁਨੀਆਂ ਨਾਲੋਂ ਵਖਰਾ ਹੈ।

ਗ਼ਾਲਿਬ ਸਾਰੀ ਉਮਰ ਕਿਰਾਏ ਦੇ ਮਕਾਨ ਵਿਚ ਰਿਹਾ। ਜਿੰਨੀ ਰਕਮ ਉਸ ਨੂੰ ਪੈਨਸ਼ਨ ਦੀ ਮਿਲਦੀ ਸੀ, ਉਸ ਨਾਲ ਉਹ ਵਧੀਆ ਅੰਗਰੇਜ਼ੀ ਸ਼ਰਾਬ ਖਰੀਦ ਲਿਆਉਂਦਾ। ਇਕ ਵਾਰ ਉਸ ਦੀ ਬੇਗਮ ਨੇ ਇਤਰਾਜ਼ ਕੀਤਾ ਕਿ ਬਾਕੀ ਖਾਣ-ਪੀਣ ਦਾ ਸਮਾਨ ਕਿਥੋਂ ਆਵੇਗਾ? ਗ਼ਾਲਿਬ ਹੱਸ ਕੇ ਬੋਲੇ, "ਤੈਨੂੰ ਖੁਦਾ 'ਤੇ ਭਰੋਸਾ ਨਹੀਂ? ਉਸ ਨੇ ਸਭ ਨੂੰ ਰਿਜ਼ਕ ਦੇਣ ਦਾ ਵਾਅਦਾ ਕੀਤਾ ਹੋਇਆ ਹੈ। ਸ਼ਰਾਬ ਦੇਣ ਦਾ ਉਸ ਨੇ ਵਾਅਦਾ ਨਹੀਂ ਕੀਤਾ, ਸੋ ਉਹ ਮੈਂ ਆਪ ਖਰੀਦ ਲਿਆਇਆ ਹਾਂ।"

ਗ਼ਾਲਿਬ ਨੂੰ ਇਸ ਗੱਲ 'ਤੇ ਯਕੀਨ ਨਹੀਂ ਕਿ ਪੱਕੇ ਮੁਸਲਮਾਨਾਂ ਨੂੰ ਜੰਨਤ ਨਸੀਬ ਹੋਣ ਦਾ ਵਾਅਦਾ ਹੈ। ਇਸ ਬਾਰੇ ਉਸ ਨੇ ਲਿਖਿਆ,

ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ
ਦਿਲ ਕੇ ਖੁਸ਼ ਰਖਨੇ ਕੋ ਗ਼ਾਲਿਬ
ਯਿਹ ਖਯਾਲ ਅੱਛਾ ਹੈ।

ਆਖਰੀ ਮੁਗ਼ਲ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫਰ ਖੁਦ ਵੀ ਇਕ ਅੱਛਾ ਸ਼ਾਇਰ ਸੀ, ਪਰ ਉਹ ਹੋਰ ਸ਼ਾਇਰਾਂ ਦੀ ਵੀ ਕਦਰ ਕਰਦਾ ਸੀ। ਜ਼ਫਰ ਨੇ ਉਸ ਸਮੇਂ ਦੇ ਨਾਮਵਰ ਸ਼ਾਇਰ ਸ਼ੇਖ ਇਬਰਾਹੀਮ ਜ਼ੌਕ ਨੂੰ ਆਪਣਾ ਉਸਤਾਦ ਧਾਰਿਆ ਹੋਇਆ ਸੀ। ਸੰਨ 1854 ਵਿਚ ਜ਼ੌਕ ਦੀ ਮੌਤ ਤੋਂ ਬਾਅਦ ਸ਼ਹਿਨਸ਼ਾਹ ਨੇ ਗ਼ਾਲਿਬ ਨੂੰ ਉਸਤਾਦ ਮੰਨਿਆ। ਸੰਨ 1847 ਵਿਚ ਗ਼ਾਲਿਬ ਨੂੰ ਆਪਣੇ ਘਰ ਅੰਦਰ ਜੂਆਖਾਨਾ ਚਲਾਉਣ ਕਰਕੇ ਅਦਾਲਤ ਵਲੋਂ ਇਕ ਸੌ ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਜੁਰਮਾਨਾ ਨਾ ਅਦਾ ਕਰਨ ਦੀ ਸੂਰਤ 'ਚ ਚਾਰ ਮਹੀਨੇ ਦੀ ਸਜ਼ਾ ਕੱਟਣੀ ਪੈਣੀ ਸੀ, ਪਰ ਰਹਿਮ ਦਿਲ ਜੱਜ ਨੇ ਆਪਣੇ ਕੋਲੋਂ ਸੌ ਰੁਪਏ ਜੁਰਮਾਨਾ ਭਰ ਦਿੱਤਾ।

1841 ਵਿਚ ਗ਼ਾਲਿਬ ਦੀ ਸ਼ਾਇਰੀ ਦਾ ਦੀਵਾਨ ਛਪਿਆ, ਜੋ ਹੱਥੋ-ਹਥੀ ਕੁਝ ਦਿਨਾਂ ਵਿਚ ਹੀ ਵਿਕ ਗਿਆ। ਸੰਨ 1861 ਵਿਚ ਇਸ ਦਾ ਤੀਜਾ ਅਤੇ ਸੰਨ 1862 ਵਿਚ ਚੌਥਾ ਐਡੀਸ਼ਨ ਛਪਿਆ। ਇਸ ਗੱਲ ਤੋਂ ਉਸ ਦੀ ਸ਼ੋਹਰਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਸੰਨ 1857 ਵਿਚ ਅੰਗਰੇਜ਼ਾਂ ਨੇ ਗਦਰ ਦਬਾ ਕੇ ਦਿੱਲੀ 'ਤੇ ਆਪਣਾ ਕਬਜ਼ਾ ਕਰ ਲਿਆ। ਬਹਾਦਰ ਸ਼ਾਹ ਜ਼ਫਰ ਨੂੰ ਕੈਦ ਕਰਕੇ ਰੰਗੂਨ ਜਲਾਵਤਨ ਕਰ ਦਿੱਤਾ ਗਿਆ। ਅੰਗਰੇਜ਼ ਸਿਪਾਹੀ ਮੁਸਲਮਾਨਾਂ ਨੂੰ ਚੁਣ ਚੁਣ ਕੇ ਮਾਰ ਰਹੇ ਸਨ। ਗ਼ਾਲਿਬ ਦੇ ਵੀ ਬਹੁਤ ਹੀ ਕਰੀਬੀ ਰਿਸ਼ਤੇਦਾਰ ਅੰਗਰੇਜ਼ਾਂ ਦੀ ਗੋਲੀ ਦਾ ਸ਼ਿਕਾਰ ਹੋਏ। ਗ਼ਾਲਿਬ ਨੂੰ ਗ੍ਰਿਫਤਾਰ ਕਰਕੇ ਇਕ ਅੰਗਰੇਜ਼ ਅਫਸਰ ਅੱਗੇ ਪੇਸ਼ ਕੀਤਾ ਗਿਆ। ਗ਼ਾਲਿਬ ਨੂੰ ਉਸ ਨੇ ਪੁੱਛਿਆ, "ਕਿਆ ਤੁਮ ਮੁਸਲਮਾਨ ਹੋ?"

ਗ਼ਾਲਿਬ ਨੇ ਕਿਹਾ, "ਜੀ ਆਧਾ ਮੁਸਲਮਾਨ ਹੂੰ।"


ਅੰਗਰੇਜ਼ ਅਫਸਰ ਬੋਲਿਆ, "ਆਧੇ ਕਾ ਕਯਾ ਮਤਲਬ?"

ਗ਼ਾਲਿਬ ਨੇ ਕਿਹਾ, "ਜੀ ਸ਼ਰਾਬ ਪੀਤਾ ਹੂੰ, ਸੂਅਰ ਨਹੀਂ ਖਾਤਾ।"

ਗ਼ਾਲਿਬ ਦੀ ਸਾਫ ਬਿਆਨੀ 'ਤੇ ਅਫਸਰ ਨੇ ਉਸ ਨੂੰ ਛੱਡ ਦਿੱਤਾ।

1857 ਦੇ ਹਾਲਾਤ ਬਾਰੇ ਗ਼ਾਲਿਬ ਨੇ ਆਪਣੇ ਦੋਸਤ ਮਿਰਜ਼ਾ ਯੂਸਫ ਨੂੰ ਲਿਖਿਆ ਕਿ ਮੇਰੇ ਐਨੇ ਯਾਰ ਹੋ ਗਏ ਕਿ ਜਦੋਂ ਮਰਾਂਗਾ ਤਾਂ ਮੈਨੂੰ ਰੋਣ ਵਾਲਾ ਵੀ ਕੋਈ ਨਹੀਂ ਹੋਵੇਗਾ।

ਗ਼ਲਿਬ ਦਾ ਮੁਗ਼ਲ ਸ਼ਹਿਨਸ਼ਾਹ ਵਲੋਂ ਮੁਕੱਰਰ ਵਜ਼ੀਫਾ ਅਤੇ ਪੈਨਸ਼ਨ ਬੰਦ ਹੋ ਗਈ। ਉਸ ਨੇ ਆਪਣਾ ਸ਼ਾਹੀ ਠਾਠ-ਬਾਠ ਉਸੇ ਤਰ੍ਹਾਂ ਰੱਖਿਆ। ਘਰੋਂ ਨਿਕਲਦੇ ਤਾਂ ਰਈਸਾਂ ਵਾਂਗ ਪਾਲਕੀ ਵਿਚ ਬੈਠ ਕੇ ਨਿਕਲਦੇ। ਆਪਣੀ ਪੈਨਸ਼ਨ ਦੀ ਬਹਾਲੀ ਲਈ ਅੰਗਰੇਜ਼ ਹਾਕਮਾਂ ਕੋਲ ਅਪੀਲ ਕਰਨ ਲਈ ਕਈ ਮਹੀਨੇ ਸਫਰ ਕਰਕੇ ਕਲੱਕਤਾ ਪਹੁੰਚੇ, ਜੋ ਉਸ ਸਮੇਂ ਹਿੰਦੁਸਤਾਨ ਦੀ ਅੰਗਰੇਜ਼ ਹਕੂਮਤ ਦੀ ਰਾਜਧਾਨੀ ਸੀ, ਪਰ ਉਥੋਂ ਵੀ ਹੱਥ-ਪੱਲੇ ਕੁਝ ਨਾ ਪਿਆ। ਪੈਸੇ ਵਲੋਂ ਬਹੁਤ ਤੰਗ ਉਸ ਨੇ ਖੁਦਾ ਨੂੰ ਮਿਹਣਾ ਦਿੱਤਾ,



ਜ਼ਿੰਦਗੀ ਅਪਨੀ ਕੁਛ
ਇਸ ਢੰਗ ਸੇ ਗੁਜ਼ਰੀ ਗ਼ਾਲਿਬ,
ਹਮ ਭੀ ਕਿਆ ਯਾਦ ਕਰੇਂਗੇ
ਕਿ ਖੁਦਾ ਰਖਤੇ ਥੇ।

ਗ਼ਾਲਿਬ ਦੀ ਸਾਰੀ ਉਮਰ ਗਰੀਬੀ ਨਾਲ ਜੂਝਦਿਆਂ ਗੁਜ਼ਰੀ। ਉਸ ਨੂੰ ਆਪਣੀ ਸ਼ਾਇਰੀ 'ਤੇ ਐਨਾ ਭਰੋਸਾ ਸੀ ਕਿ ਉਹ ਕਿਹਾ ਕਰਦਾ ਸੀ, ਮੇਰੇ ਮਰਨ ਪਿਛੋਂ ਲੋਕ ਮੇਰੀ ਕਦਰ ਕਰਨਗੇ। ਇਸ ਦੇ ਪਰਥਾਏ ਖੁਮਾਰ ਜਲੰਧਰੀ ਦਾ ਇਹ ਸ਼ੇਅਰ ਢੁਕਵਾਂ ਹੈ,

ਅਹਿਲੇ ਫਨ ਖਾਕ ਨਸ਼ੀਂ
ਰਹਿਤੇ ਹੈਂ ਉਮਰ ਭਰ,
ਬਾਅਦ ਮੇਂ ਲੋਗ ਉਨਹੇਂ
ਦਿਲ ਮੇਂ ਜਗ੍ਹਾ ਦੇਤੇ ਹੈਂ।

---

**ਗ਼ਾਲਿਬ ਦੇ ਕੁਝ ਹਾਸ-ਰਸ ਕਾਰਨਾਮੇ:** ਇਕ ਵਾਰ ਗ਼ਾਲਿਬ ਨਿਜ਼ਾਮ ਹੈਦਰਾਬਾਦ ਦੀ ਦਾਵਤ 'ਤੇ ਹੈਦਰਾਬਾਦ ਪਹੁੰਚੇ, ਜਿਥੇ ਹੋਰ ਵੀ ਨਾਮੀ ਸ਼ਾਇਰ ਆਏ ਹੋਏ ਸਨ। ਗ਼ਾਲਿਬ ਦੀ ਫਟੀ ਹੋਈ ਸ਼ੇਰਵਾਨੀ ਅਤੇ ਮੈਲਾ ਜਿਹਾ ਪਜ਼ਾਮਾ ਦੇਖ ਕੇ ਦਰਬਾਨ ਨੇ ਉਸ ਨੂੰ ਅੰਦਰ ਹੀ ਨਾ ਜਾਣ ਦਿੱਤਾ। ਜਿਥੇ ਉਹ ਠਹਿਰੇ ਹੋਏ ਸਨ, ਉਨ੍ਹਾਂ ਦੇ ਨਾਲ ਹੀ ਦਿੱਲੀ ਦਾ ਇਕ ਹੋਰ ਸ਼ਾਇਰ ਵੀ ਠਹਿਰਿਆ ਹੋਇਆ ਸੀ। ਗ਼ਾਲਿਬ ਨੇ ਉਸ ਨੂੰ ਦੱਸਿਆ ਕਿ ਮੇਰੇ ਪਾਸ ਹੋਰ ਨਵੇਂ ਕਪੜੇ ਨਹੀਂ। ਉਸ ਸ਼ਾਇਰ ਨੇ ਗ਼ਾਲਿਬ ਨੂੰ ਕਿਹਾ, ਤੂੰ ਫਿਕਰ ਨਾ ਕਰ, ਮੇਰੇ ਪਾਸ ਫਾਲਤੂ ਸ਼ੇਰਵਾਨੀ ਅਤੇ ਪਜਾਮਾ ਹੈ, ਉਹ ਤੂੰ ਪਾ ਕੇ ਕਲ ਮੁਸ਼ਾਇਰੇ ਵਿਚ ਚਲੀਂ। ਇਸ ਤਰ੍ਹਾਂ ਗ਼ਾਲਿਬ ਮੁਸ਼ਾਇਰੇ ਵਿਚ ਹਾਜ਼ਰ ਹੋਇਆ ਤੇ ਆਪਣੀ ਸ਼ਾਇਰੀ ਦੇ ਬਲ 'ਤੇ ਸਭ ਤੋਂ ਅੱਗੇ ਰਿਹਾ।

ਇਸ ਪਿਛੋਂ ਦਾਅਵਤ ਦੀ ਮੇਜ਼ 'ਤੇ ਨਿਜ਼ਾਮ ਨੇ ਗ਼ਾਲਿਬ ਨੂੰ ਆਪਣੇ ਨਾਲ ਦੀ ਕੁਰਸੀ 'ਤੇ ਬਿਠਾ ਲਿਆ। ਜਦੋਂ ਖਾਣਾ ਖਾਣ ਲੱਗੇ ਤਾਂ ਗ਼ਾਲਿਬ ਰੋਟੀ ਦੀ ਬੁਰਕੀ ਸਬਜ਼ੀ ਨਾਲ ਲਬੇੜ ਕੇ ਆਪਣੀ ਅਚਕਨ ਨਾਲ ਪੂੰਝੀ ਜਾਵੇ। ਇਹ ਦੇਖ ਕੇ ਨਿਜ਼ਾਮ ਨੇ ਪੁੱਛਿਆ, "ਯਿਹ ਕਿਆ ਕਰ ਰਹੇ ਹੋ ਮੀਆਂ?"

ਗ਼ਾਲਿਬ ਨੇ ਕਿਹਾ, "ਹਜ਼ੂਰ ਇਸੀ ਲਿਬਾਸ ਕੀ ਬਦੌਲਤ ਤੋ ਆਪ ਕੇ ਮੁਸ਼ਾਇਰੇ ਮੇਂ ਦਾਖਲ ਹੂਆ ਹੂੰ।" ਅਜਿਹੀ ਸਥਿਤੀ ਬਾਰੇ ਉਰਦੂ ਦੇ ਮਸ਼ਹੂਰ ਸ਼ਾਇਰ ਬਸ਼ੀਰ ਬਦਰ ਨੇ ਲਿਖਿਆ ਹੈ,

ਯਹਾਂ ਲਿਬਾਸ ਕੀ ਕੀਮਤ ਹੈ,
ਆਦਮੀ ਕੀ ਨਹੀਂ,
ਮੁਝੇ ਗਲਾਸ ਬੜੇ ਦੇ, ਸ਼ਰਾਬ ਕਮ ਡਾਲ।

ਇਕ ਵਾਰੀ ਗ਼ਾਲਿਬ ਸ਼ਹਿਨਸ਼ਾਹ ਬਹਾਦਰ ਸ਼ਾਹ ਜ਼ਫਰ ਦੇ ਨਾਲ ਸ਼ਾਹੀ ਬਾਗ ਵਿਚ ਵੱਖ ਵੱਖ ਕਿਸਮਾਂ ਦੇ ਅੰਬ ਦੇਖ ਰਹੇ ਸਨ। ਗ਼ਾਲਿਬ ਅੰਬਾਂ ਦੇ ਫਲ ਦੇ ਉਪਰ ਹੇਠਾਂ ਨਿਗ੍ਹਾ ਲਾ ਕੇ ਦੇਖ ਰਿਹਾ ਸੀ। ਜ਼ਫਰ ਨੇ ਪੁੱਛਿਆ, "ਗ਼ਾਲਿਬ ਸਾਹਿਬ, ਆਪ ਕਿਆ ਦੇਖ ਰਹੇ ਹੈਂ?"

"ਜਹਾਂ ਪਨਾਹ! ਸੁਨਾ ਹੈ ਕਿ ਖੁਦਾ ਨੇ ਦਾਨੇ ਦਾਨੇ ਪੇ ਲਿਖਾ ਹੈ ਖਾਨੇ ਵਾਲੇ ਕਾ ਨਾਮ। ਮੈਂ ਦੇਖ ਰਹਾ ਥਾ ਕਿ ਕਿਸੀ ਆਮ ਪਰ ਮੇਰਾ ਭੀ ਨਾਮ ਹੈ?" ਸੁਣ ਕੇ ਸ਼ਹਿਨਸ਼ਾਹ ਖੁਸ਼ ਹੋਇਆ ਅਤੇ ਸ਼ਾਮ ਨੂੰ ਅੰਬਾਂ ਦੀ ਇਕ ਟੋਕਰੀ ਗ਼ਾਲਿਬ ਦੇ ਘਰ ਭੇਜ ਦਿੱਤੀ।

ਇਕ ਵਾਰ ਗ਼ਾਲਿਬ ਆਪਣੇ ਦੋਸਤ ਰਜ਼ੀ ਸਾਹਿਬ ਕੋਲ ਬੈਠੇ ਸਨ। ਰਜ਼ੀ ਸਾਹਿਬ ਨੂੰ ਅੰਬ ਪਸੰਦ ਨਹੀਂ ਸਨ। ਸਬੱਬ ਨਾਲ ਇਕ ਗਧਿਆਂ ਵਾਲਾ ਆਪਣੇ ਗਧੇ ਲੈ ਕੇ ਗਲੀ ਵਿਚੋਂ ਲੰਘ ਰਿਹਾ ਸੀ। ਗਲੀ ਵਿਚ ਚੂਪੇ ਹੋਏ ਅੰਬਾਂ ਦੇ ਛਿਲਕੇ ਅਤੇ ਗਿਟਕਾਂ ਖਿਲਰੀਆਂ ਪਈਆਂ ਸਨ। ਗਧੇ ਉਨ੍ਹਾਂ ਨੂੰ ਸੁੰਘ ਕੇ ਅੱਗੇ ਲੰਘੀ ਜਾਣ। ਰਜ਼ੀ ਸਾਹਿਬ ਅਤੇ ਗ਼ਾਲਿਬ-ਦੋਵੇਂ ਦੇਖ ਰਹੇ ਸਨ। ਰਜ਼ੀ ਸਾਹਿਬ ਗ਼ਾਲਿਬ ਨੂੰ ਕਹਿਣ ਲੱਗੇ, "ਗ਼ਾਲਿਬ! ਦੇਖ ਲੋ ਆਮ ਤੋ ਗਧੇ ਭੀ ਨਹੀਂ ਖਾਤੇ।"

ਗ਼ਾਲਿਬ ਨੇ ਤੁਰਤ ਜਵਾਬ ਦਿੱਤਾ, "ਜੀ ਹਾਂ, ਗਧੇ ਹੀ ਤੋ ਆਮ ਨਹੀਂ ਖਾਤੇ।"

ਸੱਚੇ ਮੁਸਲਮਾਨਾਂ ਨੂੰ ਸ਼ਰਾਬ ਹਰਾਮ ਹੈ ਤੇ ਉਨ੍ਹਾਂ ਦਾ ਮੈਖਾਨੇ ਜਾਣਾ ਠੀਕ ਨਹੀਂ ਸਮਝਿਆ ਜਾਂਦਾ। ਗ਼ਾਲਿਬ ਨੇ ਇਕ ਵਾਰ ਜੋ ਦੇਖਿਆ, ਉਹ ਲਿਖਿਆ ਹੈ,

ਕਹਾਂ ਮੈਖਾਨੇ ਕਾ ਦਰਵਾਜ਼ਾ ਗ਼ਾਲਿਬ,
ਔਰ ਕਹਾਂ ਵਾਇਜ਼
ਪਰ ਇਤਨਾ ਜਾਨਤੇ ਹੈਂ
ਕਲ ਵੁਹ ਆਤਾ ਥਾ ਕਿ ਹਮ ਨਿਕਲੇ।
(ਵਾਇਜ਼: ਮਸਜਿਦ ਵਿਚ ਬਾਂਗ ਦੇਣ ਵਾਲਾ)

ਆਪਣੀ ਸ਼ਰਾਬਨੋਸ਼ੀ ਬਾਰੇ ਉਸ ਨੇ ਲਿਖਿਆ,

ਕਰਜ਼ ਕੀ ਪੀਤੇ ਥੇ ਮੈ ਔਰ ਸਮਝਤੇ ਥੇ
ਰੰਗ ਲਾਏਗੀ ਹਮਾਰੀ
ਫਾਕਾ-ਏ-ਮਸਤੀ ਏਕ ਦਿਨ।
ਯਿਹ ਮਸਾਇਲ-ਏ-ਤਸੱਵੁਫ
ਯਿਹ ਤੇਰਾ ਬਯਾਨ ਗ਼ਾਲਿਬ,
ਤੁਝੇ ਹਮ ਵਲੀ ਸਮਝਤੇ
ਜੋ ਨਾ ਬਾਦਾਖਾਰ ਹੋਤਾ।
(ਤਸੱਵੁਫ: ਅਧਿਆਤਮਵਾਦ; ਮਸਾਇਲ: ਮਸਲੇ)

ਗ਼ਾਲਿਬ ਦਾ ਦਿਹਾਂਤ 15 ਫਰਵਰੀ 1869 ਨੂੰ ਹੋਇਆ। ਉਸ ਦੀ ਖਾਹਿਸ਼ ਅਨੁਸਾਰ ਉਸ ਨੂੰ ਬਸਤੀ ਨਿਜ਼ਾਮੁਦੀਨ ਵਿਚ ਦਫਨਾਇਆ ਗਿਆ।

# ਅੰਮ੍ਰਿਤਾ ਦੀਆਂ ਬਾਤਾਂ

(ਪਿਛਲੇ ਸਫੇ ਦੀ ਬਾਕੀ)

ਕਹਾਣੀਆਂ ਅਤੇ ਸਾਹਿਤਕ ਸਵੈ-ਜੀਵਨੀ। ਡਾ. ਅਜਮੇਰ ਸਿੰਘ ਮੁਖੀ ਸਨ। ਉਨ੍ਹਾਂ ਮੇਰੀ ਡਿਊਟੀ ਲਗਵਾਈ, ਮੈਂ ਦੋਵੇਂ ਪ੍ਰਾਜੈਕਟਾਂ ਦੀ ਪ੍ਰਵਾਨਗੀ ਲੈ ਕੇ ਆਵਾਂ। ਉਤਰ ਵਿਚ ਅੰਮ੍ਰਿਤਾ ਨੇ ਚਿੱਠੀ ਲਿਖੀ, "ਕੀ ਇਹ ਠੀਕ ਹੋਵੇਗਾ, ਮੈਂ ਆਪਣੀਆਂ ਕਹਾਣੀਆਂ ਨੂੰ ਖੁਦ ਹੀ ਪ੍ਰਤੀਨਿਧ ਕਹਾਂ?" ਸਾਹਿਤਕ ਸਵੈ-ਜੀਵਨੀ ਦਾ ਨਾਂ ਕੁਝ ਹੋਰ ਰੱਖ ਕੇ ਲਿਖਣ ਬਾਰੇ ਇੱਛਾ ਜਾਹਰ ਕੀਤੀ, ਜੋ ਪ੍ਰਵਾਨ ਨਾ ਹੋਈ ਪਰ ਅੰਮ੍ਰਿਤਾ ਨੇ ਕੋਈ ਗਿਲਾ ਨਾ ਕੀਤਾ।

ਕਸ਼ਮੀਰ ਪੰਨੂ ਤੇ ਮੈਂ ਇਸ ਕਿੱਸੇ ਦੇ ਚਸ਼ਮਦੀਦ ਹਾਂ।

ਮਰਹੂਮ ਨਾਟਕਕਾਰ ਹਰਸ਼ਰਨ ਸਿੰਘ ਦੀ ਰਚਨਾ ਪਹਿਲੀ ਵਾਰ 'ਨਾਗਮਣੀ' ਵਿਚ ਛਪੀ। ਉਹ ਡੀ. ਪੀ. ਆਈ. ਮਹਿਕਮੇ ਵਿਚ ਵੱਡੇ ਅਹੁਦੇ 'ਤੇ ਸਨ। ਉਨ੍ਹਾਂ ਨੂੰ ਪਹਿਲੀ ਵਾਰ ਪਤਾ ਲੱਗਾ, 'ਨਾਗਮਣੀ' ਜਿਹਾ ਪਰਚਾ ਸਕੂਲਾਂ, ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨ ਨਹੀਂ ਸੀ ਕੀਤਾ ਹੋਇਆ।


ਦੇਵ ਭਾਰਦਵਾਜ, ਕਸ਼ਮੀਰ ਪੰਨੂ ਤੇ ਮੈਂ ਉਨ੍ਹਾਂ ਦੇ ਸਾਹਮਣੇ ਬੈਠੇ ਸਾਂ। ਉਨ੍ਹਾਂ ਸ਼ਰਮ ਮਹਿਸੂਸ ਕੀਤੀ ਅਤੇ ਕਿਹਾ, ਹਰ ਹਾਲਤ ਵਿਚ 'ਨਾਗਮਣੀ' ਸਕੂਲਾਂ-ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿਚ ਲੱਗਣੀ ਚਾਹੀਦੀ ਹੈ। ਇੰਜ ਘੱਟੋ-ਘੱਟ ਦੋ ਢਾਈ ਹਜ਼ਾਰ ਪਰਚਾ ਵੱਧ ਛਪਿਆ ਕਰੇਗਾ।

ਮੈਂ 'ਨਾਗਮਣੀ' ਦੀ ਕਾਰਜ ਸ਼ੈਲੀ ਨੂੰ ਇਉਂ ਜਾਣਦਾ ਰਿਹਾ। ਇਹ ਵੀ ਜਾਣਦਾ ਸਾਂ, ਪ੍ਰੈਸ ਕਾਪੀ ਤੋਂ ਲੈ ਕੇ ਪਰੂਫ ਰੀਡਿੰਗ ਅਤੇ ਪਰਚਾ ਪੋਸਟ ਕਰਨ ਦਾ ਕੰਮ ਅੰਮ੍ਰਿਤਾ ਅਤੇ ਇਮਰੋਜ਼ ਖੁਦ ਕਰਦੇ ਸਨ, ਕਿਉਂਕਿ 'ਨਾਗਮਣੀ' ਦੀ ਆਮਦਨ ਕਿਸੇ ਤੀਜੇ ਕਾਮੇ ਦਾ ਵਿੱਤੀ ਬੋਝ ਸਹਾਰਨ ਤੋਂ ਅਸਮਰੱਥ ਸੀ।

ਫੈਸਲਾ ਹੋਇਆ, ਮੈਂ ਡੀ. ਪੀ. ਆਈ. ਤੋਂ ਫਾਰਮ ਲੈ ਕੇ ਦਿੱਲੀ ਜਾਵਾਂ ਅਤੇ ਇਹ ਲਿਖਵਾ ਕੇ ਲਿਆਵਾਂ ਕਿ 'ਨਾਗਮਣੀ' ਦੋ ਢਾਈ ਹਜ਼ਾਰ ਤੋਂ ਵੱਧ ਗਿਣਤੀ ਵਿਚ ਛਪਦਾ ਹੈ। ਨਾਲ ਹੀ ਡੀ. ਪੀ. ਆਈ. ਨੂੰ ਬਿਨੈ ਪੱਤਰ ਲਿਖਿਆ ਜਾਵੇ। ਮੈਂ ਹੁੱਬ ਕੇ ਫਾਰਮ ਅੱਗੇ ਕੀਤਾ। ਅੰਮ੍ਰਿਤਾ ਨੇ ਧਿਆਨ ਨਾਲ ਪੜ੍ਹਿਆ, ਜਿਸ 'ਚ ਕਾਲਮਾਂ ਥੱਲੇ ਲਿਖਿਆ ਸੀ, ਉਕਤ ਅੰਕੜੇ ਪੂਰਨ ਰੂਪ ਵਿਚ ਸੱਚ ਹਨ।

ਅੰਮ੍ਰਿਤਾ ਨੇ ਇਮਰੋਜ਼ ਨੂੰ ਹਾਕ ਮਾਰੀ ਅਤੇ ਲਿਖਵਾਇਆ, ਪਿਛਲੇ ਮਹੀਨੇ 'ਨਾਗਮਣੀ' ਦੀਆਂ ਸੱਤ ਸੌ ਪੰਜੀ ਪ੍ਰਤੀਆਂ ਛਾਪੀਆਂ ਗਈਆਂ ਹਨ। ਇਸ ਪਰਚੇ ਵਿਚ ਕੋਈ ਸਰਕਾਰੀ ਇਸ਼ਤਿਹਾਰ ਨਹੀਂ ਛਪਦਾ।

ਮੈਂ ਕਿਹਾ, ਇਸ ਤਰ੍ਹਾਂ ਤਾਂ ਪਰਚਾ ਪਾਸ ਨਹੀਂ ਹੋਵੇਗਾ। ਬਿਨੈ ਪੱਤਰ ਵੀ ਜ਼ਰੂਰੀ ਹੈ। ਅੰਕੜਿਆਂ ਵਿਚ ਇਕ ਹਜ਼ਾਰ ਤਾਂ ਲਿਖੋ। ਉਨ੍ਹਾਂ ਕਿਹਾ, ਬਿਨੈ ਪੱਤਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਡੀ. ਪੀ. ਆਈ. ਨੂੰ ਲੋੜ ਹੈ ਤਾਂ ਉਹ ਖੁਦ ਬਿਨੈ ਪੱਤਰ ਲਿਖੇ। ਜਦੋਂ 'ਨਾਗਮਣੀ' ਸ਼ੁਰੂ ਕੀਤੀ ਸੀ, ਕਈ ਫੈਸਲੇ ਬੜੀ ਸਖਤੀ ਨਾਲ ਲਏ ਸਨ, ਜਿਵੇਂ ਰਿਵਿਊ ਨਹੀਂ ਛਪਣਗੇ। ਕਿਤਾਬ ਚੰਗੀ ਹੋਈ ਤਾਂ ਉਸ ਵਿਚੋਂ ਕੁਝ ਹਿੱਸਾ ਛਾਪ ਲਿਆ ਜਾਏਗਾ। ਲੇਖਕ ਦੀ ਥਾਂ ਲਿਖਤ ਨੂੰ ਪਹਿਲ ਦਿੱਤੀ ਜਾਵੇਗੀ। ਇਸ਼ਤਿਹਾਰਾਂ ਲਈ ਝੋਲੀ ਨਹੀਂ ਫੈਲਾਈ ਜਾਵੇਗੀ, ਕਿਉਂਕਿ ਇਹ ਵਿਕੇ ਹੋਏ ਬੋਲਾਂ ਦਾ ਪਰਚਾ ਨਹੀਂ। ਨਿੰਦਾ ਪਾਠ ਲਈ ਪਰਚੇ ਵਿਚ ਕੋਈ ਥਾਂ ਨਹੀਂ ਹੋਏਗੀ। ਵਿਕਰੇਤਾ ਵਲੋਂ ਇਕ ਮਹੀਨਾ ਅਗਾਊਂ ਡਰਾਫਟ ਆਉਣ 'ਤੇ ਹੀ ਪਰਚਾ ਭੇਜਿਆ ਜਾਵੇਗਾ। ਸਭ ਤੋਂ ਵੱਡੀ ਗੱਲ, ਇਹ ਕਟੌਤੀ ਨਹੀਂ ਲਿਖਿਆ ਜਾਵੇਗਾ, ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਨਾ ਹੀ ਰਚਨਾਕਾਰ ਤੋਂ ਬਿਨਾ ਕਿਸੇ ਨੂੰ ਪਰਚਾ ਮੁਫਤ ਭੇਜਿਆ ਜਾਵੇਗਾ।




'ਨਾਗਮਣੀ' ਦੇ ਮਾਰਚ 1967 ਵਾਲੇ ਅੰਕ ਦਾ ਮੁਖੜਾ।

ਮੈਂ ਬਿਨੈ ਪੱਤਰ ਲਿਖਣ ਦਾ ਤਰਲਾ ਲਿਆ ਅਤੇ ਆਰਥਕ ਫਾਇਦੇ ਦੀ ਦੁਹਾਈ ਦਿੱਤੀ। ਤਦ ਇਮਰੋਜ਼ ਨੇ ਕਿਹਾ, ਕਜ਼ਾਕ ਪਿਆਰੇ, ਫਾਰਮ ਦੇ ਥੱਲੇ ਇਕ ਲਾਈਨ ਵਿਚ ਸੱਚ ਬੋਲਣ ਬਾਰੇ ਲਿਖਿਆ ਗਿਆ ਹੈ। ਇਸ ਲਈ ਕਿ ਲੋਕ ਪਰਚਿਆਂ ਦੀ ਛਪਣ ਗਿਣਤੀ ਦੱਸਣ ਵੇਲੇ ਝੂਠ ਬੋਲਦੇ ਹਨ। ਸਤਰ ਨਾ ਵੀ ਲਿਖੀ ਹੁੰਦੀ, ਤਦ ਵੀ ਅਸੀਂ ਇਕ ਪਰਚਾ ਵੀ ਵਾਧੂ ਨਹੀਂ ਸੀ ਲਿਖਣਾ।

ਸਾਰਾ ਪੰਜਾਬੀ ਜਗਤ ਜਾਣਦਾ ਹੈ, 'ਨਾਗਮਣੀ' ਸਕੂਲਾਂ, ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਲਾਜ਼ਮੀ ਖਰੀਦੇ ਜਾਣਾ ਪ੍ਰਵਾਨ ਨਾ ਹੋ ਸਕਿਆ।

ਇਕ ਵਾਰ ਮੈਂ ਆਪਣੇ ਨਾਵਲ ਦਾ ਖਰੜਾ ਅੰਮ੍ਰਿਤਾ ਨੂੰ ਪੜ੍ਹ ਕੇ ਰਾਇ ਦੇਣ ਲਈ ਦਿੱਤਾ। ਉਸ ਪੜ੍ਹ ਕੇ ਲਿਖਿਆ, ਤੂੰ ਕਿਸ ਕੱਚੇ ਲੇਖਕ ਦਾ ਲਿਖਿਆ ਨਾਵਲ ਦੇ ਦਿੱਤਾ। ਜੇ ਇਹ ਸਚਮੁੱਚ ਤੂੰ ਲਿਖਿਆ ਹੈ ਤਾਂ ਮੈਂ ਇਸ ਕਜ਼ਾਕ ਨੂੰ ਨਹੀਂ ਜਾਣਦੀ।

ਕੇਰਾਂ ਮੈਂ, ਸੁਰਿੰਦਰ ਸ਼ਰਮਾ, ਅਜੀਤ ਕੌਰ, ਅੰਮ੍ਰਿਤਾ ਤੇ ਇਮਰੋਜ਼ ਕਾਰ ਵਿਚ ਜਾ ਰਹੇ ਸਾਂ, ਗੱਲਾਂ-ਗੱਲਾਂ ਵਿਚ ਅਜੀਤ ਕੌਰ ਨੇ ਕਿਸੇ ਕਵਿੱਤਰੀ ਦਾ ਨਾਂ ਲੈ ਕੇ ਕਿਹਾ, ਇਸ ਵਾਰ ਉਹ ਫਲਾਂ ਲੇਖਕ ਨੂੰ ਸਾਹਿਤ ਅਕਾਦਮੀ ਦੇ ਇਨਾਮ ਲਈ ਚੈਲੰਜ ਕਰ ਰਹੀ ਹੈ।

"ਅੱਛਾ ਤਾਂ ਉਸੇ ਨੂੰ ਦਿਵਾ ਦਿੰਦੇ ਹਾਂ ਜਿਸ ਨੂੰ ਉਹ ਨਹੀਂ ਚਾਹੁੰਦੀ," ਅੰਮ੍ਰਿਤਾ ਨੇ ਕਿਹਾ।

'ਕਮਾਲ ਐ ਦੀਦੀ!' ਸੁਰਿੰਦਰ ਸ਼ਰਮਾ ਤਿੜਕਿਆ। ਮੈਂ ਤਾਂ ਸਮਝਦਾ ਸੀ, ਤੁਸੀਂ ਉਸ ਕਵਿੱਤਰੀ ਨਾਲੋਂ ਬਹੁਤ ਵੱਡੇ ਹੋ। ਉਹ ਤਾਂ ਦੋਵੇਂ ਗੱਲਾਂ ਇਕੋ ਜਿਤਨੀਆਂ ਮਾੜੀਆਂ ਹਨ।

ਤਦ ਮੂਹਰਲੀ ਸੀਟ 'ਤੇ ਬੈਠੀ ਅੰਮ੍ਰਿਤਾ ਇਕ ਦਮ ਮੁੜੀ ਅਤੇ ਕਿਹਾ, "ਅਜੀਤ ਜਿਸ ਅਦੀਬ ਦੇ ਦੋਸਤ ਇਤਨੇ ਬੇਬਾਕ ਹੋਣ; ਉਹ ਕਿਤਨਾ ਅਮੀਰ ਹੋਵੇਗਾ।"

ਬੇਸ਼ਕ! ਜੇ ਅਦੀਬ ਬੇਬਾਕੀ ਨੂੰ ਸਹਿ ਸਕਣ ਵਾਲਾ ਹੋਵੇ।

ਜਿਨ੍ਹਾਂ ਦਿਨਾਂ ਵਿਚ ਉਹ ਮੌਤ ਨਾਲ ਲੜ ਰਹੀ ਸੀ, ਪੰਜਾਬ ਸਰਕਾਰ ਵਲੋਂ ਪੰਜਾਬੀ ਯੂਨੀਵਰਸਿਟੀ ਰਾਹੀਂ ਪੰਜ ਲੱਖ ਰੁਪਏ ਲੈ ਕੇ ਗਏ ਅਧਿਕਾਰੀਆਂ ਨਾਲ ਮੈਂ ਵੀ ਗਿਆ। ਉਸ ਵਾਰ-ਵਾਰ ਇਕੋ ਗਿਲਾ ਕੀਤਾ, ਪੰਜਾਬ ਨੇ ਕ੍ਰਿਸ਼ਨਾ ਸੋਬਤੀ ਵਾਲੇ ਮਸਲੇ ਵਿਚ ਕੁਝ ਇਤਿਹਾਸਕ ਦਸਤਾਵੇਜ਼ ਮੁਹੱਈਆ ਕਰਵਾਉਣ ਵਿਚ ਉਸ ਦੀ ਮਦਦ ਨਹੀਂ ਕੀਤੀ।

ਅੰਮ੍ਰਿਤਾ ਦੀਆਂ ਵਿਸ਼ੇਸ਼ ਲਿਖਤਾਂ ਅਤੇ ਇਮਰੋਜ਼ ਦੀਆਂ ਬਣਾਈਆਂ ਪੇਂਟਿੰਗਜ਼ ਦੀ ਐਲਬਮ ਛਾਪਣ ਬਾਰੇ ਵੀ ਫੈਸਲਾ ਹੋਇਆ, ਜੋ ਅੱਜ ਤਕ ਹਵਾ ਵਿਚ ਹੈ।

ਅੰਮ੍ਰਿਤਾ ਤੇ 'ਨਾਗਮਣੀ' ਨਾਲ ਲੰਮਾ ਸਮਾਂ ਸਾਥ ਰਿਹਾ। ਹਜ਼ਾਰਾਂ ਯਾਦਾਂ ਹਨ ਜੋ ਮੁੱਕਣੀਆਂ ਨਹੀਂ। ਮੰਦਾ ਬੋਲਣ ਵਾਲੇ ਮੋਈ ਹੋਈ ਨੂੰ ਨਹੀਂ ਬਖਸ਼ ਰਹੇ। ਇਕ ਵਾਰ ਮੈਂ, ਦਵਿੰਦਰ, ਵੇਦ ਰਾਹੀ ਅਤੇ ਅੰਮ੍ਰਿਤਾ ਮਰਹੂਮ ਇੰਦਰਾ ਗਾਂਧੀ ਨੂੰ ਮਿਲਣ ਗਏ। ਇੰਦਰਾ ਗਾਂਧੀ 'ਤੇ ਬਣਨ ਵਾਲੀ ਡਾਕੂਮੈਂਟਰੀ 'ਜੋਗ ਜਾਰੀ ਹੈ' 'ਤੇ ਕੰਮ ਕਰ ਰਹੇ ਸਾਂ ਅਤੇ ਵਾਪਸ ਆਉਂਦੇ ਦਵਿੰਦਰ ਨੇ ਕਿਸੇ ਵਲੋਂ ਕੀਤੀ ਨਿੰਦਕ ਟਿੱਪਣੀ ਬਾਰੇ ਕੁਝ ਕਿਹਾ। ਤਦ ਅੰਮ੍ਰਿਤਾ ਮੁਸਕਰਾਈ ਤੇ ਕਿਹਾ, "ਦਵਿੰਦਰ, ਲੋਕ ਇਸ ਅੰਮ੍ਰਿਤਾ ਨੂੰ ਨਾਲ ਲੈਣਗੇ। ਉਸ ਅੰਮ੍ਰਿਤਾ ਨੂੰ ਕਿਵੇਂ ਕਹਿਣਗੇ, ਜੋ ਭਲਾ ਲੋਕਾਂ ਦੇ ਦਿਲਾਂ ਵਿਚ ਹੈ।"

## ਸ਼ਾਹ ਮੁਹੰਮਦ ਦੇ ਬਹਾਨੇ ਪੰਜਾਬ ਦੀ ਪੀੜ ਨੂੰ ਸਮਝਦਿਆਂ-2

# ਮਹਾਰਾਜਾ ਰਣਜੀਤ ਸਿੰਘ ਦਾ ਸ਼ਾਸਨ ਅਤੇ ਪੰਜਾਬੀ ਮੁਸਲਮਾਨ

### ਪੀ. ਕੇ. ਨਿਝਾਵਨ ਹੋਣ ਦੇ ਅਰਥ...

*ਪੀ. ਕੇ. ਨਿਝਾਵਨ (1927-2006) ਪੱਛਮੀ ਪੰਜਾਬ ਵਿਚ ਐਮਨਾਬਾਦ ਵਿਚ ਜਨਮਿਆ ਸੁਹਿਰਦ ਪੰਜਾਬੀ ਵਿਦਵਾਨ ਹੈ। ਉਹ ਲੰਮਾ ਸਮਾਂ ਪੰਜਾਬ ਅਤੇ ਕੇਂਦਰ ਸਰਕਾਰ ਵਿਚ ਉਚ ਅਹੁਦਿਆਂ 'ਤੇ ਰਿਹਾ ਅਤੇ ਫਿਰ ਬੰਬਈ ਵਿਚ ਅੰਗਰੇਜ਼ੀ ਅਖਬਾਰ 'ਟਾਈਮਜ਼ ਆਫ ਇੰਡੀਆ' ਦਾ ਐਸੋਸੀਏਟ ਸੰਪਾਦਕ ਵੀ ਬਣਿਆ। ਨਿਝਾਵਨ ਧਾਰਮਕ ਪਛਾਣਾਂ ਤੋਂ ਪਾਰ ਸਾਂਝੀ ਪੰਜਾਬੀਅਤ ਦਾ ਮੁੱਦਈ ਹੈ। ਜਦੋਂ ਪੰਜਾਬ ਵਿਚ ਧਾਰਮਕ ਪਛਾਣ ਦੇ ਆਧਾਰ 'ਤੇ ਹਿੰਸਾ-ਪ੍ਰਤੀ-ਹਿੰਸਾ ਦਾ ਦੌਰ ਚੱਲਿਆ ਤਾਂ ਉਹ ਲੋਕਾਂ ਨੂੰ ਸਾਂਝੇ ਪੰਜਾਬ ਦੀ ਪੰਜਾਬੀਅਤ ਦੇ ਤਸੱਵੁਰ ਦਾ ਅਹਿਸਾਸ ਕਰਵਾਉਣ ਦੇ ਮਨਸ਼ੇ ਨਾਲ ਪੰਜਾਬ ਆ ਗਿਆ। ਉਸ ਨੇ 'ਹਿੰਦੂਇਜ਼ਮ ਰੀਵਿਜਿਟਿਡ' ਤੇ 'ਸ੍ਰੀ ਗੋਬਿੰਦ ਗੀਤਾ' ਵਰਗੀਆਂ ਇਤਿਹਾਸਕ ਤੌਰ 'ਤੇ ਮੁੱਲਵਾਨ ਕਿਤਾਬਾਂ ਦੀ ਰਚਨਾ ਕੀਤੀ।*

*ਨਿਝਾਵਨ ਸ਼ਾਹ ਮੁਹੰਮਦ ਨੂੰ ਵੱਖ-ਵੱਖ ਧਰਮਾਂ ਦੇ ਪੰਜਾਬੀਆਂ ਦੀ ਸਾਂਝੀ ਪੰਜਾਬੀਅਤ ਦਾ ਪ੍ਰਤੀਕ ਮੰਨਦਾ ਹੈ। ਇਸ ਲਈ ਉਹ 'ਦਿ ਫਰਸਟ ਪੰਜਾਬ ਵਾਰ-ਸ਼ਾਹ ਮੁਹੰਮਦ'ਜ਼ ਜੰਗਨਾਮਾ (2001)' ਸਿਰਲੇਖ ਹੇਠ ਨਿਵੇਕਲੀ ਪੁਸਤਕ ਦੀ ਰਚਨਾ ਕਰਦਾ ਹੈ, ਜਿਸ ਵਿਚ ਜੰਗਨਾਮੇ ਦੀ ਗੁਰਮੁਖੀ ਅਤੇ ਸ਼ਾਹਮੁਖੀ ਟੈਕਸਟ ਦੇ ਨਾਲ ਇਸ ਦਾ ਅੰਗਰੇਜ਼ੀ ਅਤੇ ਹਿੰਦੀ ਅਨੁਵਾਦ ਵੀ ਕੀਤਾ ਗਿਆ। ਉਸ ਮੰਨਦਾ ਹੈ ਕਿ ਇਹ ਜੰਗਨਾਮਾ ਪੰਜਾਬੀ ਸਾਹਿਤ ਅਤੇ ਲੋਕ ਸਾਹਿਤ ਵਿਚ ਅਜਿਹੀ ਵਾਹਦ ਰਚਨਾ ਹੈ, ਜਿਸ ਵਿਚ ਪੰਜਾਬੀ ਇਕਜੁੱਟਤਾ ਅਤੇ ਸਾਂਝੀ ਪੰਜਾਬੀਅਤ ਭਰਵੇਂ ਰੂਪ ਵਿਚ ਪੇਸ਼ ਹੁੰਦੀ ਹੈ।*

*ਇਸ ਪੁਸਤਕ ਦੀ ਭੂਮਿਕਾ ਵਜੋਂ ਸ਼ਾਮਿਲ ਇਸ ਲੇਖ ਵਿਚ ਉਹ ਇਹ ਤਲਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਇਸ ਰੂਪ ਵਿਚ ਕਿਵੇਂ ਅਤੇ ਕਿਉਂ ਪੈਦਾ ਹੋਈ? ਉਹ 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ' ਵਾਲੇ ਪੰਜਾਬ ਦੀ ਸਾਂਝੀਵਾਲਤਾ ਵਾਲੀ ਜੀਵਨ ਰੌਂਅ ਦਾ, ਅੰਗਰੇਜ਼ੀ ਸ਼ਾਸਨ ਅਤੇ ਆਰੀਆ ਸਮਾਜ ਵਰਗੀਆਂ ਧਰਮ ਸੁਧਾਰ ਲਹਿਰਾਂ ਵਲੋਂ ਕੀਤੇ ਇਤਿਹਾਸਕ ਘਾਣ ਦੀ ਪਛਾਣ ਕਰਦਾ ਹੈ। ਇਸ ਲਈ ਉਹ ਅਲਹਿਦਗੀ ਪੈਦਾ ਕਰਨ ਵਾਲੀ ਆਰੀਆ ਸਮਾਜੀ ਵਿਆਖਿਆ ਦੀ ਥਾਂ ਹਿੰਦੂ ਧਰਮ ਦੀ ਬਹੁਲਤਾਵਾਦੀ ਸਨਾਤਨੀ ਵਿਆਖਿਆ ਕਰਦਾ ਹੋਇਆ ਪੰਜਾਬ ਵਿਚ ਹਿੰਦੂ-ਸਿੱਖਾਂ ਦੀਆਂ ਪੀਡੀਆਂ ਸਾਂਝਾਂ ਨੂੰ ਸਥਾਪਿਤ ਕਰਦਾ ਹੈ।*

*ਸਾਡੇ ਵੇਲਿਆਂ ਵਿਚ ਜਦੋਂ ਫਿਰਕਾਪ੍ਰਸਤ ਤਰਕ ਭਾਰੂ ਤੇ ਸਰਕਾਰੂ ਹੋਇਆ ਲੱਗਦਾ ਹੈ ਤਾਂ ਇਹ ਰਚਨਾ ਅੱਜ ਵੀ ਪ੍ਰਸੰਗਿਕ ਹੈ। ਅਸੀਂ ਇਸ ਲੇਖ ਦਾ ਅਨੁਵਾਦ ਇਸ ਆਸ ਨਾਲ ਛਾਪ ਰਹੇ ਹਾਂ ਕਿ ਬਹੁਪੱਖੀ ਸੰਕਟਾਂ ਵਿਚ ਗ੍ਰਸੇ ਪੰਜਾਬੀਆਂ ਲਈ ਸ਼ਾਹ ਮੁਹੰਮਦ ਦੀ ਸਾਂਝੀ ਪੰਜਾਬੀਅਤ, ਭਵਿਖ ਦੀ ਯੋਜਨਾਬੰਦੀ ਦਾ ਰਵਾਨਗੀ ਬਿੰਦੂ ਬਣ ਸਕਦੀ ਹੈ। ਇਸ ਲਿਖਤ ਦਾ ਅਨੁਵਾਦ ਰਵਿੰਦਰ ਸਿੰਘ ਘੁੰਮਣ ਨੇ ਕੀਤਾ ਹੈ। ਇਸ ਲਿਖਤ ਦੀ ਦੂਜੀ ਕਿਸ਼ਤ ਹਾਜ਼ਰ ਹੈ।*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

(4)

ਆਓ ਜ਼ਰਾ ਵਿਚਾਰੀਏ ਕਿ ਕਿਥੇ ਸ਼ਾਹ ਮੁਹੰਮਦ ਬਿਲਕੁਲ ਨਿਵੇਕਲਾ ਹੈ। ਅਸੀਂ ਜਿਹੜੇ ਸਮੇਂ ਵਿਚ ਹਾਂ, ਇਥੇ ਕਥਿਤ ਵਿਗਿਆਨਕ ਧਰਮ ਨਿਰਪੱਖਵਾਦ ਦੀ ਮਾਨਸਿਕ ਗ੍ਰਿਫਤ ਵਿਚ ਹਾਂ ਅਤੇ ਇਸ ਸਥਿਤੀ ਵਿਚ ਅਸੀਂ ਉਸ ਨੂੰ ਮਸਾਂ ਹੀ ਸਮਝ ਸਕਦੇ ਹਾਂ। ਉਹ ਜਦੋਂ ਹਿੰਦੂ-ਮੁਸਲਿਮ ਇਕਮਿਕਤਾ ਦੀ ਗੱਲ ਕਰਦਾ ਹੈ ਤਾਂ ਇਹ ਕੋਈ ਅਜਿਹੀ ਚੀਜ਼ ਨਹੀਂ, ਜਿਸ ਨੂੰ ਹਾਸਿਲ ਕੀਤਾ ਜਾਣਾ ਹੈ ਸਗੋਂ ਇਹ ਤਾਂ ਜੀਵਨ ਦਾ ਮੌਜੂਦ ਨਿਰਵਿਵਾਦ ਤੱਥ ਹੈ, ਇਹ ਉਹ ਜੀਵਨ ਮੂੱਲ ਹੈ, ਜੋ ਹਰ ਪਾਸੇ ਮੌਜੂਦ ਹੈ। ਅਸਲ ਵਿਚ ਸ਼ਾਹ ਮੁਹੰਮਦ ਸੋਚਦਾ ਹੈ ਕਿ ਇਸ ਇਕਮਿਕਤਾ ਨਾਲ ਜੇ ਕੋਈ ਵੀ ਛੇੜ-ਛਾੜ ਕਰੇ ਤਾਂ ਇਹ ਜ਼ੁਲਮ ਹੈ। ਇਸ ਸਬੰਧ ਵਿਚ ਉਸ ਦੇ ਤੀਜੇ ਬੰਦ ਨੂੰ ਵਿਚਾਰਨਾ ਜ਼ਰੂਰੀ ਹੈ। ਇਸ ਤੋਂ ਹੀ ਸਮਝਿਆ ਜਾ ਸਕਦਾ ਹੈ

**ਪੀ. ਕੇ. ਨਿਝਾਵਨ**
**ਤਰਜ਼ਮਾ: ਰਵਿੰਦਰ ਸਿੰਘ ਘੁੰਮਣ**
**ਯੂਨੀਵਰਸਿਟੀ ਕਾਲਜ, ਘੁੱਦਾ, ਬਠਿੰਡਾ**
**ਫੋਨ: 91-81461-56500**

ਕਿ ਉਸ ਨੇ ਇਹ ਸਾਰੀ ਕਥਾ ਕਿਉਂ ਸੁਣਾਈ ਹੈ। ਇਸ ਵਿਚਲੇ ਦੋ ਸੁਹਿਰਦ ਬੰਦਿਆਂ ਦੀ ਕਲਪਨਾ ਕਰੋ: ਇਕ ਹਿੰਦੂ ਹੈ ਅਤੇ ਦੂਜਾ ਮੁਸਲਮਾਨ ਜੋ ਪੁਛਦੇ ਹਨ ਕਿ ਪੰਜਾਬ ਵਿਚ ਕਿਵੇਂ 'ਤੀਸਰੀ ਜ਼ਾਤ' (ਉਸ ਲਈ ਹਿੰਦੂ-ਮੁਸਲਮਾਨ ਉਨ੍ਹਾਂ ਦੋ ਜ਼ਾਤਾਂ ਤੋਂ ਵੱਧ ਨਹੀਂ ਜੋ ਹਮੇਸ਼ਾਂ ਤੋਂ ਇਕੱਠੇ ਰਹਿ ਰਹੇ ਸਨ), ਭਾਵ ਫਿਰੰਗੀ, ਉਨ੍ਹਾਂ ਦੋਹਾਂ ਵਿਚਕਾਰ ਆ ਕੇ ਪੁਆੜੇ ਦੀ ਜੜ੍ਹ ਬਣੀ। ਹੁਣ ਇਹ ਨਾਟਕੀ ਵਿਅੰਗ ਹੈ ਕੀ? ਇਸ ਦਾ ਭਾਵ ਹੈ ਕਿ ਇਨ੍ਹਾਂ ਦੋਹਾਂ ਦੀ ਇਕਜੁੱਟਤਾ, ਹੁਣ ਬਹੁਤ ਜਲਦੀ ਜ਼ਾਲਿਮ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ, ਅਤੀਤ ਦੀ ਚੀਜ਼ ਬਣ ਜਾਵੇਗੀ। ਉਸ ਸਮੇਂ ਖਾਲਸਾ ਦਰਬਾਰ ਦੀ ਹਾਰ ਦੇ ਕੁਝ ਮਹੀਨਿਆਂ ਬਾਅਦ ਹੀ ਇਹ ਆਭਾਸ ਹੋਣ ਲੱਗਾ ਕਿ ਕੁਝ ਮਨਹੂਸ ਹੋਣ ਵਾਲਾ ਹੈ, ਜਿਸ ਦਾ ਭਾਵ ਸੀ ਕਿ ਇਸ ਤੋਂ ਬਾਅਦ ਇਨ੍ਹਾਂ ਦੋਹਾਂ ਨੂੰ ਇਕੱਠਿਆਂ ਹੱਸਦਿਆਂ ਰਹਿਣ ਨਹੀਂ ਦੇਣਾ। ਕਿਆ ਪੈਗੰਬਰੀ ਬੋਲ ਸਨ! ਭਵਿਖਵਾਣੀ ਕਰਦੇ ਬੋਲ ਇਸ ਤਰ੍ਹਾਂ ਹਨ:

ਇਕ ਰੋਜ਼ ਬਡਾਲੇ ਦੇ ਵਿਚ ਬੈਠੇ,
ਚਲੀ ਆਣ ਫਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ,
ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਤੀਸਰੀ ਜ਼ਾਤ ਆਹੀ।

ਕੀ ਇਹ ਆਫਤ ਕਿਤੋਂ ਬਾਹਰੋਂ ਆਈ ਹੈ? ਕੀ ਇਹ ਸਿਰਫ ਕਵੀ ਦਾ ਭਾਵੁਕ ਪ੍ਰਤੀਕਰਮ ਹੀ ਸੀ, ਭਾਵ ਸੰਵੇਦਨਸ਼ੀਲ ਮਨ ਜੋ ਆਪਣੇ ਸਮੇਂ ਦੇ ਯਥਾਰਥ ਨਾਲ ਇਕਸੁਰ ਹੈ, ਜਾਂ ਕੀ ਉਹ ਦੀਵਾਰ 'ਤੇ ਲਿਖੀ ਭਵਿਖ ਦੀ ਇਬਾਰਤ ਪੜ੍ਹ ਰਿਹਾ ਸੀ? ਜਾਂ ਇਹ ਦੋਵੇਂ ਗੱਲਾਂ ਵੀ ਹੋ ਸਕਦੀਆਂ ਹਨ।

ਪਹਿਲੀ ਪੰਜਾਬ ਜੰਗ ਦੀਆਂ ਸਾਰੀਆਂ ਉਚਾਣਾਂ-ਨੀਵਾਣਾਂ ਘੋਖਦਿਆਂ ਉਹ ਲਗਭਗ ਟੁੱਟ ਜਾਂਦਾ ਹੈ, ਫਿਰ ਵੀ ਇਕ ਆਸ ਦੀ ਕਿਰਨ ਉਹ ਹਿੰਦੂ-ਮੁਸਲਿਮ ਦੀ ਇਲਾਹੀ ਏਕਤਾ ਵਿਚ ਦੇਖਦਾ ਹੈ। ਇਸ ਤਰ੍ਹਾਂ ਉਹ ਆਪਣੀ ਇਸ ਕਥਾ ਨੂੰ ਬੜੇ ਆਸਵੰਦ ਤਰੀਕੇ ਨਾਲ ਸਮਾਪਤ ਕਰਦਾ ਹੈ, ਉਹ ਬੰਦ 103 ਵਿਚ ਕਹਿੰਦਾ ਹੈ:

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ।
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖੁਦੀ ਆਪਣੀ ਨਾਲ ਮਹਾਸਤਾ ਈ।
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰ ਦਾ ਪੁੱਤ ਗੁਮਾਸ਼ਤਾ ਈ।

ਹਿੰਦੂ ਮੁਸਲਮਾਨ ਦੀ ਇਹ ਏਕਤਾ ਉਸ ਦੀ ਸਾਰੀ ਕਥਾ ਦੀ ਕੇਂਦਰੀ ਧੁਨੀ ਹੈ; ਮੁਸਲਮਾਨ ਭਾਵੇਂ ਉਹ ਫੌਜੀ ਸਨ ਜਾਂ ਆਮ ਲੋਕ, ਉਨ੍ਹਾਂ ਦਾ ਵਿਹਾਰ ਮੋਟੇ ਤੌਰ 'ਤੇ ਚੰਗਾ ਸੀ। ਇਕ ਵੀ ਅਜਿਹੀ ਸੋਅ ਨਹੀਂ ਮਿਲਦੀ ਕਿ ਮੁਸਲਮਾਨਾਂ ਨੂੰ ਲੱਗਿਆ ਹੋਵੇ ਕਿ ਫਿਰੰਗੀਆਂ ਨੇ ਉਨ੍ਹਾਂ ਨੂੰ ਸਿੱਖਾਂ ਦੇ ਸ਼ਾਸਨ ਤੋਂ ਮੁਕਤ ਕਰਵਾਇਆ ਹੈ, ਜਦੋਂ ਕਿ ਬਾਅਦ ਵਿਚ ਇਹ ਵੀ ਇਕ ਵਿਚਾਰ ਬਣਾ ਦਿੱਤਾ ਗਿਆ। ਆਓ, ਦੇਖੀਏ ਕਿ ਅੰਗਰੇਜ਼ਾਂ ਨੇ ਇਹ ਪੱਤਾ ਕਿਵੇਂ ਖੇਡਿਆ।

ਇਥੇ ਸਾਨੂੰ ਵਹਾਬੀ ਲਹਿਰ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਇਹ ਲਹਿਰ ਅੰਗਰੇਜ਼ਾਂ ਨੇ ਪੰਜਾਬੀ ਮੁਸਲਮਾਨਾਂ ਵਿਚ ਖਾਲਸਾ ਦਰਬਾਰ ਪ੍ਰਤੀ ਮੋਹ-ਭੰਗ ਪੈਦਾ ਕਰਨ ਲਈ ਚਲਾਈ। ਇਸ ਲਹਿਰ ਨੇ ਸਾਰੇ ਮੁਸਲਮਾਨਾਂ ਨੂੰ ਜਹਾਦ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ ਤਾਂ ਜੋ ਸਿੱਖ, ਪਠਾਣਾਂ ਨੂੰ ਦਬਾਅ ਨਾ ਲੈਣ। ਅੰਗਰੇਜ਼ਾਂ ਨੇ ਨਾ ਸਿਰਫ ਜ਼ਹਿਰ ਫੈਲਾਉਣ ਵਾਲੇ ਮੌਲਵੀਆਂ ਨੂੰ ਯੂ. ਪੀ. ਅਤੇ ਬਿਹਾਰ ਵਿਚ ਮੁਸਲਮਾਨਾਂ ਨੂੰ ਲਾਮਬੰਦ ਕਰਨ ਦੀ ਖੁੱਲ੍ਹ ਦਿੱਤੀ ਸਗੋਂ ਉਨ੍ਹਾਂ ਨੂੰ ਇਸ ਲਈ ਫੰਡ, ਅਸਲਾ ਅਤੇ ਵਾਲੰਟੀਅਰ ਵੀ ਮੁਹੱਈਆ ਕਰਵਾਏ। ਇਸ ਨੂੰ ਸਮਝਣ ਲਈ ਏਨਾ ਹੀ ਕਾਫੀ ਹੈ ਕਿ ਵਹਾਬੀਆਂ ਨੂੰ ਸਿੰਧ ਦੇ ਰਸਤਿਓਂ ਨਾਰਥ ਵੈਸਟ ਫਰੰਟੀਅਰ ਪੰਜਾਬ ਵਿਚ ਭੇਜਿਆ ਗਿਆ ਤਾਂ ਜੋ ਉਹ ਅੱਗੇ ਵਧਦੇ ਸਿੱਖਾਂ ਨੂੰ ਰੋਕ ਸਕਣ। ਉਹ ਬਹੁਤ ਸਾਰੇ ਪਠਾਣਾਂ ਨੂੰ ਉਕਸਾ ਕੇ ਜਹਾਦ ਵਿਚ ਸ਼ਾਮਿਲ ਕਰ ਸਕਦੇ ਸਨ। ਉਨ੍ਹਾਂ ਨੂੰ ਕਾਬੁਲ ਦੇ ਅਮੀਰ (ਮਨਸਬਦਾਰ) ਦੀ ਵੀ ਪੂਰੀ ਹਮਾਇਤ ਸੀ। ਇਹ ਸਾਰਾ ਕੁਝ ਅੰਗਰੇਜ਼ਾਂ ਦੀ ਹੱਲਾਸ਼ੇਰੀ ਅਤੇ ਮਦਦ ਤੋਂ ਬਿਨਾ ਸੰਭਵ ਨਹੀਂ ਸੀ। ਇਸੇ ਲਈ ਹੀ ਬਾਅਦ ਵਿਚ ਸਰ ਸੱਯਦ ਅਹਿਮਦ ਖਾਨ ਨੇ ਵਹਾਬੀਆਂ ਅਤੇ ਆਮ ਮੁਸਲਮਾਨਾਂ ਦੀ ਅੰਗਰੇਜ਼ਾਂ ਪ੍ਰਤੀ ਨਾਪਸੰਦਗੀ ਦੀ ਪੈਰਵੀ ਕੀਤੀ (ਸਈਅਦ ਅਹਿਮਦ ਬਰੇਲਵੀ 18ਵੀਂ ਸਦੀ ਵਿਚ ਚੱਲੀ ਵਹਾਬੀ ਲਹਿਰ ਦੇ ਮੋਢੀਆਂ ਵਿਚੋਂ ਸੀ। 1826 ਵਿਚ ਉਸ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਖਿਲਾਫ ਜਹਾਦ ਦਾ ਐਲਾਨ ਕੀਤਾ। ਉਸ ਨੇ ਭਾਰਤ ਦੇ ਮੁਸਲਿਮ ਖੇਤਰਾਂ ਤੋਂ ਧਨ ਅਤੇ ਮੁਜਾਹਿਦ ਇਕੱਠੇ ਕੀਤੇ ਅਤੇ ਪਿਸ਼ਾਵਰ ਵਿਚ ਆ ਕੇ ਇਥੋਂ ਦੇ ਪਖਤੂਨ ਮੁਸਲਮਾਨਾਂ ਨੂੰ ਜਹਾਦ ਲਈ ਲਾਮਬੰਦ ਕਰਨ ਦੇ ਜੀਅ ਤੋੜ ਯਤਨ ਕਰਦਾ ਰਿਹਾ ਪਰ ਉਸ ਦੇ ਫਿਰਕੂ ਪ੍ਰਚਾਰ ਨੂੰ ਮੁਸਲਿਮ ਬਹੁਗਿਣਤੀ ਵਾਲੇ ਪੰਜਾਬ ਨੇ ਕੋਈ ਹੁੰਗਾਰਾ ਨਾ ਦਿੱਤਾ। ਇਥੇ ਹੀ ਉਸ ਦੀ ਲਹਿਰ ਖਿੰਡ-ਪੁੰਡ ਗਈ ਤੇ 1831 ਵਿਚ ਬਾਲਾਕੋਟ ਵਿਚ ਇਕ ਲੜਾਈ ਵਿਚ ਸਿੱਖ ਫੌਜ ਹੱਥੋਂ ਉਹ ਮਾਰਿਆ ਗਿਆ। ਪੀ. ਕੇ. ਨਿਝਾਵਨ ਇਸ ਤੱਥ ਰਾਹੀਂ ਇਹ ਸਥਾਪਿਤ ਕਰਦਾ ਹੈ ਕਿ ਜਦੋਂ ਬਰੇਲਵੀ ਨੇ ਸਿੱਖਾਂ ਦੇ ਖਿਲਾਫ ਪੰਜਾਬ 'ਚ ਆ ਕੇ ਮੁਸਲਮਾਨਾਂ ਨੂੰ ਜਹਾਦ ਲਈ ਪ੍ਰੇਰਿਆ ਤਾਂ ਉਸ ਦੇ ਸਾਰਾ ਜ਼ੋਰ ਲਾਉਣ ਦੇ ਬਾਵਜੂਦ ਪੰਜਾਬੀ ਮੁਸਲਮਾਨਾਂ ਨੇ ਉਹਦਾ ਸਾਥ ਨਹੀਂ ਦਿੱਤਾ। ਇਸ ਦਾ ਭਾਵ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਾਂਝੇ ਪੰਜਾਬ ਤੇ ਪੰਜਾਬੀਅਤ ਦਾ ਵਾਲਾ ਅਜਿਹਾ ਭਾਈਚਾਰਕ ਮਾਹੌਲ ਸੀ, ਜਿਸ ਨੂੰ ਬਰੇਲਵੀ ਦਾ ਫਿਰਕੂ ਪ੍ਰਚਾਰ ਭੰਗ ਨਾ ਕਰ ਸਕਿਆ)।

ਇਹ ਬੜੀ ਸ਼ਾਨਦਾਰ ਗੱਲ ਹੈ ਕਿ ਪੰਜਾਬ ਦੇ ਇਕ ਵੀ ਮੁਸਲਮਾਨ ਅਹੁਦੇਦਾਰ ਨੇ ਵਹਾਬੀਆਂ ਦਾ ਸਾਥ ਨਾ ਦਿੱਤਾ। ਇਹੀ ਨਹੀਂ, ਇਹ ਲਹਿਰ ਪੰਜਾਬ ਦੀ ਜੀਵਨ-ਜਾਚ ਵਿਚ ਕੋਈ ਗੜਬੜ ਨਾ ਪੈਦਾ ਕਰ ਸਕੀ। ਇਸ ਦਾ ਅਰਥ ਕੀ ਹੈ? ਇਸ ਦਾ ਸਿੱਧਾ ਅਰਥ ਹੈ ਕਿ ਮੁਸਲਮਾਨਾਂ ਨੇ ਮੋਟੇ ਤੌਰ 'ਤੇ ਆਪਣੇ ਆਪ ਨੂੰ ਸਿੱਖ ਰਾਜ ਨਾਲ ਜੋੜ ਲਿਆ ਸੀ ਸਗੋਂ ਉਹ ਇਹ ਮਹਿਸੂਸ ਕਰਦੇ ਸਨ ਕਿ ਉਹ ਲਾਹੌਰ ਸਰਕਾਰ ਵਿਚ ਬਰਾਬਰ ਦੇ ਭਾਈਵਾਲ ਹਨ। ਕੀ ਇਹ ਤੱਥ ਉਸ ਨੀਚ ਪ੍ਰਚਾਰ ਨੂੰ ਰੱਦ ਨਹੀਂ ਕਰਦਾ, ਜਿਸ ਤਹਿਤ ਕਿਹਾ ਜਾਂਦਾ ਹੈ ਕਿ ਮੁਸਲਮਾਨ ਕਦੇ ਵੀ ਗੈਰ ਧਰਮ ਵਾਲੇ ਸ਼ਾਸਕਾਂ ਨੂੰ ਆਪਣੇ ਉਪਰ ਰਾਜ ਨਹੀਂ ਕਰਨ ਦਿੰਦੇ। ਇਹ ਤੱਥ ਉਸ 'ਦੋ ਰਾਸ਼ਟਰ' ਸਿਧਾਂਤ ਨੂੰ ਵੀ ਰੱਦ ਕਰਦਾ ਹੈ, ਜੋ ਮੰਨਦਾ ਹੈ ਕਿ ਮੁਸਲਮਾਨਾਂ ਨੂੰ ਵੱਖਰਾ ਰਾਜ ਚਾਹੀਦਾ ਹੈ। ਇਹ ਪਾਕਿਸਤਾਨ ਬਣਨ ਦੇ ਮੂਲ ਤਰਕ ਨੂੰ ਵੀ ਰੱਦ ਕਰਦਾ ਹੈ ਪਰ ਅਸੀਂ ਉਦੋਂ ਪੰਜ ਦਰਿਆਵਾਂ ਵਾਲੇ ਪੰਜਾਬ ਦੇ ਨਾਕਾਬਿਲ ਪੁੱਤਰ ਸਾਬਿਤ ਹੋਏ। ਸਿਰਫ ਦੋ ਗੱਲਾਂ ਨੇ ਮੁਸਲਮਾਨਾਂ ਨੂੰ ਇਸ ਸਾਂਝੀ ਪੰਜਾਬੀਅਤ ਦੇ ਅਨੁਸਾਰ ਸੋਚਣ ਲਈ ਪ੍ਰੇਰਿਆ ਹੋ ਸਕਦਾ ਹੈ; ਪਹਿਲੀ, ਉਹ ਆਪਣੇ ਨਵਾਬਾਂ ਤੇ ਜਗੀਰਦਾਰਾਂ ਉਤੇ ਨਿਰਭਰ ਕਰਦੇ ਸਨ, ਜੋ ਜਾਹਰਾ ਤੌਰ 'ਤੇ ਉਨ੍ਹਾਂ ਦਾ ਸ਼ੋਸ਼ਣ ਹੀ ਕਰਦੇ ਸਨ; ਦੂਜਾ, ਰਣਜੀਤ ਸਿੰਘ ਨੇ ਜਿਸ ਤਰ੍ਹਾਂ ਦਾ ਰਾਜ ਪ੍ਰਬੰਧ ਉਨ੍ਹਾਂ ਨੂੰ ਦਿਤਾ, ਇਸ ਤਰ੍ਹਾਂ ਦੀ ਦਿਆਲਤਾ ਇਸ ਤੋਂ ਪਹਿਲਾਂ ਕਿਸੇ ਮੁਸਲਿਮ ਰਾਜੇ ਵੇਲੇ ਵੀ ਮੌਜੂਦ ਨਹੀਂ ਸੀ। ਸੰਭਵ ਹੈ, ਦੋਵੇਂ ਗੱਲਾਂ ਉਨ੍ਹਾਂ ਦੇ ਮਨ ਅੰਦਰ ਚੱਲ ਰਹੀਆਂ ਹੋਣਗੀਆਂ, ਫਿਰ ਵੀ ਇਹ ਪੂਰੀ ਵਿਆਖਿਆ ਨਹੀਂ ਹੋ ਸਕਦੀ। ਫਿਰ ਹੋਰ ਕੀ ਕਾਰਨ ਹੋ ਸਕਦਾ ਹੈ? ਇਸ ਦਾ ਤਰਕ ਸਿੱਖੀ ਦੀ ਉਤਪਤੀ ਅਤੇ ਵਿਕਾਸ ਵਿਚ ਨਿਹਿਤ ਹੈ। ਇੰਜ ਲੱਗਦਾ ਹੈ ਕਿ ਹੋਰ ਗੱਲਾਂ ਤੋਂ ਬਿਨਾ ਪੰਜਾਬੀ ਰਾਸ਼ਟਰਵਾਦ ਨੂੰ ਮੁੜ ਜੀਵਿਤ ਕਰਨ ਵਿਚ ਸਿੱਖੀ ਦਾ ਅਹਿਮ ਯੋਗਦਾਨ ਹੈ। ਸ਼ਾਇਦ ਪੰਜਾਬ ਦੀ ਬਹੁਗਿਣਤੀ ਮੁਸਲਮਾਨਾਂ ਨੇ ਆਪਣੇ ਆਪ ਨੂੰ ਉਸ ਆਮ ਲੋਕਾਈ ਵਿਚ ਦੇਖਿਆ ਹੋਵੇ ਜਿਸ ਦਾ ਉਧਾਰ ਸਿੱਖ ਗੁਰੂ ਕਰਦੇ ਹਨ।



*ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਜੰਗ ਦਾ ਚਿੱਤਰ*

ਇਹ ਧਾਰਨਾ ਮੇਰੀ ਨਹੀਂ ਹੈ, ਖੁਸ਼ਵੰਤ ਸਿੰਘ ਨੇ ਸਭ ਤੋਂ ਪਹਿਲਾਂ ਇਹ ਗੱਲ ਕਹੀ। ਉਹ ਇਹ ਗੱਲ ਆਖ ਸਕਦਾ ਸੀ, ਕਿਉਂਕਿ ਉਸ ਨੂੰ ਪੰਜਾਬ ਦੇ ਮੁਸਲਮਾਨਾਂ ਦੇ ਮਨ ਦਾ ਵਧੇਰੇ ਪਤਾ ਸੀ। ਵੰਡ ਤੋਂ ਪਹਿਲਾਂ ਲਾਹੌਰ ਦੇ ਮੁਸਲਮਾਨਾਂ ਨਾਲ ਉਸ ਵੱਲੋਂ ਕੀਤੀਆਂ ਵਾਰਤਾਵਾਂ ਵਿਚ ਉਨ੍ਹਾਂ ਕਿਹਾ ਕਿ ਜੋ ਮੁਸਲਮਾਨ ਚਾਹੁੰਦੇ ਸਨ, ਉਸ ਨੂੰ ਹੋਰ ਤਰ੍ਹਾਂ ਨਾਲ ਵੀ ਨਜਿੱਠਿਆ ਜਾ ਸਕਦਾ ਸੀ। ਹਿੰਦੂ ਆਪਣੇ ਆਪ ਨੂੰ ਰਾਸ਼ਟਰ ਵਜੋਂ ਜਥੇਬੰਦ ਕਰ ਰਹੇ ਸਨ ਅਤੇ ਸਿੱਖ ਅਕਾਲੀਆਂ ਦੀ ਅਗਵਾਈ ਵਿਚ ਲਗਭਗ ਉਨ੍ਹਾਂ ਹੀ ਲੀਹਾਂ 'ਤੇ ਸਨ। ਇਸ ਸਾਰੀ ਕਵਾਇਦ ਦਾ ਉਦੇਸ਼ ਸੀ ਕਿ ਫਿਰਕੂ ਤਰਕ ਨਾਲ ਮੁਸਲਮਾਨਾਂ ਨੂੰ ਛੋਟੇ ਆਕਾਰ ਵਿਚ ਨਿਖੇੜ ਦਿੱਤਾ ਜਾਵੇ। ਇਸ ਨੇ ਲਾਜ਼ਮੀ ਤੌਰ 'ਤੇ ਉਨ੍ਹਾਂ ਨੂੰ ਮੁਹੰਮਦ ਅਲੀ ਜਿਨਾਹ ਦੀਆਂ ਬਾਹਾਂ ਵਿਚ ਜਾਣ ਲਈ ਪ੍ਰੇਰਿਆ ਅਤੇ ਇਹ ਸਾਰਾ ਕੁਝ ਵਾਪਰਿਆ, ਕਿਉਂਕਿ ਅੰਗਰੇਜ਼ ਵੀ ਇਹੀ ਚਾਹੁੰਦੇ ਸਨ। ਨਹੀਂ ਤਾਂ ਸਰ ਸਿਕੰਦਰ ਹਯਾਤ ਖਾਨ ਵੀ ਹਿੰਦੂਆਂ ਦਾ ਕੋਈ ਘੱਟ ਰਖਵਾਲਾ ਨਹੀਂ ਸੀ। ਇਹ ਉਹੀ ਸੀ ਜਿਸ ਨੇ ਬਿਨਾ ਇਸ ਗੱਲ ਦੀ ਪ੍ਰਵਾਹ ਕੀਤੇ ਕਿ ਇਸ ਦਾ ਪੰਜਾਬ ਦੇ ਮੁਸਲਮਾਨਾਂ 'ਤੇ ਕੀ ਅਸਰ ਪਵੇਗਾ, ਨਾ ਸਿਰਫ ਪੰਜਾਬ ਵਿਚ ਖਾਕਸਾਰ ਲਹਿਰ 'ਤੇ ਪਾਬੰਦੀ ਲਾਈ ਸਗੋਂ ਉਨ੍ਹਾਂ 'ਤੇ ਗੋਲੀਬਾਰੀ ਵੀ ਕਰਵਾਈ। ਉਸ ਨੇ ਪੁਲਿਸ ਦੇ ਭੱਟੀ ਦਰਵਾਜੇ ਰਾਹੀਂ ਲਾਹੌਰ ਦੀ ਮਸਜਿਦ ਵਿਚ ਦਾਖਿਲ ਹੋਣ ਦੀ ਕਾਰਵਾਈ ਦੀ ਵੀ ਹਮਾਇਤ ਕੀਤੀ, ਜਿਸ ਵਿਚ ਖਾਕਸਾਰ ਯੋਜਨਾਬੱਧ ਤਰੀਕੇ ਨਾਲ ਫਿਰਕੂ ਝਗੜਿਆਂ ਰਾਹੀਂ ਬਦਅਮਨੀ ਫੈਲਾ ਕੇ ਮਸਜਿਦ ਵਿਚ ਛੁਪ ਗਏ ਸਨ।

ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਹਨ ਜਦੋਂ ਉਸ ਨੇ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨਾ ਇਕ ਸੱਚੇ ਪੰਜਾਬੀ ਵਾਂਗ ਕਾਰਵਾਈ ਕੀਤੀ। ਸਿਰਫ ਇਕ ਹੋਰ ਮਿਸਾਲ ਹੀ ਕਾਫੀ ਹੋਵੇਗੀ। ਦੂਜੇ ਵਿਸ਼ਵ ਜੰਗ ਦੇ ਪਿਛਲੇ ਸਾਲਾਂ ਦਾ ਸਮਾਂ ਸੀ, ਕੁਝ ਵਿਗੜੇ ਫੌਜੀਆਂ ਨੇ ਫਤਿਹ ਚੰਦ ਕਾਲਜ ਦੀ ਇਕ ਕੁੜੀ ਨੂੰ ਜ਼ਬਰਦਸਤੀ ਚੁੱਕ ਲਿਆ। ਇਹ ਫੌਜੀ ਉਸੇ ਸਮੇਂ ਹੀ ਯੂਨੀਵਰਸਿਟੀ ਮੈਦਾਨ ਵਿਚ ਹਾਕੀ ਖੇਡਦੇ ਹਿੰਦੂ-ਮੁਸਲਮਾਨ ਮੁੰਡਿਆਂ ਹੱਥੋਂ ਨਿਕਲਸਨ ਰੋਡ 'ਤੇ ਮਾਰੇ ਗਏ। ਇਸ ਨਾਲ ਮਾਹੌਲ ਬਹੁਤ ਦਹਿਸ਼ਤ ਅਤੇ ਖੌਫਜ਼ਦਾ ਹੋ ਗਿਆ। ਕੋਈ ਨਹੀਂ ਸੀ ਜਾਣਦਾ ਕਿ ਫੌਜੀ ਅਫਸਰ ਇਸ 'ਤੇ ਕੀ ਕਰ ਦੇਣਗੇ। ਭਾਰਤੀ ਸੁਰੱਖਿਆ ਕਾਨੂੰਨ ਵੀ ਅਜੇ ਤੱਕ ਲਾਗੂ ਸੀ ਪਰ ਸਿਕੰਦਰ ਖਾਨ ਇਸ ਮੌਕੇ ਸਾਬਤਕਦਮੀਂ ਖੜ੍ਹਿਆ ਅਤੇ ਉਸ ਨੇ ਮੁੰਡਿਆਂ ਖਿਲਾਫ ਕੋਈ ਕਾਰਵਾਈ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ ਪੰਜਾਬ ਅਸੈਂਬਲੀ ਵਿਚ ਬਿਆਨ ਦਿੱਤਾ ਕਿ ਇਸ ਤਰ੍ਹਾਂ ਦੀ ਉਕਸਾਊ ਸਥਿਤੀ ਵਿਚ ਜੇ ਉਹ ਆਪ ਹੁੰਦਾ ਤਾਂ ਉਸ ਨੇ ਵੀ ਇਹੀ ਕਰਨਾ ਸੀ। ਮੇਰੇ ਕਹਿਣ ਦਾ ਭਾਵ ਹੈ ਕਿ ਉਹ ਪੰਜਾਬ ਦੇ ਆਮ ਹਿੰਦੂ ਦੇ ਉਲਟ ਬਿਲਕੁਲ ਵੀ ਨਹੀਂ ਸੀ। ਜੇ ਖਿਲਾਫ ਸੀ ਤਾਂ ਉਹ ਪੈਸਾ-ਪੂਜਕ ਹਿੰਦੂ ਵਪਾਰੀਆਂ ਦੇ ਸੀ, ਜੋ ਗਰੀਬ ਮੁਸਲਮਾਨਾਂ ਨੂੰ ਕਈ ਤਰੀਕਿਆਂ ਨਾਲ ਲੁੱਟਦੇ ਸਨ; ਪਰ ਅਫਸੋਸ! ਆਰੀਆ ਸਮਾਜੀ ਹਿੰਦੂ, ਜੋ ਉਸ ਵੇਲੇ ਦੇ ਮੀਡੀਆ ਤੇ ਪੰਜਾਬ ਕਾਂਗਰਸ 'ਤੇ ਕਾਬਜ਼ ਸਨ, ਰਣਜੀਤ ਸਿੰਘ ਦੀ ਧਰਮ ਨਿਰਪੱਖਤਾ ਤੋਂ ਪਿਛੇ ਹਟ ਗਏ, ਅਕਾਲੀਆਂ ਦੀ ਮਦਦ ਨਾਲ ਨਾ ਸਿਰਫ ਯੂਨੀਅਨਿਸਟ ਪਾਰਟੀ ਨੂੰ ਅੱਧ ਵਿਚਾਲੇ ਛੱਡਿਆ ਸਗੋਂ ਪੂਰੇ ਦੇਸ਼, ਖਾਸ ਤੌਰ 'ਤੇ ਪੰਜਾਬ ਨੂੰ ਬਰਬਾਦ ਕਰ ਦਿੱਤਾ।

ਫਿਰ ਵੀ ਸ਼ਾਹ ਮੁਹੰਮਦ ਦੀ ਹਿੰਦੂ-ਮੁਸਲਿਮ ਏਕਤਾ ਦੀ ਗੱਲ ਇਸ ਤੱਥ ਤੋਂ ਬਿਨਾ ਪੂਰੀ ਨਹੀਂ ਹੁੰਦੀ ਕਿ ਪੰਜਾਬੀ ਮੁਸਲਮਾਨ ਵੀ ਆਪਣੇ 'ਕਾਨੂੰਨ-ਦਾਤਿਆਂ' ਨੂੰ ਕਦੇ ਮਾਫ ਨਹੀਂ ਕਰ ਸਕੇ। ਇਸ ਤੋਂ ਉਲਟ ਸਿੱਖ ਮੁਸਲਮਾਨ ਸੰਤਾਂ ਅਤੇ ਫਕੀਰਾਂ ਨੂੰ ਅੰਤਾਂ ਦਾ ਸਤਿਕਾਰ ਦਿੰਦੇ ਰਹੇ ਹਨ। ਮਸਲਨ, ਸੂਫੀ ਸੰਤ ਮੀਆਂ ਮੀਰ ਦੇ ਹੱਥੋਂ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਤੋਂ ਇਲਾਵਾ ਉਹ ਵੀ ਮੁਸਲਮਾਨ ਹੀ ਸਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਮੁਗਲ ਫੌਜਾਂ ਕੋਲ ਗ੍ਰਿਫਤਾਰ ਹੋਣ ਤੋਂ ਬਚਾਇਆ।

ਸਿਰਫ ਇਹੀ ਨਹੀਂ, ਸਿੱਖਾਂ ਦਾ ਕਿਰਦਾਰ ਵਿਅਕਤੀਗਤ ਅਤੇ ਸਮੂਹਿਕ ਤੌਰ 'ਤੇ ਉਚ ਪਾਏ

*(ਅਗਲੇ ਸਫੇ 'ਤੇ ਜਾਰੀ)*

ਦਾ ਰਿਹਾ ਹੈ। ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਸ਼ਹਾਦਤਾਂ ਦਾ ਅਸਰ ਲਾਜ਼ਮੀ ਤੌਰ 'ਤੇ ਪੰਜਾਬੀ ਮੁਸਲਮਾਨਾਂ ਦੇ ਮਨ 'ਤੇ ਪਿਆ ਹੋਵੇਗਾ। ਉਨ੍ਹਾਂ ਅੰਦਰ ਇਸ ਗੱਲ ਦਾ ਅਪਰਾਧ ਬੋਧ ਜ਼ਰੂਰ ਹੋਵੇਗਾ ਕਿ ਸਟੇਟ ਕਿਸੇ 'ਤੇ ਸਿਰਫ ਇਸ ਲਈ ਮੁਕੱਦਮਾ ਚਲਾਉਂਦੀ ਹੈ ਕਿ ਉਹ ਉਸ ਤਰ੍ਹਾਂ ਨਾਲ ਪੂਜਾ-ਪਾਠ ਨਹੀਂ ਕਰਦਾ ਜਿਵੇਂ ਉਹ ਆਪ ਕਰਦੇ ਹਨ।

ਦੋ ਘੱਲੂਘਾਰਿਆਂ ਦੀ ਪੀੜ ਮੁਸਲਮਾਨਾਂ ਨੂੰ ਵੀ ਘੱਟ ਨਹੀਂ ਹੋਈ ਹੋਵੇਗੀ। ਇਸ ਤਰ੍ਹਾਂ ਹੀ ਅਹਿਮਦ ਸ਼ਾਹ ਦੁਰਾਨੀ ਵੱਲੋਂ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਕੀਤੀ ਬੇਅਦਬੀ ਵੀ ਸ਼ਾਮਿਲ ਸੀ। ਮੈਂ ਇਥੇ ਕਹਿਣਾ ਚਾਹੁੰਦਾ ਹਾਂ ਕਿ ਮੁਗਲ ਸ਼ਾਸਕਾਂ ਦੇ ਕਰੂਰ ਜ਼ੁਲਮ ਸਾਹਵੇਂ ਸਿੱਖਾਂ ਦੇ ਸਬਰ ਅਤੇ ਸਿਰੜ ਨਾਲ ਉਸ ਨੂੰ ਝੱਲਣ ਦੀ ਮਿਸਾਲ ਨੇ, ਸੰਵੇਦਨਸ਼ੀਲ ਪੰਜਾਬੀ ਮੁਸਲਮਾਨਾਂ ਨੂੰ ਲਾਜ਼ਮੀ ਹਿਲਾਇਆ ਤਾਂ ਹੋਵੇਗਾ ਹੀ। ਮਿਸਾਲ ਵਜੋਂ, ਜਿਵੇਂ ਜਲ੍ਹਿਆਂਵਾਲਾ ਬਾਗ ਦਾ ਖੂਨੀ ਸਾਕਾ ਬਰਤਾਨਵੀ ਸਾਮਰਾਜ ਦੇ ਤਾਬੂਤ ਵਿਚ ਆਖਰੀ ਕਿਲ ਸਾਬਿਤ ਹੋਇਆ, ਇਸੇ ਤਰ੍ਹਾਂ ਮਾਸੂਮ ਸਿੱਖਾਂ ਦੇ ਕਤਲੇਆਮ 'ਤੇ ਵੀ ਇਥੋਂ ਦੇ ਮੁਸਲਮਾਨ ਇਹ ਚਾਹੁਣ ਲੱਗ ਪਏ ਹੋਣੇ ਨੇ ਕਿ ਇਹ ਜ਼ਾਲਿਮ ਸਰਕਾਰ ਹੁਣ ਖਤਮ ਹੋ ਜਾਵੇ ਅਤੇ ਹਾਲੇ ਤੱਕ ਸਿੱਖਾਂ ਨੇ ਮੁਸਲਮਾਨਾਂ ਨੂੰ ਧਾਰਮਕ ਪੱਖ ਤੋਂ ਆਹਤ ਨਹੀਂ ਕੀਤਾ।

ਬਾਬਾ ਬੰਦਾ ਬਹਾਦਰ ਨੇ ਸਰਹਿੰਦ ਨੂੰ ਢਹਿ-ਢੇਰੀ ਕਰ ਦਿੱਤਾ ਪਰ ਪੰਜਾਬੀ ਮੁਸਲਮਾਨਾਂ ਦੀ ਆਤਮਾ ਨੇ ਇਸ ਨੂੰ ਉਸ ਸ਼ਹਿਰ ਉਪਰ ਰੱਬ ਦਾ ਸਰਾਪ ਸਮਝ ਕੇ ਜਾਇਜ਼ ਠਹਿਰਾਇਆ ਹੋਣਾ ਹੈ, ਜਿਸ ਵਿਚ ਮਨੁੱਖਤਾ ਦਾ ਅਤਿ ਘਿਨਾਉਣਾ ਜ਼ੁਲਮ ਵਾਪਰਿਆ ਸੀ। ਆਖਰਕਾਰ ਪੰਜਾਬੀ ਮੁਸਲਮਾਨ ਵੀ ਜ਼ਮੀਰਾਂ ਵਾਲੇ ਸਨ। ਇਸ ਤੋਂ ਮੇਰਾ ਭਾਵ ਹੈ ਕਿ ਮੁਸਲਮਾਨਾਂ ਅੰਦਰ ਸਾਂਝੇ ਤੌਰ 'ਤੇ ਇਸ ਪ੍ਰਤੀ ਜ਼ਰੂਰ ਅਪਰਾਧ ਬੋਧ ਆਇਆ ਹੋਵੇਗਾ। ਇਹੀ ਨਹੀਂ, ਉਨ੍ਹਾਂ ਵਿਚੋਂ ਕੁਝ ਇਹ ਵੀ ਚਾਹੁੰਦੇ ਹੋਣਗੇ ਕਿ ਸਿੱਖ ਹੀ ਅੰਤਿਮ ਵਿਜੇਤਾ ਹੋਣ। ਇਸੇ ਕਰਕੇ ਇਹ ਮੁਸਲਮਾਨ ਅਹੁਦੇਦਾਰ ਹੀ ਸਨ, ਜਿਨ੍ਹਾਂ ਨੇ ਆਪ ਲਾਹੌਰ ਦੀਆਂ ਚਾਬੀਆਂ ਰਣਜੀਤ ਸਿੰਘ ਨੂੰ ਸੌਂਪੀਆਂ ਸਨ। ਉਸ ਦੇ ਸ਼ਾਸਨ ਦੀ ਦਿਆਲਤਾ ਨੇ ਰਹਿੰਦੀ ਪ੍ਰਕ੍ਰਿਆ ਪੂਰੀ ਕਰ ਦਿੱਤੀ ਹੋਵੇਗੀ।

ਇਕ ਹੋਰ ਕਾਰਨ ਇਹ ਸੀ ਕਿ ਮੁਸਲਮਾਨ ਕਿਸਾਨੀ ਨੂੰ ਵੀ ਬੰਦਾ ਬਹਾਦਰ ਦੇ ਖੇਤੀ ਸੁਧਾਰਾਂ ਦਾ ਕੋਈ ਘੱਟ ਲਾਭ ਨਹੀਂ ਹੋਇਆ। ਅਸਲੀਅਤ ਵਿਚ ਉਸ ਨੇ ਸਭ ਤੋਂ ਪਹਿਲਾਂ ਜ਼ਮੀਨ ਹਲ ਵਾਹਕ ਨੂੰ ਦਿਵਾਈ। ਇਸ ਮੌਕੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਉਹ ਗੁਣਾਤਮਕ ਤੌਰ 'ਤੇ ਵੱਖਰੇ ਸਮਾਜ ਲਈ ਖੜ੍ਹੇ ਸਨ, ਜਿਥੇ ਕਿਸੇ 'ਤੇ ਵੀ ਧਰਮ ਦੇ ਆਧਾਰ 'ਤੇ ਜ਼ੁਲਮ ਨਹੀਂ ਹੋਵੇਗਾ ਅਤੇ ਹਰ ਕਿਸੇ ਨੂੰ ਉਸ ਦੀ ਮਿਹਨਤ ਦਾ ਫਲ ਮਿਲੇਗਾ। ਇੰਜ ਲੱਗਦਾ ਹੈ ਕਿ ਇਸ ਇਨਕਲਾਬੀ ਤਬਦੀਲੀ ਨੇ ਪੰਜਾਬੀ ਸਮਾਜ ਨੂੰ ਝੰਜੋੜਿਆ ਅਤੇ ਇਨ੍ਹਾਂ ਨੂੰ ਪੰਜਾਬੀ ਵਿਸ਼ਵ ਦ੍ਰਿਸ਼ਟੀ ਨਾਲ ਜੋੜਿਆ, ਜਿਸ ਨੇ ਸਾਰੇ ਧਰਮਾਂ ਅਤੇ ਫਿਰਕਿਆਂ ਨੂੰ ਆਪਣੇ ਵਿਚ ਸਮੋ ਲਿਆ। ਇਸ ਤੱਥ ਤੋਂ ਕੋਈ ਇਨਕਾਰੀ ਨਹੀਂ ਕਿ ਸਿੱਖ ਧਰਮ, ਹਿੰਦੂ ਧਰਮ ਦੇ ਅਟੁੱਟ ਹਿੱਸੇ ਵਜੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਰਾਜ ਧਰਮ ਸੀ, ਭਾਵੇਂ ਬਹੁਤੇ ਮਾਮਲਿਆਂ ਵਿਚ ਸਿੱਖ ਪੁਜਾਰੀ ਜਾਂ ਗ੍ਰੰਥੀਆਂ ਦੀ ਕੋਈ ਸੁਣਵਾਈ ਨਹੀਂ ਸੀ। ਮਸਲਨ, ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਗਊ ਹੱਤਿਆ 'ਤੇ ਰੋਕ ਲਾਈ ਪਰ ਕਿਸੇ ਵੀ ਤਰ੍ਹਾਂ ਨਾਲ ਮੁਸਲਮਾਨ ਬਾਸ਼ਿੰਦਿਆਂ ਨੇ ਇਸ ਨੂੰ ਮੁਸਲਮਾਨ-ਵਿਰੋਧੀ ਕਾਰਵਾਈ ਵਜੋਂ ਨਹੀਂ ਦੇਖਿਆ। ਇਥੋਂ ਤੱਕ ਕਿ ਕਾਬੁਲ ਦੇ ਮਨਸਬ ਨੇ ਰਣਜੀਤ ਸਿੰਘ ਨੂੰ ਦੱਸਿਆ ਕਿ ਉਸ ਨੇ ਵੀ ਅਫਗਾਨਿਸਤਾਨ ਵਿਚ ਗਊ ਹੱਤਿਆ 'ਤੇ ਰੋਕ ਲਾ ਦਿੱਤੀ ਹੈ। ਸ਼ਾਇਦ ਜ਼ਿਆਦਾਤਰ ਮੁਸਲਮਾਨ ਗਊ ਹੱਤਿਆ ਨੂੰ ਆਪਣਾ ਬੁਨਿਆਦੀ ਧਾਰਮਕ ਅਧਿਕਾਰ ਨਹੀਂ ਸਮਝਦੇ ਸਨ, ਜਾਂ ਸ਼ਾਇਦ ਉਨ੍ਹਾਂ ਵਿਚੋਂ ਜ਼ਿਆਦਾਤਰ ਨਾਲ-ਨਾਲ ਰਹਿੰਦੇ ਹਿੰਦੂਆਂ ਪ੍ਰਤੀ ਸਤਿਕਾਰ ਅਤੇ ਉਨ੍ਹਾਂ ਦੇ ਧਾਰਮਕ ਭਾਵਾਂ ਪ੍ਰਤੀ ਸੰਵੇਦਨਸ਼ੀਲ ਹੁੰਦਿਆਂ ਹੀ ਗਊ ਨੂੰ ਸਨਮਾਨ ਦਿੰਦੇ ਹੋਣਗੇ।

ਸ਼ਾਹ ਮੁਹੰਮਦ ਦੁਆਰਾ ਬਿਆਨ ਕੀਤੀ ਹਿੰਦੂ-ਮੁਸਲਮਾਨ ਏਕਤਾ ਦਾ ਇਕ ਜਾਹਰਾ ਪੱਖ ਇਹ ਵੀ ਹੈ ਕਿ ਉਹ ਇਸ ਤੋਂ ਸੁਚੇਤ ਨਹੀਂ ਕਿ ਹਿੰਦੂ ਅਤੇ ਸਿੱਖ, ਦੋਵੇਂ ਅੱਡ-ਅੱਡ ਹਨ। ਇੰਜ ਲੱਗਦਾ ਹੈ ਕਿ ਸਿੱਖ ਸ਼ਾਸਨ ਦੇ ਅੰਤ ਤੱਕ, ਸਿੱਖ ਪਛਾਣ ਹਿੰਦੂ ਪਛਾਣ ਦਾ ਹੀ ਹਿੱਸਾ ਸਮਝੀ ਜਾਂਦੀ ਸੀ। ਸ਼ਾਇਦ ਉਦੋਂ ਤੱਕ ਉਹ ਰਾਜਨੀਤਕ, ਸਭਿਆਚਾਰਕ ਅਤੇ ਧਾਰਮਕ ਤੌਰ 'ਤੇ ਇਕ ਹੀ ਸਨ। ਸ਼ਾਇਦ ਸਿੱਖਾਂ ਦੇ ਉਥਾਨ ਨੂੰ, ਅਸਲ ਵਿਚ ਹਿੰਦੂਵਾਦ ਦੇ ਪੁਨਰ-ਉਥਾਨ ਦੇ ਸੰਗਠਿਤ ਪੱਖ ਵਜੋਂ ਦੇਖਿਆ ਜਾ ਸਕਦਾ ਹੈ। ਇਥੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਲੇ ਪੰਜਾਬ ਦੀ ਆਬਾਦੀ ਦੀ ਸੰਪਰਦਾਇਕ ਬਣਤਰ ਵੱਲ ਧਿਆਨ ਦੇਣਾ ਲਾਹੇਵੰਦ ਹੋ ਸਕਦਾ ਹੈ।

ਨਾਰਥ ਵੈਸਟ ਫਰੰਟੀਅਰ ਆਫ ਪੰਜਾਬ, ਜੋ ਕਿਸੇ ਪੱਧਰ 'ਤੇ ਵੱਡੇ ਅਫਗਾਨਿਸਤਾਨ ਦਾ ਹਿੱਸਾ ਵੀ ਮੰਨਿਆ ਜਾਂਦਾ ਸੀ, ਇਥੇ ਇਸਲਾਮ ਦੇ ਸਦੀਆਂ ਦੇ ਸ਼ਾਸਨ ਕਾਰਨ ਆਬਾਦੀ ਦਾ ਬਹੁਤ ਵੱਡਾ ਹਿੱਸਾ, ਸ਼ਾਇਦ ਨਮਕ ਖੇਤਰ ਦੇ ਹਿੰਦੂ ਸ਼ਾਹਿਰੀ ਖੁਖਰੈਨਾਂ ਨੂੰ ਛੱਡ ਕੇ ਜਿਹਲਮ ਤੱਕ ਦੇ ਲੋਕ ਇਸਲਾਮ ਵਿਚ ਚਲੇ ਗਏ; ਪਰ ਜਿਹਲਮ ਤੋਂ ਪਰ੍ਹਾਂ ਜਾਂ ਕਹੀਏ ਕਿ ਦਰਿਆ ਦੇ ਪੂਰਬ ਵਾਲੇ ਪਾਸੇ ਹਿੰਦੂਆਂ ਦੇ ਪ੍ਰਭਾਵ ਵਾਲੇ ਕਈ ਇਲਾਕੇ ਸਨ। ਉਂਜ ਰਚਨਾ ਦੁਆਬ, ਭਾਵ ਰਾਵੀ ਅਤੇ ਚਿਨਾਬ ਦਰਿਆਵਾਂ ਦੇ ਵਿਚਕਾਰ ਹਿੰਦੂ-ਸਿੱਖ ਆਬਾਦੀ ਘੱਟ ਨਹੀਂ ਆਖੀ ਜਾ ਸਕਦੀ ਸੀ ਅਤੇ ਰਾਵੀ ਤੋਂ ਅੱਗੇ ਹਿੰਦੂ ਅਤੇ ਸਿੱਖ ਵਧਣੇ ਸ਼ੁਰੂ ਹੋ ਜਾਂਦੇ ਸਨ। ਆਬਾਦੀ ਦੀ ਇਹ ਸੰਰਚਨਾ, ਦੇਸ਼ ਵੰਡ ਤੱਕ ਲਗਭਗ ਇਵੇਂ ਹੀ ਰਹੀ। ਜੇ ਬਰਤਾਨਵੀ ਸ਼ਾਸਨ ਦੇ ਮੁਕਾਬਲਤਨ ਸ਼ਾਂਤ ਸਮਿਆਂ ਵਿਚ ਹਿੰਦੂ ਅਤੇ ਸਿੱਖ ਵਪਾਰ-ਵਣਜ ਦੇ ਮਕਸਦ ਲਈ ਅੰਗਰੇਜ਼ਾਂ ਦੇ ਏਜੰਟ ਬਣਨ ਦੀ ਇਛਾ ਨਾਲ ਪੱਛਮੀ ਪੰਜਾਬ ਦੇ ਸ਼ਹਿਰਾਂ-ਕਸਬਿਆਂ ਵਿਚ ਜਾ ਕੇ ਰਹਿਣ ਲੱਗੇ ਤਾਂ ਇਸ ਦਾ ਉਦੇਸ਼ ਇਹੀ ਸੀ ਕਿ ਦੇਸ਼ ਨੂੰ ਵਪਾਰਕ ਲੁੱਟ ਲਈ ਖੋਲ੍ਹਿਆ ਜਾਵੇ।

ਇਸ ਵਿਚ ਇਕ ਅਹਿਮ ਤਬਦੀਲੀ ਲਾਜ਼ਮੀ ਤੌਰ 'ਤੇ ਵਾਪਰੀ। ਉਹ ਇਹ ਕਿ ਪੰਜਾਬ ਦੇ ਮੁਸਲਮਾਨਾਂ ਨੇ ਆਪਣੇ ਆਪ ਨੂੰ ਵੱਖਰੀ ਕੌਮ ਵਜੋਂ ਤਾਂ ਨਹੀਂ, ਸਗੋਂ ਵੱਖਰੀ ਜ਼ਾਤ ਦੇ ਤੌਰ 'ਤੇ ਦੇਖਣਾ ਸ਼ੁਰੂ ਕਰ ਦਿੱਤਾ ਸੀ। ਇਹ ਗੱਲ ਉਨ੍ਹਾਂ ਦੇ ਮਨਾਂ ਵਿਚ ਬਿਲਕੁਲ ਨਹੀਂ ਸੀ ਕਿ ਮੁਸਲਮਾਨ ਵੱਖਰਾ ਰਾਸ਼ਟਰ ਹਨ। ਇਹੀ ਉਹ ਪੁਜ਼ੀਸ਼ਨ ਹੈ, ਜੋ ਸ਼ਾਹ ਮੁਹੰਮਦ ਆਪਣੇ ਪ੍ਰਸਿਧ ਬੈਂਤ (ਜਿਸ ਦਾ ਪਿਛੇ ਜ਼ਿਕਰ ਕੀਤਾ ਗਿਆ ਹੈ) ਵਿਚ ਜਾਹਰ ਕਰਦਾ ਹੈ। ਸਮੇਂ ਦੇ ਉਸ ਬਿੰਦੂ 'ਤੇ ਜ਼ਾਤ ਦਾ ਸੰਕਲਪ ਸ਼ਾਹ ਮੁਹੰਮਦ ਦੇ ਮਨ ਅੰਦਰ ਇਸ ਹੱਦ ਤੱਕ ਸਮਾਇਆ ਹੋਇਆ ਹੈ ਕਿ ਉਹ ਫਿਰੰਗੀਆਂ ਨੂੰ ਵੱਖਰੀ ਜ਼ਾਤ ਵਜੋਂ ਦੇਖਦਾ ਹੈ, ਜੋ ਹਿੰਦੂ-ਮੁਸਲਮਾਨ ਏਕਤਾ ਵਿਚ ਦਾਖਿਲ ਹੋ ਰਹੀ ਸੀ। ਇਸ ਦਾ ਮਤਲਬ ਕੀ ਹੈ?

ਜੇ ਮੈਂ ਆਪਣੇ ਬਚਪਨ, ਜੋ ਰਚਨਾ ਦੁਆਬ ਦੇ ਐਮਨਾਬਾਦ ਵਿਚ ਬੀਤਿਆ, ਦੇ ਨਿੱਜੀ ਤਜਰਬਿਆਂ ਵਿਚ ਜਾਵਾਂ ਤਾਂ ਮਿਸਾਲ ਦੇ ਸਕਦਾਂ। ਕੁਝ ਖਾਂਦੇ ਪੀਂਦੇ ਤਕੜੇ ਮੁਸਲਮਾਨ ਪਰਿਵਾਰਾਂ ਦੇ ਸਾਡੇ ਪਰਿਵਾਰਾਂ ਨਾਲ ਸਬੰਧ ਰਹੇ ਸਨ। ਉਹ ਵੱਖ-ਵੱਖ ਮੌਕਿਆਂ 'ਤੇ ਸਾਡੇ ਘਰ ਕੱਚੀ ਰਸਦ ਭੇਜ ਦਿੰਦੇ ਸਨ, ਜਿਸ ਨੂੰ ਅਸੀਂ ਆਪਣੇ ਘਰ ਪਕਾ ਕੇ ਖਾ ਸਕੀਏ; ਇਹ ਗੱਲ ਉਨ੍ਹਾਂ ਨੂੰ ਤਸੱਲੀ ਦਿੰਦੀ ਸੀ ਕਿ ਅਸੀਂ ਇਸ ਤਰੀਕੇ ਨਾਲ ਉਨ੍ਹਾਂ ਦੇ ਵਿਆਹ ਜਾਂ ਮੁੰਡੇ ਦੇ ਜਨਮ ਦੀਆਂ ਖੁਸ਼ੀਆਂ ਵਿਚ ਸ਼ਾਮਿਲ ਹੋ ਜਾਂਦੇ ਸਾਂ। ਇਸੇ ਤਰ੍ਹਾਂ ਇਕ ਪੀੜ੍ਹੀ ਪਹਿਲਾਂ ਦੀ ਘਟਨਾ ਵਿਚ ਸ਼ਹਿਰ ਦਾ ਜ਼ੈਲਦਾਰ, ਜੋ ਅਮੀਰ ਅਤੇ ਪਹੁੰਚ ਵਾਲਾ ਮੁਸਲਮਾਨ ਸੀ, ਉਦੋਂ ਕਲੀਨ ਤੋਂ ਪਰ੍ਹਾਂ ਹੋ ਗਿਆ, ਜਦੋਂ ਦੀਵਾਨ ਗੋਬਿੰਦ ਸਹਾਇ ਪਾਣੀ ਦਾ ਗਿਲਾਸ ਲੈਣ ਲਈ ਉਠਿਆ ਸੀ। ਮੇਰੇ ਪਿਤਾ ਭਾਵੇਂ ਕੋਈ ਬਹੁਤ ਵੱਡੇ ਆਦਮੀ ਨਹੀਂ ਸਨ, ਮੈਂ ਕਈ ਵਾਰ ਪੁਰਾਣੇ ਲਾਗੀਆਂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਉਹ ਪਿਤਾ ਜੀ ਨਾਲ ਮੰਜੇ 'ਤੇ ਇਸ ਲਈ ਬਰਾਬਰ ਨਹੀਂ ਬੈਠ ਸਕਦੇ, ਕਿਉਂਕਿ ਇਹ ਉਨ੍ਹਾਂ ਦਾ ਧਰਮ ਨਹੀਂ ਸੀ।

ਮੇਰੇ ਕਹਿਣ ਦਾ ਭਾਵ ਹੈ ਕਿ ਉਸ ਸਮੇਂ ਜ਼ਾਤ ਪ੍ਰਬੰਧ ਇਸ ਪੱਧਰ ਤੱਕ ਮਨਾਂ ਵਿਚ ਵੱਸਿਆ ਹੋਇਆ ਸੀ ਕਿ ਉਨ੍ਹਾਂ ਲਈ ਜ਼ਾਤ-ਧਰਮ ਗੀਤਾ ਦੇ ਸਵੈ-ਧਰਮ ਵਾਂਗ ਸੀ। ਅਸਲ ਵਿਚ ਜੋ ਲੋਕ ਕੁਝ ਸਮਾਂ ਪਹਿਲਾਂ ਹੀ ਮੁਸਲਮਾਨ ਬਣੇ ਸਨ (ਜੋ ਮੁਸਲਮਾਨ ਆਬਾਦੀ ਦਾ ਵੱਡਾ ਹਿੱਸਾ ਸਨ), ਉਹ ਤਾਂ ਅਜੇ ਹਿੰਦੂਆਂ ਵਿਚ ਵੱਖਰੀ ਜ਼ਾਤ ਤੋਂ ਬਿਨਾ ਹੋਰ ਕੋਈ ਬਹੁਤ ਅੱਡਰੇ ਨਹੀਂ ਸਨ ਸਮਝੇ ਜਾਂਦੇ, ਜੋ ਅਜੇ ਵੀ ਉਸ ਜ਼ਾਤ ਦੇ ਚਿੰਨ੍ਹ-ਪ੍ਰਬੰਧ ਨੂੰ ਬਰਕਰਾਰ ਰੱਖ ਰਹੇ ਸਨ, ਜਿਸ ਤੋਂ ਕਿਸੇ ਜ਼ਮਾਨੇ ਵਿਚ ਉਹ ਪਰਿਵਰਤਿਤ ਹੋ ਕੇ ਮੁਸਲਮਾਨ ਬਣੇ ਸਨ।

ਗੈਰ-ਹਿੰਦੂ ਲੋਕਾਂ ਵਿਚ ਅਜੇ ਇਹ ਪੂਰੀ ਤਰ੍ਹਾਂ ਸਪਸ਼ਟ ਨਹੀਂ ਸੀ ਕਿ ਸਿੱਖ ਧਰਮ ਹਿੰਦੂ ਧਰਮ ਦੀ ਹੀ ਸੰਪਰਦਾ ਸੀ ਜਾਂ ਸੁਧਰਿਆ ਰੂਪ ਸੀ ਜਾਂ ਇਕ ਅੱਡਰਾ ਧਰਮ ਸੀ। ਹਰ ਸੰਪਰਦਾਇਕ ਸਥਿਤੀ ਵਿਚ ਸਿੱਖਾਂ ਨੇ ਆਪਣੇ ਆਪ ਨੂੰ ਬਿਹਤਰ ਹਿੰਦੂਆਂ ਵਜੋਂ ਸਥਾਪਿਤ ਕੀਤਾ ਸੀ। ਮੇਰੇ ਬਚਪਨ ਤੱਕ ਵੀ ਇਹ ਗੱਲ ਏਨੀ ਸਹੀ ਲੱਗਦੀ ਸੀ ਕਿ ਸਾਡੀ ਮੋਨੇ ਸਿੱਖ ਪਰਿਵਾਰ ਵਜੋਂ, ਸਾਡੇ ਸਾਰੇ ਰਿਸ਼ਤੇਦਾਰਾਂ ਵਿਚ ਪ੍ਰਚਲਿਤ ਮਾਨਤਾ ਇਹ ਸੀ ਕਿ ਮੋਨੇ ਵੀ ਸਿੱਖ ਹਨ, ਸਹਿਜਧਾਰੀ ਸਿੱਖ। ਮੋਟੇ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਸਿੱਖ ਅਤੇ ਮੋਨੇ, ਹਿੰਦੂ ਹੀ ਹਨ। ਸਾਡਾ ਆਮ



ਗੁਲਾਬ ਸਿੰਘ

ਵਿਸ਼ਵਾਸ ਇਹ ਸੀ ਕਿ ਹਰ ਸਹਿਜਧਾਰੀ ਪਰਿਵਾਰ ਨੂੰ ਆਪਣੇ ਪਹਿਲੇ ਪੁੱਤਰ ਨੂੰ ਧਰਮ ਦੇ ਰੱਖਿਅਕ ਵਜੋਂ ਅੰਮ੍ਰਿਤ ਛਕਾ ਕੇ ਖਾਲਸਾ ਬਣਾਉਣਾ ਚਾਹੀਦਾ ਹੈ। ਇਥੋਂ ਤੱਕ ਕਿ ਸੱਠਵਿਆਂ ਵਿਚ ਮੇਰਾ ਇਕ ਸਿੱਖ ਚਾਚਾ ਰਾਮੇਸ਼ਵਰਮ ਦੀ ਯਾਤਰਾ ਕਰਕੇ ਆਇਆ ਅਤੇ ਮੇਰੇ ਲਈ ਖਾਸ ਤੌਰ 'ਤੇ ਪ੍ਰਸ਼ਾਦ ਲੈ ਕੇ ਆਇਆ। ਮੈਂ ਉਸ ਨੂੰ ਪੁਛਿਆ, ਕੀ ਉਹ ਅਜੇ ਵੀ ਇਸ ਵਿਚ ਵਿਸ਼ਵਾਸ ਕਰਦੇ ਹਨ? ਉਨ੍ਹਾਂ ਦਾ ਜਵਾਬ ਸੀ, ਜਵਾਨੀ ਵਿਚ ਉਸ ਨੇ ਬਾਕੀ ਸਾਰੇ ਧਾਮਾਂ ਦੀ ਯਾਤਰਾ ਕੀਤੀ ਸੀ, ਸਿਰਫ ਇਹੀ ਰਹਿੰਦਾ ਸੀ, ਇਸ ਲਈ ਉਸ ਨੇ ਸੋਚਿਆ ਮਰਨ ਤੋਂ ਪਹਿਲਾਂ ਇਹਨੂੰ ਵੀ ਪੂਰਾ ਕਰ ਲਵੇ। ਮੈਂ ਪੁਛਿਆ, ਵਡੇਰੀ ਉਮਰ ਵਿਚ ਕੀ ਇਹ ਜ਼ਰੂਰੀ ਸੀ? ਉਨ੍ਹਾਂ ਜਵਾਬ ਦਿੱਤਾ, ਉਸ ਨੇ ਇਹ ਯਾਤਰਾ ਇਸ ਕਰਕੇ ਕੀਤੀ ਹੈ ਕਿ ਇਸ ਨਾਲ ਉਸ ਦੀ ਮਾਂ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ।

ਸ਼ਾਹ ਮੁਹੰਮਦ ਨੂੰ ਪੜ੍ਹਨ ਪਿਛੋਂ ਪਾਠਕ ਅੰਦਰ ਇਹ ਸਵਾਲ ਆਉਂਦਾ ਹੈ, ਕੀ ਉਸ ਵੇਲੇ ਕੋਈ ਸਿੱਖ ਨਹੀਂ ਸਨ, ਜਾਂ ਕੀ ਉਸ ਨੂੰ ਮੋਨੇ ਸਿੱਖਾਂ ਦੀ ਇਕਮਿਕਤਾ ਦਾ ਪਤਾ ਨਹੀਂ, ਜੋ ਪੰਜਾਬੀ ਸਮਾਜ ਦਾ ਵਿਸ਼ੇਸ਼ ਗੁਣ ਰਿਹਾ ਹੈ। ਨਹੀਂ ਇਹ ਇੰਜ ਨਹੀਂ ਹੈ। ਸ਼ਾਹ ਮੁਹੰਮਦ ਉਨ੍ਹਾਂ ਸਾਰਿਆਂ ਲਈ ਸਿੰਘ ਸ਼ਬਦ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਨੇ ਸਿਰ ਦੇ ਵਾਲ ਰੱਖੇ ਹੋਏ ਹਨ। ਸਬੱਬ ਨਾਲ ਜੰਗਨਾਮੇ ਦੇ ਪ੍ਰਸੰਗ ਵਿਚ ਉਹ ਸਾਰੇ ਫੌਜੀ ਹਨ, ਜੋ ਧਰਮ ਦੀ ਲੜਾਈ ਲੜ ਰਹੇ ਹਨ। ਇਸ ਲਈ ਉਨ੍ਹਾਂ ਦੇ ਸਾਰੇ ਵੇਰਵੇ ਜੰਗ ਦੇ ਮੈਦਾਨ ਤੋਂ ਆਉਂਦੇ ਹਨ। ਅਸਲ ਵਿਚ ਸਾਰੇ ਜੰਗਨਾਮੇ ਦੇ 105 ਬੈਂਤਾਂ ਵਿਚ ਸਿਰਫ ਇਕ ਥਾਂ 'ਤੇ ਸਿੱਖ ਸ਼ਬਦ ਦਾ ਜ਼ਿਕਰ ਆਉਂਦਾ ਹੈ ਅਤੇ ਉਹ ਵੀ ਬੜੇ ਵਿਕ੍ਰਿਤ ਰੂਪ ਵਿਚ। ਇਹ ਉਦੋਂ ਆਉਂਦਾ ਹੈ, ਜਦੋਂ ਲਾਰਡ ਹਾਰਡਿੰਗ ਫੜ੍ਹ ਮਾਰਦਾ ਹੈ ਕਿ ਆਪ ਜਾ ਕੇ ਸਿੱਖਾਂ ਨਾਲ ਲੜੇਗਾ ਅਤੇ ਤਿੰਨ ਘੰਟਿਆਂ ਵਿਚ ਲਾਹੌਰ ਜਿੱਤ ਲਵੇਗਾ। ਮੇਰੇ ਬਚਪਨ ਵਿਚ, ਖਾਸ ਤੌਰ 'ਤੇ ਸਿੱਖਾਂ ਵਿਚ ਕੋਈ ਵੀ ਇਸ ਵਿਕ੍ਰਿਤਤਾ 'ਤੇ ਨਾਰਾਜ਼ ਨਹੀਂ ਹੁੰਦਾ ਸੀ। ਇਕ ਤਰ੍ਹਾਂ ਨਾਲ ਇਹ ਸਿੱਖਾਂ ਦਾ ਹਾਸੇ ਵਾਲਾ ਸੁਭਾਅ ਹੀ ਸੀ। ਮੈਂ ਆਪਣੇ ਜੀਵਨ ਵਿਚ ਜਿੰਨੇ ਵੀ ਫਿਰਕੇ ਦੇ ਲੋਕਾਂ ਨੂੰ ਮਿਲਿਆ ਹਾਂ, ਸਿਰਫ ਸਿੱਖਾਂ ਵਿਚ ਹੀ ਇਹ ਵੱਖਰੀ ਸਮਰੱਥਾ ਹੈ ਕਿ ਉਹ ਆਪਣੇ ਆਪ 'ਤੇ ਖੁੱਲ੍ਹ ਕੇ ਹੱਸ ਸਕਦੇ ਹਨ।

ਸ਼ਾਹ ਮੁਹੰਮਦ ਦੇ ਪ੍ਰਸੰਗ ਵਿਚ ਇਸ ਤੋਂ ਉਲਟ ਵੀ ਓਨਾ ਹੀ ਠੀਕ ਹੈ। ਮਸਲਨ, ਜੰਗਨਾਮੇ ਵਿਚ ਇਕ ਵੀ ਪੰਜਾਬੀ ਹਿੰਦੂ ਨਹੀਂ ਜਿਸ ਦਾ ਜ਼ਿਕਰ ਆਇਆ ਹੋਵੇ। ਇਥੋਂ ਤੱਕ ਕਿ ਇਸ ਵਿਚੋਂ ਕੋਈ ਵੀ ਇਹ ਅਨੁਮਾਨ ਨਹੀਂ ਲਾ ਸਕਦਾ ਕਿ ਖਾਲਸਾ ਦਰਬਾਰ ਦੇ ਪ੍ਰਬੰਧ ਵਿਚ ਹਿੰਦੂ ਜਾਂ ਮੋਨੇ ਦਾ ਸੰਕਲਪ ਕੋਈ ਮਹੱਤਵ ਨਹੀਂ ਸੀ ਰੱਖਦਾ; ਜਦੋਂ ਕਿ ਤੱਥ ਇਹ ਹੈ ਕਿ ਰਣਜੀਤ ਸਿੰਘ ਰਾਜ ਦੇ ਬਹੁਤੇ ਕੰਮ ਆਪਣੇ ਪ੍ਰਭਾਵ ਦੇ ਇਲਾਕੇ ਜਿਵੇਂ ਰਚਨਾ ਦੁਆਬ ਦੇ, ਹਿੰਦੂ ਅਹੁਦੇਦਾਰਾਂ ਦੀ ਮਦਦ ਨਾਲ ਕਰਦਾ ਸੀ। ਇਸ ਤਰ੍ਹਾਂ ਨਾਲ ਕੁੰਜਾਹ ਦੇ ਨਈਅਰਾਂ, ਅਕਾਲਗੜ੍ਹ ਦੇ ਚੋਪੜਿਆਂ, ਐਮਨਾਬਾਦ ਦੇ ਨੰਦਾਂ ਤੇ ਮਲਵਈਆਂ, ਘੜਤਾਲ ਦੇ ਪੁਰੀਆਂ, ਕੰਜਰੂਰ ਦੱਤਾਂ ਦੇ ਦੱਤ ਚੌਧਰੀਆਂ, ਹਾਫਿਜ਼ਾਬਾਦ ਦੇ ਕਪੂਰਾਂ ਤੇ ਚੋਪੜਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਰਾਜ ਦੇ ਬਹੁਤੇ ਅਧਿਕਾਰੀ ਇਨ੍ਹਾਂ ਪਰਿਵਾਰਾਂ ਵਿਚੋਂ ਹੀ ਆਉਂਦੇ ਸਨ।

ਜੰਗ ਦੇ ਮੈਦਾਨ ਵਿਚ ਜੇ ਕਿਸੇ ਹਿੰਦੂ ਦਾ ਜ਼ਿਕਰ ਆਉਂਦਾ ਹੈ ਤਾਂ ਉਹ ਪੰਜਾਬ ਦੇ ਪਹਾੜੀ ਰਾਜਾਂ ਦੇ ਰਾਜਪੂਤ ਹਨ, ਜੋ ਇਸ ਲੜਾਈ ਵਿਚ ਉਚ ਪਾਏ ਦੇ ਤਲਵਾਰਬਾਜ਼ਾਂ ਵਜੋਂ ਜਾਣੇ ਜਾਂਦੇ ਹਨ। ਇਨ੍ਹਾਂ ਵਿਚ ਭਾਵੇਂ ਜੰਮੂ ਦਾ ਮਹਾਰਾਜਾ ਗੁਲਾਬ ਸਿੰਘ ਵਰਗਾ ਅਪਵਾਦ ਵੀ ਸੀ, ਜਿਸ ਨੂੰ ਸ਼ਾਹ ਮੁਹੰਮਦ ਨੀਚ ਕਿਸਮ ਦਾ ਸਵਾਰਥੀ ਕਹਿੰਦਾ ਹੈ। ਜਿਸ ਤਰ੍ਹਾਂ ਸ਼ਾਹ ਮੁਹੰਮਦ ਉਸ ਦਾ ਜ਼ਿਕਰ ਕਰਦਾ ਹੈ, ਉਸ ਤੋਂ ਲੱਗਦਾ ਹੈ ਕਿ ਉਹ ਆਪਣੇ ਅਹੁਦੇ ਨੂੰ ਪੱਕਾ ਕਰਨ ਲਈ ਖਾਲਸਾ ਦਰਬਾਰ ਨੂੰ ਢਾਹੁਣ ਵਿਚ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ। ਇਸ ਲਈ ਉਸ ਦਾ ਜ਼ਿਕਰ ਜੰਗਨਾਮੇ ਵਿਚ ਉਦੋਂ ਹੀ ਆਉਂਦਾ ਹੈ, ਜਦੋਂ ਅੰਗਰੇਜ਼ ਲਾਹੌਰ ਵਿਚ ਦਾਖਿਲ ਹੁੰਦੇ ਹਨ। ਉਸ ਨੂੰ ਸੰਗਲਾਂ ਨਾਲ ਬੰਨ੍ਹ ਕੇ ਸਿੰਘਾਂ ਨੇ ਇਸ ਲਈ ਜੰਮੂ ਤੋਂ ਲਾਹੌਰ ਲਿਆਂਦਾ ਸੀ ਕਿ ਉਹ, ਰਾਣੀ ਜਿੰਦਾਂ ਦੇ ਕਹਿਣ ਅਨੁਸਾਰ, ਉਨ੍ਹਾਂ ਲਈ ਬਦਲੇ ਦੀ ਭਾਵਨਾ ਰੱਖਦਾ ਸੀ। ਇਉਂ ਲੱਗਦਾ ਹੈ ਕਿ ਉਹ ਆਪ ਵੀ ਰਾਣੀ ਤੋਂ ਡਰਿਆ ਹੋਇਆ ਸੀ, ਇਸ ਲਈ ਉਸ ਨੇ ਆਪਣੇ ਵੱਖਰੇ ਸਲਾਹਕਾਰ ਰੱਖੇ ਹੋਏ ਸਨ। ਨਹੀਂ ਤਾਂ ਜਿਸ ਤਰ੍ਹਾਂ ਦਾ ਦਰਜਾ ਡੋਗਰੇ ਖਾਲਸਾ ਦਰਬਾਰ ਵਿਚ ਰੱਖਦੇ ਸਨ, ਉਸ ਨੂੰ ਡੋਗਰਾ ਖਾਨਦਾਨ ਦਾ ਨਾਮ ਬਚਾਉਣ ਲਈ ਜੰਗ ਵਿਚ ਲੜ ਕੇ ਮਰ ਜਾਣਾ ਚਾਹੀਦਾ ਸੀ; ਪਰ ਜਦੋਂ ਸੰਕਟ ਆਇਆ, ਉਹ ਵਫਾਦਾਰ ਨਾ ਰਿਹਾ। ਜੇ ਉਦੋਂ ਇਕ ਵੀ ਤਾਕਤਵਰ ਆਗੂ ਹੁੰਦਾ ਤਾਂ ਇਸ ਲੜਾਈ ਦਾ ਅੰਤ ਕਿਸੇ ਹੋਰ ਤਰ੍ਹਾਂ ਹੋਣਾ ਸੀ। ਅਸਲ ਵਿਚ ਦੂਜੀ ਪੰਜਾਬ ਜੰਗ ਵਿਚ ਵੀ ਉਹ ਪੰਜਾਬ ਦੀ ਫੌਜ ਦੇ ਹੱਕ ਵਿਚ ਭੁਗਤ ਸਕਦਾ ਸੀ, ਪਰ ਅਫਸੋਸ! ਉਹ ਨਾ ਧਿਆਨ ਸਿੰਘ ਸੀ ਤੇ ਨਾ ਹੀਰਾ ਸਿੰਘ, ਜਿਵੇਂ ਆਮ ਸਿੱਖ ਮੰਨਦੇ ਹਨ ਕਿ ਉਹ ਅਜਿਹਾ ਗੱਦਾਰ ਸੀ, ਜਿਸ ਨੇ ਖਾਲਸੇ ਦੀ ਪਿੱਠ 'ਚ ਛੁਰਾ ਮਾਰਿਆ, ਤੇ ਸ਼ਾਹ ਮੁਹੰਮਦ ਉਨ੍ਹਾਂ ਲੋਕਾਂ ਦੇ ਹੀ ਵਿਚਾਰ ਸਾਂਝੇ ਕਰ ਰਿਹਾ ਸੀ।

ਹੁਣ ਦੂਜੀ ਜ਼ਾਤ ਵੱਲ ਮੁੜਦੇ ਹਾਂ, ਭਾਵ ਪੰਜਾਬ ਦੇ ਮੁਸਲਮਾਨਾਂ ਵੱਲ। ਅਸੀਂ ਪਿਛੇ ਇਹ ਚਰਚਾ ਕਰ ਆਏ ਹਾਂ ਕਿ ਕਿਵੇਂ ਉਹ ਹਿੰਦੂ ਅਤੇ ਸਿੱਖਾਂ ਨਾਲ ਮਿਲ ਕੇ ਸਾਰੇ ਪੰਜਾਬੀਆਂ ਦਾ ਇਕ ਰਾਸ਼ਟਰ ਬਣਾਉਣ ਵਿਚ ਸ਼ਾਮਿਲ ਸਨ। ਉਦੋਂ ਤੱਕ ਭਾਰਤ ਵਿਚ ਨੇਸ਼ਨ-ਸਟੇਟ ਵਰਗਾ ਵਿਚਾਰ ਵੀ ਪੈਦਾ ਨਹੀਂ ਹੋਇਆ ਸੀ। ਉਨ੍ਹਾਂ ਦੀ ਤੱਤਕਾਲੀ ਜੰਗ ਵਿਚ ਕੀ ਭੂਮਿਕਾ ਸੀ? ਆਮ ਫਿਰਕੂ ਪ੍ਰਭਾਵ ਹੇਠ, ਮੁਸਲਮਾਨ ਖਾਲਸਾ ਦਰਬਾਰ ਨੂੰ ਛੱਡ ਕੇ ਵਧੇਰੇ ਫਾਇਦੇ ਲੈ ਸਕਦੇ ਸਨ ਪਰ ਅਜਿਹਾ ਅਸੀਂ ਵੰਡੇ ਹੋਏ ਭਾਰਤ ਦੇ 'ਦੋ ਰਾਸ਼ਟਰ' ਸਿਧਾਂਤ ਤੋਂ ਬਾਅਦ ਸੋਚ ਸਕਦੇ ਹਾਂ ਪਰ ਅਸਲ ਤੱਥ ਇਹ ਹੈ ਕਿ ਜਦੋਂ ਸਿੱਖ ਕਮਾਂਡਰਾਂ, ਖਾਸ ਤੌਰ 'ਤੇ ਕਮਾਂਡਰ ਇਨ ਚੀਫ ਤੇਜ ਸਿੰਘ ਅਤੇ ਮਹਾਰਾਣੀ ਦਾ ਨਿੱਜੀ ਸਲਾਹਕਾਰ ਲਾਲ ਸਿੰਘ, ਦੋਹਾਂ ਨੇ ਆਪਣੀ ਜ਼ਮੀਰ ਅੰਗਰੇਜ਼ਾਂ ਨੂੰ ਵੇਚ ਦਿੱਤੀ ਸੀ, ਉਦੋਂ ਕਿਸੇ ਵੀ ਰੈਂਕ ਦਾ ਇਕ ਵੀ ਮੁਸਲਮਾਨ ਜੰਗ ਵਿਚੋਂ ਪਿਛੇ ਨਹੀਂ ਹਟਿਆ। ਤੇ ਤੁਹਾਨੂੰ ਯਾਦ ਹੈ, ਮੈਦਾਨ-ਏ-ਜੰਗ ਵਿਚ ਉਨ੍ਹਾਂ ਨੇ ਬਹੁਤ ਨਿਰਣਾਇਕ ਸਥਿਤੀ ਹਾਸਿਲ ਕੀਤੀ ਹੋਈ ਸੀ। ਲਗਭਗ ਸਾਰਾ ਤੋਪਖਾਨਾ ਉਨ੍ਹਾਂ ਦੇ ਅਧਿਕਾਰ ਹੇਠ ਸੀ। ਸ਼ਾਇਦ ਉਹ ਉਸ ਸਮੇਂ ਦੇ ਬਿਹਤਰੀਨ ਤੋਪਚੀ ਸਨ। ਇਸ ਤੋਂ ਬਿਨਾ ਉਹ ਏਨੇ ਭਰੋਸਯੋਗ ਸਨ ਕਿ ਜੰਗ ਦੇ ਸਮੇਂ, ਰਾਣੀ ਜਿੰਦਾਂ ਨੇ ਲਾਹੌਰ ਦੀ ਦੇਖ-ਰੇਖ, ਸਿਰਫ ਮੁਸਲਮਾਨਾਂ ਫੌਜ ਦੇ ਹੀ ਹਵਾਲੇ ਕੀਤੀ। ਕੀ ਕੋਈ ਸੋਚ ਸਕਦਾ ਹੈ ਕਿ ਅੱਜ ਅਜਿਹਾ ਕੁਝ ਹੋ ਸਕਦਾ ਹੈ? ਇਸ ਪ੍ਰਸੰਗ ਵਿਚ ਬੈਂਤ 60 ਦਾ ਹਵਾਲਾ ਦੇਣਾ ਵਾਜਬ ਰਹੇਗਾ:

ਮਜ਼ਹਰ ਅਲੀ ਤੇ ਮਾਖੇ ਖਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ ਚੜ੍ਹਿਆ ਸੁਲਤਾਨ ਮਹਿਮੂਦ ਵਾਲਾ,
ਤੋਪਾਂ ਨਾਲ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖਸ਼ ਪਟੋਲੀਏ ਮਾਂਜ ਕੇ ਜੀ,
ਧੂਪ ਦੇਇ ਕੇ ਤਖਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਸਿਕਲ ਹੋਈਆਂ,
ਬਿਜਲੀ ਵਾਂਗਰਾਂ ਦੇਣ ਦਿਖਾਲੀਆਂ ਨੀ।

ਲੱਗਦਾ ਹੈ, ਜਿਵੇਂ ਸ਼ਾਹ ਮੁਹੰਮਦ ਨੂੰ ਇਸ ਦੀ ਪੂਰੀ ਸਮਝ ਸੀ ਕਿ ਜੰਗਾਂ ਕਿਵੇਂ ਲੜੀਆਂ ਜਾਂਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਤੋਪਖਾਨੇ ਦੇ ਕਮਾਂਡਰ ਸੁਲਤਾਨ ਮਹਿਮੂਦ ਨਾਲ ਸਬੰਧਤ ਸੀ, ਜਿਸ ਦਾ ਉਹ ਉਪਰਲੇ ਬੈਂਤ ਵਿਚ ਜ਼ਿਕਰ ਕਰਦਾ ਹੈ। ਉਂਜ, ਇਸ ਵਿਚ ਕੋਈ ਦੋ ਰਾਇ ਨਹੀਂ ਕਿ ਉਹ ਸੁਚੇਤ ਜਾਣਕਾਰ ਬੰਦਾ ਸੀ, ਜੋ ਕੂਟਨੀਤਕ ਭਾਸ਼ਾ ਅਤੇ ਵਾਪਰ ਰਹੇ ਘਟਨਾਕ੍ਰਮ ਦੇ ਮਹੱਤਵ ਨੂੰ ਸਮਝਦਾ ਸੀ। ਸਭ ਤੋਂ ਜ਼ਰੂਰੀ, ਉਸ ਦੇ ਸੂਚਨਾ ਦੇ ਸਰੋਤ ਏਨੇ ਅਸਲੀ ਹਨ ਕਿ ਉਸ ਨੇ ਜੋ ਵੀ ਲਿਖਿਆ ਹੈ, ਉਹ ਪੂਰੀ ਤਰ੍ਹਾਂ ਪ੍ਰਮਾਣਿਕ ਹੈ।

(ਚਲਦਾ)

## ਕਵਿਤਾ

### ਰੱਬੀ ਮੂਰਤ ਮੇਰੀ ਮਾਂ

ਰੱਬ ਨਾਲੋਂ ਪਾਕ ਤੇਰਾ ਨਾਂ।
ਮੇਰਾ ਪਹਿਲਾ ਪਿਆਰ, ਮੇਰੀ ਮਾਂ।
ਤੂੰ! ਸੱਚੀ ਰੱਬੀ ਮੂਰਤ।

ਤੂੰ! ਕਿੰਨੀ ਚੰਗੀ।
ਤੂੰ! ਕਿਵੇਂ ਜਾਣ ਲੈਂਦੀ,
ਬਿਨ ਬੋਲਿਆਂ ਸਭ ਕੁਝ,
ਬਿਨਾਂ ਕਹੇ, ਸਭ ਦਿਲ ਦੀਆਂ।
ਤੂੰ! ਕਿਵੇਂ ਇੰਨੀ ਸਹਿਜ ਰਹਿੰਦੀ।
ਮੈਂ ਤਾਂ ਹਮੇਸ਼ਾ ਬੇਚੈਨ ਰਹਿੰਦੀ।

ਤੂੰ! ਹਰ ਵੇਲੇ
ਮੁਸਕਰਾਉਂਦੇ ਰਸੋਈ 'ਚ,
ਸਭ ਦੀ ਪਸੰਦ ਦਾ,
ਵੰਨ-ਸੁਵੰਨਾ ਭੋਜਨ ਬਣਾਉਂਦੀ।
ਤੇਰੇ ਹੱਥਾਂ 'ਚ,
ਪਤਾ ਨਹੀਂ ਕੀ ਜਾਦੂ,
ਕਿਵੇਂ ਸਭ ਅੰਮ੍ਰਿਤ ਬਣ ਜਾਂਦਾ।
ਤੂੰ! ਕਿੰਨੀ ਤਕਲੀਫ 'ਚ ਵੀ ਹੋਵੇਂ।
ਕਦੇ ਜਾਹਰ ਨਹੀਂ ਕਰਦੀ।

ਤੂੰ! ਕਿੰਨੇ ਪਿਆਰ ਨਾਲ ਮਨਾਉਂਦੀ।
ਜੇ ਕਦੇ ਤੇਰੇ ਨਾਲ ਰੁੱਸ ਜਾਈਏ।
ਤੂੰ! ਕਦੇ ਮੇਰੇ ਸੁਪਨੇ
ਨਹੀਂ ਟੁੱਟਣ ਦਿੰਦੀ।
ਤੂੰ! ਕਦੇ ਮੇਰੇ ਨੇੜੇ
ਨਿਰਾਸ਼ਾ ਨਹੀਂ ਆਉਣ ਦਿੱਤੀ।
ਤੂੰ! ਤਾਂ ਹਮੇਸ਼ਾ ਮੇਰੀ
ਹਿੰਮਤ ਬਣਾਈ ਰੱਖਦੀ।

ਤੇਰੇ ਪਿਆਰ ਨਾਲ
ਮੈਨੂੰ ਦੁਨੀਆਂ ਭਾਉਂਦੀ।
ਤੂੰ! ਮੇਰੀ ਦੁਨੀਆਂ।
ਜੋ ਤੇਰੇ ਨਾਲ ਹੀ ਖੂਬਸੂਰਤ ਹੈ।
ਹੋਰ ਵੀ ਬਹੁਤ ਕੁਝ ਖਾਸ ਹੈ
ਪਰ ਤੇਰੀ ਗੋਦ ਦਾ
ਵੱਖਰਾ ਹੀ ਅਹਿਸਾਸ ਹੈ।
ਤੇਰੀ ਗੋਦ 'ਚ ਨਿੱਘ ਆਉਂਦਾ।
ਤੈਨੂੰ ਘੁੱਟ ਸੀਨੇ ਲਾ
ਮੈਨੂੰ ਸਕੂਨ ਮਿਲਦਾ।
ਘਰ ਵਿਚ ਤੈਨੂੰ ਵੇਖ
ਅੱਖਾਂ ਨੂੰ ਰਾਹਤ ਮਿਲਦੀ।

ਤੂੰ! ਹਰ ਵੇਲੇ ਆਪਣੇ,
ਪਰਿਵਾਰ ਨੂੰ ਸਮਰਪਿਤ।
ਪਰ ਘਰ ਵੀ ਤੇਰੇ ਨਾਲ ਸਵਰਗ
ਤੂੰ! ਮੇਰੀ ਮਾਂ
ਨਿਰੀ ਮਮਤਾ ਦੀ ਮੂਰਤ।
ਮੇਰੀ ਠੰਢੀ ਛਾਂ।
ਤੂੰ! ਆਪਣੀਆਂ ਦੁਆਵਾਂ,
ਅਸੀਸਾਂ ਬਣਾਈ ਰੱਖੀਂ।
ਤੂੰ! ਰੱਬੀ ਮੂਰਤ ਮੇਰੀ ਮਾਂ।

-ਨਵਦੀਪ ਕੌਰ
ਅਕਾਲ ਯੂਨੀਵਰਸਿਟੀ,
ਦਮਦਮਾ ਸਾਹਿਬ, ਬਠਿੰਡਾ।
ਫੋਨ: 91-97790-14464

# ਗੀਤ ਤੇਰੇ ਦੀਆਂ ਗੁੱਝੀਆਂ ਰਮਜ਼ਾਂ...

ਗੀਤ ਸਮੀਖਿਆ



ਅਸ਼ੋਕ ਬਾਂਸਲ ਮਾਨਸਾ
ਫੋਨ: 91-98151-30226

‘ਲਾਲ ਚੰਦ ਯਮਲਾ’ ਦਾ ਇਹ ਗੀਤ ਐਚ. ਐਮ. ਵੀ. (ਹਿਜ਼ ਮਾਸਟਰ’ਜ਼ ਵਾਇਸ) ਕੰਪਨੀ ਦੇ 1981 ਵਿਚ ਬਣੇ ਐਲ. ਪੀ. ਰਿਕਾਰਡ ਵਿਚੋਂ ਹੈ, ਜਿਸ ਦਾ ਟਾਈਟਲ ਸੀ, ‘ਖੇਡਣ ਦੇ ਦਿਨ ਚਾਰ।’ ਇਸ ਰਿਕਾਰਡ ਦੇ ਸੰਗੀਤਕਾਰ ਹਨ, ਚਰਨਜੀਤ ਆਹੂਜਾ। ਮੈਂ ਯਮਲਾ ਜੱਟ ਦੇ ਗੀਤ ‘ਆਰ ਢਾਂਗਾ ਪਾਰ ਢਾਂਗਾ’ ਦੀਆਂ ਰਮਜ਼ਾਂ ਬੁੱਝਣ ਦਾ ਯਤਨ ਕੀਤਾ ਹੈ।

ਚੜ੍ਹਦੇ ਪੰਜਾਬ ਦੇ ਪ੍ਰਸਿੱਧ ਗੀਤਕਾਰ ਤੇ ਗਾਇਕ ਲਾਲ ਚੰਦ ਯਮਲਾ ਦਾ ਲਿਖਿਆ ਤੇ ਗਾਇਆ ਇਹ ਗੀਤ ਪੰਜਾਬੀ ਬੋਲਣ ਤੇ ਸਮਝਣ ਵਾਲੇ ਬੱਚੇ-ਬੱਚੇ ਦੀ ਜ਼ੁਬਾਨ ’ਤੇ ਹੈ। ਇਹ ਗੀਤ ਗੁਰਬਤ ਹੰਢਾਉਂਦੇ ਛੋਟੇ-ਨਿਮਨ ਕਿਸਾਨ ਦੀ ਦੁਖਾਂਤਕ ਕਹਾਣੀ ਹੈ। ਦ੍ਰਿਸ਼ ਉਸ ਸਮੇਂ ਦਾ ਹੈ, ਜਦੋਂ ਪਿੰਡਾਂ ਨੇ ਹਾਲੇ ਬਹੁਤੀ ਤਰੱਕੀ ਨਹੀਂ ਸੀ ਕੀਤੀ। ਛੋਟਾ ਕਿਸਾਨ ਤਰੱਕੀ ਤੋਂ ਬਿਲਕੁਲ ਵਾਂਝਾ ਸੀ। ਪਿੰਡਾਂ ਵਿਚ ਸਮੇਂ ਦਾ ਅੰਦਾਜ਼ਾ ਵੀ ਪ੍ਰਛਾਂਵੇਂ ਦੇਖ ਕੇ ਲਾਇਆ ਜਾਂਦਾ ਸੀ। ਮਿਰਚਾਂ ਕੁੱਟ ਕੇ ਰੋਟੀ ਲੱਸੀ ’ਚ ਡਬੋ ਕੇ ਗੁਜ਼ਾਰਾ ਕੀਤਾ ਜਾਂਦਾ ਸੀ। ਤਕਨੀਕ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਸੀ। ਪੰਜਾਬ ਵਿਚ ਨਹਿਰਾਂ ਦਾ ਜਾਲ ਨਹੀਂ ਸੀ ਵਿਛਿਆ। ਬਿਜਲੀ ਨੇ ਹਾਲੇ ਦਸਤਕ ਨਹੀਂ ਸੀ ਦਿੱਤੀ। ਅੱਜ ਵਾਂਗ ਟਰੈਕਟਰ ਵੀ ਨਹੀਂ ਸਨ।

ਮੁੱਕਦੀ ਗੱਲ, ਇਹ ਗੀਤ ਟਿਊਬਵੈਲ ਤੋਂ ਵੀ ਪਹਿਲਾਂ ਛੋਟੇ ਕਿਸਾਨ ਦੀ ਤਸਵੀਰ ਹੈ। ਇਸ ਗੀਤ ਵਿਚ ਗੀਤਕਾਰ ਨੇ ਕਿਸਾਨੀ ਜੀਵਨ ਵਿਚ ਪਾਣੀ ਦੇ ਮਹੱਤਵ ਨੂੰ ਪੇਸ਼ ਕੀਤਾ ਹੈ। ਖੇਤੀ ਪਾਣੀ ਤੋਂ ਬਿਨਾ ਸੰਭਵ ਨਹੀਂ। ਪਾਣੀ ਦਾ ਕੁਦਰਤੀ ਸੋਮਾ ਮੀਂਹ ਜਾਂ ਨਦੀਆਂ ਨਾਲੇ ਹੀ ਸਨ। ਧਰਤੀ ਹੇਠਲਾ ਪਾਣੀ ਕੱਢਣ ਵਾਸਤੇ ਖੂਹ ਮਨੁੱਖ ਦੀ ਪਹਿਲੀ ਲੋੜ ਸੀ ਤੇ ਹਲਟ ਮੁਢਲੀ ਤਕਨੀਕ। ਇੱਥੇ ਹਲਟ ਦਾ ਸੰਖੇਪ ਵੇਰਵਾ ਦੇਣਾ ਜ਼ਰੂਰੀ ਹੈ, ਕਿਉਂਕਿ ਗੀਤ ਵਿਚ ਹਲਟ ਦਾ ਦ੍ਰਿਸ਼ ਰੂਪਮਾਨ ਹੋਇਆ ਹੈ। ਹਲਟ ਖੂਹ ਵਿਚੋਂ ਪਾਣੀ ਕੱਢਣ ਦਾ ਯੰਤਰ ਸੀ, ਜਿਸ ਨੂੰ ਬਲਦ ਘੁੰਮਾਉਂਦੇ ਸਨ। ਹਲਟ ਦੇ ਹੇਠ ਲਿਖੇ ਮੁੱਖ ਭਾਗ ਸਨ,

ਚੰਨੇ: ਖੂਹ ਦੇ ਦੋਹੀਂ ਪਾਸੀਂ ਕੀਤੀ ਕੰਧ ਨੂੰ ਕਿਹਾ ਜਾਂਦਾ ਸੀ।

ਚਵ੍ਹਕਲੀ: ਵੱਡੀ ਗਰਾਰੀ।

ਬੈੜ: ਖੂਹ ’ਤੇ ਲੱਗੀ ਚਰਖੜੀ।

ਟਿੰਡਾਂ: ਉਹ ਭਾਂਡੇ, ਜੋ ਖੂਹ ’ਚੋਂ ਪਾਣੀ ਭਰ ਕੇ ਲਿਆਉਂਦੇ ਹਨ।


ਪਾੜਛਾ: ਬੈੜ ਦੇ ਵਿਚਕਾਰ ਰੱਖਿਆ ਹੁੰਦਾ ਸੀ, ਜੋ ਪਾਣੀ ਬਾਹਰ ਸਿੱਟਦਾ ਸੀ।

ਗਾਧੀ: ਇੱਕ ਲੰਬੀ ਲੱਕੜ ਹੁੰਦੀ ਹੈ, ਜਿਸ ਨਾਲ ਬਲਦ ਜੋਤ ਕੇ ਹਲਟ ਘੁਮਾਇਆ ਜਾਂਦਾ ਸੀ।

ਗੀਤਕਾਰ ਗੀਤ ਵਿਚ ਉਸ ਵੇਲੇ ਦਾ ਦ੍ਰਿਸ਼ ਪੇਸ਼ ਕਰਦਾ ਹੈ, ਜਦੋਂ ਪਰਿਵਾਰ ਸਾਂਝੇ ਹੁੰਦੇ ਸਨ। ਮਨ ਪ੍ਰਚਾਵੇ ਦੇ ਸਾਧਨ ਬਹੁਤ ਸੀਮਤ ਸਨ। ਜਦੋਂ ਰੇਡੀਓ, ਟੈਲੀਵਿਜ਼ਨ, ਮੋਬਾਇਲ, ਇੰਟਰਨੈਟ ਨੇ ਸਾਡੀਆਂ ਆਥਣਾਂ ਨੂੰ ਆਪਣੇ ਕਲਾਵੇ ਵਿਚ ਨਹੀਂ ਸੀ ਜਕੜਿਆ। ਬੱਚਿਆਂ ਲਈ ਖੇਡਣ-ਕੁੱਦਣ ਤੋਂ ਇਲਾਵਾ ਮਨੋਰੰਜਨ ਦਾ ਸਾਧਨ ਦਾਦੀਆਂ, ਨਾਨੀਆਂ ਤੋਂ ਕਹਾਣੀਆਂ ਤੇ ਬਾਤਾਂ ਸੁਣਨਾ ਸੀ। ਬੱਚੇ ਬਾਤਾਂ ਬੁੱਝਦੇ-ਬੁੱਝਦੇ ਸੌਂ ਜਾਂਦੇ। ਬਾਤਾਂ ਦਿਮਾਗੀ ਕਸਰਤ ਦਾ ਸਰੋਤ ਵੀ ਸਨ ਅਤੇ ਸਾਡੇ ਸੱਭਿਆਚਾਰ ਦਾ ਅੰਗ ਵੀ। ਬਾਤ ਕਿਸੇ ਚੀਜ਼ ਦਾ ਰੂਪਕ ਹੁੰਦਾ ਹੈ। ਬਜ਼ੁਰਗ ਬਾਤਾਂ ਸੁਣਾਉਂਦੇ ਅਤੇ ਅੱਗਿਓਂ ਬੱਚਿਆਂ ਨੇ ਆਪਣੀ ਬੁੱਧੀ ਨਾਲ ਉਸ ਨੂੰ ਬੁੱਝਣਾ ਹੁੰਦਾ। ਮਿਸਾਲ ਵਜੋਂ,

ਨਿੱਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ
ਉਤਰ: ਸੂਈ-ਧਾਗਾ।

ਗੀਤਕਾਰ ਗੀਤ ਦਾ ਮੁੱਢ ਸਥਾਈ (ਗੀਤ ਦੇ ਪਹਿਲੇ ਅੰਤਰੇ ਨੂੰ ਆਖਦੇ ਹਨ) ਦੇ ਰੂਪ ਵਿਚ ਬਾਤ ਰਾਹੀਂ ਬੰਨ੍ਹਦਾ ਹੈ,



ਆਰ ਢਾਂਗਾ ਪਾਰ ਢਾਂਗਾ,
ਵਿਚ ਟੱਲਮ ਟੱਲੀਆਂ।
ਆਉਣ ਕੂੰਜਾਂ ਦੇਣ ਬੱਚੇ,
ਨਦੀ ਨਹਾਉਣ ਚੱਲੀਆਂ।

‘ਆਰ ਢਾਂਗਾ ਪਾਰ ਢਾਂਗਾ’ ਦੀ ਤਸਵੀਰ ਦੇਖੋ ਕਿ ਹਲਟ ਦਾ ਧੁਰਾ ਦੋਵੇਂ ਪਾਸਿਆਂ ਤੋਂ ਬਾਹਰ ਕੱਢ ਕੇ ਚੰਨਿਆਂ ਦੇ ਉਪਰ ਰੱਖਿਆ ਹੋਇਆ ਹੈ। ‘ਵਿਚ ਟੱਲਮ ਟੱਲੀਆਂ’ ਬੈੜ ਟਿੰਡਾਂ ਨੂੰ ਲੈ ਕੇ ਘੁੰਮ ਰਹੀ ਹੈ। ‘ਆਉਣ ਕੂੰਜਾਂ ਦੇਣ ਬੱਚੇ’ ਟਿੰਡਾਂ ਖੂਹ ਵਿਚੋਂ ਪਾਣੀ ਲੈ ਕੇ ਆ ਰਹੀਆਂ ਹਨ। ‘ਨਦੀ ਨਹਾਉਣ ਚੱਲੀਆਂ’ ਖਾਲੀ ਹੋ ਕੇ ਮੁੜ ਖੂਹ ਵਿਚ ਪਾਣੀ ਲੈਣ ਜਾ ਰਹੀਆਂ ਹਨ। ਗੀਤਕਾਰ ਪਹਿਲੇ ਅੰਤਰੇ ਵਿਚ ਲਿਖਦਾ ਹੈ,

ਖੇਤਾਂ ਦਾ ਰਾਜਾ ਤੜਫਦਾ
ਡਿੱਠਾ ਹਮੇਸ਼ਾ ਆਬ ਨੂੰ।
ਝੋਈਆਂ ’ਚੋਂ ਝੱਟੇ ਝੱਟ ਕੇ,
ਬੀਜਾਂਗੇ ਕੀਕੂੰ ਲਾਬ ਨੂੰ।
ਸੋਕੇ ਨੇ ਲੱਕ ਤਰੋੜਿਆ,
ਨਾ ਜਾਣ ਸਾਂਗਾਂ ਝੱਲੀਆਂ।

‘ਆਬ’ ਲਫਜ਼ ਫਾਰਸੀ ਦਾ ਹੈ, ਜਿਸ ਦਾ ਅਰਥ ਹੈ-ਜਲ, ਪਾਣੀ ਜਾਂ ਨੀਰ। ਖੇਤਾਂ ਦਾ ਰਾਜਾ ਭਾਵ ਕਿਸਾਨ। ‘ਝੱਟਾ’ ਉਹ ਯੰਤਰ ਸੀ, ਜਿਸ ਨਾਲ ਪਾਣੀ ਨੂੰ ਨੀਵੀਂ ਥਾਂ ਤੋਂ ਉਛਾਲ ਕੇ ਫਸਲ ਤੱਕ ਪੁਚਾਇਆ ਜਾਂਦਾ ਸੀ। ਲੱਕ ਤਰੋੜਿਆ ਤੋਂ ਭਾਵ ਹੈ, ਹਿੰਮਤ ਹਾਰ ਗਿਆ, ਸਹਾਰਾ ਖਤਮ ਹੋ ਗਿਆ। ਸੋਕਾ, ਮੀਂਹ ਨਾ ਪੈਣ ਦੀ ਹਾਲਤ। ‘ਸਾਂਗ’ ਇੱਕ ਹਥਿਆਰ ਦੇ ਬਿੰਬ ਵਜੋਂ ਵਰਤਿਆ ਗਿਆ ਹੈ, ਜੋ ਲੋਹੇ ਦਾ ਬਣਿਆ ਹੁੰਦਾ ਸੀ ਤੇ ਅੱਗੇ ਤੋਂ ਤਿੱਖਾ ਹੁੰਦਾ ਸੀ, ਜਿਸ ਦਾ ਜ਼ਿਕਰ ਦੁੱਲੇ ਦੀ ਵਾਰ ’ਚ ਵੀ ਆਉਂਦਾ ਹੈ,

ਸਾਂਗ ਦਾਦੇ ਦੇ ਹੱਥ ਦੀ,
ਆਉਂਦਾ ਕਰਦਾ ਮਾਰੋ ਮਾਰ।

ਗੀਤ ਦਾ ਦੂਜਾ ਅੰਤਰਾ ਹੋਰ ਵੀ ਧਿਆਨ ਮੰਗਦਾ ਹੈ,

ਚੀਣਾਂ, ਸਵਾਂਕੀ ਸੁੱਕ ਗਏ,
ਮੱਧਲ ਤੇ ਉਹ ਵੱਟ ਕੰਗਣਾਂ।
ਅੰਨ ਬਾਝੋਂ ਜਾਪਦਾ,
ਹੁਣ ਸਾਲ ਔਖਾ ਲੰਘਣਾ।
ਔੜ ਮੱਕੀ ਮਾਰ ਗਈ,
ਚੱਬਾਂਗੇ ਕਿੱਥੋਂ ਛੱਲੀਆਂ।

ਖੇਤਾਂ ਵਿਚ ਉਗਣ ਵਾਲੇ ਪੌਦੇ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਤਾਂ ਉਹ, ਜਿਨ੍ਹਾਂ ਦੀ ਬਿਜਾਈ ਕਰਕੇ ਉਗਾਇਆ ਜਾਂਦਾ ਹੈ, ਦੂਜੀ ਕਿਸਮ ਦੇ ਉਹ, ਜੋ ਆਪ ਮੁਹਾਰੇ ਉਗਦੇ ਹਨ। ਖੇਤੀਬਾੜੀ ਦੀ ਭਾਸ਼ਾ ਵਿਚ ਦੂਜੇ ਪੌਦਿਆਂ ਨੂੰ ਨਦੀਨ ਕਿਹਾ ਜਾਂਦਾ ਹੈ। ਚੀਣਾਂ, ਸਵਾਂਕੀ, ਮੱਧਲ ਅਤੇ ਵੱਟ ਕੰਗਣਾਂ ਨਦੀਨ ਦੀ ਹੀ ਕਿਸਮ ਹੈ। ‘ਸਵਾਂਕੀ’ ਜੰਗਲੀ ਚੌਲਾਂ ਦੀ ਕਿਸਮ ਹੈ ਅਤੇ ‘ਮੱਧਲ’ ਪਸ਼ੂਆਂ ਦਾ ਸਸਤੀ ਕਿਸਮ ਦਾ ਚਾਰਾ। ‘ਮੱਧਲ’ ਦਾ ਜ਼ਿਕਰ ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀ ਕਵਿਤਾ ‘ਸ਼ੀਸ਼ੋ’ ਵਿਚ ਕੀਤਾ ਹੈ,

ਸ਼ਾਲਾ ਓਸ ਗਿਰਾਂ ਦੇ,
ਹੋ ਜਾਣ ਬਰਦ ਮੁਰੱਬੇ।
ਜਿਸ ਗਿਰਾਂ ’ਚੋਂ ਜ਼ਿੰਦਗੀ ਨਾਲੋਂ
ਮੱਧਲ ਮਹਿੰਗੀ ਲੱਭੇ।

ਤੀਸਰੇ ਅੰਤਰੇ ਵਿਚ,

ਮੈਣੇ ਦੀ ਭੁਰਜੀ ਖਾ ਕੇ,
ਕੱਢੇ ਦਿਹਾੜੇ ਜੱਟ ਨੇ।
ਅੱਠ ਟੋਪੇ ਮਸਰ ਛੋਲੇ,
ਜੌਂ ਪੜੋਪੀ ਘੱਟ ਨੇ।
ਪੰਜ ਧਾਈਆਂ ਕਣਕ ਹੋ ਗਈ,
ਵਿਰਲੀਆਂ ਸੀ ਬੱਲੀਆਂ।

‘ਮੈਣਾ’ ਵੀ ਇੱਕ ਨਦੀਨ ਦਾ ਨਾਮ ਹੈ। ਸਮਾਂ ਅਜਿਹਾ ਸੀ ਕਿ ਕਿਸਾਨ ਨੂੰ ਮਜਬੂਰੀ ਵਿਚ ਨਦੀਨ ਦੀ ਭੁਰਜੀ ਖਾ ਕੇ ਗੁਜ਼ਾਰਾ ਕਰਨਾ ਪਿਆ। ‘ਪੜੋਪੀ’ ਉਹ ਭਾਂਡਾ ਹੁੰਦਾ ਸੀ, ਜਿਸ ਨਾਲ ਕਣਕ, ਜੌਂ, ਛੋਲਿਆਂ ਦੀ ਮਿਣਤੀ ਕੀਤੀ ਜਾਂਦੀ ਸੀ, ਜਿਨ੍ਹਾਂ ਨੂੰ ਆਕਾਰ ਅਨੁਸਾਰ ਟੋਪੇ (ਟੋਪੀਆ) ਪੜੋਪੇ ਕਿਹਾ ਜਾਂਦਾ ਸੀ। ਜਦੋਂ ਕਣਕ ਦਾ ਬੂਟਾ ਫੁੱਟਦਾ ਹੈ ਤਾਂ ਇੱਕ ਬੂਟੇ ’ਤੇ ਔਸਤਨ ਵੀਹ ਤੋਂ ਪੱਚੀ ਸ਼ਾਖਾਵਾਂ ਪਾਟਦੀਆਂ ਹਨ। ਇਨ੍ਹਾਂ ਸ਼ਾਖਾਵਾਂ ਨੂੰ ਹੀ ‘ਧਾਈਆਂ’ ਕਿਹਾ ਜਾਂਦਾ ਸੀ। ਸੋਕੇ ਕਾਰਨ ਉਨ੍ਹਾਂ ‘ਧਾਈਆਂ’ ਦੀ ਗਿਣਤੀ ਪੰਜ ਹੀ ਰਹਿ ਗਈ ਤੇ ਵਿਰਲੀਆਂ ਵਿਰਲੀਆਂ ਬੱਲੀਆਂ ਹੋਈਆਂ।

ਚੌਥਾ ਅੰਤਰਾ ਹੈ,

ਚਰਸ ਬੋਕੇ ਪਾ ਕੇ,
ਖੂਹਾਂ ’ਚੋਂ ਪਾਣੀ ਕੱਢਿਆ।
ਛੋਟੇ ਕਿਆਰੇ ਪਾ ਕੇ,
ਮੈਂ ਫਸਲ ਥੋੜਾ ਗੱਡਿਆ।
ਸਿਰ ਕਰਜ਼ ਸਾਰੇ ਪਿੰਡ ਦਾ,
ਲੰਘਾਂਗਾ ਕਿਹੜੀ ਗਲੀਆਂ।

‘ਚਰਸ ਬੋਕੇ’ ਵੀ ਖੂਹ ਵਿਚੋਂ ਪਾਣੀ ਕੱਢਣ ਦਾ ਸਾਧਨ ਸੀ। ਪਾਣੀ ਦੀ ਕਿੱਲਤ ਕਾਰਨ ਛੋਟੀਆਂ ਛੋਟੀਆਂ ਕਿਆਰੀਆਂ ਬਣਾ ਕੇ ਥੋੜ੍ਹੀ ਜਿਹੀ ਫਸਲ ਬੀਜੀ। ਸੋਕੇ ਕਾਰਨ ਵੱਡੇ ਲੋਕਾਂ ਦਾ ਕਰਜ਼ਾਈ ਹੋ ਚੁਕਾ ਛੋਟਾ ਕਿਸਾਨ ਆਪਣੀ ਵਿਥਿਆ ਦੱਸ ਰਿਹਾ ਹੈ।

ਪੰਜਵੇਂ ਅੰਤਰੇ ਵਿਚ,

ਪੋਜੂ ਤੇ ਪੀਲਾਂ ਖਾਧੀਆਂ,
ਮਲ੍ਹਿਆਂ ਤੋਂ ਖਾਧੇ ਬੇਰ ਨੇ।
ਕਰੀਆਂ ਤੋਂ ਡੇਲੇ ਲਾਹ ਕੇ,
ਭਾਬੀ ਨੂੰ ਦਿੱਤੇ ਦੇਰ ਨੇ।
ਦਾਣੇ ਭੁੰਨਾ ਕੇ ਚੱਬਣੇ,
ਜਦੋਂ ਦੁਪਹਿਰਾਂ ਢਲੀਆਂ।

‘ਪੋਜੂ’ ਕਰੀਰ ਦਾ ਪੂਰੀ ਤਰ੍ਹਾਂ ਪੱਕਿਆ ਫਲ ਹੈ। ਪੀਲਾਂ ਮਾਲਵੇ ਵਿਚ ਉੱਗੇ ਵਣ ਦੇ ਦਰੱਖਤ ਨੂੰ ਲੱਗਣ ਵਾਲਾ ਫਲ ਹੈ। ਮਲ੍ਹੇ ਬੇਰੀ ਦਾ ਛੋਟਾ ਆਕਾਰ। ਇਹ ਤਿੰਨੋਂ ਹੀ ਸੋਕੇ ਦੀ ਮਾਰ ਵਿਚ ਵੱਧ ਫਲਦੇ ਹਨ। ਕਰੀਆਂ ਤੋਂ ਭਾਵ ਕਰੀਰ ਹੈ। ਡੇਲੇ ਕਰੀਰ ਦਾ ਹਰਾ ਫਲ, ਜੋ ਆਚਾਰ ਪਾਉਣ ਦੇ ਕੰਮ ਆਉਂਦਾ ਹੈ। ਕੁਝ ਇਲਾਕਿਆਂ ਵਿਚ ਦੇਵਰ ਨੂੰ ‘ਦੇਰ’ ਵੀ ਕਿਹਾ ਜਾਂਦਾ ਹੈ।

ਹੁਣ ਆਖਰੀ ਅੰਤਰੇ ਵਿਚ ਗੀਤਕਾਰ ਉਸ ਸਮੇਂ ਦਾ ਜ਼ਿਕਰ ਕਰਦਾ ਹੈ, ਜਦੋਂ ਖੂਹਾਂ ’ਤੇ ਹਲਟ ਆ ਗਏ,

ਗਾਧੀ ’ਤੇ ਬੈਠਾ ਬਾਦਸ਼ਾਹ,
ਸੋਚਦੈ ਤਦਬੀਰ ਨੂੰ।
ਕੂੰਜਾਂ ਦੇ ਵਾਂਗੂੰ ਘੱਲਿਆ,
ਖਾਲੀ ਟਿੰਡਾਂ ਬਿਨ ਨੀਰ ਨੂੰ।
ਖਿਜ਼ਰ ਖਵਾਜੇ ਪੀਰ ਨੇ,
ਦੇ ਕੇ ਮੁਰਾਦਾਂ ਘੱਲੀਆਂ।

‘ਗਾਧੀ’ ਉਹ ਲੰਮੀ ਲੱਕੜ ਸੀ, ਜਿਸ ਨਾਲ ਬਲਦ ਹਲਟ ਘੁੰਮਾਉਂਦੇ ਹਨ। ਕੁਝ ਇਲਾਕਿਆਂ ’ਚ ਇਸ ਨੂੰ ਗਾਧੜ ਵੀ ਕਿਹਾ ਜਾਂਦਾ ਹੈ। ਖਿਜ਼ਰ ਖਵਾਜਾ ਪਾਣੀ ਦਾ ਪੀਰ ਮੰਨਿਆ ਗਿਆ ਹੈ। ਮਲਾਹ ਖਿਜ਼ਰ ਖਵਾਜ਼ੇ ਦੇ ਨਾਂ ਦੇ ਦੀਵੇ ਬਾਲਦੇ ਸਨ ਤੇ ਪਹਿਲਾਂ ਖੂਹਾਂ ’ਤੇ ਵੀ ਖਿਜ਼ਰ ਖਵਾਜੇ ਦੇ ਨਾਂ ਦੇ ਚਿਰਾਗ ਜਗਾਏ ਜਾਂਦੇ ਸਨ। ਹੁਣ ਵੀ ਜਦੋਂ ਕੋਈ ਘਰ ਵਿਚ ਨਲਕਾ ਲਾਉਂਦਾ ਹੈ ਤਾਂ ਉਸ ਦੁਆਲੇ ਦੀਵਾ ਜਗਾ ਦਿੱਤਾ ਜਾਂਦਾ ਹੈ ਅਤੇ ਕੜਾਹੀ ਕਰੀ ਜਾਂਦੀ ਹੈ। ਗੀਤਕਾਰ ਕਹਿ ਰਿਹਾ ਹੈ ਕਿ ਟਿੰਡਾਂ ਨੂੰ ਖਾਲੀ ਕਰਕੇ ਫੇਰ ਭੇਜ ਦਿੱਤਾ ਤੇ ਖਿਜ਼ਰ ਖਵਾਜ਼ੇ ਪੀਰ ਨੇ ਮੁਰਾਦਾਂ ਭਾਵ ਪਾਣੀ ਦੇ ਕੇ ਘੱਲੀਆਂ।

# ਲੋਕ-ਗੀਤ, ਜੋ ਸੀਤਾ ਦੀ ਅਗਨੀ-ਪ੍ਰੀਖਿਆ ਯਾਦ ਕਰਾ ਗਿਆ

ਡਾ. ਆਸਾ ਸਿੰਘ ਘੁੰਮਣ
ਨਡਾਲਾ (ਕਪੂਰਥਲਾ)
ਫੋਨ: 91-98152-53245

ਲੋਕ-ਗੀਤਾਂ ਵਿਚ ਜ਼ਿੰਦਗੀ ਦਾ ਹਰ ਰੰਗ ਭਰਿਆ ਨਜ਼ਰ ਆਉਂਦਾ ਹੈ। ਖੁਸ਼ੀਆਂ ਦੇ ਮੰਜ਼ਰ ਵੀ ਨਜ਼ਰ ਆਉਂਦੇ ਹਨ ਤੇ ਗਮੀਆਂ ਦੇ ਵੀ। ਕਿਤੇ ਕਿਤੇ ਇਨ੍ਹਾਂ ਵਿਚ ਕਿੱਕਲੀਆਂ ਤੇ ਕਿਲਕਾਰੀਆਂ ਦੇ ਦਰਸ਼ਨ ਹੁੰਦੇ ਹਨ, ਪਰ ਕਿਤੇ ਅਜਿਹੇ ਲੋਕ-ਗੀਤ ਵੀ ਮਿਲਦੇ ਹਨ, ਜੋ ਦਿਲ ਝੰਜੋੜ ਕੇ ਰੱਖ ਦਿੰਦੇ ਹਨ। ਮਨ ਵਲੂੰਧਰਿਆ ਜਾਂਦਾ ਹੈ। ਰੂਹ ਕੁਰਲਾ ਉਠਦੀ ਹੈ। ਅਜਿਹਾ ਹੀ ਇੱਕ ਲੋਕ-ਗੀਤ ‘ਥਾਲ’ ਦੀ ਵੰਨਗੀ ਵਿਚ ਮਿਲਦਾ ਹੈ, ਜੋ ਵਜੂਦ ਵਿਚ ਤਾਂ ਛੋਟਾ ਹੈ ਪਰ ਸੀਤਾ-ਸਵਿਤਰੀਆਂ ਦੀ ਵੱਡੀ ਹੋਣੀ ਯਾਦ ਕਰਾ ਦਿੰਦਾ ਹੈ।

‘ਥਾਲ’ ਦੀ ਖੇਡ ਛੋਟੀ ਉਮਰ ਦੀਆਂ ਕੁੜੀਆਂ ਖੇਡਦੀਆਂ ਹਨ। ਇਸ ਵਿਚ ਇੱਕ ਤੋਂ ਵੱਧ ਬਾਲੜੀਆਂ ਇੱਕ ਗੇਂਦ ਨਾਲ ਖੇਡਦੀਆਂ-ਖੇਡਦੀਆਂ ਗੀਤ ਗਾਉਂਦੀਆਂ ਹਨ। ਇੱਕ ਚੱਕਰ ਵਿਚ ਬੈਠ ਜਾਂਦੀਆਂ ਹਨ। ਨਿਯਮਾਂ ਸਹਿਤ ਖੇਡਣਾ ਹੁੰਦਾ ਹੈ। ਗੇਂਦ ਨੂੰ ਹੱਥ ਨਾਲ ਟਪਾਉਣਾ ਹੁੰਦਾ ਹੈ ਅਤੇ ਚੱਕਰ ਦੇ ਵਿਚ ਵਿਚ ਰੱਖਣਾ ਹੁੰਦਾ ਹੈ। ਗੇਂਦ ਉਭਾਰਦਿਆਂ ਦਸ-ਬਾਰਾਂ ਲਾਈਨਾਂ ਦਾ ਗੀਤ ਪੂਰਾ ਕਰਨਾ ਹੁੰਦਾ ਹੈ। ਜੇ ਗੇਂਦ ਹੱਥੋਂ ਖਿਸਕ ਜਾਵੇ ਜਾਂ ਉਭਰੇ ਨਾ, ਜਾਂ ਚੱਕਰ ਵਿਚੋਂ ਬਾਹਰ ਬੁੜਕ ਜਾਵੇ ਤਾਂ ਵਾਰੀ (ਪਾਰੀ) ਅਗਲੀ ਕੁੜੀ ਕੋਲ ਚਲੀ ਜਾਂਦੀ ਹੈ।

ਵਣਜਾਰਾ ਬੇਦੀ ਦਾ ਮੰਨਣਾ ਹੈ ਕਿ ‘ਥਾਲ’ ਲਫਜ਼ ‘ਤਾਲ’ ਤੋਂ ਬਣਿਆ ਲਗਦਾ ਹੈ ਕਿਉਂਕਿ ਗੇਂਦ ਟਪਾਉਣ ਦੇ ਸੁਰਤਾਲ ਅਨੁਸਾਰ ਗੀਤ ਦਾ ਸੁਰਤਾਲ ਕਾਇਮ ਰੱਖਣਾ ਹੁੰਦਾ ਹੈ। ਲੋਹੜੀ ਦੇ ਲੋਕ-ਗੀਤਾਂ ਵਾਂਗ ਹੀ ਇਹ ਨਿੱਕੇ-ਨਿੱਕੇ ਗੀਤ ਕੁੜੀਆਂ ਆਪ ਘੜਦੀਆਂ ਹਨ। ਇਨ੍ਹਾਂ ਗੀਤਾਂ ਦਾ ਕੋਈ ਗੰਭੀਰ ਵਿਸ਼ਾ ਨਹੀਂ ਹੁੰਦਾ, ਬਹੁਤੀ ਵਾਰ ਵਿਅਰਥ ਤੇ ਅਟਕਲ-ਪੱਚੂ ਗੱਲਾਂ ਹੀ ਹੁੰਦੀਆਂ ਹਨ। ਬਹੁਤੀ ਵਾਰ ਇਨ੍ਹਾਂ ਦਾ ਵਿਸ਼ਾ ਘਰੇਲੂ ਜ਼ਿੰਦਗੀ, ਨੂੰਹ-ਸੱਸ ਦੇ ਝਗੜੇ, ਨਨਾਣ-ਭਰਜਾਈ ਦੇ ਬਖੇੜੇ ਅਤੇ ਭੈਣ-ਭਰਾ ਦਾ ਪਿਆਰ ਹੁੰਦਾ ਹੈ। ਪਰ ਹੇਠ ਲਿਖਿਆ ‘ਥਾਲ’ ਪੜ੍ਹਦਿਆਂ ਸਾਨੂੰ ਔਰਤ ਦੀ ਹੋਣੀ ਦੀ ਅਜਿਹੀ ਤਸਵੀਰ ਨਜ਼ਰ ਆਉਂਦੀ ਹੈ ਕਿ ਮਨ ਦੁਖੀ ਹੋ ਉਠਦਾ ਹੈ ਅਤੇ ਗਹਿਰੇ ਚਿੰਤਨ ਵਿਚ ਲੈ ਜਾਂਦਾ ਹੈ:

ਆਓ ਕੁੜੀਓ ਆਓ
ਮੇਰੇ ਲਈ ਅੱਗ ਮਚਾਓ
ਕੋਠੇ ’ਤੇ ਕਾਂ
ਮੈਂ ਮਰ ਜਾਂ
ਸੱਜੇ ਬੈਠਤਿਓ ਸਲਾਮ
ਖੱਬੇ ਬੈਠਤਿਓ ਸਲਾਮ
ਮਾਂ ਰਾਣੀ ਨੂੰ ਸਲਾਮ
ਬਾਬਲ ਰਾਜੇ ਨੂੰ ਸਲਾਮ
ਖੂਹ ਦੀਆਂ ਟਿੰਡਾਂ ਨੂੰ ਸਲਾਮ
ਵੀਰ ਦਿਆਂ ਪਿੰਡਾਂ ਨੂੰ ਸਲਾਮ
ਤੁਰਦੀ ਕੀੜੀ ਨੂੰ ਸਲਾਮ
ਭਾਬੋ ਦੀ ਪੀੜ੍ਹੀ ਨੂੰ ਸਲਾਮ
ਵੀਰ ਦੀ ਪੱਗ ਨੂੰ ਸਲਾਮ
ਬਲਦੀ ਅੱਗ ਨੂੰ ਸਲਾਮ
ਕੁੜੀਏ ਥਾਲ ਈ...!

ਸਾਹਿਤ ਵਿਚ ਕਈ ਸ਼ਾਇਰਾਂ ਨੇ ਜ਼ਿੰਦਗੀ ਤੋਂ ਆਤੁਰ ਹੋ ਕੇ ਮੌਤ ਨੂੰ ਆਵਾਜ਼ਾਂ ਮਾਰੀਆਂ ਹਨ। ਜੋਬਨ-ਰੁੱਤੇ ਮਰਨ ਦੀ ਚਾਹਨਾ ਸ਼ਿਵ ਬਟਾਲਵੀ ਵਿਚ ਵੀ ਸਿਖਰਾਂ ’ਤੇ ਨਜ਼ਰ ਆਉਂਦੀ ਹੈ ਅਤੇ ਅੰਗਰੇਜ਼ੀ ਦੇ ਕਵੀ ਜੌਹਨ ਕੀਟਸ ਵਿਚ ਵੀ। ਇਨ੍ਹਾਂ ਜਾਂ ਹੋਰ ਸ਼ਾਇਰਾਂ ਦੀ ਜ਼ਿੰਦਗੀ ਵਿਚੋਂ ਉਦਾਸੀਨਤਾ ਦੇ ਕਾਰਨ ਲੱਭ ਜਾਂਦੇ ਹਨ, ਪਰ ਇੱਕ ਬਾਲੜੀ ਚਿਖਾ ਵਿਚ ਜਾਣਾ ਲੋਚੇ, ਬੜਾ ਦਰਦਮਈ, ਅਲੋਕਾਰੀ ਅਤੇ ਅਜੀਬ ਲੱਗਦਾ ਹੈ। ਆਤਮ-ਦਾਹ ਦੀ ਚਾਹਨਾ ਦਾ ਅਰਥ ਹੈ, ਜ਼ਿੰਦਗੀ ਦਾ ਮੌਤ ਤੋਂ ਵੱਧ ਦੁਖਦਾਈ ਹੋ ਜਾਣਾ। ਜਦੋਂ ਜ਼ਿੰਦਗੀ ਅਤਿ ਕੌੜੀ ਹੋ ਜਾਵੇ, ਮੌਤ ਮਿੱਠੀ ਲੱਗਣ ਲੱਗਦੀ ਹੈ। ਆਤਮਘਾਤ ਦੀ ਮਾਨਸਿਕਤਾ ਅਤੇ ਅਪਨਾਏ ਜਾਂਦੇ ਤੌਰ-ਤਰੀਕਿਆਂ ਦੇ ਸਰਵੇਖਣ ਇਹ ਵੀ ਦੱਸਦੇ ਹਨ ਕਿ ਔਰਤਾਂ ਵਿਚ ਆਤਮ-ਹੱਤਿਆ ਕਰਨ ਲਈ ਸਤ-ਮਰਨ ਦਾ ਤਰੀਕਾ ਸਭ ਤੋਂ ਵੱਧ ਅਖਤਿਆਰ ਕੀਤਾ ਜਾਂਦਾ ਹੈ, ਹਾਲਾਂਕਿ ਇਹ ਤਰੀਕਾ ਬਹੁਤ ਦੁਖਦਾਈ ਹੈ, ਪਰ ਔਰਤ ਦਾ ਅਗਨੀ ਨਾਲ ਬਹੁਤ ਗਹਿਰਾ ਸਬੰਧ ਹੈ। ਇਹ ਤਰੀਕਾ ਅਪਨਾਉਣ ਲਈ ਕਿਤੇ ਜਾਣਾ ਵੀ ਨਹੀਂ ਪੈਂਦਾ ਅਤੇ ਲੋੜੀਂਦਾ ਸਮਾਨ ਵੀ ਸਹਿਜੇ ਹੀ ਉਸ ਦੀ ਪਹੁੰਚ ਵਿਚ ਹੁੰਦਾ ਹੈ।

ਵਿਚਾਰ ਅਧੀਨ ਲੋਕ-ਗੀਤ ਵਿਚ ਬਾਲੜੀ ਦਾ ਜ਼ਿੰਦਗੀ ਤੋਂ ਏਨਾ ਉਚਾਟ ਹੋਣਾ ਗਹਿਰੀ ਚਿੰਤਾ ਦਾ ਕਾਰਨ ਹੈ। ਇਹ ਗੀਤ ਉਸ ਨੇ ਖੁਦ ਨਹੀਂ ਘੜਿਆ ਲਗਦਾ, ਉਸ ਦੀ ਹੋਣੀ ਨੇ ਉਸਾਰਿਆ ਹੈ। ਇਹ ਉਸ ਦੀ ਚਾਹਨਾ ਨਹੀਂ, ਉਸ ਦੀ ਮਜਬੂਰੀ ਹੈ। ਇਹ ਖਾਹਿਸ਼ ਨਹੀਂ, ਸੁਣਾਈ ਗਈ ਸਜ਼ਾ ਹੈ। ਇਹ ਸਮਝ ਲੈਣਾ ਵੀ ਜ਼ਰੂਰੀ ਹੈ ਕਿ ਸਤੀ ਹੋਣ ਦੀ ਖਾਹਿਸ਼ ਹਮੇਸ਼ਾ ਮਨ ਮਸਤਕ ਦੀ ਖਾਹਿਸ਼ ਹੀ ਨਹੀਂ ਹੁੰਦੀ, ਸਮਾਜ ਦੀ ਸੋਚੀ ਸਮਝੀ ਸਜ਼ਾ ਵੀ ਹੁੰਦੀ ਹੈ। ਇਸ ਥਾਲ ਵਿਚ ਬਾਲੜੀ ਦਾ ਜਾਹਰ ਹੋ ਰਿਹਾ ਮਨੋ-ਭਾਵ ਸਮਾਜ ਲਈ ਬੜਾ ਲਾਹਨਤ-ਮਈ ਹੈ। ਕਿਸੇ ਕਲੀ ਦਾ ਖਿੜਨ ਤੋਂ ਪਹਿਲਾਂ ਹੀ ਮਰਨਾ-ਮੁਰਝਾਉਣਾ ਚਾਹੁਣਾ, ਬੜਾ ਪੀੜ-ਭਰਿਆ ਹੈ। ਉਹ ਮੌਤ ਦਾ ਮੰਜ਼ਰ ਇੰਜ ਸਿਰਜਦੀ ਹੈ, ਜਿਵੇਂ ਸਤੀ ਹੋਣ ਜਾ ਰਹੀ ਹੋਵੇ। ਜਿਵੇਂ ਕੋਈ ਸੀਤਾ ਅਡੋਲ-ਚਿੱਤ ਅਗਨੀ-ਪ੍ਰੀਖਿਆ ਲਈ ਉਡੀਕਵਾਨ ਹੋਵੇ। ਜਿਵੇਂ ਕੋਈ ਅਹਿਲਿਆ ਅੱਗ ਦੀਆਂ ਲਪਟਾਂ ਤੋਂ ਬੇ-ਪਰਵਾਹ ਹੋਵੇ। ਜਿਵੇਂ ਕੋਈ ਸੁਕਰਾਤ ਜ਼ਹਿਰ-ਪਿਆਲੇ ਨੂੰ ਆਰਾਮ ਨਾਲ ਬੁੱਲੀਂ ਲਾ ਡੀਕ ਲਵੇ। ਜਿਵੇਂ ਕੋਈ ਮਹਾਨ ਆਤਮਾ ਕੁਰਬਾਨ ਹੋ ਜਾਣ ਵੇਲੇ ਕੋਈ ਗਿਲਾ ਗੁਜ਼ਾਰੀ ਨਾ ਕਰੇ, ਕੋਈ ਗਿਲਾ ਸ਼ਿਕਵਾ ਨਾ ਕਰੇ, ਉਜ਼ਰ ਨਾ ਕਰੇ। ਉਹ ਤਾਂ ਸਗੋਂ ਸਭ ਨੂੰ ਪ੍ਰੇਸ਼ਾਨ-ਪਸ਼ੇਮਾਨ ਕਰਦਿਆਂ ਕਿਸੇ ਪਹੁੰਚੇ ਹੋਏ ਵਿਅਕਤੀ ਵਾਂਗ ਅੱਗ ਦੇ ਸਮੁੰਦਰ ਵਿਚ ਸਹਿਜ-ਕਦਮੀਂ ਅਲਿਪਤ ਹੋਣ ਦੀ ਤਿਆਰੀ ਵਿਚ ਹੈ।


ਇਸ ਲੋਕ-ਗੀਤ ਦੀ ਨਾਇਕਾ ਕਿਸੇ ਸੀਤਾ ਮਹਾਨ ਨਾਲੋਂ ਘੱਟ ਨਹੀਂ। ਉਸ ਨੂੰ ਆਪਣੇ ਸੜਨ-ਮਰਨ ਦੀ ਪ੍ਰਤੀਕ੍ਰਿਆ ਦਾ ਕੋਈ ਦੁੱਖ ਨਹੀਂ। ਬਲਦੀ ਚਿਖਾ ਵਿਚ ਕਦਮ ਰੱਖਣ ਤੋਂ ਪਹਿਲਾਂ ਉਹ ਆਪਣੇ ਨੇੜਲਿਆਂ ਅਤੇ ਸਕੇ-ਸਬੰਧੀਆਂ ਨੂੰ ਬੜੇ ਸ਼ਾਂਤ-ਚਿੱਤ ਤੇ ਸਹਿਜ-ਭਾ ਸਲਾਮ ਕਹਿੰਦੀ ਹੈ, ਵਿਛੋੜੇ ਦੇ ਕੀਰਨੇ ਨਹੀਂ ਪਾਉਂਦੀ। ਉਹ ਮੋਹ ਦੀਆਂ ਤੰਦਾਂ ਤੋੜ ਚੁਕੀ ਹੈ। ਉਹਦੇ ਆਪਣਿਆਂ ਵਿਚ ਮਾਂ-ਬਾਪ, ਭਰਾ-ਭਰਜਾਈ, ਖੂਹ ਦੀਆਂ ਟਿੰਡਾਂ, ਵੀਰੇ ਦੇ ਪਿੰਡ, ਤੁਰਦੀ ਜਾਂਦੀ ਕੀੜੀ, ਭਾਬੋ ਦੀ ਪੀੜ੍ਹੀ, ਵੀਰੇ ਦੀ ਪੱਗ ਅਤੇ ਬਲਦੀ ਅੱਗ ਸ਼ਾਮਲ ਹਨ।

‘ਥਾਲ’ ਦੀ ਭਾਸ਼ਾ ਵਿਚ ਵਰਤੇ ਗਏ ਲਫਜ਼ ਮਾਂ-ਰਾਣੀ, ਬਾਬਲ-ਰਾਜਾ, ਭਾਬੋ ਦੀ ਪੀੜ੍ਹੀ, ਵੀਰ ਦੀ ਪੱਗ-ਸੁਹਾਗ ਅਤੇ ਘੋੜੀਆਂ ਵਾਲੇ ਹਨ। ਜਿਵੇਂ ਕੋਈ ਲਾੜੀ ਮੌਤ ਨੂੰ ਵਰ-ਪ੍ਰਾਪਤਾ ਹੋ ਰਹੀ ਹੋਵੇ। ਇੰਜ ਵੀ ਮਹਿਸੂਸ ਹੁੰਦਾ ਹੈ ਜਿਵੇਂ ਗੀਤ ਦੀ ਨਾਇਕਾ ਮੁਸਲਮਾਨ ਪਰਿਵਾਰ ਵਿਚੋਂ ਹੋਵੇ। ਸ਼ਬਦ ‘ਸਲਾਮ’ ਤੋਂ ਬਿਨਾ ‘ਸੱਜੇ ਬੈਠਤਿਓ ਸਲਾਮ, ਖੱਬੇ ਬੈਠਤਿਓ ਸਲਾਮ’ ਵੀ ਅਜਿਹੇ ਇਸ਼ਾਰੇ ਹਨ। ਨਮਾਜ਼ ਪੜ੍ਹਨ ਉਪਰੰਤ ਧਾਰਮਕ ਅਦਾ ਵਿਚ ਸੱਜੇ-ਖੱਬੇ ਵੇਖਿਆ ਜਾਂਦਾ ਹੈ, ਜਿਸ ਦਾ ਅਰਥ ਹੈ ਕਿ ਖੁਦਾਵੰਦ ਸੱਜੇ-ਖੱਬੇ ਬੈਠਿਆਂ ਲਈ ਮਿਹਰਵਾਨ ਹੋਵੇ। ਥਾਲ ਦਾ ਵਿਸ਼ਲੇਸ਼ਣ ਕਰਦਿਆਂ ਇਹ ਜਾਣ ਸਕਣਾ ਤਾਂ ਔਖਾ ਹੈ ਕਿ ਇਸ ਦਾ ਰਚਨਾ-ਕਾਲ ਕੀ ਹੋਵੇਗਾ, ਪਰ ਇਹ ‘ਥਾਲ’ ਸਭ ਸਮਿਆਂ ਦੀ ਅਬਲਾ-ਦਾਸਤਾਨ ਹੈ।

## ਕਹਾਣੀ

# ਪਹਿਲੀ ਰੋਟੀ

***ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਵਸਦੇ ਨੌਜਵਾਨ ਲਿਖਾਰੀ ਅਲੀ ਉਸਮਾਨ ਬਾਜਵਾ ਦੀ ਕਹਾਣੀ 'ਪਹਿਲੀ ਰੋਟੀ' ਔਰਤ ਮਨ ਦੇ ਉਡਾਣ ਦੀ ਕਹਾਣੀ ਹੈ। ਕੁਤਰੇ ਖੰਭਾਂ ਨਾਲ ਭਰੀ ਜਾ ਰਹੀ ਇਸ ਉਡਾਣ ਦੀ ਗੱਲ ਕਰਦਿਆਂ ਉਸ ਨੇ ਸਮਾਜ ਦੇ ਖੋਖਲੇਪਣ ਨੂੰ ਰੱਜ ਕੇ ਦਬੱਲਿਆ ਹੈ ਅਤੇ ਇਸ ਦੇ ਦੋਗਲੇਪਣ 'ਤੇ ਖੂਬ ਚੋਟ ਲਾਈ ਹੈ। -ਸੰਪਾਦਕ***



**ਅਲੀ ਉਸਮਾਨ ਬਾਜਵਾ**
ਫੋਨ: +92-33480-05812

"ਅੰਮਾ ਪਹਿਲੀ ਰੋਟੀ ਮੇਰੀ।" ਉਹਨੇ ਤਰਲਾ ਜਿਹਾ ਕਰਦਿਆਂ ਚੰਗੇਰ ਵੱਲ ਹੱਥ ਵਧਾ ਦਿੱਤਾ।

"ਨੀ ਨਾ ਰਹਿਣਿਏਂ ਹਟ ਪਿਛਾਂਹ।" ਮਾਂ ਨੇ ਤੱਤਾ ਚਿਮਟਾ ਪੁੱਠੇ ਹੱਥੀਂ ਮਾਰ ਦਿੱਤਾ ਤੇ ਉਹ 'ਸੀ' ਕਰ ਕੇ ਰਹਿ ਗਈ। ਸੱਜੇ ਹੱਥ ਨੂੰ ਖੱਬੇ ਹੱਥ 'ਚ ਫੜੀ ਉਹ ਮਾਂ ਵੱਲ ਬਿਟ-ਬਿਟ ਤੱਕੀ ਜਾਂਦੀ ਸੀ।

"ਕੀ ਘੂਰੀਆਂ ਵੱਟਨੀ ਏਂ ਪਈ, ਅੱਖਾਂ ਨੀਵੀਆਂ ਰੱਖ, ਦਮ ਪੀ ਛੱਡੂੰਗੀ...ਨਾ ਹਯਾ ਨਾ ਸ਼ਰਮ।" ਮਾਂ ਨੇ ਫੂਕਣੀ ਪਾਥੀ 'ਤੇ ਮਾਰ ਕੇ ਦੋ ਟੋਟੇ ਕੀਤੀ ਤੇ ਇਕ ਟੋਟਾ ਚਿਮਟੇ ਨਾਲ ਚੱਕ ਕੇ ਚੁੱਲ੍ਹੇ 'ਚ ਰੱਖਿਆ। ਮਾਂ ਦੀ ਹਯਾਤੀ ਫੂਕਣੀ ਵਰਗੀ ਸੀ। ਸਾਰੇ ਟੱਬਰ ਦੇ ਢਿੱਡ ਦੀ ਅੱਗ ਬੁਝਾਵਣ ਲਈ ਰੋਜ਼ ਅੱਗ ਬਾਲਦੀ, ਤੇ ਇਨ੍ਹਾਂ ਫੂਕਾਂ ਵਿਚ ਈ ਉਸ ਜ਼ਿੰਦਗੀ ਫੂਕ ਦਿੱਤੀ ਸੀ, ਫੂਕਣੀ ਵਰਗੀ ਅੰਦਰੋਂ ਖਾਲੀ। ਜੀਹਦਾ ਕੰਮ ਸਿਰਫ ਅੱਗ ਬਾਲਣਾ ਸੀ ਪਰ ਇਹ ਫੂਕਣੀ ਬਲਦੀ ਅੱਗ ਨੂੰ ਫੂਕਾਂ ਮਾਰ-ਮਾਰ ਕੇ ਵੀ ਨਾ ਬੁਝਾ ਸਕਦੀ ਸੀ। ਕਾਲਾ ਧੂੰਆਂ ਮਾਂ ਦੀਆਂ ਅੱਖਾਂ ਵਿਚ ਹਮੇਸ਼ ਲਈ ਵਸ ਗਿਆ ਸੀ। ਉਹ ਦੁਪੱਟੇ ਨਾਲ ਵਾਰ-ਵਾਰ ਵਗਦਾ ਪਾਣੀ ਪੂੰਝਦੀ ਤੇ ਰੋਟੀਆਂ ਛੱਡੀ ਜਾਂਦੀ। ਕਦੀ ਰੋਟੀ ਬਹੁਤੀ ਫੁੱਲ ਕੇ ਢੋਲ ਬਣ ਜਾਂਦੀ ਤਾਂ ਮਾਂ ਹੱਸਦੀ ਤੇ ਆਖਦੀ, "ਇੰਜ ਦੀ ਰੋਟੀ ਕੋਈ ਪਕਾ ਸਕਦਾ ਏ?" ਕੰਮਾਂ ਵਿਚ ਇੰਜ ਦੇ ਹਾਸੇ ਹੱਸਦਿਆਂ ਉਹਦੇ ਗੋਡੇ ਜੁੜਨ ਲੱਗ ਪਏ ਸਨ। ਜੋੜਾਂ ਦੀ ਪੀੜ ਤੇ ਵੰਨ-ਸੁਵੰਨੀਆਂ ਬਿਮਾਰੀਆਂ।

"ਤੈਨੂੰ ਕਈ ਵਾਰੀ ਆਖਾਂ ਕਿ ਪਹਿਲੀ ਰੋਟੀ ਵੀਰ ਈ ਏ। ਉਹਨੇ ਪੜ੍ਹਨ ਜਾਣਾ ਏ, ਦੇਰ ਹੋਂਦੀ ਸੂ ਪਈ।" ਮਾਂ ਨੇ ਜਦ ਵੇਖਿਆ ਕਿ ਧੀ ਟਲਦੀ ਨਹੀਂ ਪਈ ਤੇ ਇਕ ਟੁੱਕ ਹੋ ਕੇ ਬੈਠ ਰਹੀ ਏ ਤੇ ਪਹਿਲੀ ਰੋਟੀ ਦਾ ਫੈਸਲਾ ਹਰ ਵਾਰ ਦੀ ਤਰ੍ਹਾਂ ਸੁਣਾਇਆ।

"ਮੈਂ ਵੀ ਸਕੂਲੇ ਜਾਵਣਾ ਏ...ਵੀਰ ਤੇ ਕਾਲਜ ਜਾਂਦਾ ਏ। ਮੈਥੋਂ ਬਾਅਦ ਉਹਦਾ ਕਾਲਜ ਲਗਦਾ ਏ। ਨਾਲੇ ਹਲੇ ਤੇ ਉਹ ਉਠਿਆ ਏ, ਤਿਆਰ ਹੋਏਗਾ ਤੇ ਖਾਏਗਾ ਨਾ ਰੋਟੀ!" ਉਹਨੇ ਨਾਸਾਂ ਫੁਲਾਂਦਿਆਂ ਮਾਂ ਨੂੰ ਸੁਣਾਈਆਂ ਸ਼ੁਰੂ ਕਰ ਦਿੱਤੀਆਂ।

ਮਾਂ ਨੇ ਕੰਡਿਆਂ ਵਾਲੀਆਂ ਟੀਂਗਰਾਂ ਹੱਥ ਨਾਲ ਭੰਨ-ਭੰਨ ਚੁਲ੍ਹੇ ਵਿਚ ਡਾਹੁਣੀਆਂ ਸ਼ੁਰੂ ਕਰ ਦਿੱਤੀਆਂ। ਧੀ ਉਠੀ ਤੇ ਬੂਟ ਜੁਰਾਬਾਂ ਪਾਵਣ ਲੱਗੀ।

"ਨੀ ਹੱਡ ਹਰਾਮੇ ਇੱਧਰ ਆ, ਖਾਹ ਮਰ ਲੈ ਰੋਟੀ। ਭੁੱਖੀ ਨਾ ਜਾਈਂ, ਚੀਰ ਛੱਡੂੰਗੀ।"

ਪਰ ਉਹ ਬੂਥਾ ਸੁਜਾਈ ਬੂਟ ਪਾਂਦੀ ਰਹੀ। ਬਸਤਾ ਚੁੱਕਿਆ ਤੇ ਬੂਹੇ ਵੱਲ ਟੁਰ ਪਈ।

ਮਾਂ ਉਠ ਕੇ ਭੱਜੀ, "ਨੀ ਖਲੋ ਜਾ। ਨੀ ਕਿਥੋਂ ਹੋ ਪਈ ਏਂ ਮੇਰੇ ਘਰ, ਖਰਚਾ ਤੇ ਲੈ ਜਾਹ।"

ਮਾਂ ਮੁੱਠ ਵਿਚ ਨੋਟ ਘੁੱਟ ਕੇ ਬੂਹੇ ਵਿਚੋਂ ਬਾਹਰ ਟਾਹਰਾਂ ਮਾਰਦੀ ਰਹਿ ਗਈ ਪਰ ਉਹ ਗਲੀ ਵਿਚ ਨੱਸ ਗਈ। ਮਾਂ ਬੁਲ੍ਹ ਚਿੱਥ ਕੇ ਰਹਿ ਗਈ। ਘਰੋਂ ਨਿਕਲ ਕੇ ਚਾਚੇ ਲੰਡੇ ਦੀ ਦੁਕਾਨ ਕੋਲੋਂ ਲੰਘਦਿਆਂ ਹਮੇਸ਼ਾ ਉਹਨੂੰ ਸੋਤ ਪੈਂਦੀ। ਉਹਨੇ ਚੁੰਨੀ ਸਿੱਧੀ ਕੀਤੀ ਤੇ ਕਾਹਲੀ-ਕਾਹਲੀ ਪੈਰ ਪੁੱਟਣ ਲੱਗੀ। ਚਾਚੇ ਲੰਡੇ ਦੇ ਕੰਨਾਂ ਲਾਗੇ ਵਾਲ ਚਿੱਟੇ ਹੋ ਗਏ ਸਨ ਤੇ ਉਹਦੀ ਇਕ ਸੁੱਤੀ ਲੱਤ ਤਹਿਮਤ 'ਚੋਂ ਲਮਕਦੀ ਰਹਿੰਦੀ। ਚਾਲ੍ਹੀਆਂ ਵਰ੍ਹਿਆਂ ਪਿਛੋਂ ਵੀ ਛੜਾ ਈ ਸੀ। ਚਾਚੇ ਲੰਡੇ ਘੁੱਟ ਕੇ ਉਹਦੇ ਵੱਲ ਤੱਕਿਆ ਤੇ ਹੋਰ ਤੇਜ਼ ਹੋ ਗਈ।

ਵੱਡੀ ਸੜਕ ਕੋਲ ਅੱਪੜ ਕੇ ਰਿਕਸ਼ਾ ਉਡੀਕਣ ਲੱਗੀ। ਸਕੂਲ ਜਾਣ ਵਾਲੇ ਮੁੰਡੇ ਉਹਦੇ ਕੋਲੋਂ ਲੰਘਦੇ, ਫਿਲਮੀ ਗਾਣੇ ਉਚੀ-ਉਚੀ ਗਾਂਦੇ ਤੇ ਇਕ-ਦੂਜੇ ਦੇ ਹੱਥਾਂ 'ਤੇ ਹੱਥ ਮਾਰਦੇ। ਉਹ ਧਰਤੀ ਵੱਲ ਵੇਖੀ ਜਾਂਦੀ। ਉਹਦਾ ਦਿਲ ਕਰਦਾ ਕਿ ਕੋਈ ਓਹਲਾ ਬਣ ਜਾਵੇ ਤੇ ਉਹ ਉਹਦੇ ਵਿਚ ਲੁਕ ਜਾਵੇ, ਜਾਂ ਇਨ੍ਹਾਂ ਸਾਰਿਆਂ ਨੂੰ ਵਾਰੋ-ਵਾਰ ਫੜ ਕੇ ਕੁਟਾਪਾ ਚਾੜ੍ਹੇ ਪਰ ਇਹ ਰੋਜ਼-ਦਿਹਾੜੇ ਦਾ ਕੰਮ ਸੀ। ਰਿਕਸ਼ੇ ਵਾਲੇ ਨੇ ਲਾਗੇ ਆ ਕੇ ਬਰੇਕ ਮਾਰੀ ਤੇ ਉਹ ਆਪਣੀਆਂ ਹਾਣਨਾਂ ਨਾਲ ਆ ਬੈਠੀ। ਰਿਕਸ਼ੇ ਵਾਲਾ ਕਾਲਾ ਤੇ ਸੁੱਕਾ ਜਿਹਾ ਮੁੰਡਾ ਸੀ ਪਰ ਖੌਰੇ ਉਹਨੂੰ ਕੋਈ ਭੁਲੇਖਾ ਸੀ, ਧੁੰਨੀ ਤਕ ਖਿੱਚ ਕੇ ਜੀਨ ਦੀ ਪੈਂਟ ਬੰਨ੍ਹਦਾ, ਅੱਧੀਆਂ ਬਾਹਵਾਂ ਵਾਲੀ ਬੁਸ਼ਰਟ ਪਾਂਦਾ ਤੇ ਬਾਹਵਾਂ ਨੂੰ ਹੋਰ ਟੰਗ ਲੈਂਦਾ, ਜੀਹਦੇ ਨਾਲ ਉਹਦੀਆਂ ਸਾਰੀਆਂ ਸੁੱਕੀਆਂ ਬਾਹਵਾਂ ਦਿਸਣ ਲੱਗ ਪੈਂਦੀਆਂ। ਕਾਲਰਾਂ ਨੂੰ ਚੁੱਕ ਕੇ ਰਖਦਾ ਤੇ ਰਿਕਸ਼ਾ ਚਲਾਂਦਿਆਂ ਸਾਹਮਣੇ ਘੱਟ ਤੇ ਰਿਕਸ਼ੇ ਦੇ ਸ਼ੀਸ਼ੇ ਰਾਹੀਂ ਪਿਛਲੀਆਂ ਸਵਾਰੀਆਂ ਨੂੰ ਬਹੁਤਾ ਵੇਖਦਾ। ਰਿਕਸ਼ੇ ਵਿਚ ਡੈਕ ਲੁਆ ਰਖਿਆ ਸੂ, ਜੀਹਦੇ ਉਤੇ ਇਕੋ ਜਿਹੇ ਗੀਤ ਵੱਜਦੇ ਰਹਿੰਦੇ। ਰਿਕਸ਼ੇ ਤੋਂ ਉਤਰ ਕੇ ਸਕੂਲੇ ਵੜਦੀ ਤੇ ਉਸਤਾਨੀਆਂ ਦੇ ਡੰਡਿਆਂ ਤੋਂ ਵਾਰੇ-ਵਾਰ ਬਚਦੀ ਘੜੀਆਂ ਲੰਘਾਉਂਦੀ। ਸਕੂਲ ਦੀ ਕੰਟੀਨ ਦਾ ਲਾਲਾ ਬੜਾ ਚੰਗਾ ਸੀ। ਸਾਰੀਆਂ ਕੁੜੀਆਂ ਉਹਨੂੰ ਲਾਲਾ ਕਹਿੰਦੀਆਂ। ਲਾਲਾ ਪਕੌੜੇ ਦਈਂ, ਲਾਲਾ ਨਾਨ ਟਿੱਕੀ ਦਈਂ, ਲਾਲਾ ਖੱਟੀ ਇਮਲੀ, ਲਾਲਾ ਪਾਪੜ... ਦਾ ਰੌਲਾ ਪਾਂਦੀਆਂ ਰਹਿੰਦੀਆਂ। ਉਹ ਹਰ ਕੁੜੀ ਨੂੰ ਸ਼ਫਾਕਤ ਨਾਲ 'ਅੱਛਾ ਧੀਏ ਦੇਨਾ ਵਾਂ' ਆਖਦਾ। ਅੱਜ ਫੇਰ ਉਹਨੇ ਸਹੇਲੀ ਕੋਲੋਂ ਨਾਨ ਟਿੱਕੀ ਮੰਗ ਕੇ ਖਾਧੀ। ਸਵੇਰ ਵਾਲੀ ਗੱਲ ਉਹ ਕਦੋਂ ਦੀ ਭੁੱਲ-ਭੁਲਾ ਗਈ ਸੀ। ਉਹ ਆਪਣੀ ਮਾਂ ਵਰਗੀ ਨਹੀਂ ਸੀ ਬਣਨਾ ਚਾਹੁੰਦੀ, ਫੇਰ ਵੀ ਮਾਂ ਦਾ ਟਾਵਾਂ-ਟਾਵਾਂ ਅਸਰ ਜਾਪਦਾ ਸੀ।

ਉਹਦੀ ਮਾਂ ਵੀ ਜਦੋਂ ਏਸ ਘਰ ਵਿਚ ਆਈ ਸੀ ਤੇ ਆਪਣੀ ਮਾਂ ਵਰਗੀ ਨਹੀਂ ਸੀ ਬਣਨਾ ਚਾਹੁੰਦੀ। ਮਾਪਿਆਂ ਫੁੱਫੀ ਵੱਲ ਵਿਆਹ ਛੱਡੀ। ਸਾਬਰ ਹੋ ਕੇ ਏਸ ਘਰ ਆ ਵੜੀ। ਸੱਸ ਨਣਾਨਾਂ ਦਾ ਪਤਾ ਲੱਗਾ। ਬਹੁਕਰ, ਪੋਚਾ ਤੇ ਅੰਨ ਪਾਣੀ ਦਾ ਕੰਮ ਉਹਦੀ ਮਾਂ ਨੇ ਸਿਖਾਇਆ ਸੀ ਪਰ ਉਹਦੀ ਮਾਂ ਨੇ ਧੀ ਦੀ ਕਦੇ ਚੁਗਲੀ ਨਾ ਖਾਧੀ। ਸਵੇਰੇ ਮੂੰਹ ਚੁੰਮ ਕੇ ਉਠਾਂਦੀ। ਝਿੜਕਦੀ ਵੀ ਤੇ ਲਾਡ ਵੀ ਬੜਾ ਕਰਦੀ। ਸਾਲਣ ਦੀ ਲੂਣ ਮਿਰਚ ਦਾ ਘਾਟਾ ਵਾਧਾ ਤੇ ਰੋਟੀ ਨੂੰ ਢੋਲ ਬਣਾ ਕੇ ਖੁਸ਼ ਹੋਣਾ ਉਹਨੇ ਆਪਣੀ ਮਾਂ ਕੋਲੋਂ ਸਿਖਿਆ ਸੀ। ਆਪਣੀ ਦਾਦੀ ਤੇ ਪਿਉ ਦੇ ਵਰਤਾਓ ਨੂੰ ਵੀ ਵੇਖ ਕੇ ਏਸ ਘਰ ਆਈ ਸੀ। ਏਥੇ ਪਹਿਲੇ-ਪਹਿਲੇ ਦਿਨ ਕੁਝ ਸਕੂਨ ਦੇ ਸਨ। ਉਹਨੂੰ ਚਲਾਕੀਆਂ ਦਾ ਪਤਾ ਈ ਨਹੀਂ ਸੀ ਕਿ ਘਰ ਵਿਚ ਖਾਣ ਪੀਣ ਤੋਂ ਲੈ ਕੇ ਵਰਤਣ ਤਕ ਹਰ ਸ਼ੈਅ ਵਿਚੋਂ ਸੱਸ ਤੇ ਨਣਾਨਾਂ ਦੀ ਭੰਡੀ ਮਾਰਦੀਆਂ ਨੇ। ਉਹਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਇਕ ਘਰ ਵਿਚ ਰਹਿਣ ਵਾਲੇ ਇਕ-ਦੂਜੇ ਕੋਲੋਂ ਲੁਕ ਕੇ ਖਾ ਸਕਦੇ ਨੇ। ਸੱਸ ਨੂੰ ਕੱਚੇ ਆਂਡੇ ਪੀਂਦਿਆਂ ਤੇ ਨਣਾਨਾਂ ਨੂੰ ਛੱਤੀ ਤੋਂ ਪੈਸੇ ਲਾਂਹਦਿਆਂ ਉਹਨੇ ਵੇਖਿਆ ਪਰ ਚੁੱਪ ਕੀਤੀ ਰਹੀ।

'ਚਲੋ ਜੋ ਰੱਬ ਨੂੰ ਮਨਜ਼ੂਰ।'

ਠੰਢਾ ਹਉਕਾ ਲੈ ਕੇ ਆਲੂ ਚੀਰਦੀ ਰਹਿੰਦੀ। ਛੁਰੀ ਦੇ ਫੱਛ ਤੇ ਲੂਣ ਲੱਡਣ ਦਾ ਸਵਾਦ ਲੈਂਦੀ ਤੇ ਆਪਣੇ ਬਾਲਾਂ ਦਾ ਗੂੰਹ-ਮੂਤਰ ਧੋਂਦੀ ਰਹਿੰਦੀ। ਹੁਣ ਉਹਦੀ ਆਪਣੀ ਧੀ ਜਵਾਨ ਹੋ ਗਈ ਸੀ ਪਰ ਹੁਣ ਤੇ ਖੌਰੇ ਜ਼ਮਾਨਾ ਬਦਲ ਗਿਆ ਸੀ। ਧੀ ਕੋਲ ਤੇ ਏਨਾ ਟੈਮ ਈ ਨਹੀਂ ਸੀ ਕਿ ਮਾਂ ਕੋਲੋਂ ਬੁਵੇ ਤੇ ਰੋਟੀ ਦਾ ਢੋਲ ਬਣਾਉਣਾ ਸਿੱਖੇ, ਵਲਾਂ ਵਾਲਾ ਪਰੌਂਠਾ ਤੇ ਕੀਮੇ ਵਾਲੇ ਕਰੇਲੇ ਪਕਾਣਾ ਸਿੱਖੇ। ਹੁਣ ਤੇ ਬੱਸ ਪੜ੍ਹਾਈਆਂ ਸਨ ਤੇ ਨਵੇਂ ਬਖੇੜੇ ਸਨ। ਮਾਂ ਨੂੰ ਪਤਾ ਸੀ ਕਿ ਹੁਣ ਵਿਆਹ ਵਾਸਤੇ ਵੀ ਡਿਗਰੀ ਚਾਹੀਦੀ ਏ। ਮੁੰਡਿਆਂ ਨਾਲੋਂ ਵੀ ਬਹੁਤੀ ਕੁੜੀਆਂ ਨੂੰ। ਉਹਦੇ ਜ਼ਮਾਨੇ ਤੇ ਚੰਗੇ ਸਨ ਪਰ ਹੁਣ ਧੀ ਨੂੰ ਟੋਰਨ ਲਈ ਸੋਨੇ ਦੇ ਜ਼ੇਵਰ ਦੇ ਨਾਲ ਤਾਲੀਮ ਦਾ ਜ਼ੇਵਰ ਵੀ ਦੇਣਾ ਪੈਂਦਾ।

ਧੀ ਸਕੂਲੋਂ ਮੁੜ ਆਈ। ਸਲਾਮ ਕੀਤਾ ਤੇ ਮਾਂ ਨੇ ਕੱਚੀ ਲੱਸੀ ਦਾ ਛੰਨਾ ਹੱਥ 'ਚ ਫੜਾਇਆ। ਲੱਸੀ ਪੀ ਕੇ ਉਸ ਵਰਦੀ ਬਦਲੀ ਤੇ ਮਾਂ ਨਾਲ ਝਲਾਨੀ ਵਿਚ ਬੈਠ ਕੇ ਪੂਦਨੇ ਤੇ ਅਨਾਰਦਾਣੇ ਵਾਲੀ ਚਟਣੀ ਨਾਲ ਚੋਪੜੀਆਂ ਰੋਟੀਆਂ ਖਾਂਦੀ, ਸਕੂਲ ਦੀਆਂ ਗੱਲਾਂ ਸੁਣਾਂਦੀ ਰਹੀ ਪਰ ਉਸ ਕਦੇ ਨਾ ਦੱਸਿਆ ਕਿ ਚਾਚਾ ਲੰਡਾ, ਸਕੂਲੀ ਮੁੰਡੇ ਤੇ ਰਿਕਸ਼ੇ ਆਲਾ ਉਹਨੂੰ ਕਿੰਜ ਵੇਖਦਾ ਏ ਪਰ ਮਾਂ ਉਹਨੂੰ ਹਮੇਸ਼ਾ ਇਕ ਗੱਲ ਸਮਝਾਂਦੀ, "ਧੀਏ! ਘਰ ਦੀ ਇੱਜ਼ਤ ਤੇਰੇ ਹੱਥ ਏ। ਨਜ਼ਰਾਂ ਨੀਵੀਆਂ ਰੱਖਿਆ ਕਰ, ਤਾਂ ਕਿ ਤੇਰੇ ਪਿਉ ਦੀ ਪੱਗ ਉਚੀ ਰਵ੍ਹੇ। ਕੋਈ ਬੁਰੀ ਨਜ਼ਰ ਨਾਲ ਨਾ ਵੇਖੇ, ਤੇ ਦਰਦ ਸ਼ਰੀਫ ਦਾ ਵਿਰਦ ਕਰਿਆ ਕਰ। ਆਪਣੀ ਇੱਜ਼ਤ ਆਪਣੇ ਹੱਥੀਂ ਹੋਂਦੀ ਏ।"

ਉਹ ਬਗੈਰ ਕੁਝ ਆਖੇ ਸੁਣਦੀ ਤੇ ਆਪਣੇ ਕੰਮਾਂ ਵਿਚ ਰੁੱਝੀ ਰਹਿੰਦੀ।

"ਅਹਿ ਲੈ ਫੜ, ਵੀਰ ਆਇਆ ਈ। ਉਹਨੂੰ ਪਹਿਲੇ ਰੋਟੀ ਫੜਾ ਆ। ਬਾਕੀ ਆ ਕੇ ਖਾ ਲਈਂ।" ਮਾਂ ਪੁੱਤਰ ਨੂੰ ਮੋਟਰਸਾਇਕਲ ਅੰਦਰ ਵਾੜਦਿਆਂ ਵੇਖਦੀ ਤੇ ਆਖਦੀ।

"ਅੰਮੀ ਮੇਰੀ ਰੋਟੀ ਠੰਢੀ ਹੋ ਜਾਂਦੀ ਏ। ਮੈਨੂੰ ਸਕੂਨ ਨਾਲ ਰੋਟੀ ਤੇ ਖਾਵਣ ਦਿਆ ਕਰੋ।"

"ਧੀਏ! ਸਿਆਣੇ ਕਹਿੰਦੇ ਨੇ ਕਿ ਧੀ ਨੂੰ ਰੋਟੀ ਖਾਂਦਿਆਂ ਸੱਤ ਵਾਰੀ ਉਠਾਈਦਾ ਏ। ਉਸ ਅਗਲੇ ਘਰ ਜਾ ਕੇ ਏਹੋ ਕੁਝ ਕਰਨਾ ਹੋਂਦਾ ਏ।"

"ਇਕ ਤੇ ਮੈਂ ਇਨ੍ਹਾਂ ਸਿਆਣਿਆਂ ਤੋਂ ਬਹੁਤ ਤੰਗ ਆਂ। ਕੌਣ ਨੇ ਇਹ ਸਿਆਣੇ? ਮੇਰੇ ਸਾਹਮਣੇ ਕਰੋ। ਉਨ੍ਹਾਂ ਨੂੰ ਰੋਟੀ ਖਾਂਦਿਆਂ ਉਠਾਇਆ ਜਾਏ



ਤੇ ਉਨ੍ਹਾਂ ਨੂੰ ਪਤਾ ਲੱਗੇ, ਪੀੜ ਕੀ ਹੋਂਦੀ ਏ, ਵੱਡੇ ਸਿਆਣੇ! ਇਨ੍ਹਾਂ ਸਿਆਣਿਆਂ ਕੋਲੋਂ ਨਾ ਤੇ ਕਦੇ ਰਿਆਜ਼ੀ ਦੇ ਸਵਾਲ ਹੱਲ ਹੋ ਸਕਣੇ ਸਨ ਤੇ ਨਾ ਅੰਗਰੇਜ਼ੀ ਦਾ ਮਜ਼ਮੂਨ ਯਾਦ ਹੋ ਸਕਣਾ ਸੀ...।"

ਮਾਂ ਦਾ ਪਾਰਾ ਚੜ੍ਹਨ ਲੱਗ ਪੈਂਦਾ, "ਬੱਸ ਕਰ ਨੀ, ਤੈਨੂੰ ਤੇ ਇੱਜ਼ਤ ਰਾਸ ਈ ਨਹੀਂ। ਸੱਤ ਵਾਰੀ ਤੈਨੂੰ ਪਿਆਰ ਨਾਲ ਆਖਿਆ ਏ, ਤੂੰ ਖੌਰੇ ਕਿਹੜੀ ਜ਼ੁਬਾਨ ਸਮਝਣੀ ਏਂ। ਰੋਟੀ ਫੜਾ ਕੇ ਆ, ਉਠ।"

ਮਾਂ ਉਹਦੇ ਅੱਗੋਂ ਚੰਗੇਰ ਚੁੱਕ ਲੈਂਦੀ, ਤੇ ਉਹ ਭੈੜਾ ਜਿਹਾ ਮੂੰਹ ਬਣਾ ਕੇ ਉਠ ਪੈਂਦੀ। ਅਗਲੇ ਦਿਹਾੜੇ ਵੀ ਏਹੋ ਕੁਝ ਹੋਂਦਾ, ਕਦੀ ਘੱਟ ਤੇ ਕਦੀ ਵੱਧ।

"ਨਜ਼ਰਾਂ ਨੀਵੀਆਂ ਰਖਿਆ ਕਰ, ਘਰ ਦੀ ਇੱਜ਼ਤ ਧੀ ਦੇ ਹੱਥ ਹੋਂਦੀ ਏ...। ਸ਼ਰਮਾਂ ਵਾਲੀਆਂ ਧੀਆਂ ਪਿਉ ਦੇ ਸਿਰ ਦਾ ਤਾਜ ਹੋਂਦੀਆਂ ਨੇ, ਚਾਦਰ ਵੱਡੀ ਲਿਆ ਕਰ, ਲੀੜਾ ਸਿੱਧਾ ਰਖਿਆ ਕਰ, ਕਪੜੇ ਬਹੁਤੇ ਤੰਗ ਨਾ ਸੰਵਾਇਆ ਕਰ, ਨੀ ਖੁਸ਼ਬੂ ਨਾ ਲਾ ਕੇ ਜਾਇਆ ਕਰ, ਵਾਲ ਕੁੰਜ ਕੇ ਰਖਿਆ ਕਰ...।"

ਇਹ ਸੱਭੇ ਉਹ ਗੱਲਾਂ ਸਨ ਜੋ ਉਹਦੀ ਮਾਂ ਉਹਦੇ ਹਰ ਪੈਰ ਪੁੱਟਣ ਤੋਂ ਪਹਿਲਾਂ ਦੁਹਰਾਂਦੀ।

"ਇਸਲਾਮੀ ਜਮਹੂਰੀਆ ਪਾਕਿਸਤਾਨ ਰਮਜ਼ਾਨ ਕੀ ਮੁਬਾਰਕ ਰਾਤ ਕੋ ਦੁਨੀਆ ਕੇ ਨਕਸ਼ੇ ਪਰ ਉਭਰਾ। ਹਮ ਨੇ ਯੇਹ ਮੁਲਕ ਇਸਲਾਮ ਕੇ ਨਾਮ ਪਰ ਹਾਸਲ ਕੀਆ। ਹਿੰਦੋਸਤਾਨ ਕੇ ਮੁਸਲਮਾਨੋਂ ਨੇ ਬਹੁਤ ਕੁਰਬਾਨੀਆਂ ਦੀਂ ਔਰ ਪਾਕਿਸਤਾਨ ਕਾ ਮੁਤਾਲਬਾ ਕੀਆ? ਲਾ ਇਲਾ ਲਾ ਅੱਲਾ ਕਾ ਨਾਅਰਾ ਲਗਾਇਆ।" ਮੁਆਸ਼ਰਤੀ ਅਲੂਮ ਵਾਲੀ ਉਸਤਾਨੀ ਉਹਨੂੰ ਇਹ ਗੱਲਾਂ ਪੜ੍ਹਾਂਦੀ।

"ਇਸਲਾਮ ਕੇ ਪਾਂਚ ਅਰਕੀਨ-ਕਲਮਾ, ਨਮਾਜ਼, ਰੋਜ਼ਾ, ਜ਼ਕੂਹ ਔਰ ਹੱਜ ਹੈਂ।" ਇਸਲਾਮੀਅਤ ਵਾਲੀ ਉਸਤਾਨੀ ਦੀਆਂ ਗੱਲਾਂ ਸਨ।

ਅੰਗਰੇਜ਼ੀ ਦੀ ਉਹਨੂੰ ਸਮਝ ਨਹੀਂ ਸੀ ਆਉਂਦੀ ਤੇ ਰਿਆਜ਼ੀ ਦਾ ਨਾਂ ਸੁਣ ਕੇ ਉਹਦਾ ਜੀ ਘਬਰਾਂਵਦਾ ਸੀ ਪਰ ਸਾਰੀਆਂ ਕਿਤਾਬਾਂ ਪੜ੍ਹ ਕੇ ਵੀ ਉਹਨੂੰ ਇਹ ਨਾ ਪਤਾ ਲੱਗਾ ਕਿ ਬੀਬੀਆਂ ਨੂੰ ਕਿਉਂ ਨਜ਼ਰਾਂ ਨੀਵੀਆਂ ਰੱਖਣੀਆਂ ਚਾਹੀਦੀਆਂ ਨੇ, ਤੇ ਕਿਉਂ ਤੰਗ ਲੀੜੇ ਨਹੀਂ ਪਾਉਣੇ ਚਾਹੀਦੇ?

ਸਕੂਲੋਂ ਛੁੱਟੀ ਦਾ ਦਿਹਾੜਾ ਸੀ ਤੇ ਉਹਨੇ ਮਾਂ ਨਾਲ ਰਲ ਕੇ ਸਫਾਈ ਕਰਾਈ। ਵੀਰ ਦੇ ਅੰਦਰ ਜਦ ਉਹਨੇ ਚਾਦਰ ਝਾੜਨ ਲਈ ਸਰ੍ਹਾਣਾ ਚੁੱਕਿਆ ਤੇ ਉਹਦੇ ਮੱਥੇ 'ਤੇ ਤਰੇਲੀ ਆ ਗਈ। ਸ਼ਰਮ ਨਾਲ ਰੰਗ ਲਾਲ ਹੋ ਗਿਆ। ਪੰਜ-ਛੇ ਅੰਗਰੇਜ਼ੀ ਫੋਟੋਆਂ ਬਿਸਤਰੇ 'ਤੇ ਪਈਆਂ ਸਨ। ਉਹਨੇ ਸਰ੍ਹਾਣਾ ਛੱਡਿਆ ਤੇ ਬਾਹਰ ਨੱਸ ਗਈ।

"ਓ ਮਾਂ! ਵੀਰੇ ਦੇ ਅੰਦਰ ਦੀ ਸਫਾਈ ਤੁਸੀਂ ਆਪ ਕਰ ਲਵੋ। ਉਹਨੇ ਪਤਾ ਨਹੀਂ ਕੀ-ਕੀ ਰਖਿਆ ਏ ਓਥੇ।"

ਮਾਂ ਨੇ ਧੀ ਦੀ ਤਰੇਲੀ ਵੇਖੀ ਤੇ ਭੱਜ ਕੇ ਅੰਦਰ ਗਈ। ਤਸਵੀਰਾਂ ਚੁੱਕ ਕੇ ਉਹਨੇ ਬਹੁਕਰ ਹੇਠ ਕਰ ਲਈਆਂ ਤੇ ਬਲਦੀ ਅੱਗ ਵਿਚ ਪਾ ਛੱਡੀਆਂ। ਮਾਂਵਾਂ-ਧੀਆਂ ਦੋਵੇਂ ਚੁੱਪ ਚੁਪੀਤੀਆਂ ਰਹੀਆਂ।

ਉਹ ਵਾਹਵਾ ਦਿਨ ਉਡੀਕਦੀ ਰਹੀ ਕਿ ਮਾਂ ਵੀਰ ਨਾਲ ਗੱਲ ਕਰੇਗੀ ਪਰ ਕੁਝ ਨਾ ਹੋਇਆ। ਫੇਰ ਉਹਨੇ ਸੋਚਿਆ ਕਿ ਮਾਂ ਨੇ ਓਹਲੇ ਕਰ ਕੇ ਕਦੋਂ ਗੱਲ ਕਰ ਲਈ ਹੋਵੇ, ਤੇ ਉਹਨੂੰ ਪਤਾ ਨਾ ਲੱਗਿਆ ਹੋਵੇ।

ਪਰ ਜਦ ਵੀ ਏਸ ਗੱਲ ਬਾਰੇ ਸੋਚਦੀ, ਉਹ ਤਸਵੀਰਾਂ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗ ਪੈਂਦੀਆਂ ਤੇ ਤਰੇਲੀ ਹਰ ਵਾਰ ਆ ਜਾਂਦੀ। ਰਾਤੀਂ ਵਿਹੜੇ ਵਿਚ ਲੰਮੀ ਪਈ ਉਹ ਤਾਰਿਆਂ ਵੱਲ ਤੱਕਦੀ ਪਰ ਉਹ ਸਾਰੇ ਤਾਰੇ ਤਸਵੀਰਾਂ ਬਣਦੇ ਜਾਂਦੇ। ਉਹ ਸ਼ਰਮ ਨਾਲ ਅੱਖਾਂ ਨੂਟ ਲੈਂਦੀ, ਫੇਰ ਵੀ ਤਸਵੀਰਾਂ ਉਹਦੀਆਂ ਅੱਖਾਂ ਦੇ ਸਾਹਮਣੇ ਈ ਰਹਿੰਦੀਆਂ। ਉਹਨੇ ਬੜੇ ਕਲਮੇ ਪੜ੍ਹੇ, ਬੜੇ ਵਿਰਦ ਕੀਤੇ ਪਰ ਉਹ ਤਸਵੀਰਾਂ ਸਨ ਕਿ ਜਾਨ ਹੀ ਨਹੀਂ ਸਨ ਛੱਡ ਰਹੀਆਂ।

ਵਾਹਵਾ ਡੰਗ ਟੱਪ ਗਏ ਤੇ ਇਕ ਦਿਹਾੜੇ ਉਹਨੂੰ ਮੋਬਾਈਲ ਫੋਨ ਦੇ ਵੱਜਣ ਦੀ ਆਵਾਜ਼ ਆਈ। ਉਹਨੇ ਵੀਰ ਨੂੰ 'ਵਾਜ ਮਾਰੀ ਪਰ ਖੌਰੇ ਵੀਰ ਮੋਬਾਈਲ ਘਰ ਭੁੱਲ ਕੇ ਟੁਰ ਗਿਆ ਸੀ। ਮੋਬਾਈਲ ਵਾਹਵਾ ਚੀਕਣ ਪਿਛੋਂ ਬੁਝ ਗਿਆ। ਘੜੀ ਕੁ ਬਾਅਦ ਉਸ ਫੇਰ ਰੌਲਾ ਪਾਣਾ ਸ਼ੁਰੂ ਕਰ ਦਿੱਤਾ। ਜਦੋਂ ਇਹ ਰੌਲਾ ਅੱਧੇ ਘੰਟੇ ਤਕ ਇੰਜ ਈ ਰਿਹਾ ਤੇ ਮਾਂ ਨੇ ਆਪ ਈ ਆਖ ਛੱਡਿਆ, "ਨੀ ਵੇਖ ਨੀ ਕਿਹੜਾ ਏ? ਅੱਗ ਲੱਗੇ ਇਨ੍ਹਾਂ ਮੋਬਾਈਲਾਂ ਨੂੰ ਵੀ। ਵੇਰਵਾ ਪੁਛੇ ਤੇ ਆਖੀਂ ਬਾਹਰ ਗਿਆ ਏ।"

ਉਹ ਕਿਤਾਬ ਬੰਦ ਕਰ ਕੇ ਉਠੀ ਤੇ ਉਹਨੇ ਮੋਬਾਈਲ ਚੁੱਕਿਆ।

"ਹੈਲੋ!"

"ਹੈਲੋ!"

"ਜੀ ਕੌਣ?"

"ਗੁਲਫਾਮ ਘਰ ਏ?"

"ਨਹੀਂ ਜੀ, ਉਹ ਬਾਹਰ ਗਏ ਨੇ। ਤੁਸੀਂ ਕੌਣ?"

"ਮੈਂ ਉਹਦਾ ਯਾਰ ਰਾਸ਼ਦ। ਤੁਸੀਂ ਕੌਣ?"

"ਮੈਂ ਜੀ... ਉਹ...ਉਹਦੀ ਭੈਣ, ਉਹ ਜੀ, ਉਹਦੀ ਸਿਸਟਰ।"

"ਚੰਗਾ। ਤੁਹਾਡਾ ਕੀ ਨਾਂ ਏ?"

"ਉਹ ਜੀ... ਮੇਰ... ਜੀ...।"

"ਕਿਉਂ ਘਬਰਾ ਗਏ ਓ, ਮੈਂ ਕਿਹੜਾ ਖਾ ਚਲਿਆ ਵਾਂ।"

"ਨਹੀਂ ਜੀ, ਉਹ...ਵੀਰ ਬਾਹਰ ਗਿਆ ਏ, ਆਏਗਾ ਤੇ ਦੱਸ ਦੇਵਾਂਗੀ।"

ਇਹ ਕਹਿ ਕੇ ਉਹਨੇ ਫੋਨ ਬੰਦ ਕਰ ਦਿੱਤਾ।

"ਉਹ...ਅੰਮਾ...ਉਹ...ਵੀਰ ਦਾ ਕੋਈ ਯਾਰ ਸੀ, ਵੀਰ ਦਾ।" ਉਹਨੇ ਟੁੱਟੇ-ਭੱਜੇ ਬੋਲਾਂ ਨਾਲ ਆਖਿਆ।

"ਹਲਾ! ਆਖਣਾ ਸੀ ਵੀਰ ਬਾਹਰ ਗਿਆ ਏ।" ਕੰਮਾਂ ਵਿਚ ਰੁੱਝੀ ਮਾਂ ਨੇ ਕੋਈ ਧਿਆਨ ਨਾ ਦਿੱਤਾ।

"ਹਾਂ ਜੀ ਆਖ ਦਿੱਤਾ ਸੀ।"

ਜਦ ਵੀਰ ਘਰ ਆਇਆ ਤੇ ਉਹਨੇ ਆਂਦਿਆਂ ਈ ਰੌਲਾ ਪਾਣਾ ਸ਼ੁਰੂ ਕਰ ਦਿੱਤਾ, "ਮੇਰਾ ਮੋਬਾਈਲ ਕੀਹਨੇ ਛੇੜਿਆ ਸੀ?"

ਉਹਨੇ ਮਾਂ ਦੇ ਸਿਰ 'ਤੇ ਚੜ੍ਹ ਕੇ ਵਾਂਗਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

"ਵੇ ਕੀ ਹੋਇਆ ਏ ਵੇ? ਆਰਾਮ ਨਾਲ...ਕਿਸੇ ਨਹੀਂ ਛੇੜਿਆ ਤੇਰਾ ਫੋਨ। ਤੇਰਾ ਫੋਨ ਵੱਜਣੋਂ ਨਹੀਂ ਸੀ ਮੁੜਦਾ ਤੇ ਤੇਰੀ ਭੈਣ ਨੇ ਚੁੱਕ ਕੇ ਆਖ ਛੱਡਿਆ ਕਿ ਵੀਰ ਘਰ ਕੋਈ ਨਹੀਂ।" ਮਾਂ ਨੇ ਜਿਵੇਂ ਸਫਾਈ ਪੇਸ਼ ਕੀਤੀ।

"ਕੰਨ ਖੋਲ੍ਹ ਕੇ ਸੁਣ ਲੈ। ਅੱਗੋਂ ਤੋਂ ਮੇਰੇ ਫੋਨ ਨੂੰ ਹੱਥ ਲਾਇਆ ਤੇ ਤੇਰੇ ਹੱਥ ਟੁੱਕ ਛੱਡੂੰਗਾ।" ਵੀਰ ਨਾਸਾਂ ਫੁਲਾਂਦਿਆਂ ਬਾਹਰ ਟੁਰ ਗਿਆ।

ਮਾਂ ਦੇ ਚਿਮਟੇ, ਰੋਟੀਆਂ ਛੰਡਣ ਦੀ ਆਵਾਜ਼, ਮਧਾਣੀ ਦੀ ਰਿੜਕ, ਗੋਹੇ ਪਾਥੀਆਂ ਬਾਲਣ ਟੀਂਗਰ ਤੇ ਸਕੂਲ। ਹਰ ਸ਼ੈਅ ਉਥੇ ਈ ਸੀ, ਪਰ ਉਹ ਤਸਵੀਰਾਂ ਨਵੀਆਂ ਸਨ। ਨਵੀਆਂ ਤੇ ਨਕੋਰ। ਤੇ ਉਹ ਆਵਾਜ਼ ਉਸ ਤੋਂ ਵੀ ਸੱਜਰੀ। ਹੁਣ ਤੇ ਆਵਾਜ਼ ਕੰਨਾਂ ਵਿਚ ਤੇ ਤਸਵੀਰਾਂ ਅੱਖਾਂ ਅੱਗੇ ਰਹਿੰਦੀਆਂ। ਉਹਨੇ ਮਾਂ ਤੇ ਵੀਰ ਤੋਂ ਅੱਖ ਬਚਾ ਕੇ ਕਾਪੀ ਦਾ ਵਰਕਾ ਪਾੜਿਆ ਤੇ ਕੱਚੀ ਪਿਨਸਲ ਨਾਲ ਕਾਹਲੀ-ਕਾਹਲੀ ਇਕ ਨੰਬਰ ਲਿਖ ਕੇ ਬਸਤੇ ਵਿਚ ਪਾ ਲਿਆ।

ਅੱਜ ਤੇ ਰੋਟੀ ਦੀ ਵੀ ਉਕਾ ਭੁੱਖ ਨਹੀਂ ਸੀ। ਉਹਨੂੰ ਮਾਂ ਮਤਰੇਈ ਲੱਗੀ। ਪਿਉ ਤੇ ਜਿਵੇਂ ਹੈ ਈ ਨਹੀਂ ਸੀ। ਵੀਰ ਵੀ ਜ਼ਹਿਰ ਲੱਗਾ। ਘਰ ਦੇ ਡੰਗਰ ਜਿਵੇਂ ਕੰਨ ਹਿਲਾ-ਹਿਲਾ ਕੇ ਆਵਾਜ਼ ਮਾਰਦੇ ਹੋਵਣ। ਮੋਟੀ ਮੱਝ ਦੀਆਂ ਮੋਟੀਆਂ ਅੱਖਾਂ ਵਿਚ ਅੱਜ ਵਾਹਵਾ ਉਦਾਸੀ ਸੀ। ਉਹਨੂੰ ਲੱਗਾ, ਜਿਵੇਂ ਸਾਰੇ ਡੰਗਰ ਈ ਉਗਾਲੀ ਕਰਨਾ ਛੱਡ ਗਏ ਨੇ। ਤੇ ਬੱਸ ਉਹਦੇ ਵੱਲ ਤੱਕੀ ਜਾਂਦੇ ਨੇ। ਮਾਂ ਖੌਰੇ ਕੀ ਬੋਲੀ ਜਾ ਰਹੀ ਸੀ, ਪਰ ਉਹਦੇ ਕੰਨੀਂ ਇਕ ਈ ਆਵਾਜ਼ ਸੀ। ਉਹਨੇ ਘਰੋਂ ਬਾਹਰ ਪੈਰ ਪਾਇਆ ਤੇ ਗਲੀ ਵਿਚ ਗਵਾਚ ਗਈ।

***(ਤ੍ਰੈਮਾਸਕ 'ਸਿਰਜਣਾ' ਤੋਂ ਧੰਨਵਾਦ ਸਹਿਤ)***

## ਮਿਨੀ ਕਹਾਣੀ

### ਪੱਖ

ਹਾਈ ਕਮਾਂਡ ਵੱਲੋਂ ਲੋਕਲ ਚੋਣਾਂ ਵਿਚ ਮਿਲੇ 'ਹਰ ਸੀਟ' ਜਿੱਤਣ ਦੇ ਆਦੇਸ਼ ਅਨੁਸਾਰ ਵਿਧਾਇਕ ਨੇ ਹਰ ਤਰ੍ਹਾਂ ਦੇ ਹਥਕੰਡੇ ਅਪਨਾਏ। ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਰੱਦ ਕਰਾਉਣ ਤੋਂ ਇਲਾਵਾ ਬੂਥਾਂ 'ਤੇ ਕਬਜ਼ਾ ਕਰ ਜਾਅਲੀ ਵੋਟਾਂ ਭੁਗਤਾ, ਵਿਰੋਧੀ ਵੋਟਰਾਂ ਨੂੰ ਪੁਲਿਸ ਦੇ ਡੰਡੇ ਨਾਲ ਭਜਾ ਉਦੇਸ਼ ਪੂਰਾ ਕਰ ਲਿਆ ਗਿਆ। ਸ਼ਾਨਦਾਰ ਜਿੱਤ ਪਿਛੋਂ ਵਿਧਾਇਕ ਨੇ ਆਪਣੇ ਸਕੱਤਰ ਨੂੰ ਸ਼ਹਿਰ ਦੇ ਧਾਰਮਕ ਸਥਾਨਾਂ 'ਤੇ ਜਾਣ ਦਾ ਪ੍ਰੋਗਰਾਮ ਬਣਾਉਣ ਲਈ ਕਿਹਾ।

"ਸਾਬ੍ਹ ਤੁਹਾਨੂੰ ਪਤੈ ਆਪਾਂ ਕਿਵੇਂ ਜਿੱਤੇ ਆਂ। ਲੋਕਾਂ ਤੇ ਮੀਡੀਆ ਨੂੰ ਤਾਂ ਮੂਰਖ ਬਣਾ ਲਿਆ, ਹੁਣ ਉਥੇ ਕਿਹੜੇ ਮੂੰਹ ਨਾਲ...।" ਸਕੱਤਰ ਰੱਬ ਦੇ ਘਰ ਜਾਣ ਤੋਂ ਕਤਰਾ ਰਿਹਾ ਸੀ।

"ਬਹੁਤੀ ਬਕਵਾਸ ਨਾ ਕਰਿਆ ਕਰ, ਸਿਆਸਤ ਵਿਚ ਸਾਰੇ ਪੱਖ ਵੇਖਣੇ ਪੈਂਦੇ ਆ। ਆਪਣੇ ਬੰਦਿਆਂ ਨੂੰ ਫੋਨ ਕਰ, ਇਕੱਠ ਚੰਗਾ ਹੋਵੇ, ਤੇ ਸ਼ਰਾਬ ਦੀਆਂ ਪਰਚੀਆਂ ਹੁਣੇ ਪਹੁੰਚਾ ਦੇਹ।"

ਅਗਲੇ ਦਿਨ ਨੇਤਾ ਜੀ ਵੱਡੇ ਇਕੱਠ ਨਾਲ ਵੋਟਾਂ ਵੇਲੇ ਰੱਬ ਦੇ ਮਿਲੇ 'ਸਾਥ' ਦਾ ਧੰਨਵਾਦ ਕਰਨ ਲਈ ਵੱਖ ਵੱਖ ਧਾਰਮਕ ਸਥਾਨਾਂ 'ਤੇ ਜਾ ਰਹੇ ਸਨ।

***-ਗੁਰਮੀਤ ਸਿੰਘ ਮਰਾੜ੍ਹ***

# ਪੰਜਾਬ ਵਿਚ ਸਭਿਆਚਾਰਕ ਤਬਦੀਲੀਆਂ ਤੇ ਨਿਘਰ ਰਿਹਾ ਸਮਾਜ

ਡਾ. ਸੁਖਦੇਵ ਸਿੰਘ

ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਦੇ ਵੱਖ-ਵੱਖ ਥਾਂਵਾਂ 'ਤੇ ਵਿਆਹ ਸ਼ਾਦੀਆਂ ਜਾਂ ਹੋਰ ਖ਼ੁਸ਼ੀ ਦੇ ਮੌਕਿਆਂ 'ਤੇ ਚੌੜ ਵਿਚ ਆ ਚਲਾਈ ਗੋਲੀ ਕਾਰਨ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਡੀ. ਜੇ. ਡਾਂਸਰਾਂ ਤੇ ਕੈਮਰਾਮੈਨ ਦੀਆਂ ਹੋਈਆਂ ਮੌਤਾਂ, ਇਥੋਂ ਤਕ ਕਿ ਲਾੜੇ-ਲਾੜੀਆਂ ਦਾ ਜ਼ਖ਼ਮੀ ਜਾਂ ਉਨ੍ਹਾਂ ਦੀ ਮੌਤ ਹੋਣਾ, ਭੜਕੀਲੇ ਗਾਣੇ ਗਾਉਣ ਵਾਲਿਆਂ ਦਾ ਖੁਦ ਵੀ ਗੋਲੀਆਂ ਦਾ ਸ਼ਿਕਾਰ ਹੋ ਜਾਣਾ ਅਤੇ ਕਈਆਂ ਨੂੰ ਫਿਰੌਤੀ ਦੇ ਕੇ ਖਲਾਸੀ ਕਰਵਾਉਣ ਆਦਿ ਦੀਆਂ ਖ਼ਬਰਾਂ ਪੜ੍ਹ ਕੇ ਹਰ ਸੰਵੇਦਨਸ਼ੀਲ ਮਨ ਨੂੰ ਠੇਸ ਪਹੁੰਚਦੀ ਹੈ। ਇਸ ਦੇ ਨਾਲ ਹੀ ਇਹ ਸਭ ਅਜੋਕੇ ਸਮੇਂ ਦੌਰਾਨ ਉਪਜ ਰਹੇ ਸਭਿਆਚਾਰ ਦੇ ਪ੍ਰਭਾਵਾਂ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ ਕਿ ਆਖਰ ਅਜਿਹਾ ਕਿਉਂ ਵਾਪਰ ਰਿਹਾ ਹੈ?

ਸਭਿਆਚਾਰ ਕਿਸੇ ਕਬੀਲੇ, ਸਮੂਹ ਜਾਂ ਸਮਾਜ ਦੀ ਸਾਂਝੀ ਸਮਾਜਕ ਵਿਰਾਸਤ ਹੁੰਦੀ ਹੈ, ਜੋ ਖਾਸ ਭੂਗੋਲਿਕ ਖਿੱਤੇ ਦੇ ਆਰਥਕ, ਸਮਾਜਕ ਅਤੇ ਰਾਜਨੀਤਕ ਬਣਤਰਾਂ ਦੇ ਸਬੰਧ ਤੇ ਬਾਸ਼ਿੰਦਿਆਂ ਦੇ ਅੰਤਰ ਕਾਰਜ ਵਿਚੋਂ ਉਪਜਦੀ ਹੈ। ਮਾਨਵ ਵਿਗਿਆਨੀ ਈ. ਬੀ. ਟਾਇਲਰ ਨੇ ਸਭਿਆਚਾਰ ਨੂੰ 1871 ਵਿਚ ਪਰਿਭਾਸ਼ਤ ਕੀਤਾ। ਉਸ ਮੁਤਾਬਕ ਸਭਿਆਚਾਰ ਉਹ ਗੁੰਝਲਦਾਰ ਸ਼ੈਅ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਹੁਨਰ, ਨੈਤਿਕ ਨਿਯਮ, ਕਾਨੂੰਨ, ਰੀਤਾਂ ਅਤੇ ਅਜਿਹੀਆਂ ਹੋਰ ਯੋਗਤਾਵਾਂ ਤੇ ਆਦਤਾਂ ਸ਼ਾਮਲ ਹੁੰਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਨੇ ਸਮਾਜ ਦੇ ਮੈਂਬਰ ਵਜੋਂ ਗ੍ਰਹਿਣ ਕੀਤਾ ਹੁੰਦਾ ਹੈ। ਸਮਾਜਕ ਤੇ ਸਭਿਆਚਾਰਕ ਵਿਰਾਸਤ ਕਿਸੇ ਵੀ ਸਮੂਹ ਦੇ ਜੀਵਨ ਨੂੰ ਨੀਰਸਤਾ ਤੋਂ ਬਚਾਉਣ ਅਤੇ ਸੰਗਠਤ ਜੀਵਨ ਨੂੰ ਸੁਯੋਗ ਤੇ ਹੁਲਾਸ ਭਰਪੂਰ ਬਣਾਉਣ ਲਈ ਧੁਰੇ ਦਾ ਕੰਮ ਕਰਦੀ ਹੈ, ਜਿਸ ਵਿਚ ਸਮੇਂ ਸਮੇਂ 'ਤੇ ਸਾਕਾਰਾਤਮਕ ਬਦਲਾਓ ਦੇ ਆਸਾਰ ਰਹਿੰਦੇ ਹਨ। ਇਸੇ ਤਾਣੇ-ਬਾਣੇ ਦੀਆਂ ਉਸਾਰੂ ਜਾਂ ਉਪਜਾਊ ਕਦਰਾਂ-ਕੀਮਤਾਂ ਕਿਸੇ ਸਮਾਜ ਨੂੰ ਅੱਗੇ ਲਿਜਾ ਸਕਦੀਆਂ ਹਨ, ਜਦੋਂਕਿ ਮਾੜੀਆਂ ਪਿੱਛੇ ਧੱਕ ਸਕਦੀਆਂ ਹਨ। ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਨੇ ਭਾਰਤ ਦੀਆਂ ਸਮਾਜਕ, ਸਭਿਆਚਾਰਕ ਤੇ ਧਾਰਮਕ ਕਦਰਾਂ-ਕੀਮਤਾਂ ਤੇ ਪ੍ਰਥਾਵਾਂ ਨੂੰ ਇਥੋਂ ਦੀ ਗਰੀਬੀ ਦੇ ਮੁੱਖ ਕਾਰਨਾਂ ਵਿਚੋਂ ਇਕ ਮੰਨਿਆ ਹੈ।

ਪੰਜਾਬ ਦੀਆਂ ਵਧੇਰੇ ਸਭਿਆਚਾਰਕ ਕਦਰਾਂ-ਕੀਮਤਾਂ ਉਸਾਰੂ ਅਤੇ ਜੀਵਨ ਨੂੰ ਖੇੜੇ ਵਿਚ ਰੱਖਣ ਵਾਲੀਆਂ ਸਨ। ਗੁਰੂਆਂ, ਪੀਰਾਂ, ਫਕੀਰਾਂ, ਭਗਤਾਂ, ਸੂਫੀਆਂ, ਨਾਥਾਂ, ਜੋਗੀਆਂ, ਕਵੀਸ਼ਰਾਂ, ਕਵੀਆਂ, ਗਾਇਕਾਂ, ਉਸਤਾਦਾਂ, ਲੇਖਕਾਂ ਵਲੋਂ ਉਪਜਾਈ ਸਾਂਝੀ ਵਿਰਾਸਤ ਨੇ ਮਨੁੱਖੀ ਜੀਵਨ ਨੂੰ ਰੂਹਾਨੀਅਤ ਅਤੇ ਹੁਲਾਸ ਬਖਸ਼ਿਆ ਅਤੇ ਹੱਥੀਂ ਕਿਰਤ ਤੇ ਹੱਕ ਦੀ ਕਮਾਈ ਲਈ ਨਵੇਂ ਪੂਰਨੇ ਪਾਏ। ਕਰਤਾਰਪੁਰ ਵਿਖੇ ਗੁਰੂ ਨਾਨਕ ਦਾ ਹੱਥੀਂ ਕਿਰਤ ਕਰਨ ਅਤੇ ਰੂਹਾਨੀਅਤ ਦਾ ਮਾਡਲ ਸਰਬ-ਪ੍ਰਵਾਨਿਤ ਹੈ। ਬੁੱਲ੍ਹੇ ਦੀ ਬੇਬਾਕੀ ਨੇ ਸੱਚੇ ਅਮਲਾਂ ਲਈ ਹੋਕਾ ਦਿੱਤਾ ਅਤੇ ਸਮਾਜ ਵਿਚ ਫੈਲੀਆਂ ਕੁਰੀਤੀਆਂ 'ਤੇ ਡਾਢੀ ਚੋਟ ਕੀਤੀ। ਵਾਰਿਸ ਗੁਣਗੁਣਾਉਂਦੇ ਵਾਹੀਵਾਨ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਸੀਅ ਲੱਗੀ ਤੇ ਕਦੋਂ ਸੁਹਾਗਾ ਵੱਜਿਆ। ਜੀਵਨ ਦੇ ਕਰੜੇ ਸੱਚਾਂ ਵਾਲੇ ਬਾਬਾ ਫਰੀਦ ਤੇ ਭਗਤ ਕਬੀਰ ਦੇ ਸਲੋਕ ਆਮ ਪੰਜਾਬੀਆਂ ਦੇ ਬੁੱਲ੍ਹਾਂ 'ਤੇ ਹੁੰਦੇ।

ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ, ਭਾਵ ਹਰੇ ਇਨਕਲਾਬ ਤੋਂ ਪਹਿਲਾਂ, ਪੰਜਾਬ ਵਿਚ ਸਭਿਆਚਾਰਕ ਕਦਰਾਂ-ਕੀਮਤਾਂ ਕੁਦਰਤ ਤੇ ਮਾਨਵ ਪੱਖੀ ਸਨ, ਪਰ ਇਸ ਉਪਰੰਤ ਸਮਾਜ ਦੇ ਹੋਰ ਪੱਖਾਂ ਵਿਚ ਤਬਦੀਲੀ ਆਈ ਅਤੇ ਸਭਿਆਚਾਰ ਨੂੰ ਵੀ ਹਲੂਣਾ ਵੱਜਿਆ ਤੇ ਥੋੜ੍ਹੇ ਸੁਧਾਰਾਂ ਤੇ ਵਧੇਰੇ ਵਿਗਾੜਾਂ ਦਾ ਦੌਰ ਸ਼ੁਰੂ ਹੋਇਆ। ਸਮਾਜ ਵਿਚ ਸੰਸਥਾਗਤ ਅਤੇ ਰਚਨਾਤਮਕ ਬਦਲਾਓ ਆਉਣ ਲੱਗੇ। ਹਰੇ ਇਨਕਲਾਬ ਸਦਕਾ ਫਸਲ ਉਤਪਾਦਨ ਵਧਿਆ ਅਤੇ ਪੂੰਜੀਵਾਦੀ ਤੇ ਵਪਾਰੀਕਰਨ ਦੀ ਭਾਵਨਾ ਦੀ ਜਕੜ ਵਧੀ। ਸਾਦ-ਮੁਰਾਦੀ ਖੇਤੀ, ਇਸ ਦੇ ਢੰਗਾਂ ਅਤੇ ਹੋਰ ਸਾਜ਼ੋ-ਸਾਮਾਨ ਵਿਚ ਤੀਬਰ ਤਬਦੀਲੀ ਆਈ। ਖੇਤੀ ਮਸ਼ੀਨਰੀ ਵਿਚ ਵਾਧੇ ਅਤੇ ਟਿਊਬਵੈਲ ਲੱਗਣੇ, ਫਸਲਾਂ ਦੇ ਮੰਡੀਕਰਨ ਦੀ ਸਹੂਲਤ, ਨਵੇਂ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸਦਕਾ ਖੇਤੀ ਸੁਖਾਲੀ ਹੋ ਗਈ। ਵਿਹਲਪੁਣੇ ਵਿਚ ਵਾਧਾ ਹੋਇਆ ਅਤੇ ਨਤੀਜੇ ਵਜੋਂ ਮਨੋਰੰਜਨ ਵੱਲ ਲੋਕਾਂ (ਖਾਸ ਕਰ ਨੌਜਵਾਨਾਂ) ਦਾ ਝੁਕਾਅ ਵਧਿਆ।

ਪਹਿਲਾਂ ਫਿਲਮਾਂ ਤੇ ਫਿਰ ਟੀ. ਵੀ. ਦਾ ਦੌਰ ਸ਼ੁਰੂ ਹੋਇਆ। ਨਵੀਂ ਪਨੀਰੀ ਵਿਚ ਨੱਚਣ-ਗਾਉਣ ਦਾ ਰੁਝਾਨ ਹੋਰ ਵਧਣ ਲੱਗਾ। ਮਨੋਰੰਜਨ ਵਿਚ ਵਧੇਰੇ ਸਮਾਂ ਗੁਜ਼ਾਰਨਾ ਖੇਤੀ ਕੰਮਾਂ ਤੇ ਜੀਵਨ ਸੰਘਰਸ਼ ਦੇ ਹੋਰ ਪਹਿਲੂਆਂ ਨੂੰ ਛੱਡ ਸੌਖਾ ਰਾਹ ਲੱਭਿਆ। 1980 ਤੋਂ ਪਹਿਲਾਂ ਲਾਲ ਚੰਦ ਯਮਲਾ, ਸੁਰਿੰਦਰ ਕੌਰ, ਹਰਚਰਨ ਗਰੇਵਾਲ-ਸੀਮਾ, ਨਰਿੰਦਰ ਬੀਬਾ, ਮੁਹੰਮਦ ਸਦੀਕ, ਕੇ. ਦੀਪ-ਜਗਮੋਹਨ ਕੌਰ, ਕੁਲਦੀਪ ਮਾਣਕ ਆਦਿ ਵਰਗੇ ਕੁਝ ਕਲਾਕਾਰ ਸਨ, ਪਰ ਅੱਜ ਵਖ-ਵਖ ਤਰ੍ਹਾਂ ਤੇ ਪੱਧਰਾਂ ਦੇ ਕਰੀਬ 10,000 ਕਲਾਕਾਰ ਦੱਸੇ ਜਾਂਦੇ ਹਨ। ਤਬਦੀਲੀ ਕੁਦਰਤ ਦਾ ਨਿਯਮ ਹੈ, ਪਰ ਇਸ ਦੀ ਧਾਰਾ ਮਾਰੂ ਹੋਣ ਦਾ ਨੁਕਸਾਨ ਹੀ ਨੁਕਸਾਨ ਹੈ। ਪਹਿਲਾਂ ਗੀਤ-ਸੰਗੀਤ ਜੀਵਨ ਨੂੰ ਹੁਲਾਸ ਦੇਣ ਵਾਲਾ ਤੇ ਕੁਦਰਤ ਪੱਖੀ ਸੀ, ਪਰ ਹੌਲੀ-ਹੌਲੀ ਸ਼ੋਰ ਸ਼ਰਾਬੇ ਤੇ ਜਿਸਮ ਦੀ ਨੁਮਾਇਸ਼ ਵਿਚ ਤਬਦੀਲ ਹੋ ਗਿਆ। ਸਰੀਰਕ ਤੇ ਆਰਾਮ ਪੱਖੀ ਵਰਤਾਰਾ ਵਧ ਗਿਆ ਹੈ।

1991-92 ਵਿਚ ਨਵੀਆਂ ਆਰਥਕ ਨੀਤੀਆਂ ਸਦਕਾ ਵਿਅਕਤੀਆਂ, ਸਮੂਹਾਂ, ਸਮਾਜਾਂ ਦਾ ਆਪਸ ਵਿਚ ਸੰਪਰਕ ਹੋਰ ਵਧਿਆ। ਕੰਪਿਊਟਰ ਤੇ ਇੰਟਰਨੈਟ ਦਾ ਦੌਰ ਸ਼ੁਰੂ ਹੋਇਆ ਤੇ ਸਿੱਟੇ ਵਜੋਂ ਨੌਜਵਾਨਾਂ ਦੀ ਦਿਮਾਗੀ ਸ਼ਕਤੀ ਦਾ ਵਧੇਰੇ ਉਪਯੋਗ ਇਸ ਪਾਸੇ ਵੱਲ ਵਧੇਰੇ ਹੋ ਗਿਆ। ਰਹਿੰਦੀ ਕਸਰ ਸਮਾਰਟ ਫੋਨਾਂ ਦੀ ਆਮਦ ਨੇ ਕੱਢ ਦਿੱਤੀ। ਸਰਵੇਖਣ ਇਸ਼ਾਰਾ ਕਰਦੇ ਹਨ ਕਿ ਨੌਜਵਾਨ ਔਸਤਨ ਸੱਤ-ਅੱਠ ਘੰਟੇ ਰੋਜ਼ ਸਮਾਰਟ ਫੋਨਾਂ ਦਾ ਇਸਤੇਮਾਲ ਕਰਦੇ ਹਨ ਅਤੇ ਕਈ ਕੇਸਾਂ ਵਿਚ ਤਾਂ 16 ਤੋਂ 18 ਘੰਟੇ ਦੀਆਂ ਰਿਪੋਰਟਾਂ ਵੀ ਮਿਲਦੀਆਂ ਹਨ। ਮੌਜੂਦਾ ਯੁਗ ਵਿਚ ਮਨੁੱਖੀ ਜੀਵਨ ਵਿਚ ਤਕਨੀਕਾਂ ਦੀ ਆਮਦ ਤੇ ਇਸ ਦੇ ਬੇਲੋੜੇ ਉਪਯੋਗ ਨੇ ਜ਼ਿੰਦਗੀ ਨੂੰ ਬਦਲ ਕੇ ਰੱਖ ਦਿੱਤਾ ਹੈ। ਪੁਰਾਣੇ ਸਮਿਆਂ ਵਿਚ ਹੱਥੀਂ ਕਿਰਤ ਵਿਚ ਵਧੇਰੇ ਸਮਾਂ ਲੱਗਦਾ ਸੀ, ਉਹ ਘਟਣ ਕਰਕੇ ਵਿਹਲ ਵਿਚ ਵਾਧਾ ਹੋਇਆ ਹੈ ਤੇ ਨਤੀਜੇ ਵਜੋਂ ਮਨੋਰੰਜਨ, ਘੁੰਮਣ ਫਿਰਨ ਤੇ ਹੋਰ ਅਜਿਹੇ ਵਕਫਿਆਂ ਵਿਚ ਅਥਾਹ ਵਾਧਾ ਹੋਇਆ ਹੈ। ਕਿਸੇ ਪਿਕਨਿਕ, ਮਨੋਰੰਜਕ ਤੇ ਪਹਾੜੀ ਥਾਂਵਾਂ ਉਤੇ ਪੈਰ ਧਰਨ ਨੂੰ ਜਗ੍ਹਾ ਨਾ ਮਿਲਣਾ, ਇਸ ਦੀਆਂ ਮਿਸਾਲਾਂ ਹਨ। ਖਪਤਵਾਦੀ ਸਭਿਆਚਾਰ ਦੇ ਪ੍ਰਫੁਲਿਤ ਹੋਣ ਕਰਕੇ ਕੁਦਰਤ ਦਾ ਨੁਕਸਾਨ ਤੇ



ਵਾਤਾਵਰਣ ਦਾ ਪਲੀਤ ਹੋਣਾ ਵੀ ਅੱਖੀਂ ਦੇਖਿਆ ਜਾ ਸਕਦਾ ਹੈ।

ਵਧ ਰਹੀ ਆਬਾਦੀ ਤੇ ਰੁਜ਼ਗਾਰ ਦੇ ਘਟ ਰਹੇ ਮੌਕਿਆਂ ਤੇ ਮਨੋਰੰਜਨ ਖੇਤਰ ਵਿਚ ਸੌਖਿਆਂ ਹੀ ਦਾਖਲੇ ਕਾਰਨ ਅੱਜ ਅਖੌਤੀ ਗਾਇਕਾਂ ਦੀ ਫੌਜ ਖੜ੍ਹੀ ਹੋ ਗਈ ਹੈ। ਸਿੱਟੇ ਵਜੋਂ ਸਮਾਜਕ ਕਦਰਾਂ-ਕੀਮਤਾਂ ਦੀ ਪਰਵਾਹ ਨਾ ਕਰਦਿਆਂ ਅਜਿਹੇ ਗਾਇਕ ਹਿੰਸਕ ਅਤੇ ਦੂਹਰੇ ਅਰਥਾਂ ਵਾਲੇ ਗੀਤਾਂ 'ਤੇ ਉਤਰ ਆਏ ਹਨ ਤੇ ਸ਼ਬਦਾਵਲੀ ਦਾ ਪੱਧਰ ਨਿਹਾਇਤ ਨੀਵਾਂ ਚਲਾ ਗਿਆ ਹੈ। ਇਸ ਪ੍ਰਕ੍ਰਿਆ ਵਿਚ ਵਧੇਰੇ ਕਰਕੇ ਔਰਤ ਨੂੰ ਹੀ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਪੜ੍ਹਦੀਆਂ ਲੜਕੀਆਂ 'ਤੇ ਤਰ੍ਹਾਂ ਤਰ੍ਹਾਂ ਦੇ ਗੀਤ ਬਣਾਏ ਗਏ ਹਨ। ਪੰਜਾਬੀ ਗਾਇਕੀ ਵਿਚ ਆਮ ਤੌਰ 'ਤੇ ਲੜਕਿਆਂ ਨੂੰ ਵੈਲੀ, ਸ਼ਰਾਬੀ, ਖਾਣ-ਪੀਣ ਵਾਲਾ, ਅਮੀਰ, ਦੋਸਤਾਂ ਦੀ ਸੇਵਾ ਕਰਨ ਵਾਲਾ, ਹਥਿਆਰਾਂ ਤੇ ਬਾਜ਼ਾਰਾਂ ਦਾ ਮਾਲਕ, ਪੈਂਡੂ, ਟਰੈਕਟਰ-ਕਾਰਾਂ ਚਲਾਉਣ ਵਾਲਾ ਅਤੇ ਕੁੜੀਆਂ ਨੂੰ ਸ਼ਹਿਰੀ, ਅੰਗਰੇਜ਼ੀ ਪੜ੍ਹਨ ਵਾਲੀ, ਗੁਮਾਨੀ, ਮਨੋਰੰਜਨ ਦੀ ਚੀਜ਼ ਆਦਿ ਦਰਸਾਇਆ ਜਾਂਦਾ ਹੈ। ਲੜਕੀਆਂ ਨੂੰ ਪਾਉਣ ਖਾਤਰ ਉਨ੍ਹਾਂ ਦੇ ਮਾਤਾ, ਪਿਤਾ ਅਤੇ ਭਰਾਵਾਂ ਬਾਰੇ ਗੀਤਾਂ ਵਿਚ ਵਰਤੀ ਜਾਂਦੀ ਸ਼ਬਦਾਵਲੀ ਅਜਿਹੀ ਹੁੰਦੀ ਹੈ ਕਿ ਲੋਕ ਕੁੜੀਆਂ ਜੰਮਣੀਆਂ ਹੀ ਛੱਡ ਦੇਣ।

ਤਲਿਸਮ ਦੀ ਇਸ ਦੁਨੀਆਂ ਕਾਰਨ ਕਈ ਨੌਜਵਾਨ ਖਰਚੇ ਦੀ ਪੂਰਤੀ ਲਈ ਮਾਪਿਆਂ ਦੇ ਨੱਕ ਵਿਚ ਦਮ ਕਰੀ ਰੱਖਦੇ ਹਨ ਅਤੇ ਕਈ ਪਰਿਵਾਰ ਉਜੜ ਗਏ ਹਨ। ਹੋਟਲਾਂ ਆਦਿ ਵਿਚ ਲੜਕੀਆਂ ਵਲੋਂ ਸ਼ਰਾਬ ਵਰਤਾਉਣਾ ਵੀ ਕਾਫੀ ਵਧ ਗਿਆ ਹੈ। ਖੁਸ਼ੀ ਦੇ ਸਮਾਗਮਾਂ ਮੌਕੇ ਨਸ਼ੇ 'ਚ ਧੁੱਤ ਛੋਟਿਆਂ ਤੋਂ ਲੈ ਕੇ ਬਜੁਰਗਾਂ ਤੱਕ ਦਾ ਬੇਹਾਲ ਹੋ ਜਾਣਾ ਵੀ ਸਭਿਆਚਾਰ ਦੇ ਰਸਾਤਲ ਵੱਲ ਜਾਣ ਦਾ ਇਕ ਹੋਰ ਸੂਚਕ ਹੈ। ਜ਼ਿਆਦਾਤਰ ਪੰਜਾਬੀ ਗਾਇਕ ਤੇ ਗਾਇਕਾਵਾਂ ਬਹੁਤ ਘੱਟ ਤਾਲੀਮਯਾਫਤਾ ਹਨ। ਜਹਾਜ ਦਾ ਪਾਇਲਟ ਮਾੜਾ ਹੋਵੇ ਤਾਂ ਸਭ ਦੀ ਜਾਨ ਖਤਰੇ ਵਿਚ ਪਾ ਸਕਦਾ ਹੈ, ਇਹੀ ਹਸ਼ਰ ਅਜੋਕੇ ਪੰਜਾਬੀ ਸਭਿਆਚਾਰ ਦਾ ਹੋ ਰਿਹਾ ਹੈ।

ਅਜੋਕੇ ਯੁੱਗ ਵਿਚ ਖਪਤਵਾਦੀ ਸਭਿਆਚਾਰ ਭਾਰੂ ਹੈ। ਦਰਅਸਲ, ਬਾਜ਼ਾਰ ਕਿਸੇ ਸਮੂਹ, ਸਮਾਜ ਜਾਂ ਦੇਸ਼ ਵਿਚ ਆਪਣੇ ਉਤਪਾਦਨਾਂ ਦੀ ਵਿਕਰੀ ਲਈ ਵਖ ਵਖ ਤਰੀਕੇ ਅਪਨਾਉਂਦਾ ਹੈ। ਬਾਜ਼ਾਰ ਦਾ ਮੁੱਖ ਮਕਸਦ ਲੋਕਾਂ ਤੇ ਖਾਸਕਰ ਨੌਜਵਾਨਾਂ ਨੂੰ ਖਪਤ ਸਭਿਆਚਾਰ ਦੇ ਚੱਕਰ ਵਿਚ ਉਲਝਾਉਣਾ ਹੈ, ਜਿਸ ਵਿਚ ਇਹ ਕਾਮਯਾਬ ਹੋ ਗਿਆ ਹੈ। ਬਾਜ਼ਾਰ ਵਧੇਰੇ ਉਤਪਾਦਨਾਂ ਨੂੰ ਮਨੁੱਖੀ ਲੋੜ ਵਜੋਂ ਪ੍ਰਦਰਸ਼ਿਤ ਕਰਦਾ ਹੈ। ਖਪਤਵਾਦ ਦੇ ਇਸ ਯੁੱਗ ਵਿਚ ਮਨੋਰੰਜਨ ਸੌਖਾ ਰਾਹ ਹੈ, ਜਿਸ ਰਾਹੀਂ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਨੂੰ ਦਿਖਾਇਆ ਤੇ ਵੇਚਿਆ ਜਾ ਰਿਹਾ ਹੈ। ਇਸ ਸਾਰੀ ਪ੍ਰਕ੍ਰਿਆ ਨੂੰ ਸਮਝ ਕੇ ਸਰਕਾਰਾਂ, ਸਭਿਆਚਾਰਕ ਸੰਸਥਾਵਾਂ ਤੇ ਦੇਸ਼ ਸਮਾਜ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ ਤਾਂ ਜੋ ਸਮਾਜ ਦੇ ਸਭਿਆਚਾਰਕ ਪੱਖ ਨੂੰ ਨਿਵਾਣਾਂ ਵੱਲ ਜਾਣ ਤੋਂ ਰੋਕਿਆ ਜਾ ਸਕੇ।

*ਤਲਿਸਮ ਦੀ ਇਸ ਦੁਨੀਆਂ ਕਾਰਨ ਕਈ ਨੌਜਵਾਨ ਖਰਚੇ ਦੀ ਪੂਰਤੀ ਲਈ ਮਾਪਿਆਂ ਦੇ ਨੱਕ ਵਿਚ ਦਮ ਕਰੀ ਰੱਖਦੇ ਹਨ ਅਤੇ ਕਈ ਪਰਿਵਾਰ ਉਜੜ ਗਏ ਹਨ। ਹੋਟਲਾਂ ਆਦਿ ਵਿਚ ਲੜਕੀਆਂ ਵਲੋਂ ਸ਼ਰਾਬ ਵਰਤਾਉਣਾ ਵੀ ਕਾਫੀ ਵਧ ਗਿਆ ਹੈ। ਖੁਸ਼ੀ ਦੇ ਸਮਾਗਮਾਂ ਮੌਕੇ ਨਸ਼ੇ 'ਚ ਧੁੱਤ ਛੋਟਿਆਂ ਤੋਂ ਲੈ ਕੇ ਬਜੁਰਗਾਂ ਤੱਕ ਦਾ ਬੇਹਾਲ ਹੋ ਜਾਣਾ ਵੀ ਸਭਿਆਚਾਰ ਦੇ ਰਸਾਤਲ ਵੱਲ ਜਾਣ ਦਾ ਇਕ ਹੋਰ ਸੂਚਕ ਹੈ। ਜ਼ਿਆਦਾਤਰ ਪੰਜਾਬੀ ਗਾਇਕ ਤੇ ਗਾਇਕਾਵਾਂ ਬਹੁਤ ਘੱਟ ਤਾਲੀਮਯਾਫਤਾ ਹਨ। ਜਹਾਜ ਦਾ ਪਾਇਲਟ ਮਾੜਾ ਹੋਵੇ ਤਾਂ ਸਭ ਦੀ ਜਾਨ ਖਤਰੇ ਵਿਚ ਪਾ ਸਕਦਾ ਹੈ, ਇਹੀ ਹਸ਼ਰ ਅਜੋਕੇ ਪੰਜਾਬੀ ਸਭਿਆਚਾਰ ਦਾ ਹੋ ਰਿਹਾ ਹੈ।*

# ਹਰਮਿਲਾਪ ਗਿੱਲ ਦੇ ਗੀਤ 'ਨੱਚ ਸਰਦਾਰਾ' ਨਾਲ ਪੂਨਮ ਸਿੰਘ ਮੁੜ ਉਭਰੀ

ਡਾ. ਸਵਰਨਜੀਤ ਸਿੰਘ
ਫੋਨ: 847-910-4576

ਸਾਫ-ਸੁਥਰੀ ਆਵਾਜ਼ ਵਿਚ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਅਨੇਕ ਤੰਦਾਂ ਵੱਖੋ-ਵੱਖਰੇ ਅੰਦਾਜ਼ ਵਿਚ ਬੁਣਨ ਤੇ ਗਾਉਣ ਵਾਲਾ ਗਾਇਕ ਹਰਮਿਲਾਪ ਗਿੱਲ ਮਿਲਾਪੜੇ ਅਤੇ ਭੋਲੇ-ਭਾਲੇ ਸੁਭਾਅ ਦੀ ਮਾਲਕ ਉਹ ਹਸਤੀ ਹੈ, ਜਿਸ ਦੇ ਬੋਲਾਂ ਵਿਚ ਸਾਦਗੀ ਤੇ ਮਿਠਾਸ ਹੈ। ਕੁੜੱਤਣ ਉਸ ਦੀ ਜ਼ੁਬਾਨ ਤੋਂ ਕੋਹਾਂ ਦੂਰ ਹੈ। ਉਸ ਦੀ ਕਲਮ ਵਿਚ ਹਿਰਦਿਆਂ ਨੂੰ ਪਸੀਜਣ ਵਾਲੀ ਖਿੱਚ ਤੇ ਸੱਚ, ਬੋਲਾਂ ਵਿਚਲੀ ਰਵਾਨਗੀ ਤੇ ਸਾਦਗੀ ਅਤੇ ਗਾਇਕੀ ਦੀ ਸੁਰ ਪੰਜਾਬੀ ਸੰਗੀਤ ਜਗਤ ਦੀ ਨੁਹਾਰ ਨੂੰ ਬਦਲਣ ਦੀ ਤਾਕਤ ਰੱਖਣ ਕਾਰਨ ਹੀ 'ਨੱਚ ਸਰਦਾਰਾ' ਗੀਤ ਇੱਕ ਪਰਿਵਾਰਕ ਗੀਤ ਹੋ ਨਿਬੜਿਆ ਹੈ, ਜੋ ਮਾਰ-ਧਾੜ, ਨੰਗੇਜ ਤੇ ਕੁੜੱਤਣ ਵਾਲੇ ਮਾਹੌਲ ਤੋਂ ਕੋਹਾਂ ਦੂਰ ਹੈ। ਯੂਟਿਊਬ 'ਤੇ ਪੰਜਾਬੀ ਦੇ ਬੇਹੱਦ ਮਕਬੂਲ ਪੰਜਾਬੀ ਹੀਰੋ ਯੋਗਰਾਜ ਸਿੰਘ ਨੇ ਹਰਮਿਲਾਪ ਗਿੱਲ ਨੂੰ ਗੁਰਦਾਸ ਮਾਨ ਵਾਲੀ ਸਾਫ-ਸੁਥਰੀ ਗਾਇਕੀ ਵਾਲੇ ਗਾਇਕਾਂ ਦੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਹੈ।

'ਨੱਚ ਸਰਦਾਰਾ' ਗੀਤ ਵਿਚ ਪੰਜਾਬੀ ਫਿਲਮ ਜਗਤ ਦੇ ਥੰਮ ਵਜੋਂ ਜਾਣੇ ਜਾਂਦੇ ਅਤੇ ਧੜੱਲੇਦਾਰ ਸੰਵਾਦ ਨੂੰ ਗੂੜ੍ਹ ਪੰਜਾਬੀ ਅੰਦਾਜ਼ ਵਿਚ ਬੋਲਣ ਵਾਲੇ ਯੋਗਰਾਜ ਸਿੰਘ ਇਸ ਗੀਤ ਰਾਹੀਂ ਦਰਸ਼ਕਾਂ ਨੂੰ ਝੂਮਣ ਲਾ ਦਿੰਦੇ ਹਨ ਅਤੇ ਦਰਸ਼ਕ ਆਪਣੇ ਆਪ ਨੂੰ ਉਸ ਦੇ ਕਿਰਦਾਰ ਵਿਚ ਸਮੋਇਆ ਮਹਿਸੂਸ ਕਰਦਾ ਹੈ। ਇੱਕ ਐਕਸ਼ਨ ਹੀਰੋ ਤੋਂ ਅਜਿਹਾ ਕਰਵਾ ਜਾਣਾ ਡਾਇਰੈਕਟਰ ਪੂਨਮ ਸਿੰਘ ਦੀ ਸੂਖਮ ਸਮਝ ਬੇਮਿਸਾਲ ਪ੍ਰਮਾਣ ਹੈ ਕਿ ਉਸ ਨੂੰ ਕਲਾਕਾਰ ਅੰਦਰ ਛੁਪੇ ਹੁਨਰ ਨੂੰ ਉਜਾਗਰ ਕਰਨ ਅਤੇ ਛੁਪੀ ਹੋਈ ਕਲਾ ਨੂੰ ਪਰਦੇ 'ਤੇ ਪੇਸ਼ ਕਰਨ ਦਾ ਪਤਾ ਹੈ।



ਪੰਜਾਬੀ ਫਿਲਮ ਜਗਤ (ਪਾਲੀਵੁੱਡ) ਵਿਚ ਇੱਕ ਦਹਾਕੇ ਤੱਕ ਆਪਣੀ ਧਾਕ ਜਮਾਉਣ ਪਿਛੋਂ ਲੰਮੇ ਅਰਸੇ ਤੋਂ ਕਿਨਾਰਾ ਕਰੀ ਬੈਠੀ ਅਜ਼ੀਮ ਸ਼ਖਸੀਅਤ ਪੂਨਮ ਸਿੰਘ ਨੇ ਮੁੜ ਤੋਂ ਆਪਣਾ ਆਗਾਜ਼ ਪਾਲੀਵੁੱਡ ਵਿਚ ਹਰਮਿਲਾਪ ਦੇ ਨਵੇਂ ਗੀਤ 'ਨੱਚ ਸਰਦਾਰਾ' ਦੇ ਨਾਲ 'ਗੁਰਮਾਨ' ਬੈਨਰ ਦੇ ਨਾਂ ਹੇਠ ਵੀਡੀਓ ਡਾਇਰੈਕਟਰ ਤੇ ਕੋਰੀਓਗ੍ਰਾਫਰ ਦੇ ਤੌਰ 'ਤੇ ਕੀਤਾ ਹੈ। ਪੂਨਮ ਸਿੰਘ ਨੂੰ ਪਹਿਲਾਂ ਪੂਨਮ ਗੁਰੂ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਅਤੇ ਉਸ ਨੂੰ ਪਾਲੀਵੁੱਡ ਅੰਦਰ ਰੋਹਬਦਾਰ ਕਿਰਦਾਰ ਕਾਰਨ 'ਪੰਜਾਬ ਦੀ ਸ਼ੇਰਨੀ' ਵੀ ਕਿਹਾ ਜਾਂਦਾ ਹੈ। ਉਸ ਦੀ ਕਲਾ ਤੋਂ ਸਿਖਲਾਈ ਲੈ ਕੇ ਅਨੇਕਾਂ ਮਾਡਲ ਅੱਜ ਪਾਲੀਵੁੱਡ ਤੇ ਬਾਲੀਵੁੱਡ ਵਿਚ ਆਪਣਾ ਮੁਕਾਮ ਬਣਾ ਚੁਕੇ ਹਨ। ਉਸ ਨੇ ਦੋ ਸੌ ਤੋਂ ਵੱਧ ਮਸ਼ਹੂਰ ਪੰਜਾਬੀ ਗੀਤਾਂ ਦੀ ਸਿੰਗਲ ਟਰੈਕ ਡਾਇਰੈਕਸ਼ਨ ਤੇ ਕੋਰੀਓਗ੍ਰਾਫੀ ਕੀਤੀ ਹੈ, ਜੋ ਅਨੇਕਾਂ ਵੀਡੀਓ ਤੇ ਫਿਲਮਾਂ ਦੇ ਸ਼ਿੰਗਾਰ ਬਣੇ ਹੋਏ ਹਨ। 'ਨੱਚ ਸਰਦਾਰਾ' ਗੀਤ ਦੀ ਕਲਾ ਰਾਹੀਂ ਉਸ ਨੇ ਇਹ ਮੁੜ ਸਾਬਤ ਕਰ ਦਿੱਤਾ ਹੈ ਕਿ ਉਸ ਨੇ ਇੱਕ ਲੰਮੇ ਅਰਸੇ ਪਿਛੋਂ ਮੁੜ ਆਪਣੀ ਕਲਾ ਨਾਲ ਜੁੜ ਕੇ ਆਪਣੀ ਚੋਣ ਨੂੰ ਹੋਰ ਵੀ ਨਿਖਾਰ ਲਿਆ ਹੈ। ਉਸ ਵਿਚ ਗੀਤ ਦੀ ਮੰਗ ਦੇ ਮੁਤਾਬਕ ਢੁਕਵੇਂ ਕਿਰਦਾਰਾਂ, ਥਾਂਵਾਂ ਤੇ ਮਾਹੌਲ ਨੂੰ ਕੈਮਰੇ ਵਿਚ ਕੈਦ ਕਰਨ ਦਾ ਕਮਾਲ ਦਾ ਹੁਨਰ ਹੈ। ਇਹੋ ਇਕ ਕਾਰਨ ਹੈ ਕਿ 'ਨੱਚ ਸਰਦਾਰਾ' ਗੀਤ ਵਿਚ ਇਕ ਪਰਿਵਾਰ ਦੀ ਜ਼ਿੰਦਗੀ ਦੇ ਸੁਨਹਿਰੀ ਪਲ ਪਤਨੀ ਦੇ ਜਨਮ ਦਿਨ 'ਤੇ ਉਸ ਦਾ ਪਤੀ, ਬਾਕੀ ਪਰਿਵਾਰ ਤੇ ਦੋਸਤ ਕਮਾਲ ਦੇ ਢੰਗ ਨਾਲ ਨਿਭਾਉਂਦੇ ਹਨ। ਇਨ੍ਹਾਂ ਹੁਸੀਨ ਪਲਾਂ ਨੂੰ ਉਸ ਨੇ ਪੰਜਾਬੀ ਫਿਲਮ ਜਗਤ ਦੇ ਬੇਨਜ਼ੀਰ ਕਲਾਕਾਰ ਯੋਗਰਾਜ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਨੀਨਾ ਬੁੰਧੇਲ 'ਤੇ ਫਿਲਮਾ ਕੇ ਆਪਣੇ ਹੁਨਰ ਨੂੰ ਸਾਬਤ ਕਰ ਦਿੱਤਾ। ਲੰਮੇ ਅਰਸੇ ਪਿਛੋਂ ਫਿਲਮ ਜਗਤ ਵਿਚ ਨੀਨਾ ਬੁੰਧੇਲ ਦੀ ਮੁੜ ਸ਼ਮੂਲੀਅਤ ਪੰਜਾਬੀਆਂ ਲਈ ਸਵਾਗਤ ਯੋਗ ਹੈ। ਨੀਨਾ ਬੁੰਧੇਲ ਦੀ ਅਦਾਕਾਰੀ ਕਮਾਲ ਦੀ ਹੈ, ਜਿਸ ਵਿਚ ਉਸ ਦੇ ਬੋਲਾਂ ਵਿਚਲਾ ਆਪਣਾਪਨ, ਮੌਕੇ ਮੁਤਾਬਕ ਸਰੀਰ ਦੀ ਹਿਲਜੁਲ ਤੇ ਚਿਹਰੇ ਦੀ ਰੌਣਕ ਦਰਸ਼ਕਾਂ ਦੀ ਖਿੱਚ ਬਣਾਉਂਦੀ ਹੈ।

ਗਾਇਕ ਹਰਮਿਲਾਪ ਗਿੱਲ ਦੀਆਂ ਲਿਖੀਆਂ ਤੇ ਗਾਈਆਂ ਸਤਰਾਂ ਉਸ ਦੀ ਅਦਾਕਾਰੀ ਨਾਲ ਸਿਖਰਾਂ ਨੂੰ ਛੋਹ ਜਾਂਦੀਆਂ ਹਨ। ਉਹ ਕਲਾ ਦੀ ਮਾਹਰ ਮਾਡਲ ਮਨੀ ਬੋਪਾਰਾਏ ਨਾਲ ਬੜੇ ਸੁਚੱਜੇ ਅੰਦਾਜ਼ ਵਿਚ ਨਿਭਾ ਸਕਿਆ ਹੈ, ਕਿਉਂਕਿ ਮਨੀ ਅਜਿਹੀ ਅਦਾਕਾਰ ਹੈ, ਜੋ ਪੰਜਾਬੀ ਫਿਲਮ ਜਗਤ ਨੂੰ ਇਕ ਨਿੱਗਰ ਤੇ ਵਿਲੱਖਣ ਹੋਂਦ ਪ੍ਰਦਾਨ ਕਰਨ ਵਿਚ ਸਹਾਈ ਸਾਬਤ ਹੋਵੇਗੀ। ਮਾਡਲ ਵਜੋਂ ਪੇਸ਼ ਹੋਈ ਬੇਹੱਦ ਖ਼ੂਬਸੂਰਤ ਤੇ ਨਖਰੀਲੇ ਅੰਦਾਜ਼ ਵਾਲੀ ਮੁਟਿਆਰ ਮਨੀ ਬੋਪਾਰਾਏ ਦੇ ਗੀਤ ਦੌਰਾਨ ਚਹਿਲ-ਪਹਿਲ ਵਾਲੇ ਅੰਦਾਜ਼ ਕਾਬਿਲੇ ਤਾਰੀਫ ਹਨ, ਜੋ ਇਸ ਹੱਦ ਤੱਕ ਦਰਸ਼ਕ ਨੂੰ ਖਿੱਚ ਲੈਂਦੇ ਹਨ ਕਿ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਫਿਲਮ ਦੀ ਅਦਾਕਾਰ ਸਾਡੇ ਸਾਹਮਣੇ ਨੱਚ ਤੇ ਗਾ ਰਹੀ ਹੋਵੇ।

ਇਨ੍ਹਾਂ ਕਲਾਕਾਰਾਂ ਦੇ ਅੰਦਰੋਂ ਕਲਾ ਨੂੰ ਨਿਖਾਰ ਕੇ ਬਾਹਰ ਲਿਆਉਣਾ ਨਿਰਦੇਸ਼ਕ ਤੇ ਕੋਰੀਓਗ੍ਰਾਫਰ ਦਾ ਹੁਨਰ ਹੁੰਦਾ ਹੈ, ਜੋ ਪੂਨਮ ਸਿੰਘ ਨਿਭਾਉਣ ਵਿਚ ਪੂਰੀ ਤਰ੍ਹਾਂ ਸਫਲ ਰਹੀ ਹੈ। ਇਸ ਸਫਲਤਾ ਨੂੰ ਵੇਖਦਿਆਂ ਹੀ ਯੋਗਰਾਜ ਸਿੰਘ ਨੇ ਯੂਟਿਊਬ 'ਤੇ ਪੂਨਮ ਸਿੰਘ ਤੋਂ ਬੇਹੱਦ ਉਮੀਦਾਂ ਦੀ ਗੱਲ ਕੀਤੀ ਹੈ, ਜੋ ਪੰਜਾਬੀ ਫਿਲਮ ਜਗਤ ਦੀਆਂ ਮੁਹਾਰਾਂ ਪੰਜਾਬੀ ਸਭਿਆਚਾਰ ਦੀਆਂ ਗੂੜ੍ਹੀਆਂ ਤੰਦਾਂ ਦੇ ਤਾਣੇ-ਪੇਟੇ ਨੂੰ ਜੀਵਨ ਪ੍ਰਦਾਨ ਕਰਨ ਵੱਲ ਭਾਗਾਂ ਭਰਿਆ ਇਸ਼ਾਰਾ ਹੈ।

# ਪੰਜਾਬੀ ਸਿਨੇਮਾ ਦੀ ਸਾਰਥਕਤਾ ਬਨਾਮ ਸਥਿਰਤਾ

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਦੀਆਂ ਕਥਿਤ ਤੌਰ 'ਤੇ ਸਫਲ ਰਹਿਣ ਵਾਲੀਆਂ ਫਿਲਮਾਂ ਦੇ ਗਿਣੇ-ਚੁਣੇ ਟਾਈਟਲਾਂ 'ਤੇ ਜ਼ਰਾ ਝਾਤੀ ਮਾਰੋ: 'ਜੱਟ ਐਂਡ ਜੂਲੀਅਟ', 'ਕੈਰੀ ਆਨ ਜੱਟਾ', 'ਬੰਬੂਕਾਟ', 'ਸਰਦਾਰ ਜੀ', 'ਅੰਗਰੇਜ਼', 'ਲਵ ਪੰਜਾਬ', 'ਅੰਬਰਸਰੀਆ' ਆਦਿ। ਇਨ੍ਹਾਂ ਟਾਈਟਲਾਂ ਤੋਂ ਹੀ ਸਬੰਧਿਤ ਫਿਲਮਾਂ ਦੇ ਹਲਕੇ-ਫੁਲਕੇ ਸੰਕਲਪ ਦਾ ਪਰਛਾਵਾਂ ਨਜ਼ਰ ਆ ਜਾਂਦਾ ਹੈ। ਬੇਸ਼ੱਕ ਇਹ ਫਿਲਮਾਂ ਇਤਿਹਾਸ ਦਿਆਂ ਪੰਨਿਆਂ 'ਚ ਕੁਝ ਸਮੇਂ ਤੋਂ ਬਾਅਦ ਗਾਇਬ ਹੋ ਜਾਣਗੀਆਂ ਪਰ ਵਣਜੀ ਪੱਖ ਤੋਂ ਇਨ੍ਹਾਂ ਦੇ ਫਿਲਮਸਾਜ਼ ਤਾਂ ਆਪਣੇ-ਆਪ ਨੂੰ ਸਥਿਰ ਸਮਝ ਚੁੱਕੇ ਹਨ।

ਦੂਜੇ ਪਾਸੇ ਕੁਝ ਕੁ ਗੰਭੀਰ ਕਿਸਮ ਦੀਆਂ ਵਿਭਿੰਨ ਸ਼੍ਰੇਣੀ ਦੀਆਂ ਫਿਲਮਾਂ 'ਤੇ ਵੀ ਗ਼ੌਰ ਕਰੋ: 'ਨਿਧੀ ਸਿੰਘ', 'ਗੇਲੋ', 'ਚੰਨੋ:ਯਾਰ ਦੀ ਕਮਲੀ' ਆਦਿ। ਇਹ ਫਿਲਮਾਂ ਨਾਰੀ ਸ਼ਕਤੀਕਰਨ ਜਿਹੇ ਸੰਜੀਦਾ ਵਿਸ਼ੇ ਨਾਲ ਸਬੰਧਿਤ ਸਨ ਪਰ ਦਰਸ਼ਕਾਂ

**ਸੁਰਿੰਦਰ ਮੱਲ੍ਹੀ**
ਫੋਨ: +91-99154-93043

ਨੇ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਦੁਤਕਾਰ ਦਿੱਤਾ ਸੀ। ਸਿਰਫ ਇਹੀ ਨਹੀਂ, 'ਸਾਕਾ-ਨਨਕਾਣਾ ਸਾਹਿਬ' ਤੇ 'ਚਾਰ ਸਾਹਿਬਜ਼ਾਦੇ- ਦਿ ਰਾਈਜ਼ ਆਫ ਬੰਦਾ ਸਿੰਘ ਬਹਾਦੁਰ' ਵਰਗੀਆਂ ਧਾਰਮਿਕ ਫਿਲਮਾਂ ਨੂੰ ਵੀ ਬਾਕਸ ਆਫਿਸ 'ਤੇ ਹੁੰਗਾਰਾ ਨਹੀਂ ਮਿਲਿਆ ਸੀ।

ਉਪਰੋਕਤ ਤੁਲਨਾ ਤੋਂ ਸਪਸ਼ਟ ਹੈ ਕਿ ਪੰਜਾਬੀ ਸਿਨੇਮਾ 'ਚ ਅਜੇ ਵੀ ਗੰਭੀਰ ਅਤੇ ਸੰਵੇਦਨਸ਼ੀਲ ਸ਼੍ਰੇਣੀ ਦੀਆਂ ਫਿਲਮਾਂ ਨੂੰ ਦਰਸ਼ਕ ਕੋਈ ਪਹਿਲ ਨਹੀਂ ਦੇ ਰਹੇ ਸਨ। ਇਸ ਦਾ ਮੂਲ ਆਧਾਰ ਕੀ ਹੈ? ਇਸ ਪ੍ਰਸ਼ਨ ਦੇ ਜਵਾਬ ਲਈ ਸਾਨੂੰ ਪੰਜਾਬੀ ਸਿਨੇਮੇ ਦਾ ਮੁਢਲਾ ਇਤਿਹਾਸ ਜਾਂ ਰਵਾਇਤ ਤਲਾਸ਼ਣ ਦੀ ਲੋੜ ਹੈ।

ਗੱਲ 1964 ਦੀ ਹੈ। ਨਿਰਮਾਤਾ ਹਰਜੀਤ ਮਾਨ ਨੇ ਪੰਜਾਬੀ ਫਿਲਮ ਬਣਾਉਣ ਦਾ ਫੈਸਲਾ ਕੀਤਾ ਅਤੇ ਉਸ ਨੇ ਸ਼ੁਕਰਪੁਰਾ ਵਿਖੇ ਸਥਿਤ ਫਾਰਮ ਹਾਊਸ 'ਤੇ ਆਪਣੇ ਮਿੱਤਰ ਸ਼ਿਵ ਕੁਮਾਰ ਬਟਾਲਵੀ ਨਾਲ ਸਲਾਹ-ਮਸ਼ਵਰਾ ਕੀਤਾ। ਸ਼ਿਵ ਕੁਮਾਰ ਨੇ ਗੀਤ ਲਿਖਣ ਦੀ ਰਜ਼ਾਮੰਦੀ ਦੇ ਦਿੱਤੀ ਅਤੇ ਹਰਜੀਤ ਮਾਨ ਨੇ ਉਸ ਨੂੰ ਕੋਈ ਚੰਗੀ ਕਹਾਣੀ ਦਾ ਸੁਝਾਅ ਦੇਣ ਲਈ ਵੀ ਤਾਕੀਦ ਕੀਤੀ। ਸ਼ਿਵ ਨੇ ਤੁਰੰਤ ਹਾਮੀ ਭਰਦਿਆਂ ਕਿਹਾ ਕਿ ਉਹ ਇਕ ਹਫਤੇ 'ਚ ਹੀ ਲੋੜੀਂਦੀ ਕਹਾਣੀ ਲੈ ਕੇ ਹਾਜ਼ਰ ਹੋ ਜਾਵੇਗਾ।

ਇਕ ਹਫਤੇ ਬਾਅਦ ਜਦੋਂ ਇਹ ਮੀਟਿੰਗ ਦੁਬਾਰਾ ਹੋਈ ਤਾਂ ਸ਼ਿਵ ਨੇ ਅੰਮ੍ਰਿਤਾ ਪ੍ਰੀਤਮ ਦਾ ਨਾਵਲ 'ਪਿੰਜਰ' ਆਪਣੇ ਮਿੱਤਰਾਂ ਅੱਗੇ ਪੇਸ਼ ਕਰ ਦਿੱਤਾ। ਸ਼ਿਵ ਮੁਤਾਬਿਕ ਇਹ ਨਾਵਲ ਯਾਦਗਾਰੀ ਫਿਲਮ ਦਾ ਆਧਾਰ ਬਣ ਸਕਦਾ ਸੀ। ਸ਼ਿਵ ਦੇ ਫਿਲਮਸਾਜ਼ਾਂ ਨੇ ਨਾਵਲ ਪੜ੍ਹ ਕੇ ਫੈਸਲਾ ਕਰਨ ਦਾ ਫਰਮਾਨ ਸੁਣਾ ਦਿੱਤਾ ਪਰ ਸ਼ਿਵ ਦੀ ਹੈਰਾਨਗੀ ਦੀ ਹੱਦ ਉਸ ਸਮੇਂ ਨਾ ਰਹੀ, ਜਦੋਂ ਉਸ ਦੇ ਮਿੱਤਰਾਂ (ਹਰਜੀਤ ਮਾਨ ਤੇ ਜਸਵੰਤ ਸਿੰਘ) ਨੇ ਉਸ ਨੂੰ ਦੱਸਿਆ ਕਿ 'ਪਿੰਜਰ' ਦੀ ਥਾਂ ਉਨ੍ਹਾਂ ਨੇ ਇਕ ਨਵੇਂ ਲੇਖਕ ਭਗਵੰਤ ਸਿੰਘ ਦੀ ਕਹਾਣੀ 'ਸ਼ੌਂਕਣ ਮੇਲੇ ਦੀ' ਨੂੰ ਚੁਣ ਲਿਆ ਹੈ ਅਤੇ ਸ਼ਿਵ ਨੂੰ ਉਸ ਦੇ ਅਨੁਸਾਰ ਹੀ ਗੀਤ ਲਿਖਣੇ ਪੈਣਗੇ। ਸ਼ਿਵ ਨੇ ਫਿਲਮਸਾਜ਼ਾਂ ਦੀ ਇਸ ਚੋਣ ਨੂੰ ਗ਼ਲਤ ਦੱਸਿਆ ਪਰ ਨਿਰਮਾਤਾ ਹਰਜੀਤ ਮਾਨ ਨੇ ਸ਼ਿਵ ਨੂੰ ਡਾਂਟਦਿਆਂ ਹੋਇਆਂ ਕਿਹਾ, "ਸ਼ਿਵ ਤੈਨੂੰ ਨਹੀਂ ਪਤਾ ਕਿ ਪੰਜਾਬੀ ਫਿਲਮਾਂ




ਵਾਲੇ ਦਰਸ਼ਕ, ਗੰਭੀਰ ਕਹਾਣੀਆਂ ਨੂੰ ਨਹੀਂ ਪਸੰਦ ਕਰਦੇ। ਉਹ ਤਾਂ ਦੋ-ਤਿੰਨ ਘੰਟੇ ਦਾ ਹਲਕਾ-ਫੁਲਕਾ ਮਨੋਰੰਜਨ ਚਾਹੁੰਦੇ ਹਨ।"

'ਸ਼ੌਂਕਣ ਮੇਲੇ ਦੀ' ਦੇ ਫਿਲਮਸਾਜ਼ਾਂ ਦੀ ਇਹ ਟਿੱਪਣੀ ਅੱਜ ਵੀ ਢੁਕਵੀਂ ਲਗਦੀ ਹੈ। ਦਰਅਸਲ ਪੰਜਾਬੀ ਸਿਨੇਮਾ ਦੀ ਸ਼ੁਰੂਆਤ ਹੀ ਇਕ ਤਰ੍ਹਾਂ ਦੀ ਮਜ਼ਾਹੀਆ ਕਹਾਣੀਆਂ ਨਾਲ ਹੋਈ ਸੀ। ਇਸ ਪ੍ਰਥਾ ਦੇ ਮੁੱਖ ਦੋਸ਼ੀ ਤਾਂ ਭਾਖੜੀ ਭਰਾ ਹੀ ਸਨ ਜਿਨ੍ਹਾਂ ਨੇ 'ਲੱਛੀ', 'ਦੋ ਲੱਛੀਆਂ', 'ਭੰਗੜਾ' ਅਤੇ 'ਲਾਜੋ' ਵਰਗੀਆਂ ਕਾਮੇਡੀ ਪ੍ਰਧਾਨ ਫਿਲਮਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਮਨੋਰੰਜਨ ਪ੍ਰਧਾਨ ਸਿਨੇਮਾ ਦਾ ਠੱਪਾ ਲਗਾ ਦਿੱਤਾ।

ਇਹ ਵੀ ਤ੍ਰਾਸਦੀ ਹੈ ਕਿ ਪੰਜਾਬੀ ਸਿਨੇਮਾ ਨੂੰ ਕੋਈ ਅਜਿਹਾ ਨਿਰਦੇਸ਼ਕ ਨਸੀਬ ਨਹੀਂ ਹੋਇਆ, ਜਿਹੜਾ ਸਤਿਆਜੀਤ ਰੇਅ ਅਤੇ ਅਡੂਰ ਗੋਪਾਲਾਕ੍ਰਿਸ਼ਨਨ ਵਾਂਗ ਆਪਣੀ ਭਾਸ਼ਾ ਦੇ ਪ੍ਰਾਂਤਿਕ ਸਿਨੇਮਾ ਨੂੰ ਕੌਮਾਂਤਰੀ ਵਿਸਥਾਰ ਦੇ ਸਕੇ। ਸਤਿਆਜੀਤ ਰੇਅ ਤਾਂ ਅਜੇ ਵੀ ਬੰਗਾਲ ਦੇ ਲੋਕਾਂ 'ਚ ਏਨਾ ਜ਼ਿਆਦਾ ਲੋਕਪ੍ਰਿਅਤਾ ਰੱਖਦਾ ਹੈ ਕਿ ਉਨ੍ਹਾਂ ਨੇ ਕਲਕੱਤੇ 'ਚ ਉਸ ਦੇ ਘਰ ਨੂੰ ਹੀ ਯਾਦਗਾਰੀ ਸਮਾਰਕ ਵਜੋਂ ਤਬਦੀਲ ਕਰ ਦਿੱਤਾ ਹੈ। ਇਸ ਨਿਰਮਾਤਾ-ਨਿਰਦੇਸ਼ਕ ਨੇ ਬੰਗਾਲੀ ਫਿਲਮ 'ਪਾਥੇਰ ਪੰਚਾਲੀ' ਤੋਂ ਆਪਣਾ ਸਫਰ ਸ਼ੁਰੂ ਕਰ ਕੇ ਆਪਣੀ ਭਾਸ਼ਾ ਨੂੰ ਕੌਮਾਂਤਰੀ ਪਛਾਣ ਦਿਵਾਈ ਸੀ।

ਦੂਜੇ ਪਾਸੇ ਪੰਜਾਬੀ ਸਿਨੇਮਾ ਦੇ ਖੇਤਰ 'ਚ ਅਜਿਹੀਆਂ ਸ਼ਖ਼ਸੀਅਤਾਂ ਬਹੁਤ ਘੱਟ ਹੋਈਆਂ ਹਨ, ਜਿਹੜੀਆਂ ਆਪਣੇ ਵਣਜੀ ਪੱਖ ਨੂੰ ਤਿਆਗ ਕੇ ਆਪਣੀ ਭਾਸ਼ਾ ਦੇ ਸਿਨੇਮਾ ਨੂੰ ਸਾਹਿਤਕ ਅਤੇ ਸੁਹਜਾਤਮਿਕ ਦਿੱਖ ਮੁਹੱਈਆ ਕਰਨ ਦੀ ਯੋਗਤਾ ਦੇ ਸਮਰੱਥ ਹੋਣ। ਹਾਂ, ਕੁਝ ਕੁ ਨਿਰਮਾਤਾ-ਨਿਰਦੇਸ਼ਕਾਂ ਦੇ ਯਤਨ ਕਾਬਲ-ਏ-ਗੌਰ ਜ਼ਰੂਰ ਹਨ ਪਰ ਇਹ ਯਤਨ ਅੱਧੇ-ਅਧੂਰੇ ਹੀ ਸਨ।

ਮਿਸਾਲ ਦੇ ਤੌਰ 'ਤੇ ਹਰੀ ਦੱਤ ਨੇ 'ਉਡੀਕਾਂ' ਅਤੇ 'ਮਾਮਲਾ ਗੜਬੜ ਹੈ' ਰਾਹੀਂ ਵਧੀਆ ਸ਼੍ਰੇਣੀ ਦੀਆਂ ਫਿਲਮਾਂ ਨੂੰ ਜਨਮ ਦੇਣ ਦੀ ਆਸ ਜਗਾਈ ਸੀ ਪਰ ਇਸ ਨਿਰਦੇਸ਼ਕ ਨੂੰ ਲਗਾਤਾਰ ਫਿਲਮਸਾਜ਼ਾਂ ਵਲੋਂ ਉਤਸ਼ਾਹ ਨਾ ਮਿਲਣ ਕਰਕੇ ਪੰਜਾਬੀ ਸਿਨੇਮਾ ਦਾ ਖੇਤਰ ਛੱਡ ਕੇ ਹਿੰਦੀ ਦੀਆਂ ਇਸ਼ਤਿਹਾਰ (ਐਡ) ਫਿਲਮਾਂ ਵੱਲ ਮੂੰਹ ਕਰਨਾ ਪਿਆ ਸੀ।

ਇਸੇ ਹੀ ਤਰ੍ਹਾਂ ਮਨਮੋਹਨ ਸਿੰਘ ਨੇ ਵੀ 'ਜੀ ਆਇਆਂ ਨੂੰ' ਨਾਲ ਸਾਫ-ਸੁਥਰੀਆਂ ਫਿਲਮਾਂ ਬਣਾਉਣ ਦੀ ਆਸ ਜਗਾਈ ਸੀ। ਉਸ ਨੂੰ ਸ਼ੁਰੂ-ਸ਼ੁਰੂ ਵਿਚ ਕਾਮਯਾਬੀ ਵੀ ਮਿਲੀ ਪਰ ਕਿਉਂਕਿ ਉਸ ਦੇ ਕਥਾਨਕ ਜ਼ਿਆਦਾ ਕਰਕੇ ਪਰਵਾਸੀ ਪੰਜਾਬੀਆਂ ਦੇ ਆਲੇ-ਦੁਆਲੇ ਹੀ ਕੇਂਦਰਿਤ ਸਨ, ਇਸ ਲਈ ਮਨਮੋਹਨ ਸਿੰਘ ਦੀਆਂ ਫਿਲਮਾਂ ਤਾਜ਼ਗੀ ਗੁਆ ਬੈਠੀਆਂ। ਲਿਹਾਜ਼ਾ, ਉਸ ਦੇ ਫਾਈਨੈਂਸਰ ਉਸ ਤੋਂ ਦੂਰ ਹੋ ਗਏ।

ਗੁਰਦਾਸ ਮਾਨ ਨੇ ਵੀ ਆਪਣੀ ਸਾਰੀ ਸਮਰੱਥਾ ਪੰਜਾਬੀ ਸਿਨੇਮਾ ਦਾ ਮੁਹਾਂਦਰਾ ਸੁਆਰਨ 'ਚ ਲਗਾ ਦਿੱਤੀ ਸੀ। ਇਸ ਦ੍ਰਿਸ਼ਟੀਕੋਣ ਤੋਂ ਉਸ ਦਾ ਸਾਥ ਨਿਰਦੇਸ਼ਕ ਮਨੋਜ ਪੁੰਜ ਨੇ ਵੀ ਦਿੱਤਾ। ਇਨ੍ਹਾਂ ਨੇ ਰਲ ਕੇ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਅਤੇ 'ਵਾਰਿਸ ਸ਼ਾਹ' ਵਰਗੀਆਂ ਸੰਵੇਦਨਸ਼ੀਲ ਅਤੇ ਸਾਹਿਤਕ ਪ੍ਰਵਿਰਤੀ ਦੀਆਂ ਫਿਲਮਾਂ ਨੂੰ ਵੀ ਜਨਮ ਦਿੱਤਾ ਸੀ ਪਰ ਮਨੋਜ ਪੁੰਜ ਦੀ ਅਚਾਨਕ ਹੋਈ ਮੌਤ ਨੇ ਗੁਰਦਾਸ ਮਾਨ ਨੂੰ ਮਾਨਸਿਕ ਤੌਰ 'ਤੇ ਹਿਲਾ ਕੇ ਰੱਖ ਦਿੱਤਾ ਸੀ। ਇਸ ਲਈ 'ਵਾਰਿਸ' ਤੋਂ ਬਾਅਦ ਉਹ ਹੌਲੀ-ਹੌਲੀ ਪੰਜਾਬੀ ਫਿਲਮਾਂ ਤੋਂ ਹੀ ਦੂਰ ਹੋ ਗਿਆ ਸੀ।




ਵੈਸੇ, ਜਿਸ ਤਰ੍ਹਾਂ ਜੁਗਨੂੰ ਆਪਣੀ ਥੋੜ੍ਹੀ-ਥੋੜ੍ਹੀ ਚਮਕ ਸਦਾ ਹੀ ਦਿੰਦਾ ਰਹਿੰਦਾ ਹੈ, ਉਸੇ ਤਰ੍ਹਾਂ ਪੰਜਾਬੀ ਸਿਨੇਮਾ ਵੀ ਕਦੇ-ਕਦੇ ਵਧੀਆ ਕਿਰਤਾਂ ਦੀ ਲੋਅ ਦਿੰਦਾ ਰਿਹਾ ਹੈ, ਹੈਰਾਨੀ ਵਾਲੀ ਗੱਲ ਪਰ ਇਹ ਹੈ ਕਿ ਸੁਹਜਾਤਮਿਕ ਸਿਨੇਮਾ ਦੀ ਇਹ ਰੋਸ਼ਨੀ ਪ੍ਰਦਾਨ ਕਰਨ ਵਾਲੇ ਜੁਗਨੂੰ ਜਾਂ ਫਿਲਮਸਾਜ਼ ਨਿਰੰਤਰ ਰੂਪ 'ਚ ਆਪਣਾ ਯੋਗਦਾਨ ਦੇਣ 'ਚ ਅਸਮਰੱਥ ਰਹੇ ਹਨ।


ਮਿਸਾਲ ਦੇ ਤੌਰ 'ਤੇ 1962 ਵਿਚ ਸਮਾਣੇ ਦੇ ਇਕ ਟਰੱਕ ਡਰਾਈਵਰ ਨੇ ਜਗਦੀਸ਼ ਸੇਠੀ ਨਾਲ ਮਿਲ ਕੇ 'ਚੌਧਰੀ ਕਰਨੈਲ ਸਿੰਘ' ਨਾਂ ਦੀ ਯਾਦਗਾਰੀ ਫਿਲਮ ਬਣਾਈ ਸੀ। ਇਸ ਨੇ ਰਾਸ਼ਟਰੀ ਐਵਾਰਡ ਵੀ ਹਾਸਲ ਕੀਤਾ ਸੀ ਪਰ ਸਫਲ ਹੋਣ ਦੇ ਬਾਵਜੂਦ ਇਸ ਦਾ ਨਿਰਮਾਤਾ ਆਪਣੀ ਸੋਚ ਨੂੰ ਅੱਗੇ ਵਿਸਥਾਰ ਨਹੀਂ ਦੇ ਸਕਿਆ ਸੀ। ਕਰੀਬ ਅਜਿਹੀ ਹੀ ਸਥਿਤੀ 'ਚੰਨ ਪ੍ਰਦੇਸੀ' ਦੇ ਬੈਨਰ ਦੀ ਵੀ ਰਹੀ ਸੀ। ਬਾਵਜੂਦ ਇਸ ਸੱਚਾਈ ਦੇ ਕਿ ਵਣਜੀ ਤੇ ਆਲੋਚਨਾਤਮਿਕ ਪੱਖ ਤੋਂ ਇਹ ਫਿਲਮ ਬਹੁਤ ਸਫਲ ਰਹੀ ਸੀ, ਇਸ ਦੇ ਨਿਰਮਾਤਾ ਆਪਣੀ ਕੋਸ਼ਿਸ਼ ਨੂੰ ਅੱਗੇ ਨਹੀਂ ਵਧਾ ਸਕੇ ਸਨ।

ਸ਼ਾਇਦ ਇਸ ਉਦਾਸੀਨਤਾ ਦਾ ਇਕ ਕਾਰਨ ਇਹ ਵੀ ਹੈ ਕਿ ਫਿਲਮਸਾਜ਼ ਅਤੇ ਦਰਸ਼ਕ ਅਜਿਹਾ ਸਭਿਆਚਾਰ ਹੀ ਵਿਕਸਤ ਨਹੀਂ ਕਰ ਸਕੇ ਜਿਸ ਦੇ ਅਨੁਸਾਰ ਉਤਮ ਪ੍ਰਕਾਰ ਦਾ ਸਿਨੇਮਾ ਪੰਜਾਬੀ ਵਿਚ ਵੀ ਦ੍ਰਿਸ਼ਟੀਗੋਚਰ ਹੋਵੇ। ਇਸ ਦਾ ਆਧਾਰ ਇਹ ਹੈ ਕਿ ਪੰਜਾਬੀ ਸਿਨੇਮਾ ਇਸ ਕਲਾ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦਾ ਹੈ। ਅਜੇ ਵੀ ਇਸ ਨੂੰ ਮੁੱਖ ਤੌਰ 'ਤੇ ਮਨੋਰੰਜਨ ਜਾਂ ਟਾਈਮ ਪਾਸ ਕਰਨ ਦਾ ਸਾਧਨ ਹੀ ਸਮਝਿਆ ਜਾਂਦਾ ਹੈ।

ਇਸ ਦੇ ਉਲਟ ਦੂਜੀਆਂ ਕੁਝ ਕੁ ਪ੍ਰਾਂਤਿਕ ਭਾਸ਼ਾਵਾਂ ਦਾ ਸਿਨੇਮਾ ਤਕਨੀਕੀ ਅਤੇ ਕਲਾਤਮਿਕ ਪੱਖ 'ਤੇ ਕੌਮਾਂਤਰੀ ਹੱਦਾਂ ਨੂੰ ਇਸ ਕਰਕੇ ਛੂਹ ਰਿਹਾ ਹੈ ਕਿਉਂਕਿ ਉਥੋਂ ਦਿਆਂ ਦਰਸ਼ਕਾਂ ਅਤੇ ਫਿਲਮਸਾਜ਼ਾਂ ਨੇ ਰਲ ਕੇ ਉਚ ਕੋਟੀ ਦਾ ਸਿਨੇਮੈਟਿਕ ਕਲਚਰ ਹੋਂਦ 'ਚ ਲਿਆਂਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਭਾਰਤ ਦੀਆਂ ਦੂਜੀਆਂ ਪ੍ਰਾਂਤਿਕ ਸਿਨੇਮਾ ਦੀਆਂ 'ਬਾਹੂਬਲੀ' ਵਰਗੀਆਂ ਫਿਲਮਾਂ ਡੱਬ ਹੋ ਕੇ ਸਮੁੱਚੇ ਸੰਸਾਰ ਅਤੇ ਭਾਰਤ ਦਾ ਮਨ ਮੋਹ ਰਹੀਆਂ ਹਨ। ਇਹੀ ਨਹੀਂ, ਹਿੰਦੀ ਦੀਆਂ ਬਹੁਤ ਸਾਰੀਆਂ ਸਫਲ ਫਿਲਮਾਂ 'ਗ਼ਜ਼ਨੀ', 'ਬਾਡੀਗਾਰਡ' ਵੀ ਤਾਂ ਦੱਖਣ ਭਾਰਤੀ ਫਿਲਮਾਂ ਦਾ ਹੀ ਰੂਪਾਂਤਰ ਸਨ।

ਦਿਲਚਸਪ ਸਥਿਤੀ ਇਹ ਵੀ ਹੈ ਕਿ ਪੰਜਾਬੀ ਸਿਨੇਮਾ ਦੇ ਖੇਤਰ 'ਚ ਜਦੋਂ ਕੋਈ ਸ਼ਖ਼ਸ ਹਿੰਮਤ ਕਰਕੇ ਕੁਝ ਨਿਵੇਕਲਾ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਪੂਰਾ ਸਹਿਯੋਗ ਨਹੀਂ ਮਿਲਦਾ ਹੈ। ਮਿਸਾਲ ਦੇ ਤੌਰ 'ਤੇ ਗੁਰਦਿਆਲ ਸਿੰਘ ਦੀਆਂ ਕੁਝ ਕੁ ਕਿਰਤਾਂ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ' ਨੂੰ ਐਨ.ਐਫ.ਡੀ.ਸੀ. ਨੇ ਵਿਤੀ ਸਹਾਇਤਾ ਤਾਂ ਮੁਹੱਈਆ ਕਰ ਦਿੱਤੀ ਸੀ ਪਰ ਇਹ ਫਿਲਮਾਂ ਆਮ ਦਰਸ਼ਕਾਂ ਤੱਕ ਪਹੁੰਚ ਹੀ ਨਹੀਂ ਸਕੀਆਂ ਸਨ। ਕਹਿਣ ਦਾ ਭਾਵ ਇਹ ਕਿ ਜੇ ਫਾਈਨੈਂਸ ਦੀ ਸਮੱਸਿਆ ਹੱਲ ਹੋਈ ਸੀ ਤਾਂ ਦਰਸ਼ਕਾਂ ਨੇ ਕੋਰਾ ਜਵਾਬ ਦੇ ਦਿੱਤਾ ਸੀ।

ਕੁਝ ਹੋਰ ਫਿਲਮਾਂ ਜਿਵੇਂ 'ਕਿੱਸਾ',




'ਨਸੀਬੋ' ਵੀ ਇਸੇ ਤ੍ਰਾਸਦੀ ਦਾ ਸ਼ਿਕਾਰ ਹੋਈਆਂ ਸਨ। ਅਨੂਪ ਸਿੰਘ ਦੀ ਫਿਲਮ 'ਕਿੱਸਾ' ਨੇ ਭਾਵੇਂ ਕੌਮਾਂਤਰੀ ਪੱਧਰ 'ਤੇ ਤਾਂ ਵਿਦੇਸ਼ਾਂ 'ਚ ਬਹੁਤ ਸਨਮਾਨ ਪ੍ਰਾਪਤ ਕੀਤਾ ਸੀ ਪਰ ਪੰਜਾਬ ਵਿਚ ਤਾਂ ਇਹ ਫਿਲਮ ਵੀ ਆਮ ਦਰਸ਼ਕਾਂ ਦੀ ਪਹੁੰਚ ਤੋਂ ਦੂਰ ਹੀ ਰਹੀ ਸੀ। ਇਸ ਦਾ ਕਾਰਨ ਇਹ ਰਿਹਾ ਸੀ ਕਿ ਪੰਜਾਬ ਦੇ ਸਿਨੇਮਾ ਘਰਾਂ ਵਾਲਿਆਂ ਨੇ ਹੀ ਇਸ ਸੰਵੇਦਨਸ਼ੀਲ ਫਿਲਮ ਨੂੰ ਪ੍ਰਦਰਸ਼ਿਤ ਕਰਨ ਤੋਂ ਨਾਂਹ ਕਰ ਦਿੱਤੀ ਸੀ।

ਇਸ ਵੇਲੇ ਵੀ ਪੰਜਾਬੀ ਸਿਨੇਮਾ ਵਿਚ ਸੁਹਜਾਤਮਿਕ ਸਥਿਰਤਾ ਲਿਆਉਣ ਲਈ ਕੁਝ ਲੋਕ ਵਿਭਿੰਨ ਪ੍ਰਕਾਰ ਦੇ ਉਪਰਾਲੇ ਕਰ ਰਹੇ ਹਨ। ਇਨ੍ਹਾਂ 'ਚੋਂ ਇਕ ਯਤਨ ਤਾਂ ਛੋਟੀਆਂ ਫਿਲਮਾਂ ਬਣਾਉਣਾ ਹੈ। ਅਮਰਦੀਪ ਗਿੱਲ ਨੇ ਰਾਮ ਸਰੂਪ ਅਣਖੀ ਦੀ ਕਹਾਣੀ ਨੂੰ ਲੈ ਕੇ 'ਸੁੱਤਾ ਨਾਗ' ਛੋਟੀ ਫਿਲਮ ਬਣਾਈ ਸੀ। ਬਲਵੰਤ ਗਾਰਗੀ ਦੀਆਂ ਵੀ ਕੁਝ ਕੁ ਕਿਰਤਾਂ ਨੂੰ ਛੋਟੀਆਂ ਫਿਲਮਾਂ ਦਾ ਰੂਪ ਦਿੱਤਾ ਗਿਆ ਹੈ। ਗੁਰਵਿੰਦਰ ਸਿੰਘ ਨੇ ਵਰਿਆਮ ਸੰਧੂ ਦੀਆਂ ਕਿਰਤਾਂ ਨੂੰ 'ਚੌਥੀ ਕੂਟ' ਵਿਚ ਢਾਲਿਆ ਸੀ ਪਰ ਇਨ੍ਹਾਂ ਫਿਲਮਾਂ ਦੀ ਤ੍ਰਾਸਦੀ ਵੀ ਇਹ ਹੀ ਰਹੀ ਸੀ ਕਿ ਇਨ੍ਹਾਂ ਨੂੰ ਆਮ ਦਰਸ਼ਕਾਂ ਦਾ ਹੁੰਗਾਰਾ ਨਹੀਂ ਮਿਲਿਆ ਸੀ। ਦਰਸ਼ਕਾਂ ਦੀ ਅਜਿਹੀਆਂ ਫਿਲਮਾਂ ਬਾਰੇ ਉਪਰਾਮਤਾ ਦਾ ਅੰਦਾਜ਼ਾ ਇਥੋਂ ਵੀ ਲੱਗ ਸਕਦਾ ਹੈ ਕਿ ਬਹੁਤ ਸਾਰਿਆਂ ਨੇ ਤਾਂ ਇਨ੍ਹਾਂ ਦੀ ਹੋਂਦ ਬਾਰੇ 'ਚ ਵੀ ਅਗਿਆਨਤਾ ਹੀ ਦਿਖਾਈ ਸੀ।

ਦੂਜੇ ਪਾਸੇ ਸਤਿਆਜੀਤ ਰੇਅ ਵਰਗੇ ਫਿਲਮਸਾਜ਼ ਆਪਣੇ ਸਿਨੇਮਾ 'ਚ ਇਸ ਲਈ ਰੂਹ ਫੂਕਣ ਵਿਚ ਸਫਲ ਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਸਮੁੱਚੇ ਸਮਾਜਿਕ ਅਤੇ ਸਭਿਆਚਾਰਕ ਵਰਗ ਦਾ ਸਮਰਥਨ ਪ੍ਰਾਪਤ ਹੁੰਦਾ ਹੈ। ਸਤਿਆਜੀਤ ਰੇਅ ਜਿਸ ਘਰ 'ਚ ਰਹਿੰਦਾ ਹੁੰਦਾ ਸੀ, ਉਸ ਘਰ ਨੂੰ ਕਲਕੱਤੇ ਵਿਚ ਅੱਜ ਵੀ ਉਸੇ ਪ੍ਰਕਾਰ ਸੰਭਾਲ ਕੇ ਰੱਖਿਆ ਗਿਆ ਹੈ। ਸ਼ਾਇਦ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਸ ਦੇ ਘਰ ਨੂੰ ਹੀ ਦਰਸ਼ਨੀ-ਸਥਲ ਦਾ ਰੂਪ ਦੇ ਦਿੱਤਾ ਗਿਆ ਹੈ। ਇਹ ਇਕ ਸੰਕੇਤ ਹੈ ਕਿ ਕਿਸ ਤਰ੍ਹਾਂ ਬੰਗਾਲ ਦੇ ਲੋਕ ਆਪਣੇ ਸਿਨੇਮਾ ਅਤੇ ਉਸ ਦੇ ਹਿਤੈਸ਼ੀਆਂ ਦਾ ਸਨਮਾਨ ਕਰਦੇ ਹਨ। ਇਸ ਦੇ ਉਲਟ ਪੰਜਾਬ 'ਚ ਜੇ ਸ਼ਿਵ ਕੁਮਾਰ ਵਰਗਾ ਸ਼ਾਇਰ ਅੰਮ੍ਰਿਤਾ ਪ੍ਰੀਤਮ ਦੇ ਗੰਭੀਰ ਅਤੇ ਕਲਾਸੀਕਲ ਨਾਵਲ 'ਪਿੰਜਰ' ਨੂੰ ਫਿਲਮਾਂਕਣ ਲਈ ਸਿਫਾਰਸ਼ ਕਰਦਾ ਹੈ ਤਾਂ ਉਸ ਨੂੰ 'ਸ਼ੌਂਕਣ ਮੇਲੇ ਦੀ' ਦੀ ਪਟਕਥਾ 'ਤੇ ਕੰਮ ਕਰਨ ਦੀ ਹਦਾਇਤ ਕਰ ਦਿੱਤੀ ਜਾਂਦੀ ਹੈ।

ਕੋਈ ਵੀ ਅਤੇ ਕਿਸੇ ਵੀ ਭਾਸ਼ਾ ਦਾ ਸਿਨੇਮਾ ਆਪਣੀ ਕਲਾਤਮਿਕ ਪੈਂਠ ਨੂੰ ਉਦੋਂ ਤੱਕ ਲਗਾਤਾਰ ਰੂਪ 'ਚ ਕਾਇਮ ਨਹੀਂ ਕਰ ਸਕਦਾ ਜਦੋਂ ਤੱਕ ਸਬੰਧਿਤ ਭਾਸ਼ਾ ਦੇ ਫਿਲਮਸਾਜ਼ ਅਤੇ ਦਰਸ਼ਕ ਇਸ ਪ੍ਰਤੀ ਪ੍ਰਤੀਬੱਧਤਾ ਦਾ ਪ੍ਰਗਟਾਵਾ ਨਹੀਂ ਕਰਦੇ, ਕਿਉਂਕਿ ਪੰਜਾਬੀ ਸਿਨੇਮਾ ਸ਼ੁਰੂ ਤੋਂ ਹੀ ਗ਼ਲਤ ਪ੍ਰਥਾ ਦਾ ਸ਼ਿਕਾਰ ਰਿਹਾ ਹੈ, ਇਸ ਲਈ ਭਵਿਖ 'ਚ ਵੀ ਇਸ ਦੇ ਕਲਾਤਮਿਕ ਸਿਖਰ ਅਤੇ ਸੁਹਜਾਤਮਿਕ ਸਥਿਰਤਾ ਬਾਰੇ 'ਚ ਅਜੇ ਵੀ ਪ੍ਰਸ਼ਨ ਚਿੰਨ੍ਹ ਲੱਗਿਆ ਹੋਇਆ ਹੈ।

# ਨਿਰਸੁਆਰਥ ਦੋਸਤੀ ਦੀ ਕਹਾਣੀ ਹੈ, 'ਯਾਰਾ ਵੇ'





ਪੰਜਾਬੀ ਫਿਲਮੀ ਖੇਤਰ 'ਚ ਹੁਣ ਬਹੁਤ ਕੁਝ ਨਵਾਂ ਤੇ ਵੱਖਰਾ ਵੇਖਣ ਨੂੰ ਮਿਲ ਰਿਹਾ ਹੈ। ਕਾਮੇਡੀ ਭਰਪੂਰ ਵਿਸ਼ਿਆਂ ਤੋਂ ਹੱਟ ਕੇ ਨਵੇਂ ਨਵੇਂ ਵਿਸ਼ਿਆਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਇੱਕ ਨਵੇਂ ਤੇ ਬਿਲਕੁਲ ਵੱਖਰੇ ਵਿਸ਼ੇ 'ਤੇ ਆਧਾਰਤ ਫਿਲਮ 'ਯਾਰਾ ਵੇ' ਅਪਰੈਲ ਮਹੀਨੇ ਦੇਖਣ ਨੂੰ ਮਿਲੇਗੀ। ਭਾਰਤ-ਪਾਕਿਸਤਾਨ ਵੰਡ ਦੇ ਸਮੇਂ ਦੀ ਇੱਕ ਅਮਰ ਦੋਸਤੀ ਅਤੇ ਪ੍ਰੇਮ ਦੀ ਕਹਾਣੀ 'ਤੇ ਆਧਾਰਤ ਇਹ ਫਿਲਮ ਸੱਚੀਆਂ ਕਹਾਣੀਆਂ ਅਤੇ ਘਟਨਾਵਾਂ ਤੋਂ ਪ੍ਰਭਾਵਿਤ ਹੈ।

ਦਰਅਸਲ ਇਸ ਫਿਲਮ ਦੀ ਕਹਾਣੀ ਮਾਸੂਮ ਉਮਰ 'ਚ ਸ਼ੁਰੂ ਹੋਈ ਤਿੰਨ ਦੋਸਤਾਂ ਦੀ ਦੋਸਤੀ ਦੀ ਕਹਾਣੀ ਹੈ। ਭਾਰਤ-ਪਾਕਿ ਵੰਡ 'ਚ ਜਦੋਂ ਇਨ੍ਹਾਂ ਤਿੰਨਾਂ ਦੋਸਤਾਂ ਦੀ ਦੋਸਤੀ ਵੰਡੀ ਜਾਂਦੀ ਹੈ ਤੇ ਉਹ ਮੁੜ ਕਿਵੇਂ ਇਕੱਠੇ ਹੁੰਦੇ ਹਨ, ਇਹ ਫਿਲਮ ਦਾ ਇੱਕ ਇਹ ਅਹਿਮ ਤੇ ਦਿਲਚਸਪ ਹਿੱਸਾ ਹੈ। ਫਿਲਮ 'ਚ ਜਿੱਥੇ ਡਰਾਮਾ ਤੇ ਰੁਮਾਂਸ ਵੇਖਣ ਨੂੰ ਮਿਲੇਗਾ, ਉਥੇ ਕਾਮੇਡੀ ਦਾ ਰੰਗ ਵੀ ਦਿਖੇਗਾ। ਪੰਜਾਬੀ ਗਾਇਕ ਤੇ ਅਦਾਕਾਰ ਯੁਵਰਾਜ ਹੰਸ, ਗਗਨ ਕੋਕਰੀ ਅਤੇ ਰਘਬੀਰ ਬੋਲੀ ਨੇ ਇਸ ਫਿਲਮ 'ਚ ਮੁੱਖ ਭੂਮਿਕਾ ਨਿਭਾਈ ਹੈ।

ਫਿਲਮ ਦੀ ਹੀਰੋਇਨ ਮੋਨਿਕਾ ਗਿੱਲ ਹੈ। ਹੋਰ ਫਿਲਮੀ ਸਿਤਾਰੇ ਯੋਗਰਾਜ ਸਿੰਘ, ਸਰਦਾਰ ਸੋਹੀ, ਨਿਰਮਲ ਰਿਸ਼ੀ, ਮਲਕੀਤ ਰੌਣੀ, ਹੌਬੀ ਧਾਲੀਵਾਲ, ਬੀ. ਐਨ. ਸ਼ਰਮਾ, ਗੁਰਪ੍ਰੀਤ ਕੌਰ ਭੰਗੂ ਆਦਿ ਵੱਖੋ ਵੱਖਰੇ ਕਿਰਦਾਰਾਂ 'ਚ ਨਜ਼ਰ ਆਉਣਗੇ। ਫਿਲਮ ਦੇ ਨਿਰਦੇਸ਼ਕ ਰਾਕੇਸ਼ ਮਹਿਤਾ ਹਨ। ਫਿਲਮ ਦੀ ਕਹਾਣੀ ਵੀ ਉਨ੍ਹਾਂ ਨੇ ਹੀ ਲਿਖੀ ਹੈ, ਜਦਕਿ ਸਕਰੀਨ ਪਲੇਅ ਤੇ ਸੰਵਾਦ ਰੁਪਿੰਦਰ ਇੰਦਰਜੀਤ ਸਿੰਘ ਨੇ ਲਿਖੇ ਹਨ।

ਨਿਰਦੇਸ਼ਕ ਰਾਕੇਸ਼ ਮਹਿਤਾ ਦੀ ਬਤੌਰ ਨਿਰਦੇਸ਼ਕ ਇਹ ਤੀਜੀ ਫਿਲਮ ਹੈ, ਇਸ ਤੋਂ ਪਹਿਲਾਂ ਉਹ 'ਵਾਪਸੀ' ਤੇ 'ਰੰਗ ਪੰਜਾਬ' ਦਾ ਨਿਰਦੇਸ਼ਨ ਕਰ ਚੁਕੇ ਹਨ। ਫਿਲਮ ਦੇ ਨਿਰਮਾਤਾ ਬੱਲੀ ਸਿੰਘ ਕੱਕੜ ਹਨ। ਫਿਲਮ ਨਾਮੀ ਡਿਸਟੀਬਿਊਟਰ ਮਨੀਸ਼ ਸਾਹਨੀ ਵੱਲੋਂ ਰਿਲੀਜ਼ ਕੀਤੀ ਜਾ ਰਹੀ ਹੈ।

*-ਸਾਕਾ ਨੰਗਲ*
*ਫੋਨ: 91-70094-76970*

## ਮਿਲਵਾਕੀ, ਵਿਸਕਾਨਸਿਨ ਏਰੀਏ ਵਿਚ

# ਗੈਸ ਸਟੇਸ਼ਨ ਅਤੇ ਲਿੱਕਰ ਸਟੋਰ ਪ੍ਰਾਪਰਟੀ ਸਮੇਤ ਵਿਕਾਊ ਹਨ

# Gas Station & Liquor Stores For Sale

**In Milwaukee, WI area (with property)**

## Milwaukee

### (1) Liquor & Grocery Store

**Sale: $180,000 per month**
**Asking: $1,550,000**

### (2) Liquor Store

**Sale: $130,000 per month**
**Asking: $1,350,000**

### (3) Liquor & Grocery Store

*Store has lot of potential to expand.*
**Sales: $125,000 Asking: $1,350,000**

### (4) Grocery Store with Beer

**Sale: $75,000**
**Asking: $680,000**

## Racine

### Gas Station

**Sales: $75,000 per month inside *(without lotto)***
**Gas $35,000 Tanks 1996.**
**Asking: $875,000**

## Kenosha

### Liquor Store

**Sale: $50,000 per month**
**Asking: $499,000**

**ਘਰ, ਕਮਰਸ਼ੀਅਲ ਬਿਜਨਸ, ਗੈਸ ਸਟੇਸ਼ਨ, ਲਿੱਕਰ ਸਟੋਰ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?**
**ਵਧੀਆ ਸੌਦਾ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ:**

## ਜਤਿੰਦਰ (ਟੀਟੂ) ਮਾਂਗਟ, ਫੋਨ: 262-880-7003


# Looking to Buy or Sell?

**House, Commercial Business, Gas Station, Liquor Store?**
**We can help you!**

## Jatinder (Tetu) Mangat Cell: 262-880-7003

**Email: mangat1@hotmail.com**

**Language:**
**Hindi, Punjabi, English**



ਜਤਿੰਦਰ (ਟੀਟੂ) ਮਾਂਗਟ